12-FEB-PAGE-1.qxd 2/11/2024 8:31 PM Page 1

ਸੋਮਵਾਰ, 12 ਫਰਵਰੀ, 2024
30 ਮਾਘ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 253

# ਨਵਾਂ ਜ਼ਮਾਨਾ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

DAILY NAWAN ZAMANA • MONDAY, 12 FEBRUARY, 2024
ਜਲੰਧਰ
You Tube nawan zamana TV
ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਮਾਨ ਨੇ ਵਿਕਾਸ ਏਜੰਡੇ 'ਤੇ ਲੋਕਾਂ ਦਾ ਸਹਿਯੋਗ ਮੰਗਿਆ

## ਆਪ ਨੇ ਭਾਜਪਾ ਦੀ ਨੀਂਦ ਉਡਾਈ : ਕੇਜਰੀਵਾਲ



**ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**
ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਐਤਵਾਰ ਸ੍ਰੀ ਗੁਰੂ ਅਮਰਦਾਸ ਥਰਮਲ ਪਲਾਂਟ ਲੋਕਾਂ ਨੂੰ ਸਮਰਪਿਤ ਕਰਕੇ ਨਵਾਂ ਇਤਿਹਾਸ ਰਚਿਆ। ਸੂਬਾ ਸਰਕਾਰ ਨੇ ਪ੍ਰਾਈਵੇਟ ਕੰਪਨੀ ਜੀ ਵੀ ਕੇ ਪਾਵਰ ਦੀ ਮਾਲਕੀ ਵਾਲਾ ਇਹ ਗੋਇੰਦਵਾਲ ਪਾਵਰ ਪਲਾਂਟ 1080 ਕਰੋੜ ਰੁਪਏ ਦੀ ਲਾਗਤ ਨਾਲ ਖ਼ਰੀਦ ਕੇ ਇਤਿਹਾਸ ਸਿਰਜਿਆ ਹੈ। ਇਹ ਪਹਿਲੀ ਦਫ਼ਾ ਹੈ, ਜਦੋਂ ਸਰਕਾਰ ਨੇ ਕੋਈ ਪ੍ਰਾਈਵੇਟ ਪਾਵਰ ਪਲਾਂਟ ਖ਼ਰੀਦ ਕੇ ਪੁੱਠਾ ਗੇੜ ਸ਼ੁਰੂ ਕੀਤਾ ਹੈ, ਜਦੋਂ ਕਿ ਪਿਛਲੇ ਸਮੇਂ ਵਿੱਚ ਸੂਬਾ ਸਰਕਾਰਾਂ ਆਪਣੇ ਚਹੇਤਿਆਂ ਨੂੰ ਨਿਗੂਣੀਆਂ ਕੀਮਤਾਂ ਉਤੇ ਸਰਕਾਰੀ ਅਦਾਰੇ ਵੇਚਣ ਦੀਆਂ ਆਦੀ ਰਹੀਆਂ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਲੋਕ ਭਲਾਈ ਅਤੇ ਵਿਕਾਸ ਦੇ ਏਜੰਡੇ ਨੂੰ ਕੌਮੀ ਪੱਧਰ ਉੱਤੇ ਕੇਂਦਰ ਵਿੱਚ ਲਿਆਉਣ ਲਈ 'ਆਪ' ਨੂੰ ਮਜ਼ਬੂਤ ਕਰਨ ਲਈ ਲੋਕਾਂ ਦੇ ਪੂਰਨ ਸਮਰਥਨ ਅਤੇ ਸਹਿਯੋਗ ਦੀ ਮੰਗ ਕੀਤੀ।

ਮਾਨ ਨੇ ਕਿਹਾ ਕਿ ਸਰਕਾਰੀ ਜਾਇਦਾਦਾਂ ਚਹੇਤਿਆਂ ਨੂੰ ਵੇਚਣ ਦੇ ਰੁਝਾਨ ਦੇ ਉਲਟ ਪੰਜਾਬ ਸਰਕਾਰ ਨੇ ਪ੍ਰਾਈਵੇਟ ਪਲਾਂਟ ਖਰੀਦਣ ਦਾ ਇਤਿਹਾਸਕ ਫੈਸਲਾ ਲਿਆ ਹੈ। ਮਾਨ ਨੇ ਕਿਹਾ ਕਿ ਉਹ ਦਿਨ ● ਬਾਕੀ ਸਫ਼ਾ 2 'ਤੇ

## ਕੇਜਰੀਵਾਲ ਤੇ ਮਾਨ ਅੱਜ ਅਯੁੱਧਿਆ ਜਾਣਗੇ

**ਨਵੀਂ ਦਿੱਲੀ** : ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਸੋਮਵਾਰ ਪਰਿਵਾਰਾਂ ਸਮੇਤ ਅਯੁੱਧਿਆ ਵਿਚ ਰਾਮ ਲੱਲਾ ਦੇ ਦਰਸ਼ਨ ਕਰਨਗੇ।

## ਇਮਰਾਨ ਹਮਾਇਤੀ ਸਭ ਤੋਂ ਵੱਧ ਜਿੱਤੇ, ਕੁਲੀਸ਼ਨ ਸਰਕਾਰ ਦਾ ਡਰਾਮਾ ਰੱਦ

**ਇਸਲਾਮਾਬਾਦ** : ਪਾਕਿਸਤਾਨੀ ਚੋਣ ਕਮਿਸ਼ਨ ਵੱਲੋਂ ਐਤਵਾਰ ਐਲਾਨੇ ਗਏ ਅੰਤਮ ਨਤੀਜਿਆਂ ਵਿਚ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਹਮਾਇਤੀਆਂ ਨੇ 264 ਵਿੱਚੋਂ 101 ਸੀਟਾਂ ਜਿੱਤੀਆਂ ਹਨ। ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੀ ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਨੇ 75, ਪਾਕਿਸਤਾਨ ਪੀਪਲਜ਼ ਪਾਰਟੀ ਨੇ 54 ਅਤੇ ● ਬਾਕੀ ਸਫ਼ਾ 2 'ਤੇ

## ਮੋਦੀ ਨੇ ਪੰਜਾਬ ਦੇ ਕਿਸਾਨਾਂ ਤੇ ਫੌਜੀਆਂ ਨੂੰ ਬਰਬਾਦ ਕੀਤਾ : ਖੜਗੇ

**ਸਮਰਾਲਾ (ਸੁਰਜੀਤ ਸਿੰਘ)**-ਕਾਂਗਰਸ ਦੇ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਐਤਵਾਰ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ 10 ਸਾਲਾਂ ਦੇ ਰਾਜ ਵਿਚ ਪੰਜਾਬ ਦੇ ਕਿਸਾਨਾਂ ਤੇ ਜਵਾਨਾਂ (ਫੌਜੀਆਂ) ਨੂੰ ਬਰਬਾਦ ਕਰ ਦਿੱਤਾ ਹੈ। ਲੁਧਿਆਣਾ ਦੇ ਇਸ ਕਸਬੇ ਵਿਚ ਪੰਜਾਬ ਕਾਂਗਰਸ ਦੇ ਵਰਕਰਾਂ ਦੀ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਖੜਗੇ ਨੇ ਕਿਹਾ ਕਿ ● ਬਾਕੀ ਸਫ਼ਾ 2 'ਤੇ

## ਬਿਹਾਰ 'ਚ ਭਰੋਸੇ ਦਾ ਵੋਟ ਅੱਜ

**ਪਟਨਾ** : ਮੁੜ ਭਾਜਪਾ ਨਾਲ ਜਾ ਰਲੇ ਮੁੱਖ ਮੰਤਰੀ ਨਿਤੀਸ਼ ਕੁਮਾਰ 12 ਫਰਵਰੀ ਨੂੰ ਅਸੰਬਲੀ ਵਿਚ ਭਰੋਸੇ ਦਾ ਵੋਟ ਲੈਣਗੇ। ਤੋੜੇ ਜਾਣ ਦੇ ਡਰੋਂ ਕਾਂਗਰਸ ਨੇ ਆਪਣੇ ਵਿਧਾਇਕ ਹੈਦਰਾਬਾਦ ਭੇਜ ਦਿੱਤੇ ਸਨ, ਜਦ ਰਾਜਦ ਦੇ ਵਿਧਾਇਕ ਸਾਬਕਾ ਉਪ ਮੁੱਖ ਮੰਤਰੀ ਤੇਜਸਵੀ ਯਾਦਵ ਦੀ ਕੋਠੀ ਵਿਚ ਰਹੇ। ਐਤਵਾਰ ਇਕ ਵੀਡੀਓ ਸਾਹਮਣੇ ਆਈ, ਜਿਸ ਵਿਚ ਤੇਜਸਵੀ ਨਾਲ ਬੈਠੇ ਰਾਜਦ ਵਿਧਾਇਕ ਪਾਰਟੀ ਵਿਧਾਇਕਾਂ ਨਾਲ ਮਿਲ ਕੇ ਨੁਸਰਤ ਫਤਿਹ ਅਲੀ ਖਾਨ ਦੀ ਗਜ਼ਲ 'ਕਾਲੀ ਕਾਲੀ ਜ਼ੁਲਫੋਂ ਕੇ ਫੰਡੇ ਨਾ ਡਾਲੋ' ਗਾਉਂਦੇ ਨਜ਼ਰ ਆਏ।




## ਕਾਮਰੇਡ ਨਰੰਜਣ ਸਿੰਘ ਸੁੱਜੋਂ ਦੇ ਪਾਏ ਪੂਰਨਿਆਂ 'ਤੇ ਚੱਲਣਾ ਹੀ ਸੱਚੀ ਸ਼ਰਧਾਂਜਲੀ : ਆਗੂ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ, ਅਵਤਾਰ ਕਲੇਰ)**
ਭਾਰਤੀ ਕਮਿਊਨਿਸਟ ਪਾਰਟੀ ਦੇ ਮਰਹੂਮ ਆਗੂ ਕਾਮਰੇਡ ਨਰੰਜਣ ਸਿੰਘ ਸੁੱਜੋਂ ਦੀ ਛੇਵੀਂ ਬਰਸੀ ਉਨ੍ਹਾ ਦੇ ਜੱਦੀ ਪਿੰਡ ਸੁੱਜੋਂ ਵਿਖੇ ਮਨਾਈ ਗਈ। ਸ਼ਰਧਾਂਜਲੀ ਸਮਾਰੋਹ ਦੀ ਪ੍ਰਧਾਨਗੀ ਜ਼ਿਲ੍ਹਾ ਕਾਰਜਕਾਰੀ ਸਕੱਤਰ ਨਰੰਜਣ ਦਾਸ ਮੇਹਲੀ, ਬਲਾਕ ਸਕੱਤਰ ਨਵਾਂਸ਼ਹਿਰ ਮੁਕੰਦ ਲਾਲ, ਬਲਾਕ ਸਕੱਤਰ ਬਲਾਚੌਰ ਪਰਵਿੰਦਰ ਕੁਮਾਰ ਮੇਨਕਾ, ਮੋਹਣ ਸਿੰਘ ਰਾਠੌਰ, ਜਸਵਿੰਦਰ ਸਿੰਘ ਭੰਗਲ ਕਿਸਾਨ ਆਗੂ ਨੇ ਕੀਤੀ।

ਸੀ ਪੀ ਆਈ ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ, ਉੱਘੇ ਪੱਤਰਕਾਰ ਜਤਿੰਦਰ ਸਿੰਘ ਪਨੂੰ, ਆਰ ਐੱਮ ਪੀ ਆਈ ਦੇ ਕੌਮੀ ਜਨਰਲ ਸਕੱਤਰ ਮੰਗਤ ਰਾਮ ਪਾਸਲਾ, ਸੀ ਪੀ ਆਈ ਐੱਮ ਦੇ ਜ਼ਿਲ੍ਹਾ ਅਤੇ ਸੂਬਾਈ ਆਗੂ ਬਲਵੀਰ ਸਿੰਘ ਜਾਡਲਾ, ਸੀ ਪੀ ਆਈ ਐੱਮ ਐੱਲ ਨਿਊ ਡੈਮੋਕਰੇਸੀ ਦੀ ਇਸਤਰੀ ਆਗੂ ਗੁਰਬਖਸ਼ ਕੌਰ ਸੰਘਾ, ਪੰਜਾਬ ਖੇਤ ਮਜ਼ਦੂਰ ਸਭਾ ਦੀ ਸੂਬਾ ਜਨਰਲ ਸਕੱਤਰ ਦੇਵੀ ਕੁਮਾਰੀ, ਪੰਜਾਬ ਪੈਨਸ਼ਨਰਜ਼ ਯੂਨੀਅਨ ਦੇ ਸੂਬਾਈ ਆਗੂ ਗੁਰਦੀਪ ਸਿੰਘ ਮੋਤੀ ● ਬਾਕੀ ਸਫ਼ਾ 2 'ਤੇ

## ਲੰਡਨ 'ਚ ਸਾਹਿਲ ਨੇ ਪਤਨੀ ਮਹਿਕ ਦੀ ਹੱਤਿਆ ਕਬੂਲੀ

**ਲੰਡਨ** : ਭਾਰਤੀ ਮੂਲ ਦੇ 24 ਸਾਲਾ ਵਿਅਕਤੀ ਨੇ ਪਿਛਲੇ ਸਾਲ ਅਕਤੂਬਰ 'ਚ ਦੱਖਣੀ ਲੰਡਨ 'ਚ ਆਪਣੀ 19 ਸਾਲਾ ਪਤਨੀ ਦੀ ਚਾਕੂ ਮਾਰ ਕੇ ਹੱਤਿਆ ਕਰਨ ਦਾ ਜੁਰਮ ਕਬੂਲ ਕਰ ਲਿਆ ਹੈ। ਕ੍ਰੋਇਡਨ ਵਾਸੀ ਸਾਹਿਲ ਸ਼ਰਮਾ ਨੂੰ ਬੀਤੇ ਦਿਨੀਂ ਕਿੰਗਸਟਨ ਕਰਾਊਨ ਅਦਾਲਤ 'ਚ ਪੇਸ਼ ਕੀਤਾ ਗਿਆ। ਇਸ ਦੌਰਾਨ ਉਸ ਨੇ ਗੁਰਦਾਸਪੁਰ ਦੀ ਮਹਿਕ ਸ਼ਰਮਾ ਦੀ ਹੱਤਿਆ ਦੀ ਗੱਲ ਕਬੂਲ ਕਰ ਲਈ। ਅਦਾਲਤ ਵੱਲੋਂ ਸਾਹਿਲ ਸ਼ਰਮਾ ਨੂੰ 26 ਅਪਰੈਲ ਨੂੰ ਸਜ਼ਾ ਸੁਣਾਈ ਜਾਵੇਗੀ। ਸਾਹਿਲ ਨੇ ਪਿਛਲੇ ਸਾਲ 29 ਅਕਤੂਬਰ ਨੂੰ 999 'ਤੇ ਫੋਨ ਕੀਤਾ ਸੀ ਅਤੇ ਪੁਲਸ ਅਪਰੇਟਰ ਨੂੰ ਦੱਸਿਆ ਸੀ ਕਿ ਉਸ ਨੇ ਆਪਣੇ ਐਸ਼ ਟਰੀ ਵੇਅ ਸਥਿਤ ਘਰ 'ਚ ਆਪਣੀ ਪਤਨੀ ਦੀ ਹੱਤਿਆ ਕਰ ਦਿੱਤੀ ਹੈ।

## ਹਲਦਵਾਨੀ ਲਈ ਹੋਰ ਕੇਂਦਰੀ ਬਲ ਮੰਗੇ

**ਹਲਦਵਾਨੀ** : ਉੱਤਰਾਖੰਡ ਸਰਕਾਰ ਨੇ ਤਿੰਨ ਦਿਨ ਪਹਿਲਾਂ ਇੱਥੋਂ ਦੇ ਬਨਭੂਲਪੁਰਾ 'ਚ ਕਥਿਤ ਗੈਰਕਾਨੂੰਨੀ ਮਦਰੱਸਾ ਤੋੜੇ ਜਾਣ ਮਗਰੋਂ ਭੜਕੀ ਹਿੰਸਾ ਦੇ ਮੱਦੇਨਜ਼ਰ ਸਥਿਤੀ ਨਾਲ ਨਜਿੱਠਣ ਲਈ ਹੋਰ ਕੇਂਦਰੀ ਬਲਾਂ ਦੀ ਮੰਗ ਕੀਤੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਗ੍ਰਹਿ ਮੰਤਰਾਲੇ ਤੋਂ ਕੇਂਦਰੀ ਅਰਧ ਸੈਨਿਕ ਬਲਾਂ ਦੀਆਂ 100-100 ਜਵਾਨਾਂ ਵਾਲੀਆਂ ਚਾਰ ਕੰਪਨੀਆਂ ਦੀ ਮੰਗ ਕੀਤੀ ਗਈ ਹੈ ਤਾਂ ਜੋ ਹਿੰਸਾ ਪ੍ਰਭਾਵਤ ਬਨਭੂਲਪੁਰਾ ਇਲਾਕੇ 'ਚ ਕਾਨੂੰਨ ਵਿਵਸਥਾ ਕਾਇਮ ਰੱਖੀ ਜਾ ਸਕੇ। ਮੁੱਖ ਸਕੱਤਰ ਰਾਧਾ ਰਤੂੜੀ ਨੇ ਇਸ ਸੰਬੰਧੀ ਕੇਂਦਰ ਨੂੰ ਮੰਗ ਪੱਤਰ ਭੇਜ ਦਿੱਤਾ ਹੈ। ਦੂਜੇ ਪਾਸੇ ਬਨਭੂਲਪੁਰਾ ਇਲਾਕੇ ਨੂੰ ਛੱਡ ਕੇ ਹਲਦਵਾਨੀ ਦੇ ਬਾਕੀ ਹਿੱਸਿਆਂ ਵਿੱਚੋਂ ਕਰਫਿਊ ਹਟਾ ਲਿਆ ਗਿਆ ਹੈ। ਸ਼ਹਿਰ ਵਿੱਚ ਪਹਿਲਾਂ ਹੀ ਲੱਗਭੱਗ 1000 ਸੁਰੱਖਿਆ ਕਰਮੀ ਤਾਇਨਾਤ ਹਨ। ਸੰਵੇਦਨਸ਼ੀਲ ਸਥਿਤੀ ਦੇ ਮੱਦੇਨਜ਼ਰ ਇੰਟਰਨੈੱਟ ਸੇਵਾਵਾਂ ਵੀ ਬੰਦ ਹਨ।

## ਕੇਂਦਰੀ ਬਲਾਂ ਦੇ ਕਾਂਸਟੇਬਲਾਂ ਦੀ ਪ੍ਰੀਖਿਆ ਪੰਜਾਬੀ 'ਚ ਵੀ

**ਨਵੀਂ ਦਿੱਲੀ** : ਸੀ ਆਰ ਪੀ ਐੱਫ, ਬੀ ਐੱਸ ਐੱਫ ਅਤੇ ਸੀ ਆਈ ਐੱਸ ਐੱਫ ਵਰਗੇ ਕੇਂਦਰੀ ਹਥਿਆਰਬੰਦ ਪੁਲਸ ਬਲਾਂ 'ਚ ਪਹਿਲੀ ਵਾਰ ਕਾਂਸਟੇਬਲ ਭਰਤੀ ਪ੍ਰੀਖਿਆ ਹਿੰਦੀ ਤੇ ਅੰਗਰੇਜ਼ੀ ਤੋਂ ਇਲਾਵਾ ਪੰਜਾਬੀ ਸਮੇਤ 13 ਖੇਤਰੀ ਭਾਸ਼ਾਵਾਂ 'ਚ ਕਰਵਾਈ ਜਾਵੇਗੀ। ਇਹ ਪ੍ਰੀਖਿਆ 10 ਫਰਵਰੀ ਤੋਂ 7 ਮਾਰਚ ਤੱਕ ਕਰਵਾਈ ਜਾਵੇਗੀ ਅਤੇ ਦੇਸ਼ ਦੇ 128 ਸ਼ਹਿਰਾਂ ਦੇ ਲਗਭਗ 48 ਲੱਖ ਉਮੀਦਵਾਰ ਪ੍ਰੀਖਿਆ 'ਚ ਸ਼ਾਮਲ ਹੋਣਗੇ। ਪ੍ਰੀਖਿਆ ਲਈ ਪ੍ਰਸ਼ਨੋਤਰੀ ਪੰਜਾਬੀ, ਅਸਾਮੀ, ਬੰਗਾਲੀ, ਗੁਜਰਾਤੀ, ਮਰਾਠੀ, ਮਲਿਆਲਮ, ਕੰਨੜ, ਤਮਿਲ, ਤੇਲਗੂ, ਉੜੀਆ, ਉਰਦੂ, ਮਨੀਪੁਰੀ ਅਤੇ ਕੋਂਕਣੀ ਭਾਸ਼ਾਵਾਂ 'ਚ ਵੀ ਤਿਆਰ ਕੀਤੀ ਜਾਵੇਗੀ।

## ਜਹਾਜ਼ ਰਾਹ ਭਟਕਿਆ

**ਨਵੀਂ ਦਿੱਲੀ** : ਅੰਮ੍ਰਿਤਸਰ ਤੋਂ ਆਇਆ ਇੰਡੀਗੋ ਦਾ ਜਹਾਜ਼ ਐਤਵਾਰ ਸਵੇਰੇ ਦਿੱਲੀ ਦੇ ਹਵਾਈ ਅੱਡੇ 'ਤੇ ਉਤਰਨ ਮਗਰੋਂ ਟੈਕਸੀਵੇਅ ਤੋਂ ਖੁੰਝ ਗਿਆ, ਜਿਸ ਕਾਰਨ ਇੱਕ ਰਨਵੇਅ ਲੱਗਭੱਗ 15 ਮਿੰਟ ਲਈ ਬੰਦ ਰਿਹਾ ਤੇ ਉਡਾਣਾਂ ਪ੍ਰਭਾਵਤ ਹੋਈਆਂ।

## ਟਰੰਪ ਨੇ ਚੋਣ ਪ੍ਰਚਾਰ 'ਚ ਹੈਲੀ ਦੇ ਪਤੀ ਨੂੰ ਘੜੀਸਿਆ

**ਸਾਊਥ ਕੈਰੋਲੀਨਾ** : ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਵਾਲ ਕੀਤਾ ਕਿ ਉਨ੍ਹਾ ਦੀ ਵਿਰੋਧੀ ਨਿੱਕੀ ਹੈਲੀ ਦੇ ਪਤੀ ਚੋਣ ਪ੍ਰਚਾਰ 'ਚ ਉਨ੍ਹਾ ਨਾਲ ਕਿਉਂ ਨਹੀਂ ਹਨ। ਇਸ 'ਤੇ ਸੰਯੁਕਤ ਰਾਸ਼ਟਰ ਦੀ ਸਾਬਕਾ ਰਾਜਦੂਤ ਹੈਲੀ ਅਤੇ ਉਨ੍ਹਾ ਦੇ ਪਤੀ ਮਾਈਕਲ ਨੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਮਾਈਕਲ ਇਸ ਸਮੇਂ ਫੌਜੀ ਸੇਵਾ ਤਹਿਤ ਵਿਦੇਸ਼ 'ਚ ਤਾਇਨਾਤ ਹਨ। ਸਾਊਥ ਕੈਰੋਲੀਨਾ ਦੇ ਕਾਨਵੇਅ 'ਚ ਲੋਕਾਂ ਨੂੰ ਸੰਬੋਧਨ ਕਰਦਿਆਂ ਟਰੰਪ ਨੇ ਕਿਹਾ- ਉਨ੍ਹਾ ਦੇ ਪਤੀ ਨੂੰ ਕੀ ਹੋਇਆ? ਉਹ ਕਿਥੇ ਹੈ? ਉਹ ਚਲਾ ਗਿਆ। ਟਰੰਪ ਅਤੇ ਹੈਲੀ 24 ਫਰਵਰੀ ਨੂੰ ਰਿਪਬਲਿਕਨ ਪਾਰਟੀ ਦੀਆਂ ਮੁੱਢਲੀਆਂ ਚੋਣਾਂ ਦੇ ਮੱਦੇਨਜ਼ਰ ਸੂਬੇ 'ਚ ਸਮਾਗਮ ਕਰ ਰਹੇ ਹਨ। ਦੋਵੇਂ ਰਾਸ਼ਟਰਪਤੀ ਚੋਣ ਲਈ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਬਣਨ ਦੀ ਦੌੜ 'ਚ ਸ਼ਾਮਲ ਹਨ। ਸਾਬਕਾ ਰਾਸ਼ਟਰਪਤੀ ਦੀਆਂ ਟਿੱਪਣੀਆਂ 'ਤੇ ਪ੍ਰਤੀਕਿਰਿਆ ਦਿੰਦਿਆਂ ਹੈਲੀ ਨੇ 'ਐਕਸ' 'ਤੇ ਕਿਹਾ- ਮਾਈਕਲ ਸਾਡੇ ਦੇਸ਼ ਦੀ ਸੇਵਾ 'ਚ ਤਾਇਨਾਤ ਹਨ, ਜਿਸ ਬਾਰੇ ਤੁਸੀਂ ਕੁੱਝ ਨਹੀਂ ਜਾਣਦੇ।

## ਪੱਤਰਕਾਰਾਂ ਲਈ ਸੂਚਨਾ

'ਨਵਾਂ ਜ਼ਮਾਨਾ' ਦੇ ਜਿਨ੍ਹਾਂ ਪ੍ਰਤੀਨਿਧਾਂ ਦੇ ਸ਼ਨਾਖਤੀ ਕਾਰਡ ਦੀ ਮਿਆਦ ਲੰਘ ਚੁੱਕੀ ਹੈ, ਉਨ੍ਹਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪੋ-ਆਪਣੇ ਕਾਰਡ ਜਲਦੀ ਤੋਂ ਜਲਦੀ 'ਨਵਾਂ ਜ਼ਮਾਨਾ' ਦਫਤਰ ਆ ਕੇ ਬਾਅਦ ਦੁਪਹਿਰ ਸ਼ੁੱਕਰਵਾਰ ਅਤੇ ਸੋਮਵਾਰ ਨੂੰ 2 ਵਜੇ ਤੋਂ ਸ਼ਾਮ 5 ਵਜੇ ਤੱਕ ਨਵਿਆਉਣ। ਪਿਛਲੇ ਸਾਲ ਦੀ ਅਧਿਕਾਰਤ ਪੱਤਰ ਦੀ ਕਾਪੀ ਨਾਲ ਲਿਆਉਣ। **-ਮੈਨੇਜਰ**

## ਅੱਜ-ਨਾਮਾ

ਲੋਕੀਂ ਕਰਨ ਪਏ ਗੱਲਾਂ ਬਈ ਕੀ ਕਰੀਏ,
ਵਿਗੜਦੇ ਜਾਂਦੇ ਆ ਬਹੁਤ ਹਾਲਾਤ ਬੇਲੀ।
ਉਹ ਵੀ ਹੱਥੀਂ ਨੇ ਲਈ ਪਿਸਤੌਲ ਫਿਰਦੇ,
ਜਿਨ੍ਹਾਂ ਦੀ ਵੁੱਕਤ ਨਾ ਰਤਾ ਔਕਾਤ ਬੇਲੀ।
ਜੜ੍ਹੀਂ ਨਸ਼ੇ ਦਾ ਵਹਿਣ ਪਿਆ ਇੰਜ ਬੈਠਾ,
ਕਹਿਣ ਵਾਲੀ ਨਾ ਰਹੀ ਕੋਈ ਬਾਤ ਬੇਲੀ।
ਸਿਆਸੀ ਲੀਡਰ ਕਰਾਉਂਦੇ ਈ ਕੰਮ ਮਾੜੇ,
ਲਾਉਂਦੇ ਈ ਵਿੱਚੋਂ ਸਮਾਜ ਨੂੰ ਘਾਤ ਬੇਲੀ।
ਜਿਹੜੇ ਖੇਤ ਵਿੱਚ ਉੱਗੀ ਆ ਵਿੱਸ-ਗੰਦਲ,
ਸਮੁੱਚੇ ਖੇਤ ਵੱਲ ਫੈਲ ਜਾਏ ਜ਼ਹਿਰ ਬੇਲੀ।
ਇਹੋ ਈ ਕਰਦੀ ਆ ਜਾਪ ਰਹੀ ਰਾਜਨੀਤੀ,
ਥਾਂ-ਥਾਂ ਪਈ ਮਚਾਉਂਦੀ ਆ ਕਹਿਰ ਬੇਲੀ।

-ਤੀਸ ਮਾਰ ਖਾਂ

## ਮਾਹਿਲਪੁਰ ਦੇ ਮੇਨ ਚੌਕ 'ਚ ਚੱਲੀਆਂ ਗੋਲੀਆਂ

**ਮਾਹਿਲਪੁਰ (ਸਫਰੀ)** ਕਸਬਾ ਮਾਹਿਲਪੁਰ ਦੇ ਮੇਨ ਚੌਕ ਫਗਵਾੜਾ ਰੋਡ 'ਤੇ ਕੱਪੜੇ ਦੀ ਪੁਰਾਣੀ ਤੇ ਮਸ਼ਹੂਰ ਦੁਕਾਨ 'ਤੇ ਤਾਬੜਤੋੜ ਚੱਲੀਆਂ ਗੋਲੀਆਂ, ਪਰ ਜਾਨੀ ਤੇ ਮਾਲੀ ਨੁਕਸਾਨ ਹੋਣੋਂ ਬਚ ਗਿਆ। ਦੁਕਾਨ ਦੇ ਕਰਿੰਦੇ ਰਵੀ ਵਾਸੀ ਹੰਧੋਵਾਲ (ਹੁਸ਼ਿਆਰਪੁਰ) ਨੇ ਦੱਸਿਆ ਕਿ ਐਤਵਾਰ ਕੋਈ ਸਵਾ ਕੁ ਦਸ ਵਜੇ ਮੈਂ ਦੁਕਾਨ ਵਿਚ ਧੂਫਬੱਤੀ ਕਰਨ ਲੱਗਾ ਹੀ ਸੀ ਤਾਂ ਬਾਹਰੋਂ ਪਟਾਕੇ ਚੱਲਣ ਦੀ ਆਵਾਜ਼ ਆਈ। ਉਸ ਨੇ ਸੋਚਿਆ ਕਿ ਸ਼ਾਇਦ ਬਾਬਾ ਅਜੀਤ ਸਿੰਘ ਦੇ ਜਨਮ ਦਿਹਾੜੇ 'ਤੇ ਮਾਹਿਲਪੁਰ ਵਿੱਚ ਨਗਰ ਕੀਰਤਨ ਦੌਰਾਨ ਪਟਾਕੇ ਚੱਲ ਰਹੇ ਹਨ, ਜਦਕਿ ਤਿੰਨ ਨੌਜਵਾਨ ਦੁਕਾਨ ਮੋਹਰੇ ਲੱਗੇ ਬੋਰਡ ਨੂੰ ਆਪਣੀਆਂ ਗੋਲੀਆਂ ਦਾ ਨਿਸ਼ਾਨਾ ਬਣਾ ਰਹੇ ਸਨ। ਉਸੇ ਸਮੇਂ ਇਕ ਨੌਜਵਾਨ ਉਸ ਕੋਲ ਆਇਆ, ਜਿਸ ਕੋਲ ਰਿਵਾਲਵਰ ਸੀ ਤੇ ਆਪਣਾ ਮੂੰਹ ਮਫਲਰ ਨਾਲ ਢਕਿਆ ਹੋਇਆ ਸੀ। ਉਸ ਨੇ ਇਕ ਛੋਟੀ ● ਬਾਕੀ ਸਫ਼ਾ 2 'ਤੇ

12-FEB-PAGE-1.qxd 2/11/2024 8:31 PM Page 2



## ਮਾਤਾ ਸਾਹਿਬ ਕੌਰ ਪਬਲਿਕ ਸਕੂਲ 'ਚ ਅਧਿਆਪਕ-ਮਾਪੇ ਮਿਲਣੀ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ, ਫਕੀਰ ਚੰਦ ਸਿਕਰੀ)**-ਮਾਤਾ ਸਾਹਿਬ ਕੌਰ ਸੀ. ਸੈ. ਪਬਲਿਕ ਸਕੂਲ ਗੁਰੂ ਹਰਸਹਾਏ ਵਿੱਚ ਮਾਪੇ-ਅਧਿਆਪਕ ਮਿਲਣੀ ਕਰਵਾਈ ਗਈ। ਇਸ ਵਿੱਚ ਸਾਰੇ ਮਾਪਿਆਂ ਨੇ ਸ਼ਮੂਲੀਅਤ ਕੀਤੀ। ਵਿਦਿਆਰਥੀਆਂ ਨੇ ਵੱਖ-ਵੱਖ ਢੰਗਾਂ ਨਾਲ ਸਕੂਲ ਦੀਆਂ ਗਤੀਵਿਧੀਆਂ ਦਾ ਪ੍ਰਦਰਸ਼ਨ ਕੀਤਾ। ਜਮਾਤ ਪਹਿਲੀ-ਦੂਸਰੀ ਦੇ ਵਿਦਿਆਰਥੀਆਂ ਨੇ ਸਾਇੰਸ ਦੇ ਪ੍ਰਯੋਗ ਬੜੇ ਉਤਸ਼ਾਹਤ ਹੋ ਕੇ ਕੀਤੇ। ਇੱਕ ਵਿਸ਼ੇਸ਼ ਆਰਟ ਕਾਰਨਰ ਵੀ ਬਣਾਇਆ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ ਤੇ ਇਨਾਮ ਜਿੱਤੇ। ਛੋਟੇ ਬੱਚਿਆਂ ਵਾਸਤੇ ਵਿਸ਼ੇਸ਼ ਤੌਰ 'ਤੇ ਖੇਡ ਮੁਕਾਬਲੇ ਕਰਵਾਏ ਗਏ, ਜਿਨ੍ਹਾਂ 'ਚ ਭਾਗ ਲੈ ਕੇ ਇਨਾਮ ਜਿੱਤੇ। ਛੇਵੀਂ, ਸੱਤਵੀਂ, ਅੱਠਵੀਂ ਤੇ ਨੌਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਮੋਬਾਇਲ ਫੋਨ ਦੀ ਦੁਰਵਰਤੋਂ ਨੂੰ ਦਰਸਾਉਂਦਾ ਨੁੱਕੜ-ਨਾਟਕ ਪੇਸ਼ ਕੀਤਾ ਗਿਆ। ਗਣਿਤ ਵਿਸ਼ੇ ਨਾਲ ਸੰਬੰਧਤ ਗੇਮਾਂ ਕਰਵਾਈਆਂ ਗਈਆਂ। ਬੱਚਿਆਂ ਦੀ ਕਲਾ ਨੂੰ ਦਰਸਾਉਂਦਾ ਗਾਇਨ ਮੁਕਾਬਲਾ ਵੀ ਕਰਵਾਇਆ ਗਿਆ। ਸਕੂਲ ਵਿੱਚ ਕਰਵਾਈਆਂ ਗਤੀ-ਵਿਧੀਆਂ ਨੂੰ ਦੇਖ ਕੇ ਮਾਪਿਆਂ ਨੇ ਖੂਬ ਸ਼ਲਾਘਾ ਕੀਤੀ।

## ਵੱਡੇ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ 'ਚ ਧਾਰਮਿਕ ਸਮਾਗਮ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਸਰਦਾਰ ਜੱਸਾ ਸਿੰਘ ਆਹਲੂਵਾਲੀਆ ਗੁਰਮਤਿ ਸੰਗੀਤ ਵਿਦਿਆਲਾ ਕਾਲਾਮਾਲਾ ਸਾਹਿਬ ਛਾਪਾ ਵਿਖੇ 1762 ਈਸਵੀ ਦੇ ਵੱਡੇ ਘੱਲੂਘਾਰੇ ਦੇ 35000 ਮਹਾਨ ਸ਼ਹੀਦਾਂ ਦੀ ਯਾਦ ਨੂੰ ਸਮਰਪਤ ਧਾਰਮਿਕ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸੱਚਖੰਡ ਵਾਸੀ ਸੰਤ ਬਾਬਾ ਜਸਵੀਰ ਸਿੰਘ ਖਾਲਸਾ ਕਾਲਾਮਾਲਾ ਸਾਹਿਬ (ਮੈਂਬਰ ਸ਼੍ਰੋਮਣੀ ਕਮੇਟੀ) ਦੇ ਚਰਨ ਸੇਵਕ ਭਾਈ ਆਗਿਆਪਾਲ ਸਿੰਘ ਖਾਲਸਾ, ਭਾਈ ਬਲਵੰਤ ਸਿੰਘ ਮਹੇਰਨਾ, ਭਾਈ ਚਰਨਪ੍ਰੀਤ ਸਿੰਘ ਅੰਮ੍ਰਿਤਸਰ ਸਾਹਿਬ ਨੇ ਵੱਡੇ ਘੱਲੂਘਾਰੇ ਦੇ ਮਹਾਨ ਸ਼ਹੀਦਾਂ ਦੀ ਲਾਸਾਨੀ ਸ਼ਹਾਦਤ ਨੂੰ ਸਿਜਦਾ ਕਰਦਿਆਂ ਵਿਦਿਆਰਥੀਆਂ ਨੂੰ ਘੱਲੂਘਾਰੇ ਦੇ ਇਤਿਹਾਸ ਬਾਰੇ ਵਿਸਥਾਰ ਪੂਰਬਕ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਮਹਾਨ ਸ਼ਹੀਦਾਂ ਦੀ ਕੁਰਬਾਨੀ ਨੇ ਸਾਨੂੰ ਜਬਰ ਜ਼ੁਲਮ ਵਿਰੁੱਧ ਦਲੇਰੀ ਨਾਲ ਲੜਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਸਮੂਹ ਵਿਦਿਆਰਥੀਆਂ ਨੂੰ ਸਮਾਜਿਕ ਕੁਰੀਤੀਆਂ ਵਿਰੁੱਧ ਲਾਮਬੰਦ ਹੋ ਕੇ ਗੁਰਮਤਿ ਵਿਚਾਰਾਂ 'ਚ ਪ੍ਰਪੱਕ ਹੋਣ ਲਈ ਕਿਹਾ। ਇਸ ਮੌਕੇ ਭਾਈ ਬਲਦੇਵ ਸਿੰਘ ਚੁਹਾਨਕੇ, ਪ੍ਰੈੱਸ ਕਲੱਬ ਮਹਿਲ ਕਲਾਂ ਦੇ ਚੇਅਰਮੈਨ ਅਵਤਾਰ ਸਿੰਘ ਅਣਖੀ, ਪ੍ਰਧਾਨ ਬਲਵਿੰਦਰ ਸਿੰਘ ਵਜੀਦਕੇ, ਡਾ: ਜਗਰਾਜ ਸਿੰਘ ਮੂੰਮ, ਬਾਬਾ ਧਰਮ ਸਿੰਘ, ਰਾਜਵਿੰਦਰ ਸਿੰਘ ਘੁਮਾਣ, ਭਾਈ ਰਾਜਵਿੰਦਰ ਸਿੰਘ ਕਲਾਲ ਮਾਜਰਾ, ਪ੍ਰਦੀਪ ਸਿੰਘ ਲੋਹਗੜ੍ਹ, ਮਨਦੀਪ ਸਿੰਘ, ਬਾਬਾ ਬਖਸ਼ੀਸ਼ ਸਿੰਘ ਕਸਬਾ ਆਦਿ ਨੇ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ।

## ਪ੍ਰੀਤੀ ਮਲਹੋਤਰਾ ਦਾ ਨਾਭਾ ਪਹੁੰਚਣ 'ਤੇ ਵਿਧਾਇਕ ਵੱਲੋਂ ਸਨਮਾਨ



**ਨਾਭਾ (ਵਰਿੰਦਰ ਵਰਮਾ)**-ਹਲਕਾ ਵਿਧਾਨ ਸਭਾ ਨਾਭਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਵੱਲੋਂ ਆਪ ਮਹਿਲਾ ਵਿੰਗ ਪੰਜਾਬ ਪ੍ਰਧਾਨ ਪ੍ਰੀਤੀ ਮਲਹੋਤਰਾ ਦਾ ਨਾਭਾ ਪਹੁੰਚਣ 'ਤੇ ਸਨਮਾਨ ਕੀਤਾ ਗਿਆ।ਸਨਮਾਨ ਉਪਰੰਤ ਪ੍ਰੀਤੀ ਮਲਹੋਤਰਾ ਨੇ ਹਲਕਾ ਵਿਧਾਇਕ ਦੇਵ ਮਾਨ ਦਾ ਤਹਿ ਦਿਲੋਂ ਧੰਨਵਾਦ ਕੀਤਾ।ਇਸ ਮੌਕੇ ਦੇਵ ਮਾਨ ਤੇ ਪ੍ਰੀਤੀ ਮਲਹੋਤਰਾ ਨੇ ਸਾਂਝੇ ਤੌਰ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸੂਬੇ ਅੰਦਰ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦੀ ਆਪਣੀ ਸਰਕਾਰ ਹੈ, ਪੰਜਾਬ ਦੇ ਕ੍ਰਾਂਤੀਕਾਰੀ ਤੇ ਹਰਮਨ ਪਿਆਰੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਹਰ ਵਰਗ ਦੀ ਖੁਸ਼ਹਾਲੀ ਤੇ ਤਰੱਕੀ ਲਈ ਪੂਰੀ ਤਰ੍ਹਾਂ ਸੰਜੀਦਾ ਤੇ ਵਚਨਬੱਧ ਹਨ, ਜਿਨ੍ਹਾਂ ਵੱਲੋਂ ਜਿੱਥੇ ਪਿੰਡਾਂ ਤੇ ਸ਼ਹਿਰਾਂ ਵਿੱਚ ਸੁਵਿਧਾ ਕੈਂਪ ਲਗਾ ਕੇ ਸਰਕਾਰੀ ਸਹੂਲਤਾਂ ਪਹੁੰਚਾਈਆਂ ਜਾ ਰਹੀਆਂ ਹਨ, ਉੱਥੇ ਹੀ ਸਿਹਤ ਤੇ ਸਿੱਖਿਆ ਦੇ ਖੇਤਰ ਵਿੱਚ ਕ੍ਰਾਂਤੀਕਾਰੀ ਤਬਦੀਲੀ ਲਿਆਂਦੀ ਗਈ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸੁਵਿਧਾ ਕੈਂਪ ਵਿੱਚ ਪਹੁੰਚ ਕੇ ਸਰਕਾਰੀ ਸਕੀਮਾਂ ਦਾ ਲਾਭ ਉਠਾਉਣ। ਵਿਧਾਇਕ ਦੇਵ ਮਾਨ ਨੇ ਦਾਅਵਾ ਕੀਤਾ ਕਿ ਜਿਸ ਦਿਨ ਤੋਂ ਸੂਬੇ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ, ਪੰਜਾਬ ਤਰੱਕੀ ਤੇ ਖੁਸ਼ਹਾਲੀ ਵੱਲ ਵਧ ਰਿਹਾ ਹੈ, ਪਰ ਵਿਰੋਧੀਆਂ ਨੂੰ ਪੰਜਾਬ ਦਾ ਵਿਕਾਸ ਰਾਸ ਨਹੀਂ ਆ ਰਿਹਾ। ਉਨ੍ਹਾਂ ਕਿਹਾ ਕਿ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਕੇਂਦਰ ਦੀ ਸੱਤਾ ਦੀ ਚਾਬੀ ਆਮ ਆਦਮੀ ਪਾਰਟੀ ਦੇ ਹੱਥਾਂ ਵਿੱਚ ਹੋਵੇਗੀ।ਇਸ ਮੌਕੇ ਤੇਜਿੰਦਰ ਸਿੰਘ ਖੈਰਾ, ਜਗਵਿੰਦਰ ਸਿੰਘ ਪੂਨੀਆ, ਡਾਕਟਰ ਸੁਖਦੇਵ ਸਿੰਘ ਸੰਧੂ, ਕਪਿਲ ਮਾਨ, ਸੁਖਦੇਵ ਸਿੰਘ ਮਾਨ, ਜਸਵੀਰ ਸਿੰਘ ਵਜੀਦਪੁਰ, ਭੁਪਿੰਦਰ ਸਿੰਘ ਕੱਲਰ ਮਾਜਰੀ ਆਦਿ ਹਾਜ਼ਰ ਸਨ।

## ਹਾਰਵਰਡ ਸਕੂਲ 'ਚ ਪਿਕਨਿਕ-ਕਮ-ਫਨ ਪਾਰਟੀ ਦਾ ਆਯੋਜਨ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਹਾਰਵਰਡ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਮੁੱਦਕੀ ਰੋਡ ਬਾਘਾ ਪੁਰਾਣਾ ਵਿਖੇ ਨਰਸਰੀ ਕਲਾਸ ਤੋਂ ਤੀਜੀ ਕਲਾਸ ਦੇ ਵਿਦਿਆਰਥੀਆਂ ਲਈ ਪਿਕਨਿਕ-ਕਮ-ਫਨ ਪਾਰਟੀ ਦਾ ਆਯੋਜਨ ਕੀਤਾ ਗਿਆ।ਇਸ ਪਿਕਨਿਕ ਵਿੱਚ ਬੱਚਿਆਂ ਲਈ ਵੱਖ ਵੱਖ ਤਰ੍ਹਾਂ ਦੇ ਝੂਲੇ ਤੇ ਕਈ ਹੋਰ ਆਕਰਸ਼ਿਤ ਰਾਈਡਾਂ ਦਾ ਪ੍ਰਬੰਧ ਕੀਤਾ ਗਿਅ ।ਇਨ੍ਹਾਂ ਰਾਈਡਾਂ ਵਿੱਚ ਬੰਜੀ ਜੰਪਿਗ, ਹੋਟੇਜ ਏਅਰ ਬੈਲੂਨ, ਨੈੱਟ ਰਾਈਡਿੰਗ ਟੁਆਏ, ਟੁਆਏ ਟਰੇਨ, ਘੋੜ ਸਵਾਰੀ ਵਿਸ਼ੇਸ਼ ਤੌਰ 'ਤੇ ਬੱਚਿਆਂ ਦੇ ਖਿੱਚ ਦਾ ਕੇਂਦਰ ਰਹੇ।ਇਸ ਪਿਕਨਿਕ ਦੀ ਸ਼ੁਰੂਆਤ ਸਕੂਲ ਚੇਅਰਮੈਨ ਨਵਦੀਪ ਸਿੰਘ ਬਰਾੜ, ਡਾਇਰੈਕਟਰ ਇੰਜੀ: ਜਗਦੀਪ ਸਿੰਘ ਬਰਾੜ ਤੇ ਪ੍ਰਿੰਸੀਪਲ ਮੈਡਮ ਅਨੀਲਾ ਨੇ ਕਰਵਾਈ।ਇਸ ਤੋਂ ਬਾਅਦ ਬੱਚਿਆਂ ਨੇ ਆਪਣੇ ਅਧਿਆਪਕਾਂ ਦੀ ਨਿਗਰਾਨੀ ਹੇਠ ਸਭ ਤਰ੍ਹਾਂ ਦੀਆਂ ਰਾਈਡਾਂ ਦਾ ਆਨੰਦ ਮਾਣਿਆ ।ਇਸ ਸਮੇਂ ਸਕੂਲ ਡਾਇਰੈਕਟਰ ਇੰਜੀ: ਜਗਦੀਪ ਸਿੰਘ ਬਰਾੜ ਨੇ ਕਿਹਾ ਕਿ ਬੱਚੇ ਹਮੇਸ਼ਾ ਪਰਿਵਰਤਨ ਚਾਹੁੰਦੇ ਹੈ।ਇਸ ਤਰ੍ਹਾਂ ਦੀਆਂ ਗਤੀਵਿਧੀਆਂ ਨਾਲ ਬੱਚੇ ਤਰੋਤਾਜ਼ਾ ਮਹਿਸੂਸ ਕਰਦੇ ਹਨ ਤੇ ਬੱਚਿਆਂ ਲਈ ਪੜ੍ਹਾਈ ਦੇ ਨਾਲ ਨਾਲ ਮਨੋਰੰਜਨ ਦੇ ਸਾਧਨ ਵੀ ਪ੍ਰਦਾਨ ਕਰਨੇ ਚਾਹੀਦੇ ਹਨ ਅਤੇ ਹਾਰਵਰਡ ਸਕੂਲ਼ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਹਮੇਸ਼ਾ ਵਚਨਬੱਧ ਹੈ।ਇਸ ਸਮੇਂ ਸੀਨੀ: ਕੋਆਰਡੀਨੇਟਰ ਧਰਮਦਾਸ ਸਿੰਘ, ਮਿਡਲ ਵਿੰਗ ਕੋਆਰਡੀਨੇਟਰ ਕਮਲਜੀਤ ਕੌਰ, ਪ੍ਰਾਇਮਰੀ ਵਿੰਗ ਕੋਆਰਡੀਨੇਟਰ ਗੀਤਾ ਸ਼ਰਮਾ, ਸਪੋਰਟਸ ਇੰਚਾਰਜ ਸੰਜੀਵ ਕੁਮਾਰ, ਐਕਟੀਵਿਟੀ ਇੰਚਾਰਜ ਸਰਿਤਾ ਸ਼ਰਮਾ ਸਮੇਤ ਸਮੂਹ ਟੀਚਿੰਗ ਤੇ ਨਾਨ-ਟੀਚਿੰਗ ਸਟਾਫ ਸ਼ਾਮਲ ਸੀ।

## ਪ੍ਰਿੰ. ਸੁਨੀਲ ਗੁਪਤਾ ਤੇ ਲੈਕਚਰਾਰ ਰਣਵੀਰ ਸਿੰਘ ਦਾ ਸਨਮਾਨ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸਸਸ ਸਕੂਲ (ਗਰਲਜ਼) ਵਿਖੇ ਤਰਕਸ਼ੀਲ ਇਕਾਈ ਦੇ ਜਥੇਬੰਦਕ ਮੁਖੀ ਜੰਟਾ ਸਿੰਘ, ਸਾਬਕਾ ਸੂਬਾ ਕਮੇਟੀ ਮੈਂਬਰ ਮਾਸਟਰ ਸੁਰਿੰਦਰ ਰਾਮਪੁਰਾ ਨੇ ਸਕੂਲ ਪਹੁੰਚ ਕੇ ਪ੍ਰਿੰਸੀਪਲ ਸੁਨੀਲ ਗੁਪਤਾ ਤੇ ਲੈਕਚਰਾਰ ਰਣਵੀਰ ਸਿੰਘ ਦਾ ਸੂਬਾ ਕਮੇਟੀ ਵੱਲੋਂ ਭੇਜੇ ਸਨਮਾਨ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ। ਇਸ ਸਕੂਲ ਦੇ 250 ਤੋਂ ਵੱਧ ਵਿਦਿਆਰਥੀ ਪੰਜਵੀਂ ਸਾਲਾਨਾ ਤਰਕਸ਼ੀਲ ਪਰਖ ਪ੍ਰੀਖਿਆ ਵਿੱਚ ਰਜਿਸਟਰਡ ਹੋਏ ਸਨ।ਇਸੇ ਤਰ੍ਹਾਂ ਸਸਸ ਸਕੂਲ (ਗਰਲਜ਼) ਮੰਡੀ ਕਲਾਂ ਦੇ ਪ੍ਰਿੰਸੀਪਲ ਕੁਲਵਿੰਦਰ ਸਿੰਘ ਨੂੰ ਵੀ ਇਕਾਈ ਮੁਖੀ ਜੰਟਾ ਸਿੰਘ ਤੇ ਗੁਰਜੀਤ ਨੇ ਉਨ੍ਹਾ ਦੇ ਸਕੂਲ ਵਿੱਚ ਜਾ ਕੇ ਸਨਮਾਨਤ ਕੀਤਾ।ਮੋਹਰੀ ਪਜ਼ੀਸ਼ਨਾਂ (ਹਰ ਜਮਾਤ) ਲੈਣ ਵਾਲੇ ਬੱਚਿਆਂ ਨੂੰ ਇਨਾਮੀ ਪੈਕਟ ਦੇ ਕੇ ਸਨਮਾਨਤ ਕੀਤਾ ਗਿਆ। ਇਲਾਕੇ ਦੇ 40 ਸਕੂਲਾਂ ਵਿੱਚ ਇਕਾਈ ਦੀਆਂ ਇਹ ਕਾਰਜ ਪੂਰਾ ਕਰਨ ਵਿੱਚ ਲੱਗੀਆਂ ਹੋਈਆਂ ਹਨ।ਪ੍ਰੀਖਿਆ ਵਿੱਚ ਬੈਠਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਤਰਕਸ਼ੀਲ ਸਾਹਿਤ ਨਾਲ ਜੁੜਨ ਲਈ ਸਰਟੀਫਿਕੇਟ ਦੇ ਕੇ ਉਨ੍ਹਾ ਦੀ ਹੌਸਲਾ ਅਫਜ਼ਾਈ ਕੀਤੀ ਗਈ।ਪ੍ਰੈੱਸ ਨਾਲ ਇਹ ਜਾਣਕਾਰੀ ਇਕਾਈ ਦੇ ਮੀਡੀਆ ਇੰਚਾਰਜ ਮਾਸਟਰ ਸੁਰਿੰਦਰ ਨੇ ਸਾਂਝੀ ਕੀਤੀ।

## ਸਰਕਾਰੀ ਸਕੂਲ ਭੂੰਦੜ ਦੇ ਵਿਦਿਆਰਥੀਆਂ ਦਾ ਵਿੱਦਿਅਕ ਟੂਰ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਸਿੱਖਿਆ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਰਕਾਰੀ ਹਾਈ ਸਕੂਲ ਭੂੰਦੜ ਦੇ ਨੌਵੀਂ ਤੇ ਦਸਵੀਂ ਕਲਾਸ ਦੇ ਵਿਦਿਆਰਥੀਆਂ ਦਾ ਵਿੱਦਿਅਕ ਟੂਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਕਰਵਾਇਆ ਗਿਆ। ਮੁੱਖ ਅਧਿਆਪਕਾ ਸ੍ਰੀਮਤੀ ਪੂਜਾ ਰਾਣੀ ਦੀ ਯੋਗ ਅਗਵਾਈ ਵਿੱਚ ਕਰਵਾਏ ਟੂਰ ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਨੇ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਵਿੱਚ ਜਾ ਕੇ ਜਾਣਕਾਰੀ ਹਾਸਲ ਕੀਤੀ। ਉੱਥੇ ਲਾਇਬ੍ਰੇਰੀ ਵਿੱਚ ਪਹੁੰਚ ਕੇ ਵੱਖ-ਵੱਖ ਵਿਸ਼ਿਆਂ ਦੀਆਂ ਕਿਤਾਬਾਂ/ਮੈਗਜ਼ੀਨ ਦੇਖੇ ਤੇ ਆਪਣੇ ਨਾਲ ਗਏ ਅਧਿਆਪਕਾਂ ਤੋਂ ਕਿਤਾਬਾਂ ਸਬੰਧੀ ਜਾਣਕਾਰੀ ਹਾਸਲ ਕੀਤੀ। ਲਾਇਬ੍ਰੇਰੀ ਸਟਾਫ ਵੱਲੋਂ ਵੀ ਵਿਦਿਆਰਥੀਆਂ ਨੂੰ ਕਿਤਾਬਾਂ ਦੀ ਮਹੱਤਤਾ ਬਾਰੇ ਬੜੇ ਹੀ ਵਿਸਥਾਰ ਨਾਲ ਦੱਸਿਆ ਗਿਆ। ਉਪਰੰਤ ਅਗਲੇ ਪੜਾਅ ਦੌਰਾਨ ਵਿਦਿਆਰਥੀਆਂ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤੇ। ਇਸ ਤੋਂ ਇਲਾਵਾ ਜ਼ਲ੍ਹਿਆਂਵਾਲਾ ਬਾਗ ਵਿਖੇ ਪਹੁੰਚ ਕੇ ਜਾਣਕਾਰੀ ਹਾਸਲ ਕੀਤੀ ਤੇ ਸ਼ਹੀਦਾਂ ਨੂੰ ਸਿਜਦਾ ਕੀਤਾ। ਮੁੱਖ ਅਧਿਆਪਕਾ ਪੂਜਾ ਰਾਣੀ ਨੇ ਟੂਰ ਦੀ ਕਮਾਂਡ ਖੁਦ ਸੰਭਾਲੀ। ਉਨ੍ਹਾਂ ਨਾਲ ਗੁਰਮੀਤ ਕੌਰ (ਪੰਜਾਬੀ ਟੀਚਰ), ਸੰਦੀਪ ਕੌਰ (ਪੀਟੀਆਈ ਟੀਚਰ), ਸਿਕੰਦਰ ਸਿੰਘ (ਸਾਇੰਸ ਟੀਚਰ) ਤੇ ਕਾਲਾ ਸਿੰਘ (ਐਸ ਐਸ ਟੀਚਰ) ਦਾ ਟੂਰ ਨੂੰ ਸਫਲ ਬਣਾਉਣ ਵਿੱਚ ਵਿਸ਼ੇਸ਼ ਯੋਗਦਾਨ ਰਿਹਾ।

## ਦਲਵਿੰਦਰ ਸਿੰਘ ਨੇ ਨਾਇਬ ਤਹਿਸੀਲਦਾਰ ਵਜੋਂ ਅਹੁਦਾ ਸੰਭਾਲਿਆ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਲ ਵਿਭਾਗ ਵੱਲੋਂ ਇਤਿਹਾਸਕ ਨਗਰ ਮਾਛੀਵਾੜਾ ਦੀ ਸਬ-ਤਹਿਸੀਲ ਵਿਚ ਦਲਵਿੰਦਰ ਸਿੰਘ ਨੂੰ ਨਾਇਬ ਤਹਿਸੀਲਦਾਰ ਨਿਯੁਕਤ ਕੀਤਾ ਹੈ।



ਨਵ-ਨਿਯੁਕਤ ਨਾਇਬ ਤਹਿਸੀਲਦਾਰ ਨੇ ਅਹੁਦਾ ਸੰਭਾਲਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਤਹਿਸੀਲ ਵਿੱਚ ਪੈਂਡਿੰਗ ਪਏ ਮਾਮਲਿਆਂ ਦਾ ਪਹਿਲ ਦੇ ਅਧਾਰ 'ਤੇ ਨਿਪਟਾਰਾ ਕਰਨਗੇ।

ਇਸ ਤੋਂ ਇਲਾਵਾ ਉਹ ਲੋਕ ਪੱਖੀ ਕੰਮਾਂ ਨੂੰ ਵੀ ਪਹਿਲ ਦੇ ਤੌਰ 'ਤੇ ਤਰਜੀਹ ਦੇਣਗੇ। ਉਨ੍ਹਾ ਦੱਸਿਆ ਕਿ ਸਰਕਾਰ ਦੇ ਨਿਰਦੇਸ਼ਾਂ ਤਹਿਤ 'ਆਪ ਸਰਕਾਰ ਆਪ ਦੇ ਦੁਆਰ' ਮੁਹਿੰਮ ਤਹਿਤ ਪਿੰਡਾਂ 'ਚ ਕੈਂਪ ਲਗਾਏ ਜਾ ਰਹੇ ਹਨ, ਜਿਨ੍ਹਾਂ ਵਿੱਚ ਆ ਕੇ ਲੋਕ ਮਾਲ ਵਿਭਾਗ ਨਾਲ ਸਬੰਧਤ ਕੰਮ ਕਰਵਾ ਸਕਦੇ ਹਨ। ਉਨ੍ਹਾ ਕਿਹਾ ਕਿ ਰਜਿਸਟਰੀਆਂ ਵਿੱਚ ਐੱਨਓਸੀ ਦੇ ਮਾਮਲੇ ਸਬੰਧੀ ਸਰਕਾਰ ਦੇ ਜੋ ਵੀ ਨਿਰਦੇਸ਼ ਆਉਣਗੇ, ਉਸ ਤਹਿਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਤੇ ਇਹ ਸਰਕਾਰ ਨੇ ਲੋਕਾਂ ਨੂੰ ਵੱਡੀ ਰਾਹਤ ਦਿੱਤੀ ਹੈ, ਜਿਸ ਤਹਿਤ ਲੋਕਾਂ ਦੀਆਂ ਬਕਾਇਆ ਰਹਿੰਦੀਆਂ ਰਜਿਸਟਰੀਆਂ ਹੋ ਜਾਣਗੀਆਂ। ਨਾਇਬ ਤਹਿਸੀਲਦਾਰ ਦਲਵਿੰਦਰ ਸਿੰਘ ਨੇ ਆਪਣੇ ਸਟਾਫ਼ ਤੇ ਪਟਵਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਲੋਕਾਂ ਨੂੰ ਖੱਜਲ-ਖੁਆਰ ਨਾ ਕੀਤਾ ਜਾਵੇ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੀ ਮੀਟਿੰਗ 'ਚ ਦਰਪੇਸ਼ ਸਮੱਸਿਆਵਾਂ ਬਾਰੇ ਚਰਚਾ



**ਜ਼ੀਰਾ (ਨਰਿੰਦਰ ਅਨੇਜਾ)**-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ. 295 ਬਲਾਕ ਜ਼ੀਰਾ ਦੀ ਮਹੀਨਾਵਾਰ ਇਕੱਤਰਤਾ ਜ਼ਿਲ੍ਹਾ ਕਮੇਟੀ ਮੈਂਬਰ ਡਾਕਟਰ ਆਤਮਾ ਸਿੰਘ ਦੀ ਰਹਿਨੁਮਾਈ ਤੇ ਪ੍ਰਧਾਨ ਗੁਰਦਿੱਤ ਸਿੰਘ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਪ੍ਰੈਕਟੀਸ਼ਨਰਾਂ ਨੂੰ ਪ੍ਰੈਕਟਿਸ ਕਰਦੇ ਹੋਏ ਆ ਰਹੀਆਂ ਸਮੱਸਿਆਵਾਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਸਮੱਸਿਆਵਾਂ ਦੇ ਹੱਲ ਸੁਲਝਾਏ ਗਏ। ਇਕੱਤਰ ਹੋਏ ਬਲਾਕ ਜ਼ੀਰਾ ਦੇ ਵੱਖ ਵੱਖ ਪਿੰਡਾਂ ਤੋਂ ਪਹੁੰਚੇ ਪ੍ਰੈਕਟੀਸ਼ਨਰਾਂ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਕਮੇਟੀ ਮੈਂਬਰ ਆਤਮਾ ਸਿੰਘ ਤੇ ਪ੍ਰਧਾਨ ਗੁਰਦਿੱਤ ਸਿੰਘ ਤੋਂ ਇਲਾਵਾ ਚੇਅਰਮੈਨ ਜਰਨੈਲ ਸਿੰਘ, ਸੀਨੀਅਰ ਮੀਤ ਪ੍ਰਧਾਨ ਜਸਵਿੰਦਰ ਸਿੰਘ ਸੁੱਖੇਵਾਲਾ, ਮੀਤ ਪ੍ਰਧਾਨ ਅਜਮੇਰ ਸਿੰਘ ਢੇਰੂ ਤੇ ਮੀਤ ਪ੍ਰਧਾਨ ਬੋਹੜ ਸਿੰਘ ਆਦਿ ਨੇ ਪਿਛਲੇ ਲੰਮੇ ਸਮੇਂ ਤੋਂ ਅਟਕੀ ਹੋਈ ਪ੍ਰੈਕਟੀਸਨਰਾਂ ਨੂੰ ਰਜਿਸਟਰਡ ਕਰਨ ਦੀ ਮੰਗ ਦੁਹਰਾਉਂਦਿਆਂ ਕਿਹਾ ਪਿਛਲੀਆਂ ਕਿਸੇ ਵੀ ਪਾਰਟੀ ਦੀਆਂ ਸਰਕਾਰਾਂ ਨੇ ਲਾਰਿਆਂ ਤੋਂ ਇਲਾਵਾ ਕੁੱਝ ਵੀ ਸਾਡੇ ਪੱਲੇ ਨਹੀਂ ਪਾਇਆ, ਪਰ ਆਪਣੇ ਆਪ ਨੂੰ ਆਮ ਆਦਮੀ ਦੀ ਸਰਕਾਰ ਕਹਾਉਣ ਵਾਲੀ ਮੌਜੂਦਾ ਸਰਕਾਰ ਨੇ ਲਗਭਗ ਦੋ ਸਾਲ ਬੀਤਣ ਤੋਂ ਬਾਅਦ ਵੀ ਸਾਨੂੰ ਸਿਰਫ ਲਾਰਿਆਂ ਵਿੱਚ ਹੀ ਰੱਖਿਆ ਹੋਇਆ ਹੈ, ਜਦੋਂਕਿ ਸਰਕਾਰ ਬਣਨ ਤੋਂ ਪਹਿਲਾਂ ਵੱਖ ਵੱਖ ਹਲਕਿਆਂ ਦੇ ਮੌਜੂਦਾ ਵਿਧਾਇਕਾਂ ਵੱਲੋਂ ਸਾਡੇ ਨਾਲ ਵੱਡੇ ਵੱਡੇ ਵਾਅਦੇ ਕਰਦਿਆਂ ਸਰਕਾਰ ਬਣਦਿਆਂ ਹੀ ਰਜਿਸਟਰਡ ਕਰਨ ਦਾ ਵਾਅਦਾ ਕੀਤਾ ਸੀ। ਸੋ ਅਸੀਂ ਸਰਕਾਰ ਕੋਲੋਂ ਮੰਗ ਕਰਦੇ ਹਾਂ ਕਿ ਸਰਕਾਰ ਆਪਣੇ ਵਾਅਦੇ 'ਤੇ ਪੂਰੇ ਉਤਰਦਿਆਂ ਸਾਨੂੰ ਰਜਿਸਟਰਡ ਕਰੇ ਤਾਂ ਕਿ ਅਸੀਂ ਬੇਖੌਫ ਕੰਮ ਕਰ ਸਕੀਏ। ਇਸ ਵਿਸ਼ੇਸ਼ ਇਕੱਤਰਤਾ ਵਿੱਚ ਪਿਛਲੇ ਸਮੇਂ ਦੌਰਾਨ ਖੂਨਦਾਨ ਕਰਨ ਵਾਲੇ ਮੈਂਬਰ ਜਾਂ ਆਪਣੇ ਨਿੱਜੀ ਪੱਧਰ 'ਤੇ ਫ੍ਰੀ ਮੈਡੀਕਲ ਕੈਂਪ ਲਗਾਉਣ ਵਾਲੇ ਮੈਂਬਰਾਂ ਨੂੰ ਸਮਾਜ ਭਲਾਈ ਲਈ ਉਤਸ਼ਾਹਤ ਕਰਦੇ ਹੋਏ ਸਨਮਾਨਤ ਕੀਤਾ। ਅਖੀਰ 'ਤੇ ਪ੍ਰਧਾਨ ਡਾਕਟਰ ਗੁਰਦਿੱਤ ਸਿੰਘ ਵੱਲੋਂ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ। ਉਪਰੋਕਤ ਆਗੂਆਂ ਤੋਂ ਇਲਾਵਾ ਇਸ ਵਿਸ਼ੇਸ਼ ਇਕੱਤਰਤਾ ਵਿੱਚ ਵੱਡੀ ਗਿਣਤੀ ਵਿੱਚ ਪ੍ਰੈਕਟੀਸ਼ਨਰ ਸੀਨੀਅਰ ਮੀਤ ਪ੍ਰਧਾਨ ਜਸਵਿੰਦਰ ਸਿੰਘ ਸੋਢੀ ਵਾਲਾ, ਕੈਸ਼ੀਅਰ ਗੁਰਪ੍ਰੀਤ ਸਿੰਘ, ਵਾਈਸ ਜਨਰਲ ਸਕੱਤਰ ਜਗਮੀਤ ਸਿੰਘ, ਪੂਰਨ ਸਿੰਘ, ਸ਼ਮਸ਼ੇਰ ਸਿੰਘ, ਬਲਜੀਤ ਸਿੰਘ, ਕੁਲਵੰਤ ਸਿੰਘ, ਪ੍ਰੈੱਸ ਸਕੱਤਰ ਵਰਿੰਦਰ ਸਿੰਘ, ਵਾਈਸ ਪ੍ਰੈੱਸ ਸਕੱਤਰ ਬਚਿੱਤਰ ਸਿੰਘ, ਸਤਪਾਲ ਸਿੰਘ, ਜਸਵੰਤ ਸਿੰਘ, ਸੁਖਵਿੰਦਰ ਸਿੰਘ, ਮੈਡਮ ਗੁਰਵੀਰ ਕੌਰ ਤੇ ਸਟੇਜ ਸਕੱਤਰ ਸੰਤੋਖ ਸਿੰਘ ਆਦਿ ਸ਼ਾਮਲ ਹੋਏ।

## ਭਾਰੂ ਤੇ ਕੋਟਭਾਈ 'ਚ 'ਆਪ ਦੀ ਸਰਕਾਰ ਆਪ ਦੇ ਦੁਆਰ' ਤਹਿਤ ਲਗਾਏ ਕੈਂਪ

**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ 'ਆਪ ਦੀ ਸਰਕਾਰ ਆਪ ਦੇ ਦੁਆਰ' ਮੁਹਿੰਮ ਤਹਿਤ ਗਿੱਦੜਬਾਹਾ ਦੇ ਪਿੰਡ ਭਾਰੂ ਤੇ ਕੋਟਭਾਈ ਵਿੱਚ ਲੋਕ ਸੁਵਿਧਾ ਕੈਂਪ ਲਗਾਏ ਗਏ।ਇਸ ਮੌਕੇ ਐੱਸ.ਡੀ.ਐੱਮ. ਗਿੱਦੜਬਾਹਾ ਸ੍ਰੀ ਅਜੀਤ ਪਾਲ ਸਿੰਘ ਨੇ ਪਿੰਡ ਭਾਰੂ ਵਿਖੇ ਪਹੁੰਚ ਕੈਂਪ ਦਾ ਜਾਇਜ਼ਾ ਲਿਆ।ਇਸ ਮੌਕੇ ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨੂੰ ਬਿਹਤਰ ਪ੍ਰਸ਼ਾਸਨਕ ਸਹੂਲਤਾਂ ਦੇਣ ਲਈ ਵਚਨਬੱਧ ਹੈ ਤੇ ਇਸੇ ਲੜੀ ਤਹਿਤ ਲੋਕਾਂ ਨੂੰ ਉਨ੍ਹਾਂ ਦੀਆਂ ਬਰੂਹਾਂ 'ਤੇ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣ ਲਈ ਪਿੰਡ-ਪਿੰਡ ਲੋਕ ਸੁਵਿਧਾ ਕੈਂਪ ਲਗਾਏ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਇਹ ਕੈਂਪ ਲੋਕਾਂ ਲਈ ਵਰਦਾਨ ਸਾਬਿਤ ਹੋ ਰਹੇ ਹਨ, ਕਿਉਂਕਿ ਲੋਕਾਂ ਦੇ ਪਿੰਡ ਵਿੱਚ ਹੀ ਕੰਮ ਹੋ ਰਹੇ ਹਨ।ਉਨ੍ਹਾਂ ਕਿਹਾ ਕਿ ਪਹਿਲਾਂ ਇਹਨਾਂ ਕੰਮਾਂ ਲਈ ਲੋਕਾਂ ਨੂੰ ਦਫਤਰਾਂ ਤੱਕ ਜਾਣਾ ਪੈਂਦਾ ਸੀ, ਪਰ ਹੁਣ ਦਫਤਰ ਚੱਲ ਕੇ ਲੋਕਾਂ ਦੇ ਪਿੰਡ ਵਿੱਚ ਪਹੁੰਚ ਰਹੇ ਹਨ ਅਤੇ ਪਿੰਡ ਵਿੱਚ ਬੈਠ ਕੇ ਹੀ ਅਧਿਕਾਰੀ ਲੋਕਾਂ ਦੇ ਕੰਮ ਕਰ ਰਹੇ ਹਨ।ਉਨ੍ਹਾਂ ਦੱਸਿਆ ਕਿ ਇਨ੍ਹਾਂ ਕੈਂਪਾਂ ਵਿੱਚ ਲਗਭਗ ਚਾਰ ਦਰਜਨ ਤੋਂ ਵੱਧ ਸਕੀਮਾਂ ਦਾ ਲਾਭ ਮੌਕੇ 'ਤੇ ਹੀ ਦਿੱਤਾ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ 12 ਫ਼ਰਵਰੀ ਨੂੰ ਇਹ ਕੈਂਪ ਗਿੱਦੜਬਾਹਾ ਸ਼ਹਿਰੀ ਖੇਤਰ ਦੇ ਵਾਰਡ ਨੰਬਰ 4 ਵਿੱਚ ਤੇ ਬਾਅਦ ਦੁਪਹਿਰ ਵਾਰਡ ਨੰਬਰ 5 ਵਿਖੇ ਲਗਾਏ ਜਾ ਰਹੇ ਹਨ ਅਤੇ ਇਸੇ ਤਰ੍ਹਾਂ ਗਿੱਦੜਬਾਹਾ ਦੇ ਪਿੰਡ ਬੀਦੋਵਾਲੀ ਵਿਖੇ ਤੇ ਬਾਅਦ ਦੁਪਹਿਰ ਥਰਾਜਵਾਲਾ ਵਿਖੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਸਬੰਧੀ ਲਗਾਏ ਜਾ ਰਹੇ ਹਨ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਗਿਣਤੀ ਵਿੱਚ ਇਨ੍ਹਾਂ ਕੈਂਪਾਂ ਵਿੱਚ ਪਹੁੰਚ ਕੇ ਸਰਕਾਰ ਦੇ ਇਸ ਉਪਰਾਲੇ ਦਾ ਲਾਹਾ ਲਿਆ ਜਾਵੇ। ਇਸ ਮੌਕੇ ਸ੍ਰੀ ਕਮਲਜੀਤ ਸਿੰਘ ਤੋਂ ਇਲਾਵਾ ਪਤਵੰਤੇ ਵਿਆਕਤੀ ਹਾਜ਼ਰ ਸਨ।

# ਆਮ ਘਰਾਂ ਦੇ ਨੌਜਵਾਨਾਂ ਨੂੰ ਕੁਰਸੀ 'ਤੇ ਬਿਠਾ ਕੇ ਮੁੱਖ ਮੰਤਰੀ ਮਾਨ ਨੇ ਰਚਿਆ ਇਤਿਹਾਸ : ਸਿੱਧੂ

**ਕੋਟ ਈਸੇ ਖਾਂ (ਅਰੋੜਾ)**-ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਦੇ ਇਤਿਹਾਸ 'ਚ ਨਵੇਂ ਮੀਲ ਪੱਥਰ ਸਥਾਪਤ ਕਰ ਰਹੀ ਹੈ। ਪਿਛਲੀਆਂ ਸਰਕਾਰਾਂ 'ਚ ਕਈ ਐਸੇ ਵਿਭਾਗਾਂ ਦੇ ਅਹੁਦੇ ਸਨ, ਜਿਨ੍ਹਾਂ 'ਤੇ ਆਮ ਘਰਾਂ ਦੀ ਤੇ ਦੂਰ ਦੀ ਗੱਲ, ਕਹਿੰਦੇ ਕਹਾਉਂਦੇ ਲੀਡਰਾਂ ਨੂੰ ਉਨ੍ਹਾਂ ਵਿਭਾਗਾਂ ਦੇ ਨੇੜੇ ਨਹੀਂ ਲੱਗਣ ਦਿੱਤਾ ਜਾਂਦਾ ਸੀ। ਇਸ ਵਾਰ ਮਾਨ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਨਵੀਂ ਪਿਰਤ ਪਾਉਂਦਿਆਂ ਸਭ ਕੁਝ ਪਾਰਦਰਸ਼ੀ ਢੰਗ ਨਾਲ ਕਰਨ ਲਈ ਆਮ ਘਰਾਂ ਦੇ ਨੌਜਵਾਨਾਂ ਨੂੰ ਕੁਰਸੀਆਂ 'ਤੇ ਬਿਠਾਇਆ।



ਇਸ ਸਬੰਧੀ ਗਮਾਡਾ ਦੇ ਨਵ-ਨਿਯੁਕਤ ਮੈਂਬਰ ਜਸਵਿੰਦਰ ਸਿੰਘ ਸਿੱਧੂ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਪੰਜਾਬ ਸਰਕਾਰ ਦੀ ਤਰਫੋਂ ਗਮਾਡਾ ਦੇ ਸੀ ਏ ਰਜੀਵ ਗੁਪਤਾ ਨੇ ਗਮਾਡਾ ਦੇ ਨਵ-ਨਿਯੁਕਤ ਮੈਂਬਰ ਜਸਵਿੰਦਰ ਸਿੰਘ ਸਿੱਧੂ, ਗੁਰਜੀਤ ਸਿੰਘ ਗਿੱਲ ਤੇ ਸੁਖਵਿੰਦਰ ਸਿੰਘ ਭੋਲਾ ਮਾਨ ਦੀ ਜੁਆਇਨਿੰਗ ਗਮਾਡਾ ਦੇ ਹਾਲ 'ਚ ਇਕ ਸਾਦਾ ਸਮਾਗਮ ਕਰਕੇ ਪਵਾਈ। ਸਮਾਗਮ 'ਚ ਪੰਜਾਬ ਸਰਕਾਰ ਦੀ ਤਰਫੋਂ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ, ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆ, ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਬਲਤੇਜ ਸਿੰਘ ਪੰਨੂੰ, ਆਮ ਆਦਮੀ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਪ੍ਰਿੰਸੀਪਲ ਬੁੱਧ ਰਾਮ, ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਟਰਸਟ, ਐੱਮ ਐੱਲ ਏ ਦਵਿੰਦਰਜੀਤ ਸਿੰਘ ਲਾਡੀ ਢੋਸ ਹਲਕਾ ਧਰਮਕੋਟ, ਐੱਮ ਐੱਲ ਏ ਮਾਸਟਰ ਜਗਸੀਰ ਸਿੰਘ ਤੇ ਗਮਾਡਾ ਦੇ ਅਫਸਰ ਵੱਖ ਵੱਖ ਟਰੱਸਟਾਂ ਦੇ ਚੇਅਰਮੈਨ ਤੇ ਪਤਵੰਤੇ ਹਾਜ਼ਰ ਹੋਏ। ਉਨ੍ਹਾਂ ਨੇ ਨਵ-ਨਿਯੁਕਤ ਅਹੁਦੇਦਾਰਾਂ ਨੂੰ ਗੁਲਦਸਤੇ ਦੇ ਕੇ ਕੁਰਸੀ 'ਤੇ ਬਿਠਾਇਆ। ਸਮਾਗਮ ਤੋਂ ਪਹਿਲਾਂ ਨਵ-ਨਿਯੁਕਤ ਅਹੁਦੇਦਾਰਾਂ ਨੇ ਗੁਰਦੁਆਰਾ ਅੰਬ ਸਹਿਬ ਨਤਮਸਤਕ ਹੋ ਕੇ ਗੁਰੂ ਸਹਿਬ ਤੋਂ ਅਸ਼ੀਰਵਾਦ ਲਿਆ। ਉਨ੍ਹਾਂ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕਿਹਾ ਕੀ ਮੁੱਖ ਮੰਤਰੀ ਸਹਿਬ ਤੇ ਪੰਜਾਬ ਸਰਕਾਰ ਨੇ ਜੋ ਵਿਸ਼ਵਾਸ ਸਾਡੇ 'ਤੇ ਪ੍ਰਗਟਾਇਆ ਹੈ, ਅਸੀਂ ਉਸ 'ਤੇ ਪੂਰੀ ਇਮਾਨਦਾਰੀ ਨਾਲ ਖਰੇ ਉਤਰਾਂਗੇ।

# ਦੀਪਕਪਾਲ ਸ਼ਰਮਾ ਬਣੇ ਪ੍ਰੈੱਸ ਕਲੱਬ ਦੇ ਅੱਠਵੀਂ ਵਾਰ ਪ੍ਰਧਾਨ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਪਰਮਜੀਤ ਸਿੰਘ, ਕੁਲਭੂਸ਼ਣ ਚਾਵਲਾ)**-ਪ੍ਰੈੱਸ ਕਲੱਬ ਮੁਕਤਸਰ ਦੀ ਮੀਟਿੰਗ ਸ਼ਨੀਵਾਰ ਨੂੰ ਅਬੋਹਰ ਰੋਡ ਸਥਿਤ ਆਪਣਾ ਬਿਸਤਰ ਭੰਡਾਰ 'ਤੇ ਸੁਖਪਾਲ ਸਿੰਘ ਢਿੱਲੋਂ ਤੇ ਕਾਲਾ ਸਿੰਘ ਬੇਦੀ ਦੀ ਸਾਂਝੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਪੱਤਰਕਾਰ ਭਾਈਚਾਰੇ ਨੂੰ ਪੱਤਰਕਾਰੀ ਦੇ ਖੇਤਰ ਵਿੱਚ ਆਉਣ ਵਾਲੀਆਂ ਪ੍ਰੇਸ਼ਾਨੀਆਂ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ ਤੇ ਭਾਈਚਾਰੇ ਨੂੰ ਇੱਕਜੁੱਟ ਹੋ ਕੇ ਕੰਮ ਕਰਨ ਦੀ ਗੱਲ 'ਤੇ ਜ਼ੋਰ ਦਿੱਤਾ ਗਿਆ। ਇਸ ਮੌਕੇ ਕਲੱਬ ਦੀ ਨਵੀਂ ਚੋਣ ਕੀਤੀ ਗਈ, ਜਿਸ ਵਿੱਚ ਸੁਖਪਾਲ ਸਿੰਘ ਢਿੱਲੋਂ ਵੱਲੋਂ ਪ੍ਰਧਾਨ ਦੇ ਅਹੁਦੇ ਲਈ ਦੀਪਕਪਾਲ ਸ਼ਰਮਾ ਦਾ ਨਾਮ ਰੱਖਿਆ ਗਿਆ, ਜਿਸ ਨੂੰ ਸਮੂਹ ਭਾਈਚਾਰੇ ਵੱਲੋਂ ਸਰਵਸੰਮਤੀ ਨਾਲ ਹਾਮੀ ਭਰਦਿਆਂ ਮਨਜ਼ੂਰੀ ਦਿੱਤੀ ਗਈ, ਜਦਕਿ ਕਾਲਾ ਸਿੰਘ ਬੇਦੀ ਨੂੰ ਸਰਪ੍ਰਸਤ, ਪਵਨ ਤਨੇਜਾ ਨੂੰ ਚੇਅਰਮੈਨ, ਰਾਜ ਖੁਰਾਣਾ ਨੂੰ ਵਾਈਸ ਚੇਅਰਮੈਨ ਲਿਆ ਗਿਆ। ਇਸੇ ਤਰ੍ਹਾਂ ਸੁਖਪਾਲ ਸਿੰਘ ਢਿੱਲੋਂ ਜਨਰਲ ਸਕੱਤਰ, ਪਰਮਜੀਤ ਸਿੰਘ ਕੈਸ਼ੀਅਰ, ਨਰਿੰਦਰ ਸਲੂਜਾ ਸੀਨੀਅਰ ਮੀਤ ਪ੍ਰਧਾਨ, ਭਜਨ ਸਮਾਘ, ਸ਼ਮਿੰਦਰਪਾਲ ਸਿੰਘ, ਸੁਰੇਸ਼ ਗਰਗ, ਆਦੇਸ਼ ਕੁਮਾਰ ਮੰਨੂ ਮੀਤ ਪ੍ਰਧਾਨ, ਦੀਪਕ ਗਰਗ, ਲਾਡੀ ਬਾਵਾ ਨੂੰ ਸੰਯੁਕਤ ਸਕੱਤਰ, ਮਨਜੀਤ ਸਿੱਧੂ ਤੇ ਅਮਰਜੀਤ ਸੋਨੂੰ ਪ੍ਰਚਾਰ ਸਕੱਤਰ, ਰਵੀ ਅਗਰਵਾਲ ਤੇ ਅਮਿਤ ਅਰੋੜਾ ਮੁੱਖ ਜਥੇਬੰਦਕ ਸਕੱਤਰ, ਸਰਬਜੀਤ ਸੁਖੀਜਾ, ਜਗਦੀਸ਼ ਜੋਸ਼ੀ ਪ੍ਰੈੱਸ ਸਕੱਤਰ, ਕੁਲਦੀਪ ਰਿਣੀ ਪ੍ਰਮੁੱਖ ਬੁਲਾਰਾ, ਹਰਸਿਮਰਨ ਸਿੰਘ ਕਪੂਰ ਤੇ ਕੁਲਭੂਸ਼ਣ ਚਾਵਲਾ ਸਹਾਇਕ ਕੈਸ਼ੀਅਰ ਚੁਣੇ ਗਏ। ਇਸ ਤੋਂ ਇਲਾਵਾ ਅਨਮੋਲ ਵੜਿੰਗ, ਬਲਕਰਨ ਖਾਰਾ, ਪਿਯੂਸ਼ ਸ਼ਰਮਾ, ਜਸਪ੍ਰੀਤ ਮਹਿਰਾ, ਸੋਨੂੰ ਖੇੜਾ, ਅਮਨ, ਗੁਰਮੀਤ ਵਰਮਾ, ਵੇਦ ਪ੍ਰਕਾਸ਼ ਕਾਲਾ, ਬੂਟਾ ਸਿੰਘ ਪੂਜਾ ਰਾਣੀ ਤੇ ਰਵੀਨਾ ਅਰੋੜਾ ਨੂੰ ਕਾਰਜਕਾਰੀ ਮੈਂਬਰ ਲਿਆ ਗਿਆ।



## ...ਸਫ਼ਾ 1 ਦੇ ਬਾਕੀ

### ਮਾਨ ਨੇ ਵਿਕਾਸ ਏਜੰਡੇ 'ਤੇ ...

ਦੂਰ ਨਹੀਂ, ਜਦੋਂ ਸੂਬਾ ਸਰਕਾਰ ਸੂਬੇ ਦੇ ਬਾਕੀ ਬਚੇ ਪ੍ਰਾਈਵੇਟ ਥਰਮਲ ਪਲਾਂਟਾਂ ਨੂੰ ਖਰੀਦ ਲਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਜਿਹੜੇ ਲੋਕ ਹੁਣ ਪਰਵਾਰ ਬਚਾਓ ਯਾਤਰਾ ਦੇ ਰਾਹ ਪੈ ਰਹੇ ਹਨ, ਉਨ੍ਹਾਂ ਆਪਣੇ ਲੰਮੇ ਕਾਰਜਕਾਲ ਦੌਰਾਨ ਸੂਬੇ ਨੂੰ ਲੁੱਟਿਆ ਹੈ। ਉਨ੍ਹਾ ਕਿਹਾ ਕਿ ਇਨ੍ਹਾਂ ਲੋਕਾਂ ਨੇ ਬੇਰਹਿਮੀ ਨਾਲ ਸੂਬੇ ਨੂੰ ਬਰਬਾਦ ਕਰ ਦਿੱਤਾ, ਜਿਸ ਕਾਰਨ ਇਨ੍ਹਾਂ ਨੂੰ ਸੱਤਾ ਤੋਂ ਲਾਂਭੇ ਕੀਤਾ ਗਿਆ ਹੈ। ਉਹਨਾ ਕਿਹਾ ਕਿ ਲੋਕ ਇਨ੍ਹਾਂ ਆਗੂਆਂ ਦੇ ਇਕ ਵੀ ਸ਼ਬਦ 'ਤੇ ਭਰੋਸਾ ਨਹੀਂ ਕਰਦੇ, ਜਿਸ ਕਾਰਨ ਇਹ ਆਗੂ ਸਾਡੇ ਨਾਲ ਦਵੈਖ ਰੱਖਦੇ ਹਨ।

ਕੇਜਰੀਵਾਲ ਨੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਜਪਾ ਸਿਰਫ 'ਆਪ' ਤੋਂ ਡਰਦੀ ਹੈ, ਜਿਸਨੇ ਉਸਦੀ ਨੀਂਦ ਉਡਾ ਦਿੱਤੀ ਹੈ। 10 ਸਾਲਾਂ ਦੇ ਵਕਫੇ ਵਿਚ 'ਆਪ' ਨੇ ਦਿੱਲੀ ਤੇ ਪੰਜਾਬ ਵਿਚ ਸਰਕਾਰਾਂ ਬਣਾਈਆਂ ਅਤੇ ਗੁਜਰਾਤ ਤੇ ਗੋਆ ਵਿਚ ਉਸਦੇ ਵਿਧਾਇਕ ਹਨ। ਉਨ੍ਹਾ ਕਿਹਾ—ਅਸੀਂ ਜਿੱਥੇ ਚੋਣ ਲੜਦੇ ਹਾਂ, ਕਾਫੀ ਵੋਟਾਂ ਲੈਂਦੇ ਹਾਂ। ਭਾਜਪਾ ਡਰੀ ਹੋਈ ਹੈ ਕਿ ਜੇ 'ਆਪ' ਇਸੇ ਹਿਸਾਬ ਨਾਲ ਚੜ੍ਹਦੀ ਰਹੀ ਤਾਂ ਇਕ ਦਿਨ ਉਸਦਾ ਕੇਂਦਰ ਵਿਚ ਰਾਜ ਆ ਜਾਵੇਗਾ।

ਕੇਜਰੀਵਾਲ ਨੇ ਕਿਹਾ—ਸਾਡੀ ਇੱਕੋਇੱਕ ਤਾਕਤ ਸਪੱਸ਼ਟ ਇਰਾਦਿਆਂ ਵਾਲੀ ਇਮਾਨਦਾਰੀ ਹੈ। ਅਸੀਂ ਲੋਕਾਂ ਦੀ ਸੇਵਾ ਕਰਦੇ ਹਾਂ। ਸਕੂਲ, ਹਸਪਤਾਲ ਤੇ ਸੜਕਾਂ ਬਣਾਉਂਦੇ ਹਾਂ ਤੇ ਬਿਜਲੀ ਮੁਹੱਈਆ ਕਰਾਉਂਦੇ ਹਾਂ। ਭਾਜਪਾ ਇਹ ਕੰਮ ਨਹੀਂ ਕਰ ਸਕਦੀ। ਭਾਜਪਾ 'ਆਪ' ਨੂੰ ਕੁਚਲਣਾ ਚਾਹੁੰਦੀ ਤੇ ਖਤਮ ਕਰਨਾ ਚਾਹੁੰਦੀ ਹੈ। ਉਹ ਇਸਦੇ ਆਗੂਆਂ ਨੂੰ ਗ੍ਰਿਫਤਾਰ ਕਰਕੇ ਪਾਰਟੀ ਨੂੰ ਬਦਨਾਮ ਕਰਨਾ ਚਾਹੁੰਦੀ ਹੈ। ਕੇਜਰੀਵਾਲ ਨੇ ਕੇਂਦਰ ਵੱਲੋਂ ਪੰਜਾਬ ਦੇ 8 ਹਜ਼ਾਰ ਕਰੋੜ ਰੁਪਏ ਦੇ ਫੰਡ ਰੋਕਣ ਦਾ ਵੀ ਜ਼ਿਕਰ ਕੀਤਾ।

### ਕਾਮਰੇਡ ਨਰੰਜਣ ਸਿੰਘ ...





ਅਤੇ ਅਮੋਲਕ ਸਿੰਘ ਨੇ ਆਪਣੇ ਵਿਚਾਰ ਸਾਂਝੇ ਕਰਕੇ ਨਰੰਜਣ ਸਿੰਘ ਸੁੱਜੋਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

ਬੰਤ ਸਿੰਘ ਬਰਾੜ ਨੇ ਕਾਮਰੇਡ ਨਰੰਜਣ ਸਿੰਘ ਸੁੱਜੋਂ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਕਾਮਰੇਡ ਜੀ ਬਾਬੇ ਨਾਨਕ ਦੀ ਵਿਚਾਰਧਾਰਾ ਦੇ ਪਹਿਰੇਦਾਰ ਸਨ। ਸਧਾਰਨ ਕਿਸਾਨ ਪਰਵਾਰ ਵਿੱਚ ਜਨਮੇ ਅਤੇ ਭਾਈ ਲਾਲੋਆਂ ਦੀ ਕਿਰਤੀ ਜਮਾਤ ਦੀ ਮੁਕਤੀ ਲਈ ਮਲਕ ਭਾਗੋਆਂ ਖਿਲਾਫ ਲਾਲੋਆਂ ਦੀ ਅਗਵਾਈ ਕੀਤੀ। ਕਾਮਰੇਡ ਸੁੱਜੋਂ ਉੱਤੇ ਸਮੇਂ ਦੀਆਂ ਸਰਕਾਰਾਂ ਨੇ ਬੜੇ ਜਬਰ ਕੀਤੇ, ਇੱਥੇ ਤੱਕ ਕਿ ਉਨ੍ਹਾ 'ਤੇ ਝੂਠਾ ਕਤਲ ਕੇਸ ਪਾ ਕੇ ਡਰਾਉਣ ਦੀ ਕੋਸ਼ਿਸ਼ ਕੀਤੀ, ਪਰੰਤੂ ਉਨ੍ਹਾ ਦ੍ਰਿੜ੍ਹਤਾ ਨਾਲ ਕੇਸ ਲੜਿਆ ਤੇ ਪਾਕ ਸਾਫ ਬਰੀ ਹੋ ਗਏ। ਕਾਮਰੇਡ ਪਾਸਲਾ ਨੇ ਕਿਹਾ ਕਿ ਕਾਮਰੇਡ ਨਰੰਜਣ ਸਿੰਘ ਦਾ ਜੀਵਨ ਮਿਸਾਲੀ ਜੀਵਨ ਸੀ, ਉਨ੍ਹਾ ਦੀ ਜੀਵਨ ਸਾਥਣ ਬੀਬੀ ਮਹਿੰਦਰ ਕੌਰ ਨੇ ਉਹਨਾ ਦੇ ਹਰ ਸੰਘਰਸ਼ ਵਿੱਚ ਉਹਨਾ ਨੂੰ ਸਹਿਯੋਗ ਦਿੱਤਾ ਤੇ ਅੱਜ ਵੀ ਉਨ੍ਹਾਂ ਦੇ ਬੇਟੇ ਨਰਿੰਦਰ ਸਿੰਘ, ਨਰਜੀਤ ਸਿੰਘ, ਕੁਲਦੀਪ ਸਿੰਘ ਅਤੇ ਅੱਗੇ ਉਨ੍ਹਾ ਦੇ ਪਰਵਾਰ ਵੀ ਬੀਬੀ ਜੀ ਤੋਂ ਅਗਵਾਈ ਲੈਂਦੇ ਹਨ। ਦੇਵੀ ਕੁਮਾਰੀ ਨੇ ਕਿਹਾ ਕਿ ਕਾਮਰੇਡ ਜੀ ਦੇ ਪਾਏ ਪੂਰਨਿਆਂ 'ਤੇ ਚੱਲ ਕੇ ਸਮਾਜਕ ਕੁਰੀਤੀਆਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਜਸਪਾਲ ਗਿੱਦਾ ਨੇ ਕਿਹਾ ਕਿ ਸੁੱਜੋਂ ਪਿੰਡ ਕਾਮਰੇਡ ਦਾ ਗੜ੍ਹ ਰਿਹਾ ਅਤੇ ਮੈਂ ਨਰੰਜਣ ਸਿੰਘ, ਹਰਨਾਮ ਸਿੰਘ ਅਤੇ ਚੈਨ ਸਿੰਘ ਦੀ ਉਂਗਲ ਫੜ ਕੇ ਹੀ ਕਾਮਯਾਬੀ ਹਾਸਲ ਕੀਤੀ ਹੈ। ਨੌਜਵਾਨਾਂ ਨੂੰ ਉਨ੍ਹਾ ਦੇ ਪਾਏ ਪੂਰਨਿਆਂ 'ਤੇ ਚੱਲਣਾ ਪਵੇਗਾ, ਇਹੀ ਉਹਨਾ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਡਾਕਟਰ ਸਾਹਿਬ ਸਿੰਘ ਵੱਲੋਂ ਨਾਟਕ 'ਸੰਮਾਂ ਵਾਲੀ ਡਾਂਗ' ਖੇਡਿਆ ਗਿਆ। ਛੋਟੇ ਬੱਚਿਆਂ ਗੁਰਵੀਰ ਅਤੇ ਗੁਰਸਾਨ ਨੇ ਕਵਿਤਾਵਾਂ ਪੇਸ਼ ਕੀਤੀਆਂ। ਬਲਜੀਤ ਸਿੰਘ ਬੱਲੀ ਨੇ ਕਵਿਤਾਵਾਂ ਪੇਸ਼ ਕੀਤੀਆਂ। ਅੰਤ ਵਿੱਚ ਸੀ ਪੀ ਆਈ ਦੇ ਜ਼ਿਲ੍ਹਾ ਕਾਰਜਕਾਰੀ ਸਕੱਤਰ ਨਰੰਜਣ ਦਾਸ ਮੇਹਲੀ ਵੱਲੋਂ ਪਰਵਾਰ ਵੱਲੋਂ ਆਏ ਸਰੋਤਿਆਂ ਦਾ ਧੰਨਵਾਦ ਕੀਤਾ ਗਿਆ। ਸਟੇਟ ਸਕੱਤਰ ਦੀ ਭੂਮਿਕਾ ਜਗਤਾਰ ਸਿੰਘ ਭੁੰਗਰਨੀ ਵੱਲੋਂ ਨਿਭਾਈ ਗਈ। ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾਈ ਆਗੂ ਡਾਕਟਰ ਜੋਗਿੰਦਰ ਸਿੰਘ ਕੁਲੇਵਾਲ ਨੇ ਕਿਤਾਬਾਂ ਦਾ ਸਟਾਲ ਲਗਾਇਆ। ਇਸ ਮੌਕੇ ਦਵਿੰਦਰ ਨੰਗਲੀ, ਗੁਰਨਾਮ ਸਿੰਘ ਗੰਗੂਵਾਲ, ਹਰੀ ਰਾਮ ਗੋਲਡੀ , ਜਲੰਧਰ ਤੋਂ ਸਕੱਤਰ ਰਸ਼ਪਾਲ ਕੈਲੇ, ਜਗਦੀਸ਼ ਰਾਏ ਬੌਬੀ, ਗੁਰਬਖ਼ਸ਼ ਕੌਰ ਰਾਹੋਂ, ਜਸਵਿੰਦਰ ਲਾਲ, ਹਰਪਾਲ ਸਿੰਘ ਜਗਤਪੁਰ, ਸੁਰਿੰਦਰ ਭੱਟੀ, ਦਲਜੀਤ ਸਿੰਘ ਸੁੱਜੋਂ, ਦਰਸ਼ਨ ਰਾਮ ਨੰਗਲਾਂ, ਸੁਖਦੇਵ ਸਿੰਘ ਮਝੂਰ, ਮੋਹਣ ਸਿੰਘ ਰੁੜਕੀ ਖਾਸ, ਸੇਵਾ ਸਿੰਘ, ਜਗਤਾਰ ਸਿੰਘ ਪੁੰਨੂੰ ਮਜਾਰਾ, ਦਸੌਂਧਾ ਸਿੰਘ, ਮਾਸਟਰ ਸੋਮ ਲਾਲ, ਪ੍ਰਿੰਸੀਪਲ ਇਕਬਾਲ ਸਿੰਘ, ਜਰਨੈਲ ਸਿੰਘ ਪਨਾਮ, ਨਰਿੰਦਰ ਕੁਮਾਰ ਕਾਲੀਆ, ਬਲਜਿੰਦਰ ਸਿੰਘ, ਮੇਜਰ ਦਾਸ, ਸੁਰਿੰਦਰ ਸਿੰਘ ਬੈਂਸ, ਤਰਸੇਮ ਸਿੰਘ ਬੈਂਸ, ਕਮਲਜੀਤ ਸਨਾਵਾ, ਅਵਤਾਰ ਸਿੰਘ ਤਾਰੀ, ਪਰਮਜੀਤ ਮਜਾਰਾ ਕਲਾਂ, ਹੁਸਨ ਲਾਲ ਮੇਹਲੀ, ਸੁਰਿੰਦਰ ਪਾਲ ਸਰਪੰਚ ਮੇਹਲੀ, ਸਤਨਾਮ ਸਿੰਘ ਚਾਹਲ, ਹੁਸਨ ਲਾਲ ਸਲੋਹ, ਸਤਨਾਮ ਸਿੰਘ ਗੁਲਾਟੀ, ਕੁਲਦੀਪ ਸਿੰਘ ਦੌੜਕਾ, ਸਤਨਾਮ ਸਿੰਘ ਸੁੱਜੋਂ, ਹੁਸਨ ਸਿੰਘ ਮਾਂਗਟ, ਤੀਰਥ, ਹਰੀ ਰਾਮ ਰਸੂਲਪੁਰ, ਉਪਿੰਦਰ ਸਿੰਘ ਰਾਣਾ, ਡਾਕਟਰ ਜੋਗਿੰਦਰ ਚਣਕੋਈ, ਮੁਹਿੰਦਰ ਪਾਲ ਮੋਹਾਲੀ, ਮੇਜਰ ਸਿੰਘ ਫੌਜੀ, ਰਾਜ ਕੁਮਾਰ ਸੋਢੀ, ਭਗਤ ਸਿੰਘ ਮੌਜੋਵਾਲ, ਭਜਨ ਸਿੰਘ ਸੁੱਜੋਂ, ਜਗਤਾਰ ਸਿੰਘ, ਜਸਵੀਰ ਸਿੰਘ ਦੀਪ, ਸਤਨਾਮ ਸਿੰਘ ਸੁੱਜੋਂ, ਜਸਵਿੰਦਰ ਸਿੰਘ ਭੰਗਲ, ਨਿਰੰਜਨ ਸਿੰਘ, ਨਰਿੰਦਰ ਮੇਹਲੀ ਤੇ ਪਿੰਡ ਨਿਵਾਸੀ ਹਾਜ਼ਰ ਸਨ। ਉਨ੍ਹਾ ਦੇ ਪੁੱਤਰ ਨਰਿੰਦਰ ਸਿੰਘ ਸੁੱਜੋਂ, ਕੁਲਦੀਪ ਸਿੰਘ ਸੁੱਜੋਂ ਤੇ ਮਾਤਾ ਮਹਿੰਦਰ ਕੌਰ ਨੇ ਦੱਸਿਆ ਕਿ ਬਰਸੀ ਮੌਕੇ ਸਵੇਰੇ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ।

### ਮਾਹਿਲਪੁਰ ਦੇ ਮੇਨ...

ਜਿਹੀ ਪਰਚੀ ਉਸ ਮੋਹਰੇ ਕਾਊਂਟਰ 'ਤੇ ਰੱਖ ਦਿੱਤੀ, ਜਿਸ 'ਤੇ ਪੰਜ ਕਰੋੜ ਰੁਪਏ ਲਿਖੇ ਹੋਏ ਸਨ ਤੇ ਥੱਲੇ ਲਿਖਿਆ ਹੋਇਆ ਸੀ, ਸੌਰਵ ਕੌਸ਼ਲ ਚੌਧਰੀ ਗਰੁੱਪ।

ਫੇਰ ਤਿੰਨੇ ਨੌਜਵਾਨ ਜਿਨ੍ਹਾਂ ਦੀ ਉਮਰ ਪੱਚੀ ਤੋਂ ਤੀਹ ਸਾਲ ਵਿਚਕਾਰ ਲੱਗਦੀ ਸੀ, ਆਪਣੇ ਮੋਟਰਸਾਈਕਲ 'ਤੇ ਅਰਾਮ ਨਾਲ ਚਲੇ ਗਏ। ਦੁਕਾਨ ਦੇ ਮਾਲਕ ਹਰਜੋਤ ਸਿੰਘ ਰਿਪੀ ਚਾਵਲਾ ਨੇ ਦੱਸਿਆ ਕਿ ਉਸ ਦੀ ਕਿਸੇ ਨਾਲ ਕੋਈ ਦੁਸ਼ਮਣੀ ਨਹੀਂ ਹੈ, ਪਰ ਫਿਰ ਵੀ ਪਤਾ ਨਹੀਂ ਇਹ ਘਟਨਾ ਕਿਵੇਂ ਵਾਪਰ ਗਈ। ਐੱਸ ਐੱਚ ਓ ਮਾਹਿਲਪੁਰ ਰਮਨ ਕੁਮਾਰ ਨੇ ਪੁੱਛਣ 'ਤੇ ਦੱਸਿਆ ਕਿ ਕਰੀਬ ਅੱਠ ਰਾਊਂਡ ਚੱਲੇ ਹਨ, ਪਰ ਮਾਮਲੇ ਦੀ ਜਾਣਕਾਰੀ ਪੜਤਾਲ ਕਰਨ ਤੋਂ ਬਾਅਦ ਹੀ ਦਿੱਤੀ ਜਾ ਸਕਦੀ ਹੈ।

# ਪ੍ਰੀ ਪ੍ਰਾਇਮਰੀ ਕਲਾਸਾਂ ਬਾਰੇ ਭਰੋਸੇ ਦੇ ਬਾਵਜੂਦ ਸਰਕਾਰ ਦਾ ਰਵੱਈਆ ਦੋਗਲਾ : ਰਣਜੀਤ ਕੌਰ

**ਮਾਨਸਾ (ਆਤਮਾ ਸਿੰਘ ਪਮਾਰ)**-ਆਂਗਣਵਾੜੀ ਮੁਲਾਜ਼ਮ ਯੂਨੀਅਨ (ਸੀਟੂ) ਜ਼ਿਲ੍ਹਾ ਮਾਨਸਾ ਦੀ ਪ੍ਰਧਾਨ ਰਣਜੀਤ ਕੌਰ ਬਰੇਟਾ, ਜਨਰਲ ਸਕੱਤਰ ਅਭਿਨਾਸ਼ ਕੌਰ, ਖਜ਼ਾਨਚੀ ਸਰਿੰਦਰ ਕੌਰ, ਪ੍ਰੈੱਸ ਸਕੱਤਰ ਮਨਜੀਤ ਕੌਰ ਬੀਰੋਕੇ, ਡੇ ਜੀ ਗੁਪਤਾ ਤੇ ਸੁਮਨ ਲਤਾ ਨੇ ਪੰਜਾਬ ਸਰਕਾਰ ਦੇ ਦੋਗਲੇ ਰਵੱਈਏ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਵਿਭਾਗ ਦੇ ਡਾਇਰੈਕਟਰ ਸ੍ਰੀਮਤੀ ਸੀਨਾ ਅਗਰਵਾਲ ਨਾਲ ਜਥੇਬੰਦੀ ਦੇ ਆਗੂਆਂ ਦੀ 7 ਫਰਵਰੀ ਨੂੰ ਹੋਈ ਮੀਟਿੰਗ ਵਿੱਚ ਪੂਰਾ ਵਿਸ਼ਵਾਸ ਦਿੱਤਾ ਸੀ ਕਿ ਤਿੰਨ ਤੋਂ ਪੰਜ ਸਾਲ ਤੱਕ ਦੇ ਬੱਚੇ ਆਂਗਣਵਾੜੀ ਕੇਂਦਰ ਵਿੱਚ ਪ੍ਰੀ ਸਕੂਲ ਐਜੂਕੇਸ਼ਨ ਤੇ ਨਿਊਟਰੇਸ਼ਨ ਪ੍ਰਾਪਤ ਕਰਨਗੇ। ਆਂਗਣਵਾੜੀ ਵਰਕਰਾਂ ਵੱਲੋਂ ਹੀ ਬੱਚਿਆਂ ਦੀ ਮੁਢਲੀ ਦੇਖ ਭਾਲ ਤੇ ਚਹੁੰ ਪੱਖੀ ਵਿਕਾਸ ਲਈ ਕੰਮ ਕੀਤਾ ਜਾਵੇਗਾ। ਗਰੋਥ ਮੋਨੀਟਰਿੰਗ, ਟੀਕਾਕਰਨ ਤੇ ਖੇਡ ਵਿਧੀ ਦੁਆਰਾ ਸਿੱਖਿਅਤ ਕੀਤਾ ਜਾਵੇਗਾ। ਆਂਗਣਵਾੜੀ ਆਗੂਆਂ ਨੇ ਇੱਥੋਂ ਜਾਰੀ ਇੱਕ ਸਾਂਝੇ ਬਿਆਨ 'ਚ ਦੋਸ਼ ਲਾਇਆ ਕਿ ਇਸ ਮੀਟਿੰਗ ਤੋਂ ਅਗਲੇ ਦਿਨ 8 ਫਰਵਰੀ ਨੂੰ ਸਿੱਖਿਆ ਮੰਤਰੀ ਦਾ ਬਿਆਨ ਆਉਂਦਾ ਹੈ ਕਿ ਪੰਜਾਬ ਵਿੱਚ ਨਰਸਰੀ ਜਮਾਤਾਂ ਪਹਿਲੀ ਵਾਰੀ ਸ਼ੁਰੂ ਕੀਤੀਆਂ ਜਾ ਰਹੀਆਂ ਹਨ। ਆਗੂਆਂ ਨੇ ਸਵਾਲ ਕੀਤਾ ਕਿ ਜੋ ਪ੍ਰੀ ਪ੍ਰਾਇਮਰੀ ਵਨ ਤੇ ਟੂ ਸਨ, ਕੀ ਉਹ ਨਰਸਰੀ ਕਲਾਸਾਂ ਨਹੀਂ ਸਨ ? ਫਿਰ ਇਹ ਦੋਗਲੇ ਤੇ ਲੁਭਾਵਣੇ ਬਿਆਨ ਦੇ ਕੇ ਜਨਤਾ ਨੂੰ ਕਿਉਂ ਗੁੰਮਰਾਹ ਕੀਤਾ ਜਾ ਰਿਹਾ ਹੈ, ਉੱਥੇ ਹੀ ਪੰਜਾਬ ਦੀਆਂ 54 ਹਜ਼ਾਰ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀ ਰੋਟੀ-ਰੋਜ਼ੀ ਉੱਤੇ ਵੀ ਡਾਕਾ ਮਾਰਿਆ ਜਾ ਰਿਹਾ ਹੈ। ਆਗੂਆਂ ਨੇ ਦੱਸਿਆ ਕਿ ਨਵੀਂ ਸਿੱਖਿਆ ਨੀਤੀ-2020 ਵਿੱਚ ਪ੍ਰੀ-ਪ੍ਰਾਇਮਰੀ ਆਂਗਣਵਾੜੀ ਕੇਂਦਰਾਂ ਵਿੱਚ ਦਿੰਦੇ ਹੋਏ ਬੱਚਿਆਂ ਦੇ ਬਚਪਨ ਦੀ ਮੁੱਢਲੀ ਦੇਖਭਾਲ ਆਂਗਣਵਾੜੀ ਵਰਕਰਾਂ-ਹੈਲਪਰਾਂ ਦੁਆਰਾ ਹੀ ਕਰਨ ਦੀ ਤਜਵੀਜ਼ ਹੈ, ਪਰ ਪੰਜਾਬ ਸਰਕਾਰ ਵੱਲੋਂ ਇਸ ਦੇ ਐਨ ਉਲਟ ਜਾ ਕੇ ਪਹਿਲਾਂ ਹੀ ਸਤੰਬਰ 2017 ਤੋਂ ਪ੍ਰੀ-ਪ੍ਰਾਇਮਰੀ ਕਲਾਸਾਂ ਸਕੂਲਾਂ ਵਿੱਚ ਸ਼ੁਰੂ ਕੀਤੀਆਂ ਹੋਈਆਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਹੁਣ ਮਾਨ ਸਰਕਾਰ ਉਸ ਉੱਤੇ ਲਿਪਾ ਪੋਚੀ ਕਰ ਰਹੀ ਹੈ। ਸਰਕਾਰ ਦੀ ਇਸ ਦੋਗਲੀ ਨੀਤੀ ਕਾਰਨ ਸੂਬੇ ਦੀਆਂ 54 ਹਜ਼ਾਰ ਵਰਕਰਾਂ-ਹੈਲਪਰਾਂ ਵਿੱਚ ਤਿੱਖਾ ਰੋਹ ਤੇ ਗੁੱਸਾ ਹੈ। ਉਨ੍ਹਾਂ ਚਿਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਜੇਕਰ ਸਰਕਾਰ ਨੇ ਅਜਿਹਾ ਧੋਖਾਧੜੀ ਤੇ ਦੋਗਲਾਪਣ ਬੰਦ ਨਾ ਕੀਤਾ ਤਾਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਮਜਬੂਰਨ ਸੜਕਾਂ 'ਤੇ ਉੱਤਰ ਕੇ ਸੰਘਰਸ਼ ਲਈ ਮਜਬੂਰ ਹੋਣਾ ਪਵੇਗਾ।

# ਆਤਮਾ ਦਾ ਅਸਲੀ ਘਰ ਪਰਮਾਤਮਾ ਹੈ : ਸੰਤ ਮਨਧੀਰ ਧੀਰ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਮਨੁੱਖੀ ਸਰੀਰ ਦੀ ਬਣਤਰ ਨੂੰ ਪੰਜ ਤੱਤ ਲੱਗੇ ਹਨ, ਛੇਵੀਂ ਇਸ ਵਿੱਚ ਆਤਮਾ ਹੈ, ਜੋ ਮਨੁੱਖੀ ਸਰੀਰ ਨੂੰ ਚਲਾਉਂਦੀ ਹੈ, ਜਦੋਂ ਸਰੀਰ ਵਿੱਚੋਂ ਸਦਾ ਲਈ ਆਤਮਾ ਨਿਕਲ ਜਾਵੇ ਤਾਂ ਸਰੀਰ ਨੂੰ ਮੁਰਦਾ ਕਰਾਰ ਦੇ ਦਿੱਤਾ ਜਾਂਦਾ ਹੈ। ਮਨੁੱਖੀ ਸਰੀਰ ਨੂੰ ਅਗਨ ਭੇਟ ਕਰਕੇ ਮ੍ਰਿਤਕ ਸਰੀਰ ਦਾ ਸੰਸਕਾਰ ਕਰ ਦਿੱਤਾ ਜਾਂਦਾ ਹੈ। ਪੰਜੇ ਤੱਤ ਆਪਣੇ ਆਪਣੇ ਵਿਸ਼ਾਲ ਤੱਤਵ ਰੂਪ ਵਿੱਚ ਵਲੀਨ ਹੋ ਜਾਂਦੇ ਹਨ ਤੇ ਛੇਵੀਂ ਆਤਮਾ ਜੋ ਮਨੁੱਖੀ ਸਰੀਰ ਨੂੰ ਚਲਾਉਂਦੀ ਸੀ, ਉਹ ਕਿੱਥੇ ਜਾਂਦੀ ਹੈ ? ਇਸ ਬਾਰੇ ਜਾਣਕਾਰੀ ਦਿੰਦਿਆਂ ਨਿਰੰਕਾਰੀ ਮਿਸ਼ਨ ਦੇ ਪ੍ਰਚਾਰਕ ਸੰਤ ਮਨਧੀਰ ਧੀਰ ਨੇ ਕਾਕੂਵਾਲਾ ਪਿੰਡ ਵਿਖੇ ਕਰਵਾਏ ਗਏ। ਸੰਤ ਸਮਾਗਮ ਵਿੱਚ ਆਈਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਜਿਹੜੀ ਆਤਮਾ ਨੂੰ ਨਿਰੰਕਾਰ ਪ੍ਰੰਭੂ ਪ੍ਰਮਾਤਮਾ ਦਾ ਗਿਆਨ ਹੈ, ਉਹ ਆਤਮਾ ਮਨੁੱਖੀ ਸਰੀਰ ਛੱਡਣ ਉਪਰੰਤ ਨਿਰੰਕਾਰ ਪ੍ਰੰਭੂ ਪ੍ਰਮਾਤਮਾ ਵਿੱਚ ਮਿਲ ਕੇ ਨਿਰੰਕਾਰ ਪ੍ਰੰਭੂ ਪ੍ਰਮਾਤਮਾ ਵਿੱਚ ਵਿਲੀਨ ਹੋ ਜਾਂਦੀ ਹੈ, ਕਿਉਂਕਿ ਆਤਮਾ ਦਾ ਅਸਲੀ ਘਰ ਪ੍ਰਮਾਤਮਾ ਹੈ, ਜਿਹੜੀ ਆਤਮਾ ਨੇ ਮਨੁੱਖੀ ਸਰੀਰ ਵਿੱਚ ਪ੍ਰਮਾਤਮਾ ਦੀ ਜਾਣਕਾਰੀ ਪ੍ਰਾਪਤ ਨਹੀਂ ਕੀਤੀ ਹੁੰਦੀ, ਉਹ ਆਤਮਾ ਜਨਮ ਮਰਨ ਦੇ ਚੱਕਰ ਵਿੱਚ ਚਲੇ ਜਾਵੇਗੀ, ਜਿਸ ਆਤਮਾ ਨੇ ਮਨੁੱਖੀ ਸਰੀਰ ਵਿੱਚ ਚੰਗੇ ਕਰਮ ਕੀਤੇ ਹੋਣਗੇ, ਉਸ ਨੂੰ ਸਵਰਗਾਂ ਦੀ ਪ੍ਰਾਪਤੀ ਹੋ ਜਾਵੇਗੀ ਪ੍ਰੰਤੂ ਸਵਰਗਾਂ ਦਾ ਸਮਾਂ ਖਤਮ ਹੋਣ ਉਪਰੰਤ ਉਸ ਆਤਮਾ ਨੂੰ ਫਿਰ ਜੰਮਣ ਮਰਨ ਦੇ ਚੱਕਰ ਵਿੱਚ ਪੈਣਾ ਪਵੇਗਾ। ਇਸ ਮੌਕੇ ਸੰਤ ਨਿਰੰਕਾਰੀ ਮੰਡਲ ਦੇ ਕੇਂਦਰੀ ਪ੍ਰਚਾਰਕ ਗੁਰਦੇਵ ਸਿੰਘ ਕਾਕੂਵਾਲਾ ਨੇ ਇਸ ਸੰਤ ਸਮਾਗਮ ਵਿੱਚ ਪਹੁੰਚੀਆਂ ਸਾਰੀਆਂ ਸੰਗਤਾਂ ਨੂੰ ਜੀ ਆਇਆਂ ਆਖਿਆ। ਇਸ ਮੌਕੇ ਗੀਤਕਾਰਾਂ ਨੇ ਸਤਿਗੁਰੂ ਤੇ ਨਿਰੰਕਾਰ ਪ੍ਰੰਭੂ ਦੀ ਉਸਤਤ ਭਰੇ ਗੀਤ ਗਾਏ ਤੇ ਕਵੀਆਂ ਨੇ ਗੁਰਮਤਿ ਨਾਲ ਭਰਪੂਰ ਆਪਣੀਆਂ ਕਵਿਤਾਵਾਂ ਪੜ੍ਹੀਆਂ।

### ਮੋਦੀ ਨੇ ਪੰਜਾਬ ਦੇ...

ਪੰਜਾਬ ਦੇਸ਼ ਦਾ ਇਕਲੌਤਾ ਸੂਬਾ ਹੈ, ਜਿੱਥੇ ਮਰਹੂਮ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਦਾ ਜੈ ਜਵਾਨ, ਜੈ ਕਿਸਾਨ ਦਾ ਨਾਅਰਾ ਸਭ ਤੋਂ ਫਿਟ ਬੈਠਦਾ ਹੈ। ਪੰਜਾਬ ਨੇ ਦੇਸ਼ ਨੂੰ ਕਿਸਾਨ ਤੇ ਜਵਾਨ ਦਿੱਤੇ, ਪਰ ਬਦਕਿਸਮਤੀ ਨਾਲ ਮੋਦੀ ਸਰਕਾਰ ਨੇ ਦੋਹਾਂ ਨੂੰ ਖਤਮ ਕਰ ਦਿੱਤਾ। ਖੜਗੇ ਨੇ ਕਿਹਾ ਕਿ ਕਾਲੇ ਖੇਤੀ ਕਾਨੂੰਨਾਂ ਖਿਲਾਫ ਪੰਜਾਬ ਦੇ ਕਿਸਾਨਾਂ ਦੇ ਜ਼ਬਰਦਸਤ ਪ੍ਰੋਟੈਸਟ ਦੇ ਬਾਅਦ ਮੋਦੀ ਸਰਕਾਰ ਨੇ ਕਾਨੂੰਨ ਰੱਦ ਕੀਤੇ, ਪਰ ਇਸ ਦਾ ਨੋਟੀਫਿਕੇਸ਼ਨ ਅਜੇ ਤੱਕ ਜਾਰੀ ਨਹੀਂ ਕੀਤਾ। ਕਾਂਗਰਸ ਸੱਤਾ ਵਿਚ ਆਉਂਦੀ ਹੈ ਤਾਂ ਨੋਟੀਫਿਕੇਸ਼ਨ ਜਾਰੀ ਕਰੇਗੀ। ਖੜਗੇ ਨੇ ਇਹ ਵੀ ਕਿਹਾ ਕਿ ਭਾਖੜਾ ਨੰਗਲ ਡੈਮ ਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਕਾਂਗਰਸ ਸਰਕਾਰ ਨੇ ਬਣਾਈ। ਖੜਗੇ ਨੇ ਪੰਜਾਬ ਵਿਚ ਲੋਕ ਸਭਾ ਚੋਣਾਂ ਲਈ ਆਮ ਆਦਮੀ ਪਾਰਟੀ ਨਾਲ ਸੀਟਾਂ ਦੀ ਵੰਡ ਬਾਰੇ ਠੋਸ ਐਲਾਨ ਕਰਨ ਦੀ ਥਾਂ ਇਹੀ ਕਿਹਾ ਕਿ ਕੁਝ ਰਾਜਾਂ ਵਿਚ 'ਇੰਡੀਆ' ਗੱਠਜੋੜ ਸਫਲ ਹੋ ਰਿਹਾ ਹੈ ਤੇ ਕੁਝ ਵਿਚ ਨਹੀਂ। ਪਰ ਕਾਂਗਰਸ ਲੜੇਗੀ, ਜਦੋਂ ਤਕ ਜਿੱਤ ਨਹੀਂ ਜਾਂਦੀ। ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਲੜਾਈ ਵਿਚ ਕੌਣ ਨਾਲ ਆਉਂਦਾ ਹੈ ਤੇ ਕੌਣ ਨਹੀਂ। ਇੰਡੀਆ ਗੱਠਜੋੜ ਸਮੁੱਚੇ ਦੇਸ਼ ਲਈ ਬਣਾਇਆ ਗਿਆ ਹੈ, ਇਕੱਲੇ ਪੰਜਾਬ ਲਈ ਨਹੀਂ। ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਸ਼ਨੀਵਾਰ ਖੰਨਾ ਰੈਲੀ ਵਿਚ ਐਲਾਨਿਆ ਸੀ ਕਿ ਉਨ੍ਹਾ ਦੀ ਪਾਰਟੀ ਪੰਜਾਬ ਦੀਆਂ ਸਾਰੀਆਂ 13 ਸੀਟਾਂ ਇਕੱਲੀ ਲੜੇਗੀ ? ਇਸੇ ਦੌਰਾਨ ਖੜਗੇ ਦੀ ਰੈਲੀ ਵਿਚ ਨਵਜੋਤ ਸਿੰਘ ਸਿੱਧੂ ਨਜ਼ਰ ਨਹੀਂ ਆਏ। ਲੁਧਿਆਣਾ ਤੋਂ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਵੀ ਨਹੀਂ ਪੁੱਜੇ। ਇਸ ਤੋਂ ਪਹਿਲਾਂ ਸੁਖਪਾਲ ਸਿੰਘ ਖੇੜਾ, ਅਲਕਾ ਲਾਂਬਾ, ਸੁਖਜਿੰਦਰ ਸਿੰਘ ਰੰਧਾਵਾ, ਮਨੀਸ਼ ਤਿਵਾੜੀ, ਡਾ: ਰਾਜ ਕੁਮਾਰ ਚੱਬੇਵਾਲ, ਰਾਣਾ ਕੇ ਪੀ ਸਿੰਘ, ਕੁਲਜੀਤ ਨਾਗਰਾ, ਪ੍ਰਤਾਪ ਸਿੰਘ ਬਾਜਵਾ, ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਵੀ ਵਿਚਾਰ ਪ੍ਰਗਟ ਕੀਤੇ। ਸਥਾਨਕ ਆਗੂਆਂ ਨੇ ਪੰਜਾਬ ਦੀਆਂ ਸਾਰੀਆਂ 13 ਲੋਕ ਸਭਾ ਸੀਟਾਂ 'ਤੇ ਇਕੱਲਿਆਂ ਹੀ ਚੋਣ ਲੜਨ ਦਾ ਸੱਦਾ ਦਿੱਤਾ ਹੈ।

### ਇਮਰਾਨ ਹਮਾਇਤੀ ਸਭ...

ਵੰਡ ਵੇਲੇ ਪਾਕਿਸਤਾਨ ਚਲੇ ਗਏ ਮੁਹਾਜ਼ਰਾਂ ਦੀ ਮੁਤਹਿਦਾ ਕੌਮੀ ਮੂਵਮੈਂਟ ਪਾਕਿਸਤਾਨ ਨੇ 17 ਸੀਟਾਂ ਜਿੱਤੀਆਂ ਹਨ। 12 ਸੀਟਾਂ ਨਿੱਕੀਆਂ ਪਾਰਟੀਆਂ ਨੇ ਜਿੱਤੀਆਂ ਹਨ। ਬਹੁਮਤ ਲਈ 133 ਸੀਟਾਂ ਦਰਕਾਰ ਹਨ। ਅੰਤਮ ਨਤੀਜਿਆਂ ਤੋਂ ਬਾਅਦ ਨਵਾਜ਼ ਦੀ ਪਾਰਟੀ ਨੇ ਬਿਆਨ ਜਾਰੀ ਕਰਕੇ ਕਿਹਾ ਕਿ ਉਹ ਮੁਤਹਿਦਾ ਕੌਮੀ ਮੂਵਮੈਂਟ ਪਾਕਿਸਤਾਨ ਨਾਲ ਕੁਲੀਸ਼ਨ ਸਰਕਾਰ ਬਣਾਉਣ ਲਈ ਸਿਧਾਂਤਕ ਸਮਝੌਤੇ 'ਤੇ ਅੱਪੜ ਗਈ ਹੈ। ਤਾਂ ਵੀ ਮੂਵਮੈਂਟ ਦੇ ਕਨਵੀਨਰ ਖਾਲਿਦ ਮਕਬੂਲ ਨੇ ਕਿਹਾ ਕਿ ਨਵਾਜ਼ ਸ਼ਰੀਫ ਦੀ ਪਾਰਟੀ ਨਾਲ ਗੱਲਬਾਤ ਵਿਚ ਸਰਕਾਰ ਦੀ ਬਣਤਰ ਬਾਰੇ ਚਰਚਾ ਨਹੀਂ ਹੋਈ। ਇਸੇ ਦੌਰਾਨ ਇਮਰਾਨ ਦੀ ਭੰਗ ਕਰ ਦਿੱਤੀ ਗਈ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀ ਟੀ ਆਈ) ਨੇ ਲੋਕਾਂ ਦੇ ਇਰਾਦਿਆਂ ਨੂੰ ਕੁਚਲ ਕੇ ਦੇਸ਼ ਵਿਚ ਪੀ ਡੀ ਐੱਮ-2 (ਪਾਕਿਸਤਾਨ ਡੈਮੋਕਰੇਟਿਕ ਮੂਵਮੈਂਟ) ਦਾ ਸ਼ਰਮਨਾਕ ਡਰਾਮਾ ਦੁਹਰਾਉਣ ਦੀਆਂ ਕੋਸ਼ਿਸ਼ਾਂ ਨੂੰ ਰੱਦ ਕਰਦਿਆਂ ਮੰਗ ਕੀਤੀ ਹੈ ਕਿ ਮੁੱਖ ਚੋਣ ਕਮਿਸ਼ਨਰ ਤੇ ਚੋਣ ਕਮਿਸ਼ਨਰ ਤੁਰੰਤ ਅਸਤੀਫੇ ਦੇਣ। ਤਹਿਰੀਕ-ਏ-ਇਨਸਾਫ ਨੂੰ ਦੇਸ਼ ਤੇ ਚੌਹਾਂ ਸੂਬਿਆਂ ਵਿਚ ਵੋਟਰਾਂ ਨੇ ਸਭ ਤੋਂ ਵੱਧ ਪਸੰਦ ਕੀਤਾ ਹੈ। ਸਰਕਾਰ ਬਣਾਉਣ ਦਾ ਉਹ ਹੀ ਸੰਵਿਧਾਨਕ, ਜਮਹੂਰੀ, ਇਖਲਾਕੀ ਤੇ ਸਿਆਸੀ ਹੱਕ ਰੱਖਦੀ ਹੈ। ਪੀ ਡੀ ਐੱਮ ਉਹ ਕੁਲੀਸ਼ਨ ਸੀ, ਜਿਹੜੀ ਨਵਾਜ਼ ਸ਼ਰੀਫ ਦੀ ਪਾਰਟੀ, ਭੁੱਟੋਆਂ ਦੀ ਪਾਰਟੀ ਤੇ ਕੁਝ ਨਿੱਕੀਆਂ ਪਾਰਟੀਆਂ ਨੇ ਸਤੰਬਰ 2020 ਵਿਚ ਬਣਾਈ ਸੀ। ਇਹ ਕੌਮੀ ਅਸੰਬਲੀ ਵਿਚ ਬੇਵਿਸਾਹੀ ਮਤਾ ਲਿਆ ਕੇ ਇਮਰਾਨ ਨੂੰ ਅਪ੍ਰੈਲ 2022 ਵਿਚ ਸੱਤਾ ਤੋਂ ਲਾਂਭੇ ਕਰਨ ਵਿਚ ਸਫਲ ਰਹੀ ਸੀ। ਪੀ ਟੀ ਆਈ ਦੇ ਚੇਅਰਮੈਨ ਗੌਹਰ ਖਾਨ ਨੇ ਪਾਕਿਸਤਾਨੀ ਸੈਨਾ ਮੁਖੀ ਆਸਿਮ ਮੁਨੀਰ ਤੋਂ ਮੰਗ ਕੀਤੀ ਹੈ ਕਿ ਉਹ ਇਮਰਾਨ ਸਮੇਤ ਸਾਰੇ ਸਿਆਸੀ ਕੈਦੀਆਂ ਨੂੰ ਰਿਹਾਅ ਕਰਨ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਸੰਗਰੂਰ ਵਿਖੇ ਪੁਰਾਣੀ ਪੈਨਸ਼ਨ ਬਹਾਲੀ ਲਈ ਕੀਤੀ ਜਾਵੇਗੀ ਇਤਿਹਾਸਕ ਰੈਲੀ : ਪੀ ਪੀ ਪੀ ਐੱਫ




**ਤਰਨਤਾਰਨ (ਪ੍ਰਿਤਪਾਲ ਸਿੰਘ)**-ਪੁਰਾਣੀ ਪੈਨਸ਼ਨ ਬਹਾਲੀ ਸਾਂਝਾ ਮੋਰਚਾ ਪੰਜਾਬ ਦੀ ਅਗਵਾਈ ਵਿੱਚ 25 ਫਰਵਰੀ ਨੂੰ ਮੁੱਖ ਮੰਤਰੀ ਦੇ ਸ਼ਹਿਰ ਸੰਗਰੂਰ ਵਿਖੇ ਹੋਣ ਜਾ ਰਹੀ ਸੂਬਾ ਪੱਧਰੀ ਰੈਲੀ ਦੀਆਂ ਤਿਆਰੀਆਂ ਦਾ ਮੁੱਢ ਬੰਨ੍ਹਦਿਆਂ ਮੋਰਚੇ ਵਿੱਚ ਸ਼ਾਮਲ ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਵੱਲੋਂ ਸੂਬਾ ਕਮੇਟੀ ਮੀਟਿੰਗ ਕੀਤੀ ਗਈ ਜਿਸ ਵਿੱਚ ਸੂਬਾਈ ਅਤੇ ਜ਼ਿਲ੍ਹਾ ਆਗੂ ਟੀਮਾਂ ਨੂੰ ਰੈਲੀ ਦੀ ਕਾਮਯਾਬੀ ਲਈ ਜੰਗੀ ਪੱਧਰ ਤੇ ਯਤਨ ਜੁਟਾਉਣ ਦਾ ਕਾਰਜ ਸੌਂਪਿਆ ਗਿਆ ਹੈ। ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਤਿੰਨ ਸੰਘਰਸ਼ੀ ਜੱਥੇਬੰਦੀਆਂ ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ, ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਅਤੇ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਵੱਲੋਂ ਪੈਨਸ਼ਨ ਲਾਗੂ ਕਰਨ ਤੋਂ ਭੱਜੀ ਆਪ ਸਰਕਾਰ ਨੂੰ ਐੱਨ. ਪੀ. ਐੱਸ. ਮੁਲਾਜ਼ਮਾਂ ਦੀ ਵੱਡੀ ਸੰਘਰਸ਼ੀ ਚੁਣੌਤੀ ਦੇਣ ਲਈ ਸਾਂਝੇ ਮੋਰਚੇ ਦਾ ਗਠਨ ਕੀਤਾ ਗਿਆ ਹੈ। ਸੂਬਾ ਕਮੇਟੀ ਮੀਟਿੰਗ ਦੀ ਜਾਣਕਾਰੀ ਸਾਂਝੀ ਕਰਦਿਆਂ ਡੀਟੀਐੱਫ ਜ਼ਿਲ੍ਹਾ ਪ੍ਰਧਾਨ ਪ੍ਰਤਾਪ ਸਿੰਘ ਠੱਠਗੜ੍ਹ ਅਤੇ ਪੀਪੀਪੀਐੱਫ ਦੇ ਜ਼ਿਲ੍ਹਾ ਪ੍ਰਧਾਨ ਕੰਵਰਦੀਪ ਸਿੰਘ ਢਿੱਲੋਂ ਨੇ ਦੱਸਿਆ ਕਿ ਪੁਰਾਣੀ ਪੈਨਸ਼ਨ ਬਹਾਲੀ ਸਾਂਝੇ ਮੋਰਚੇ ਦਾ ਗਠਨ ਹੋਣਾ ਬਹੁਤ ਮਹੱਤਵਪੂਰਨ ਅਤੇ ਅਤਿ ਲੋੜੀਂਦਾ ਸਵਾਗਤਯੋਗ ਉਪਰਾਲਾ ਹੈ, ਜੋ ਪੈਨਸ਼ਨ ਪ੍ਰਾਪਤੀ ਦੇ ਸੰਘਰਸ਼ ਨੂੰ ਵੱਡੀ ਮੁਲਾਜ਼ਮ ਲਹਿਰ ਵਿੱਚ ਤਬਦੀਲ ਕਰਨ ਦੀਆਂ ਸੰਭਾਵਨਾਵਾਂ ਰੱਖਦਾ ਹੈ। ਉਨ੍ਹਾਂ ਕਿਹਾ ਕਿ ਵੱਖ-ਵੱਖ ਫਰੰਟਾਂ ਨਾਲ ਜੁੜਿਆ ਜੱਥੇਬੰਦਕ ਕਾਡਰ ਅਤੇ ਆਮ ਐਨਪੀਐੱਸ ਮੁਲਾਜ਼ਮ ਸਾਂਝੇ ਮੋਰਚੇ ਦੇ ਬੈਨਰ ਹੇਠ ਹਜ਼ਾਰਾਂ ਦੀ ਗਿਣਤੀ ਵਿੱਚ ਆਪ ਸਰਕਾਰ ਦੀ ਵਾਅਦਾਖਿਲਾਫੀ ਦੇ ਰੋਸ ਵਿੱਚ ਸੰਗਰੂਰ ਰੈਲੀ ਵਿੱਚ ਸ਼ਾਮਲ ਹੋਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਆਗੂ ਅਮਰਦੀਪ, ਭੁਪਿੰਦਰ ਸਿੰਘ, ਬਲਰਾਜ ਸਿੰਘ, ਵਰਿੰਦਰ ਸਿੰਘ, ਮਨਿੰਦਰਜੀਤ ਸਿੰਘ, ਸਰਬਜੀਤ ਸਿੰਘ, ਗੁਰਪ੍ਰੀਤ ਸਿੰਘ ਪੱਟੀ, ਮਨਜਿੰਦਰ ਸਿੰਘ ਪੱਟੀ, ਜਸਕੀਰਤ ਸਿੰਘ ਆਦਿ ਨੇ ਦੱਸਿਆ ਕਿ ਫਰੰਟ ਵੱਲੋਂ ਸੂਬਾ ਕਮੇਟੀ ਮੀਟਿੰਗ ਵਿੱਚ ਸੰਗਰੂਰ ਰੈਲੀ ਨੂੰ ਸਫਲ ਬਣਾਉਣ ਲਈ ਵੱਡੇ ਪੱਧਰ 'ਤੇ ਜ਼ਿੰਮੇਵਾਰੀਆਂ ਤੈਅ ਕੀਤੀਆਂ ਗਈਆਂ ਹਨ।

# ਬਸਰਾਏ ਤੋਂ ਸਕੂਲੀ ਵਿਦਿਆਰਥੀਆਂ ਦਾ ਵਿੱਦਿਅਕ ਟੂਰ




**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਪੰਜਾਬ ਸਰਕਾਰ ਅਤੇ ਸਿੱਖਿਆ ਵਿਭਾਗ ਵੱਲੋਂ ਬੱਚਿਆਂ ਦੇ ਸਰਬਪੱਖੀ ਵਿਕਾਸ ਅਤੇ ਉਹਨਾਂ ਨੂੰ ਇਤਿਹਾਸਿਕ ਵਿਰਸੇ ਅਤੇ ਸਮੇਂ ਦੇ ਹਾਣੀ ਬਣਾਉਣ ਲਈ ਸਰਕਾਰੀ ਹਾਈ ਸਕੂਲ ਬਸਰਾਏ ਦੇ ਨੌਵੀਂ ਅਤੇ ਦਸਵੀਂ ਦੇ ਵਿਦਿਆਰਥੀਆਂ ਦਾ ਇੱਕ ਰੋਜ਼ਾ ਵਿਦਿਅਕ ਟੂਰ ਰਿਆਤ ਬਾਹਰਾ ਕਾਲਜ ਵਿਖੇ ਲਗਾਇਆ ਗਿਆ । ਇਸ ਟੂਰ ਰਾਹੀਂ ਵਿਦਿਆਰਥੀਆਂ ਨੂੰ ਦਸਵੀਂ ਤੋਂ ਬਾਅਦ ਦੇ ਵੱਖ-ਵੱਖ ਕੋਰਸਾਂ ਦੀ ਜਾਣਕਾਰੀ ਪ੍ਰੈਕਟੀਕਲ ਰੂਪ ਵਿੱਚ ਦਿੱਤੀ ਗਈ। ਇਸ ਵਿੱਦਿਅਕ ਟੂਰ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਹੈਡ ਮਾਸਟਰ ਕਮ ਬਲਾਕ ਨੋਡਲ ਅਫਸਰ ਵਿਜੈ ਕੁਮਾਰ ਨੇ ਦੱਸਿਆ ਕਿ ਸਰਕਾਰ ਦੁਆਰਾ ਕੀਤਾ ਉਪਰਾਲਾ ਸਲਾਘਾਯੋਗ ਹੈ। ਇਸ ਤਰ੍ਹਾਂ ਦੇ ਵਿੱਦਿਅਕ ਟੂਰ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਵਿੱਚ ਵਾਧਾ ਕਰਨਗੇ ਅਤੇ ਵਿਦਿਆਰਥੀਆਂ ਲਈ ਭਵਿੱਖ ਲਈ ਕੋਰਸਾਂ ਪ੍ਰਤੀ ਜਾਗਰੂਕਤਾ ਪੈਦਾ ਕਰਦੇ ਹਨ। ਇਸ ਸਮੇਂ ਸਿਕੰਦਰ ਸਿੰਘ, ਸ਼ਰਨਜੀਤ ਕੌਰ, ਲਖਵਿੰਦਰ ਸਿੰਘ, ਜਰਨੈਲ ਸਿੰਘ, ਮਿਸ ਅਨੁਰਾਧਾ, ਕੁਲਦੀਪ ਕੌਰ, ਮਲਿਕਾ ਗੁਰਾਇਆ, ਸਤਨਾਮ ਸਿੰਘ, ਨਵਪ੍ਰੀਤ ਕੌਰ ਅਤੇ ਮੰਗਲ ਸਿੰਘ ਹਾਜ਼ਰ ਸਨ।

# ਸਾਬਕਾ ਸੈਨਿਕਾਂ ਤੇ ਉਨ੍ਹਾਂ ਦੇ ਆਸ਼ਰਿਤਾਂ ਲਈ ਭਰਵੀਂ ਰੈਲੀ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਭਾਰਤੀ ਫੌਜ ਹਮੇਸ਼ਾ ਆਪਣੇ ਸੈਨਿਕਾਂ ਲਈ ਖੜ੍ਹੀ ਹੁੰਦੀ ਹੈ ਭਾਵੇਂ ਉਹ ਸੇਵਾ ਵਿੱਚ ਹੋਣ ਜਾਂ ਸੇਵਾਮੁਕਤੀ ਤੋਂ ਬਾਅਦ। ਸਟੇਸ਼ਨ ਹੈੱਡਕੁਆਰਟਰ, ਅੰਮ੍ਰਿਤਸਰ ਦੇ ਅਧਿਕਾਰ ਖੇਤਰ ਵਿੱਚ ਰਹਿਣ ਵਾਲੇ ਸਾਬਕਾ ਸੈਨਿਕਾਂ, ਵੀਰ ਨਾਰੀਆਂ ਅਤੇ ਵੀਰ ਮਾਤਾਵਾਂ ਲਈ ਪੈਂਥਰ ਡਵੀਜ਼ਨ ਦੀ ਅਗਵਾਈ ਹੇਠ ਅੰਮ੍ਰਿਤਸਰ ਵਿਚ 10 ਫਰਵਰੀ ਨੂੰ ਰੈਲੀ ਕੀਤੀ ਗਈ। ਰੈਲੀ ਦਾ ਉਦੇਸ਼ ਸਾਬਕਾ ਸੈਨਿਕਾਂ, ਵੀਰ ਨਾਰੀਆਂ ਅਤੇ ਵੀਰ ਮਾਤਾਵਾਂ ਨੂੰ ਸੇਵਾਮੁਕਤੀ ਤੋਂ ਬਾਅਦ ਮਿਲਣ ਵਾਲੇ ਲਾਭਾਂ ਦੀ ਜਾਣਕਾਰੀ ਦੇਣਾ, ਸ਼ਿਕਾਇਤਾਂ ਦਾ ਨਿਪਟਾਰਾ ਕਰਨਾ, ਦਸਤਾਵੇਜ਼ਾਂ ਦੀਆਂ ਗੜਬੜੀਆਂ ਠੀਕ ਕਰਵਾਉਣਾ ਅਤੇ ਵੱਖ-ਵੱਖ ਰਿਕਾਰਡ ਦਫਤਰਾਂ ਤੇ ਆਰਮੀ ਪੈਨਸ਼ਨ ਦਫਤਰਾਂ ਦੀ ਸਹਾਇਤਾ ਨਾਲ ਪੈਨਸ਼ਨ ਨਾਲ ਜੁੜੀਆਂ ਹੋਈਆਂ ਸਮੱਸਿਆਵਾਂ ਦਾ ਨਿਪਟਾਰਾ ਕਰਨਾ ਸੀ।

ਲੋੜਵੰਦਾਂ ਨੂੰ ਜ਼ਰੂਰੀ ਅਤੇ ਤੁਰੰਤ ਮੈਡੀਕਲ ਸਹੂਲਤ ਪ੍ਰਦਾਨ ਕਰਨ ਲਈ ਇਕ ਮੈਡੀਕਲ ਕੈਂਪ ਵੀ ਲਗਾਇਆ ਗਿਆ। ਨਾਲ ਹੀ ਦੁਪਹਿਰ ਦੇ ਖਾਣੇ ਦਾ ਵੀ ਪ੍ਰਬੰਧ ਕੀਤਾ ਗਿਆ। ਇਸ ਰੈਲੀ ਨਾਲ ਸਾਰੇ ਸਾਬਕਾ ਸੈਨਿਕਾਂ, ਵੀਰ ਨਾਰੀਆਂ ਅਤੇ ਵੀਰ ਮਾਤਾਵਾਂ ਨੂੰ ਉਨ੍ਹਾਂ ਦੇ ਬਲੀਦਾਨ ਅਤੇ ਨਿਰਸਵਾਰਥ ਸੇਵਾ ਪ੍ਰਦਾਨ ਕਰਨ ਲਈ ਧੰਨਵਾਦ ਕੀਤਾ ਗਿਆ। ਰੈਲੀ ਵਿਚ ਵੱਡੀ ਗਿਣਤੀ ਵਿਚ ਸਾਬਕਾ ਸੈਨਿਕ, ਵੀਰ ਨਾਰੀਆਂ, ਵੀਰ ਮਾਤਾਵਾਂ ਅਤੇ ਉਨ੍ਹਾਂ ਦੇ ਆਸ਼ਰਿਤ ਸ਼ਾਮਿਲ ਹੋਏ। ਇਹ ਰੈਲੀ ਫੌਜ ਲਈ ਬਜ਼ੁਰਗਾਂ ਦੇ ਮਾਰਗਦਰਸ਼ਨ, ਉਨ੍ਹਾਂ ਨੂੰ ਸਿੱਖਿਅਤ ਕਰਨ ਅਤੇ ਉਨ੍ਹਾਂ ਦੇ ਆਸ਼ਰਤਾਂ ਨੂੰ ਇਕ ਸਨਮਾਨਜਨਕ ਜੀਵਨ ਬਤੀਤ ਕਰਨ ਦੇ ਯੋਗ ਬਣਾਉਣ ਦੇ ਇਕ ਮੌਕੇ ਵਜੋਂ ਵੇਖਿਆ ਜਾ ਰਿਹਾ ਹੈ। ਪੈਂਥਰ ਡਵੀਜ਼ਨ ਦੇ ਜਨਰਲ ਅਫਸਰ ਕਮਾਂਡਿੰਗ ਮੇਜਰ ਜਨਰਲ ਮੁਕੇਸ਼ ਸ਼ਰਮਾ ਨੇ ਸਾਰਿਆਂ ਨੂੰ ਭਰੋਸਾ ਦਿਵਾਇਆ ਕਿ ਪੈਂਥਰ ਡਵੀਜ਼ਨ ਹਮੇਸ਼ਾ ਉਨ੍ਹਾਂ ਦੀ ਮਦਦ ਲਈ ਖੜ੍ਹੀ ਰਹੇਗੀ।

# ਮਹਾਰਾਜਾ ਰਣਜੀਤ ਸਿੰਘ ਚੌਕ ਵਿਖੇ ਦੁਕਾਨਦਾਰਾਂ ਨੇ ਲੰਗਰ ਲਗਾਇਆ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਡੇਰਾ ਬਾਬਾ ਨਾਨਕ ਦੇ ਪੁਰਾਣਾ ਬੱਸ ਸਟੈਂਡ ਮਹਾਰਾਜਾ ਰਣਜੀਤ ਸਿੰਘ ਚੌਕ ਵਿਖੇ ਸਤਿਗੁਰ ਬਾਵਾ ਲਾਲ ਦਿਆਲ ਜੀ ਦੇ 669ਵੇਂ ਜਨਮ ਦਿਹਾੜੇ ਨੂੰ ਸਮਰਪਿਤ ਮੇਨ ਬਾਜ਼ਾਰ ਡੇਰਾ ਬਾਬਾ ਨਾਨਕ ਦੇ ਦੁਕਾਨਦਾਰਾਂ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਕੜਾਹ ਪ੍ਰਸ਼ਾਦ ਤੇ ਛੋਲਿਆਂ ਦਾ ਲੰਗਰ ਲਗਾਇਆ ਗਿਆ। ਪ੍ਰਬੰਧਕਾਂ ਵੱਲੋਂ ਸਥਾਨਕ ਬਾਵਾ ਲਾਲ ਜੀ ਦੇ ਮੰਦਿਰ ਤੋਂ ਸਜਾਈ ਗਈ ਸ਼ੋਭਾ ਯਾਤਰਾ ਦਾ ਮਹਾਰਾਜਾ ਰਣਜੀਤ ਸਿੰਘ ਵਿਖੇ ਪਹੁੰਚਣ 'ਤੇ ਭਰਵਾਂ ਸਵਾਗਤ ਕਰਦਿਆਂ ਫੁੱਲਾਂ ਦੀ ਵਰਖਾ ਕੀਤੀ ਤੇ ਸੰਗਤਾਂ ਨੂੰ ਬਾਵਾ ਲਾਲ ਦਿਆਲ ਜੀ ਦੇ ਜਨਮ ਦਿਹਾੜੇ ਦੀ ਵਧਾਈ ਦਿੱਤੀ ਗਈ। ਇਸ ਮੌਕੇ ਕਸਬੇ ਵਿੱਚ ਆਉਣ ਜਾਣ ਵਾਲੀਆਂ ਸੰਗਤਾਂ ਨੇ ਕੜਾਹ ਪ੍ਰਸ਼ਾਦ ਦੇ ਲੰਗਰ ਨੂੰ ਬੜੇ ਪਿਆਰ ਨਾਲ ਛਕਿਆ। ਬਾਵਾ ਲਾਲ ਦਿਆਲ ਜੀ ਦੇ ਜਨਮ ਦਿਹਾੜੇ ਦੀ ਵਧਾਈ ਦਿੱਤੀ। ਇਸ ਮੌਕੇ ਪ੍ਰਬੰਧਕਾਂ ਵੱਲੋਂ ਹਾਜ਼ਰ ਪ੍ਰਮੁੱਖ ਸ਼ਖਸੀਅਤਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਸਾਹਿਬ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਰਾਜੇਸ਼ ਕੁਮਾਰ ਗੁਪਤਾ, ਡਾਕਟਰ ਕੁਲਜੀਤ ਸਿੰਘ ਪੱਡਾ, ਸਤਿੰਦਰ ਸਿੰਘ ਖਲੀਲਪੁਰ, ਹਰਜੀਤ ਸਿੰਘ ਠੇਠਰਕੇ, ਡਾਕਟਰ ਤਰਲੋਚਨ ਸਿੰਘ ਸੋਖੀ, ਅਰਪਿਤ ਕੁਮਾਰ, ਰਜਿੰਦਰ ਕੁਮਾਰ ਪੱਪੂ, ਸੋਨੂੰ ਗੈਦ, ਮੋਨੂੰ ਗੈਦ, ਮਹੇਸ਼ ਕੁਮਾਰ ਗੁਪਤਾ, ਜਨਕ ਰਾਜ ਮਹਾਜਨ, ਕੁਲਵੰਤ ਰਾਜ, ਗੁਰਬਖਸ਼ ਸਿੰਘ ਪਟਵਾਰੀ, ਗੁਰਬਾਜ ਸਿੰਘ ਮਾਨ, ਬਾਬਾ ਜੰਗੀ ਬੇਦੀ, ਗਰਜੋਤ ਸਿੰਘ ਬੇਦੀ, ਰਾਜੂ ਮੋਦੀ, ਪਰਮਜੀਤ ਸਿੰਘ ਆਰੇ ਵਾਲੇ, ਸੁਖਵਿੰਦਰ ਸਿੰਘ ਪੱਡਾ, ਸ਼ਾਹ ਤਲਵੰਡੀ ਗੋਰਾਇਆ, ਗੋਲਡੀ ਆਰੇ ਵਾਲੇ, ਰਾਹੁਲ ਕੁਮਾਰ, ਕਾਲਾ ਢਿੱਲੋਂ, ਬਿੱਟਾ ਢਿੱਲੋਂ, ਰਤਨ ਪਾਲ ਮੈਨੇਜਰ, ਸਕਸ਼ਮ ਗੁਪਤਾ, ਅਭੀ ਪ੍ਰਧਾਨ, ਕਾਵੀਆ ਗੁਪਤਾ, ਸੋਹਿਲ ਗੁਪਤਾ ਆਦਿ ਤੋਂ ਇਲਾਵਾ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਡੱਡੂਆਣਾ ਤੋਂ ਮੈਹਣੀਆਂ ਸੜਕ ਦੇ ਭਾਗ ਖੁੱਲ੍ਹੇ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਹਲਕਾ ਜੰਡਿਆਲਾ ਗੁਰੂ ਦੇ ਕਸਬਾ ਡੱਡੂਆਣਾ ਤੋਂ ਕੱਥੂਨੰਗਲ ਨੂੰ ਨਿਕਲਦੀ ਲਿੰਕ ਸੜਕ ਜੋ ਬਹੁਤ ਛੋਟੀ ਹੋਣ ਕਰਕੇ ਅਕਸਰ ਹਾਦਸਿਆਂ ਦਾ ਸੱਬਬ ਬਣਦੀ ਰਹਿੰਦੀ ਹੈ ਅਤੇ ਇਸਨੂੰ ਚੌੜਿਆਂ ਕਰਕੇ ਬਣਾਉਣ ਦਾ ਵਾਅਦਾ ਵੱਖ-ਵੱਖ ਸਰਕਾਰਾਂ ਸਮੇਂ ਹੁੰਦਾ ਰਿਹਾ ਹੈ ਪਰ ਲੋਕਾਂ ਦੀਆਂ ਆਸਾਂ ਨੂੰ ਹੁਣ ਜਾ ਕੇ ਬੂਰ ਪਿਆ ਜਦੋਂ ਕੈਬਨਿਟ ਮੰਤਰੀ ਅਤੇ ਹਲਕਾ ਵਿਧਾਇਕ ਹਰਭਜਨ ਸਿੰਘ ਈਟੀਓ ਦੇ ਯਤਨਾਂ ਸਦਕਾ ਇਸ ਸੜਕ ਦਾ ਕੰਮ ਸ਼ੁਰੂ ਹੋਇਆ ਹੈ। ਸੜਕ ਦਾ ਕੰਮ ਸ਼ੁਰੂ ਕਰਾਉਣ ਵੇਲੇ ਇਲਾਕੇ ਅਤੇ ਪਿੰਡ ਮੈਹਣੀਆਂ ਬ੍ਰਾਹਮਣਾਂ ਦੇ ਲੋਕਾਂ ਨੇ ਖ਼ੁਸ਼ੀ ਦਾ ਇਜ਼ਹਾਰ ਕਰਦਿਆਂ ਈਟੀਓ ਅਤੇ ਮਾਰਕੀਟ ਕਮੇਟੀ ਦੇ ਚੇਅਰਮੈਨ ਸੂਬੇਦਾਰ ਛਨਾਖ ਸਿੰਘ ਦਾ ਧੰਨਵਾਦ ਕੀਤਾ। ਇਲਾਕੇ ਦੇ ਲੋਕਾਂ ਅਨੁਸਾਰ ਹਲਕਾ ਜੰਡਿਆਲਾ ਅਧੀਨ ਪੈਂਦੇ ਕਸਬਾ ਡੱਡੂਆਣਾ ਤੋਂ ਕੱਥੂਨੰਗਲ ਨੂੰ ਨਿਕਲਦੀ ਲਿੰਕ ਸੜਕ ਜੋ ਕੱਥੂਨੰਗਲ ਰਾਹੀਂ ਅੰਮ੍ਰਿਤਸਰ-ਪਠਾਨਕੋਟ ਹਾਈਵੇ ਨਾਲ ਜੁੜਦੀ ਹੈ, ਨੂੰ ਬਣਾਉਣ ਦਾ ਪਿਛਲੀਆਂ 4 ਸਰਕਾਰਾਂ ਵੱਲੋਂ ਹਰੇਕ ਚੋਣ ਵਿੱਚ ਇਹ ਵਾਅਦਾ ਕੀਤਾ ਗਿਆ ਸੀ ਕਿ ਇਸ ਸੜਕ ਨੂੰ ਚੌੜੀ ਕਰਕੇ ਬਣਾਇਆ ਜਾਵੇਗਾ ਪਰ ਚੋਣਾਂ ਤੋਂ ਬਾਅਦ ਕਿਸੇ ਵੀ ਸਰਕਾਰ ਨੇ ਸਾਰ ਨਹੀਂ ਲਈ। ਅੱਜ ਕੰਮ ਸ਼ੁਰੂ ਕਰਾਉਣ ਵੇਲੇ ਰਾਵਲ ਸਿੰਘ ਐੱਸਡੀਓ, ਡਾ. ਬਲਜੀਤ ਸਿੰਘ ਸੰਧੂ, ਸਰਵਣ ਸਿੰਘ ਮੈਹਣੀਆਂ, ਸੂਬੇਦਾਰ ਬੇਅੰਤ ਸਿੰਘ, ਲਖਵਿੰਦਰ ਸਿੰਘ, ਗੁਰਨਾਮ ਸਿੰਘ, ਬਲਵਿੰਦਰ ਸਿੰਘ, ਬਲਜਿੰਦਰ ਸਿੰਘ ਸਾਰੇ ਹੀ ਮੈਹਣੀਆਂ, ਮੇਜਰ ਸਿੰਘ ਰਸੂਲਪੁਰ, ਕਮਲਰਾਜ ਸਿੰਘ ਰਾਏਪੁਰ ਕਲਾਂ ਆਦਿ ਆਗੂ ਹਾਜ਼ਰ ਸਨ ਜਿਨ੍ਹਾਂ ਨੇ ਇਸ ਸੜਕ ਦਾ ਕੰਮ ਸ਼ੁਰੂ ਹੋਣ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ।

# ਕਸਬਾ ਧਿਆਨਪੁਰ 'ਚ ਜ਼ਿਲੇ ਦੀ ਪਹਿਲੀ ਆਜੀਵਿਕਾ ਹੌਜ਼ਰੀ ਸ਼ੁਰੂ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਪੰਜਾਬ ਸਰਕਾਰ ਦੀਆ ਹਦਾਇਤਾਂ ਅਨੁਸਾਰ ਡੀ. ਸੀ. ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਹੇਠ ਇਤਿਹਾਸਿਕ ਕਸਬਾ ਧਿਆਨਪੁਰ 'ਚ ਜ਼ਿਲਾ ਗੁਰਦਾਸਪੁਰ 'ਚ ਪਹਿਲੀ ਆਜੀਵਿਕਾ ਹੌਜ਼ਰੀ ਦੀ ਸ਼ੁਰੂਆਤ ਕੀਤੀ ਗਈ। ਆਜੀਵਿਕਾ ਹੌਜ਼ਰੀ ਦਾ ਉਦਘਾਟਨ ਏਡੀਸੀ ਬਲਰਾਜ ਸਿੰਘ ਵੱਲੋਂ ਰਿਬਨ ਕੱਟ ਕੀਤਾ ਗਿਆ। ਪ੍ਰਾਜੈਕਟ ਇੰਚਾਰਜ ਮੈਡਮ ਸਤਿੰਦਰਬੀਰ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਰਕਾਰੀ ਸਕੂਲਾਂ ਦੇ ਬੱਚਿਆਂ ਦੀਆਂ ਵਰਦੀਆਂ ਘਰਾਂ 'ਚ ਬਣਾਉਣ ਲਈ ਜ਼ਿਲੇ 'ਚ ਪਹਿਲਕਦਮੀ ਕੀਤੀ ਗਈ ਹੈ ਤੇ ਇਹ ਜ਼ਿਲੇ ਦਾ ਪਲੇਠਾ ਪਾਜੈਕਟ ਸ਼ੁਰੂ ਹੋਇਆ ਹੈ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਅਨੁਸਾਰ ਸਰਕਾਰੀ ਸਕੂਲਾਂ ਦੇ ਬੱਚਿਆਂ ਦੀਆਂ ਵਰਦੀਆਂ ਹੁਣ ਘਰ 'ਚ ਹੀ ਬਣਨਗੀਆਂ। ਉਨ੍ਹਾਂ ਕਿਹਾ ਕਿ ਇਸ ਆਜੀਵਿਕਾ ਹੌਜ਼ਰੀ 'ਚ ਟੈਕਨੀਕਲ ਮਸ਼ੀਨਾਂ ਦੇ ਨਾਲ-ਨਾਲ 10 ਸਿਲਾਈ ਮਸ਼ੀਨਾਂ ਵੀ ਮੌਜੂਦ ਹਨ ਤੇ ਇਥੋਂ ਸਰਕਾਰੀ ਸਕੂਲਾਂ ਦੇ ਬੱਚਿਆਂ ਦੀਆਂ ਵਰਦੀਆਂ ਤਿਆਰ ਕਰਕੇ ਭੇਜੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਪਹਿਲ ਪ੍ਰਾਜੈਕਟ ਦੇ ਸ਼ੁਰੂ ਹੋਣ ਨਾਲ ਇਲਾਕੇ ਦੀਆਂ ਸੈਂਕੜੇ ਮਹਿਲਾਵਾਂ ਨੂੰ ਰੁਜ਼ਗਾਰ ਮਿਲਿਆ ਹੈ। ਇਸ ਸਬੰਧੀ ਜਦੋਂ ਪਹਿਲ ਪ੍ਰਾਜੈਕਟਰ ਨਾਲ ਜੁੜੇ ਮੈਂਬਰਾਂ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਨੇ ਸਰਕਾਰ ਵੱਲੋਂ ਖੋਲ੍ਹੇ ਇਸ ਪ੍ਰਾਜੈਕਟ ਦੀ ਜੰਮ ਕੇ ਪ੍ਰਸ਼ੰਸਾ ਕੀਤੀ ਅਤੇ ਵੱਧ ਤੋਂ ਵੱਧ ਮਹਿਲਾਵਾਂ ਨੂੰ ਇਸ ਪ੍ਰਾਜੈਕਟ ਨਾਲ ਜੁੜਨ ਦੀ ਅਪੀਲ ਕੀਤੀ। ਇਸ ਮੌਕੇ ਐੱਸਡੀਐੱਮ ਡੇਰਾ ਬਾਬਾ ਨਾਨਕ ਹਰਦੀਪ ਸਿੰਘ, ਜ਼ਿਲ੍ਹਾ ਪ੍ਰੋਗਰਾਮ ਮੈਨੇਜਰ ਅਮਰਪਾਲ ਸਿੰਘ, ਸੁਨੀਲ ਕੁਮਾਰ, ਬੀਡੀਪੀਓ ਮੈਡਮ ਜਸਬੀਰ ਕੌਰ, ਸੈਕਟਰੀ ਸ਼ੰਮੀ ਕਪੂਰ, ਵਿਨੇ ਕੁਮਾਰ ਧਿਆਨਪੁਰ, ਗੁਰਪ੍ਰੀਤ ਸਿੰਘ ਗੋਪੀ ਧਿਆਨਪੁਰ, ਸੰਦੀਪ ਕੌਰ ਮੰਮਣ ਪ੍ਰਾਜੈਕਟ ਮੈਨੇਜਰ, ਮੈਡਮ ਅਮਨਦੀਪ ਕੌਰ ਆਦਿ ਹਾਜ਼ਰ ਸਨ।

# ਚੌਧਰੀ ਚਰਨ ਸਿੰਘ, ਸਵਾਮੀਨਾਥਨ ਤੇ ਰਾਓ ਨੂੰ ਭਾਰਤ ਰਤਨ ਪ੍ਰਦਾਨ ਕਰਨ ਦੀ ਸ਼ਲਾਘਾ

**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)**-ਭਾਜਪਾ ਦੇ ਸੀਨੀਅਰ ਆਗੂ ਸ: ਰਜਿੰਦਰ ਮੋਹਨ ਸਿੰਘ ਛੀਨਾ ਨੇ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਵੱਲੋਂ ਦੋ ਸਾਬਕਾ ਪ੍ਰਧਾਨ ਮੰਤਰੀ ਪੀ. ਵੀ. ਨਰਸਿਮ੍ਹਾ ਰਾਓ, ਚੌਧਰੀ ਚਰਨ ਸਿੰਘ ਅਤੇ ਖੇਤੀਬਾੜੀ ਵਿਗਿਆਨੀ ਐੱਮ. ਐੱਸ. ਸਵਾਮੀਨਾਥਨ ਨੂੰ ਭਾਰਤ ਦਾ ਸਰਬਉੱਚ ਨਾਗਰਿਕ ਪੁਰਸਕਾਰ ਭਾਰਤ ਰਤਨ ਪ੍ਰਦਾਨ ਕਰਨ ਦੇ ਫ਼ੈਸਲੇ ਦੀ ਪੁਰਜ਼ੋਰ ਸ਼ਲਾਘਾ ਕੀਤੀ ਹੈ। ਉਨ੍ਹਾਂ ਕਿਹਾ ਕਿ ਸ: ਚਰਨ ਸਿੰਘ ਅਤੇ ਸਵਾਮੀਨਾਥਨ ਦੋਵੇਂ ਹੀ 'ਕਿਸਾਨ' ਦੀ ਆਵਾਜ਼ ਨੂੰ ਬੁਲੰਦ ਕਰਨ ਵਾਲੇ ਮੋਹਰੀ ਇਨਸਾਨ ਸਨ, ਜਦਕਿ ਸ੍ਰੀ ਰਾਓ ਨੇ ਦੁਨੀਆ ਲਈ ਭਾਰਤ ਦੀ ਆਰਥਿਕਤਾ ਨੂੰ ਖੋਲ੍ਹਣ ਦੀ ਸ਼ੁਰੂਆਤ ਕੀਤੀ। ਸ: ਛੀਨਾ ਨੇ ਫ਼ੈਸਲੇ ਨੂੰ ਇਤਿਹਾਸਕ ਦੱਸਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਜੋ ਕਿ ਦੇਸ਼ ਦੇ ਦੂਰਅੰਦੇਸ਼ੀ ਆਗੂ ਹਨ, ਨੇ ਲੰਮੇ ਸਮੇਂ ਤੋਂ ਵਿਸਾਰੀਆਂ ਹੋਈਆਂ ਸ਼ਖ਼ਸੀਅਤਾਂ ਦੀਆਂ ਸੇਵਾਵਾਂ ਨੂੰ ਮਾਨਤਾ ਦੇਣ ਦਾ ਸਖ਼ਤ ਫੈਸਲਾ ਲਿਆ ਹੈ। ਉਨ੍ਹਾਂ ਕਿਹਾ ਕਿ ਉਕਤ ਤਿੰਨੇ ਆਪਣੇ ਅਖਾੜੇ ਦੇ ਉੱਚੇ ਨੇਤਾ ਸਨ ਅਤੇ ਇਹ ਦੋਵੇਂ ਸਾਬਕਾ ਪ੍ਰਧਾਨ ਮੰਤਰੀ ਬਹੁਤ ਪਹਿਲਾਂ ਹੀ ਸਨਮਾਨ ਦੇ ਹੱਕਦਾਰ ਸਨ ਪਰ ਉਨ੍ਹਾਂ ਦੇ ਯੋਗਦਾਨ ਨੂੰ ਤੁਸ਼ਟੀਕਰਨ ਦੀ ਨੀਤੀ ਸਦਕਾ ਮਾਨਤਾ ਨਹੀਂ ਦਿੱਤੀ ਗਈ ਸੀ।

# ਸ੍ਰੀ ਗੁਰੂ ਹਰਗੋਬਿੰਦ ਪਬਲਿਕ ਸਕੂਲ ਮੱਲ੍ਹੀਆਂ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ

**ਟਾਂਗਰਾ (ਲਾਡੀ ਮੱਲ੍ਹੀ)**-ਮਿਸਲ ਸ਼ਹੀਦਾਂ ਤਰਨਾ ਦਲ ਦੀ ਰਹਿਨੁਮਾਈ ਹੇਠ ਚੱਲ ਰਹੀ ਸੀਬੀਐੱਸਈ



ਸੰਸਥਾ ਸ੍ਰੀ ਗੁਰੂ ਹਰਗੋਬਿੰਦ ਪਬਲਿਕ ਸਕੂਲ ਮੱਲ੍ਹੀਆਂ ਵਿਖੇ ਹਰ ਸਾਲ ਦੀ ਤਰ੍ਹਾਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਸਮਾਰੋਹ ਵਿੱਚ ਸਕੂਲ ਦੇ ਵਿਦਿਆਰਥੀਆਂ ਵੱਲੋਂ ਸ਼ਬਦ ਕੀਰਤਨ ਅਤੇ ਕਵੀਸ਼ਰੀ ਆਦਿ ਗਾਇਨ ਕੀਤੇ ਗਏ। ਸਾਲਾਨਾ ਪ੍ਰੀਖਿਆਵਾਂ ਵਿੱਚੋਂ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਵੰਡੇ ਗਏ। ਸਕੂਲ ਦੇ ਮੈਨੇਜਿੰਗ ਡਾਇਰੈਕਟਰ ਤਰਨਾ ਦਲ ਦੇ 16ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਜੋਗਾ ਸਿੰਘ ਉਚੇਚੇ ਤੌਰ 'ਤੇ ਪਹੁੰਚੇ। ਪ੍ਰਿੰ. ਡਾ. ਪਲਵਿੰਦਰ ਪਾਲ ਸਿੰਘ ਨੇ ਦੱਸਿਆ ਕਿ ਸਕੂਲ ਵਿੱਚ ਹਰ ਸਾਲ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਦਸਵੀਂ ਅਤੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਦੀਆਂ ਸਾਲਾਨਾ ਪ੍ਰੀਖਿਆਵਾਂ ਵਿੱਚੋਂ ਚੰਗੇ ਨੰਬਰ ਲੈ ਕੇ ਪਾਸ ਹੋਣ, ਸਕੂਲ ਦੀ ਚੜ੍ਹਦੀ ਕਲਾ ਅਤੇ ਨਵੇਂ ਸੈਸ਼ਨ ਦੀ ਆਰੰਭਤਾ ਲਈ ਹਰ ਸਾਲ ਸਕੂਲ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾ ਕੇ ਪਰਮਾਤਮਾ ਦਾ ਓਟ ਆਸਰਾ ਲਿਆ ਜਾਂਦਾ ਹੈ। ਇਸ ਮੌਕੇ ਪਹੁੰਚੇ ਬਾਬਾ ਅਮਰ ਸਿੰਘ ਜੱਬੋਵਾਲ, ਪ੍ਰਿੰ. ਸਤਪਾਲ ਸਿੰਘ ਫੋਰਐੱਸ ਸਕੂਲ, ਮਨਿੰਦਰ ਕੌਰ ਚੀਫ ਖਾਲਸਾ ਦੀਵਾਨ ਰਸੂਲਪੁਰ (ਪ੍ਰਿੰ.), ਰਿਟਾਇਰ ਸੁਪਰਡੈਂਟ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਇੰਦਰਪਾਲ ਸਿੰਘ, ਅਮਰਜੀਤ ਸਿੰਘ, ਐਕਸ ਇੰਸਪੈਕਟਰ ਪ੍ਰਭ ਦਿਆਲ ਸਿੰਘ, ਇੰਚਾਰਜ ਸਾਂਝ ਕੇਂਦਰ ਦਵਿੰਦਰ ਸਿੰਘ, ਏਐੱਸਆਈ ਰਣਜੀਤ ਸਿੰਘ ਸਾਂਝ ਕੇਂਦਰ, ਰਣਜੋਧ ਸਿੰਘ ਪੰਚਾਇਤ ਅਫਸਰ, ਗੁਲਸ਼ਨ ਜੈਨ, ਪ੍ਰਿੰਸ ਜੈਨ, ਅਰਪਿਤ ਜੈਨ, ਪਰਮਿੰਦਰ ਸਿੰਘ ਪੀਜੀ ਟਰੇਡਰ, ਸੋਨੂ ਮਿਗਲਾਨੀ, ਰਾਜੀਵ ਕੁਮਾਰ (ਮਾਣਾ) ਪ੍ਰਿੰ. ਦਸਮੇਸ਼ ਅਮੇਰੀਕਨ ਸਕੂਲ, ਭੁਪਿੰਦਰ ਸਿੰਘ ਪ੍ਰਧਾਨ, ਨਵਦੀਪ ਸਿੰਘ ਬੌਬੀ, ਪ੍ਰੈੱਸ ਵੈੱਲਫੇਅਰ ਕਲੱਬ ਜੰਡਿਆਲਾ ਗੁਰੂ ਦੇ ਪ੍ਰਧਾਨ ਪਰਮਿੰਦਰ ਜੋਸਨ, ਜਸਪਾਲ ਸ਼ਰਮਾ, ਅਸ਼ਵਨੀ ਸ਼ਰਮਾ ਅਤੇ ਲਾਡੀ ਮੱਲ੍ਹੀ ਆਦਿ ਹਾਜ਼ਰ ਸਨ। ਬਾਬਾ ਜੀ ਵੱਲੋਂ ਸਮੂਹ ਸਾਧ ਸੰਗਤ ਨੂੰ ਸਿਰੋਪਾਓ ਦਿੱਤੇ ਗਏ। ਗੁਰੂ ਕਾ ਲੰਗਰ ਅਟੁੱਟ ਵਰਤਾਇਆ ਗਿਆ।

# ਪੰਜਾਬ ਦੇ ਵਿਰਸੇ ਨੂੰ ਰੂਪਮਾਨ ਕਰਦੀਆਂ ਝਾਕੀਆਂ ਅੱਜ ਜ਼ਿਲ੍ਹਾ ਗੁਰਦਾਸਪੁਰ ਪਹੁੰਚਣਗੀਆਂ : ਡੀ ਸੀ

**ਬਟਾਲਾ (ਡਾ. ਮਲਵਿੰਦਰ ਸਿੰਘ)**-ਡਾ. ਹਿਮਾਂਸ਼ੂ ਅਗਰਵਾਲ, ਡਿਪਟੀ ਕਮਿਸ਼ਨਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿਚ ਪੰਜਾਬੀਆਂ ਦੇ ਅਹਿਮ ਯੋਗਦਾਨ, ਨਾਰੀ ਸ਼ਕਤੀ ਅਤੇ ਪੰਜਾਬ ਦੇ ਅਮੀਰ ਸੱਭਿਆਚਾਰਕ ਵਿਰਸੇ ਨੂੰ ਰੂਪਮਾਨ ਕਰਦੀਆਂ ਝਾਕੀਆਂ 12 ਫਰਵਰੀ ਨੂੰ ਗੁਰਦਾਸਪੁਰ ਜ਼ਿਲੇ ਵਿੱਚ ਪਹੁੰਚਣਗੀਆਂ। ਸੋਮਵਾਰ ਸਵੇਰੇ ਇਹ ਝਾਕੀਆਂ ਪਠਾਨਕੋਟ ਜ਼ਿਲ੍ਹੇ ਰਾਹੀਂ ਜ਼ਿਲ੍ਹਾ ਗੁਰਦਾਸਪੁਰ ਵਿੱਚ ਦਾਖ਼ਲ ਹੋਣਗੀਆਂ, ਜਿਥੇ ਦੀਨਾਨਗਰ ਵਿਖੇ ਇਨ੍ਹਾਂ ਝਾਕੀਆਂ ਦਾ ਭਰਵਾਂ ਸਵਾਗਤ ਕੀਤਾ ਜਾਵੇਗਾ। ਦੀਨਾਨਗਰ ਤੋਂ ਬਾਅਦ ਇਹ ਝਾਕੀਆਂ ਗੁਰਦਾਸਪੁਰ ਸ਼ਹਿਰ ਪਹੁੰਚਣਗੀਆਂ ਜਿਥੇ ਗੁਰਦਾਸਪੁਰ ਵਾਸੀ ਇਨ੍ਹਾਂ ਦੇ ਦਰਸ਼ਨ ਕਰਨਗੇ। ਉਨ੍ਹਾਂ ਦੱਸਿਆ ਕਿ ਝਾਕੀਆਂ ਦਾ ਰਾਤ ਦਾ ਠਹਿਰਾਅ ਗੁਰਦਾਸਪੁਰ ਵਿਖੇ ਹੋਵੇਗਾ। 13 ਫਰਵਰੀ ਨੂੰ ਸਵੇਰੇ ਇਹ ਝਾਕੀਆਂ ਧਾਰੀਵਾਲ ਨੂੰ ਰਵਾਨਾ ਹੋਣਗੀਆਂ ਜਿਥੋਂ ਅੱਗੇ ਇਹ ਨੌਸ਼ਿਹਰਾ ਮੱਝਾ ਸਿੰਘ ਅਤੇ ਬਟਾਲਾ ਸ਼ਹਿਰ ਵਿਖੇ ਪਹੁੰਚਣਗੀਆਂ।

ਡੀਸੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਤੌਰ 'ਤੇ ਤਿਆਰ ਕਰਵਾਈਆਂ ਇਨ੍ਹਾਂ ਝਾਕੀਆਂ ਵਿਚ ਜਲ੍ਹਿਆਂਵਾਲੇ ਬਾਗ ਦੀ ਘਟਨਾ, ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਊਧਮ ਸਿੰਘ, ਬਾਬਾ ਸੋਹਨ ਸਿੰਘ ਭਕਨਾ, ਲਾਲਾ ਲਾਜਪਤ ਰਾਏ, ਸ਼ਹੀਦ ਸੁਖਦੇਵ, ਲਾਲਾ ਹਰਦਿਆਲ, ਸਰਦਾਰ ਅਜੀਤ ਸਿੰਘ, ਬਾਬਾ ਖੜਕ ਸਿੰਘ, ਮਦਨ ਲਾਲ ਢੀਂਗਰਾ, ਡਾ. ਦੀਵਾਨ ਸਿੰਘ ਕਾਲੇਪਾਣੀ ਵਰਗੀਆਂ ਮਹਾਨ ਸ਼ਖ਼ਸੀਅਤਾਂ ਦੀ ਕੁਰਬਾਨੀ ਅਤੇ ਕਾਮਾਗਾਟਾ ਮਾਰੂ ਦੀ ਘਟਨਾ ਨੂੰ ਦਿਖਾਇਆ ਗਿਆ ਹੈ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ 12 ਤੇ 13 ਫਰਵਰੀ ਨੂੰ ਜ਼ਿਲ੍ਹਾ ਗੁਰਦਾਸਪੁਰ ਵਿੱਚ ਪਹੁੰਚ ਰਹੀਆਂ ਝਾਕੀਆਂ ਦੇ ਦਰਸ਼ਨਾਂ ਲਈ ਹੁੰਮ-ਹੁਮਾ ਕੇ ਪਹੁੰਚਣ।

## ਅਮਰੀਕਨ ਸਿੱਖਾਂ ਵੱਲੋਂ ਮਹਾਰਾਸ਼ਟਰ ਸਰਕਾਰ ਦੀ ਸਖ਼ਤ ਨਿਖੇਧੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਅਮਰੀਕਾ ਵਿਚ ਸਿੱਖ ਕੌਮ ਦੀ ਨੁਮਾਇੰਦਗੀ ਕਰਨ ਵਾਲੀਆਂ ਸਿਰਮੌਰ ਸੰਸਥਾਵਾਂ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ-ਕੋਸਟ ਅਤੇ ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਾਂਦੇੜ ਸਿੱਖ ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ ਐਕਟ ੧੯੫੬ ਵਿੱਚ ਸੋਧ ਕਰਨ ਲਈ ਭਾਰਤ ਦੀ ਮਹਾਰਾਸ਼ਟਰ ਸਰਕਾਰ ਵੱਲੋਂ ਕੀਤੀ ਜਾ ਰਹੀ ਧੱਕੇਸ਼ਾਹੀ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ। ਤਖ਼ਤ ਸ੍ਰੀ ਹਜ਼ੂਰ ਸਾਹਿਬ ਸਿੱਖਾਂ ਦੇ ਪੰਜ ਤਖ਼ਤਾਂ ਵਿੱਚੋਂ ਇੱਕ ਹੈ ਜੋ ਕਿ ਮਹਾਰਾਸ਼ਟਰ ਸੂਬੇ ਵਿੱਚ ਭਾਰਤ ਦੇ ਦੱਖਣੀ ਹਿੱਸੇ ਵਿੱਚ ਸਥਿਤ ਹੈ। ਮਹਾਰਾਸ਼ਟਰ ਮੰਤਰੀ ਮੰਡਲ ਦਾ ਫੈਸਲਾ ਸਿੱਖ ਧਰਮ ਦੇ ਜਾਨ ਤੋਂ ਵੱਧ ਪਿਆਰੇ ਗੁਰਦੁਆਰਿਆਂ ਦੇ ਮਾਮਲਿਆਂ ਵਿੱਚ ਸਿੱਧੀ ਸਰਕਾਰੀ ਦਖਲਅੰਦਾਜ਼ੀ ਨੂੰ ਵਧਾਉਣ ਦਾ ਅਗਲਾ ਕਦਮ ਹੈ ਅਤੇ ਇਸ ਹਰਕਤ ਨੂੰ ਦੁਨੀਆ ਭਰ ਵਿੱਚ ਵੱਸਦੇ 3 ਕਰੋੜ ਸਿੱਖ ਕਦਾਚਿੱਤ ਬਰਦਾਸ਼ਤ ਨਹੀਂ ਕਰਨਗੇ।

## ਸ਼ਹੀਦ ਸੂਬੇਦਾਰ ਸੁਖਦੇਵ ਸਿੰਘ ਦਾ ਸਰਕਾਰੀ ਸਨਮਾਨਾਂ ਨਾਲ ਅੰਤਿਮ ਸੰਸਕਾਰ



**ਰਈਆ (ਡੀ. ਕੇ. ਰੈਡੀ)**-ਸਬ ਡਵੀਜ਼ਨ ਬਾਬਾ ਬਕਾਲਾ ਸਾਹਿਬ ਦੇ ਪਿੰਡ ਜੱਲੂਪੁਰ ਖੇੜਾ ਅੰਮ੍ਰਿਤਸਰ ਤੋਂ ਸੂਬੇਦਾਰ ਸੁਖਦੇਵ ਸਿੰਘ ਸੰਧੂ ਬੀਤੇ ਦਿਨੀਂ ਡਿਊਟੀ ਦੌਰਾਨ ਸ਼ਹੀਦ ਹੋ ਗਏ ਸਨ ਜਿਨ੍ਹਾਂ ਦਾ ਅੰਤਿਮ ਸੰਸਕਾਰ ਸਰਕਾਰੀ ਸਨਮਾਨਾਂ ਨਾਲ ਉਨ੍ਹਾਂ ਦੇ ਜੱਦੀ ਪਿੰਡ ਜੱਲੂਪੁਰ ਖੇੜਾ ਦੇ ਸ਼ਮਸ਼ਾਨਘਾਟ ਵਿਖੇ ਕੀਤਾ ਗਿਆ। ਪਰਿਵਾਰਕ ਮੈਂਬਰਾਂ ਅਤੇ ਫੌਜ ਦੀ ਟੁਕੜੀ ਵੱਲੋਂ ਸਰਕਾਰੀ ਸਨਮਾਨਾਂ ਤਹਿਤ ਸ਼ਹੀਦ ਦੇ ਮ੍ਰਿਤਕ ਦੇਹ ਨੂੰ ਗੁਲਦਸਤੇ ਭੇਟ ਕਰਕੇ ਸ਼ਰਧਾਂਜਲੀ ਦਿੱਤੀ ਗਈ। ਸ਼ਹੀਦ ਦੇ ਪੁੱਤਰ ਰਾਜਵਿੰਦਰ ਸਿੰਘ ਤੇ ਭਰਾ ਦਲਜੀਤ ਸਿੰਘ ਨੇ ਚਿਤ੍ਹਾ ਨੂੰ ਅਗਨੀ ਭੇਟ ਕੀਤੀ। ਸਮੁੱਚੇ ਪਰਿਵਾਰਕ ਮੈਂਬਰਾਂ ਨੇ ਕਿਹਾ ਕਿ ਸਾਨੂੰ ਮਾਣ ਹੈ ਆਪਣੇ ਪੁੱਤਰ ਤੇ ਜਿਹੜਾ ਦੇਸ਼ ਦੀ ਸੇਵਾ ਕਰਦਾ ਸ਼ਹੀਦ ਹੋ ਗਿਆ ਪਰ ਇੱਕ ਗੱਲ ਦਾ ਅਫਸੋਸ ਹੈ ਕਿ ਪ੍ਰਸ਼ਾਸਨ ਦਾ ਕੋਈ ਵੀ ਅਧਿਕਾਰੀ ਨਹੀਂ ਪੁੰਹਚਿਆਂ। ਇਸ ਮੌਕੇ ਹਲਕਾ ਵਿਧਾਇਕ ਬਾਬਾ ਬਕਾਲਾ ਦਲਬੀਰ ਸਿੰਘ ਟੌਂਗ, ਸੂਬੇਦਾਰ ਮੇਜਰ ਸਿੱਕਮ ਰਣਬੀਰ ਸਿੰਘ, ਸੂਬੇਦਾਰ ਯੋਧ ਸਿੰਘ, ਸੂਬੇਦਾਰ ਬਲਕਾਰ ਸਿੰਘ, ਹੌਲਦਾਰ ਕੁਲਦੀਪ ਸਿੰਘ, ਫੌਜ ਗਾਰਡ ਟੁਕੜੀ, ਪਿੰਡ ਵਾਸੀ ਤੇ ਪਰਿਵਾਰਕ ਮੈਂਬਰ ਹਾਜ਼ਰ ਸਨ।

## ਖਾਲਸਾ ਕਾਲਜ ਗੁਰਦਾਸਨੰਗਲ ਵਿਖੇ ਦੋ ਰੋਜ਼ਾ ਕਾਨਫਰੰਸ ਆਯੋਜਿਤ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਵਿੱਦਿਆ ਸਕੱਤਰ ਸੁਖਮਿੰਦਰ ਸਿੰਘ ਦੀ ਸਰਪ੍ਰਸਤੀ ਹੇਠ ਚੱਲ ਰਹੇ ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸਨੰਗਲ ਵਿਖੇ ਕਾਲਜ ਪ੍ਰਿੰਸੀਪਲ ਡਾ. ਗੁਰਜੀਤ ਸਿੰਘ ਦੀ ਅਗਵਾਈ ਹੇਠ SEBI ਦੀ NISM (National Institute of securities markets) ਵੱਲੋਂ ਦੋ ਰੋਜ਼ਾ ਕਾਨਫਰੰਸ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਲਾਇਲਪੁਰ ਖਾਲਸਾ ਕਾਲਜ ਜਲੰਧਰ ਤੋਂ ਡਾ. ਜਸਵਿੰਦਰ ਕੌਰ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਦੋ ਦਿਨਾ ਕਾਨਫਰੰਸ ਦੇ ਅੱਠ ਸੈਸ਼ਨਾਂ ਦੌਰਾਨ ਕਾਲਜ ਵਿਦਿਆਰਥੀਆਂ ਨੂੰ ਨਿਵੇਸ਼ ਦੀ ਮਹੱਤਤਾ, ਵਿੱਤੀ ਨਿਵੇਸ਼ ਦੇ ਮੌਕੇ ਅਤੇ ਸਕਿਉਰਿਟੀ ਮਾਰਕੀਟ ਵਿੱਚ ਰੁਜ਼ਗਾਰ ਦੇ ਮੌਕੇ ਆਦਿ ਮਹੱਤਵਪੂਰਨ ਵਿਸ਼ਿਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਪ੍ਰੋਗਰਾਮ ਦੇ ਕੋਆਰਡੀਨੇਟਰ ਕਾਲਜ ਪ੍ਰੋਫ਼ੈਸਰ ਸਿਵਿਆ ਵਿੱਜ ਨੇ ਕਾਨਫਰੰਸ ਦੀ ਸੰਪੂਰਤਾ ਵਿੱਚ ਵਿਸ਼ੇਸ਼ ਯੋਗਦਾਨ ਦਿੱਤਾ। ਪ੍ਰੋ. ਹਰਜੀਤ ਕੌਰ ਨੇ ਮੰਚ ਸੰਚਾਲਕ ਦੀ ਭੂਮਿਕਾ ਬਾਖੂਬੀ ਨਿਭਾਈ। ਕਾਲਜ ਪ੍ਰਿੰ. ਡਾ. ਗੁਰਜੀਤ ਸਿੰਘ ਨੇ ਸੰਬੋਧਨ ਕਰਦਿਆਂ ਡਾ. ਜਸਵਿੰਦਰ ਕੌਰ ਦਾ ਉਚੇਚੇ ਤੌਰ ਤੇ ਧੰਨਵਾਦ ਧੰਨਵਾਦ ਕੀਤਾ ਅਤੇ ਕਿਹਾ ਕਿ ਇਹ ਦੋ ਰੋਜ਼ਾ ਵਰਕਸ਼ਾਪ ਵਿਦਿਆਰਥੀ ਵਰਗ ਵਿੱਚ ਨਿਵੇਸ਼ ਦੇ ਤਰੀਕੇ ਅਤੇ ਇਸਦੇ ਫਾਇਦਿਆਂ ਬਾਰੇ ਜਾਗਰੂਕਤਾ ਪੈਦਾ ਕਰੇਗੀ। ਉਨ੍ਹਾਂ ਨੇ ਡਾ. ਜਸਵਿੰਦਰ ਕੌਰ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ।

## ਇੰਡੀਅਨ ਡੈਂਟਲ ਐਸੋਸੀਏਸ਼ਨ ਗੁਰਦਾਸਪੁਰ ਨੇ ਲਗਾਇਆ ਦੰਦਾਂ ਦਾ ਮੁਫ਼ਤ ਚੈੱਕਅਪ ਕੈਂਪ

**ਗੁਰਦਾਸਪੁਰ, (ਦਿਨੇਸ਼ ਕੁਮਾਰ)**-ਇੰਡੀਅਨ ਡੈਂਟਲ ਐਸੋਸੀਏਸ਼ਨ ਗੁਰਦਾਸਪੁਰ ਵੱਲੋਂ ਪ੍ਰਧਾਨ ਡਾ: ਅਕਸ਼ਿਤ ਮਹਾਜਨ ਦੀ ਅਗਵਾਈ ਹੇਠ ਗੁਰਦਾਸਪੁਰ ਸ਼ਹਿਰ ਵਿਖੇ ਦੰਦਾਂ ਦਾ ਮੁਫ਼ਤ ਚੈੱਕਅਪ ਕੈਂਪ ਲਗਾਇਆ ਗਿਆ। ਇਸ ਕੈਂਪ ਦਾ ਉਦਘਾਟਨ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਂ ਦੇ ਚੇਅਰਮੈਨ ਰਮਨ ਬਹਿਲ ਵੱਲੋਂ ਕੀਤਾ ਗਿਆ। ਇਸ ਮੁਫਤ ਦੰਦਾਂ ਦੇ ਚੈਕਅੱਪ ਕੈਂਪ ਵਿੱਚ ਦੰਦਾਂ ਦੇ ਮਾਹਿਰ ਡਾਕਟਰਾਂ ਵੱਲੋਂ 300 ਦੇ ਕਰੀਬ ਮਰੀਜ਼ਾਂ ਦੀ ਜਾਂਚ ਕਰਕੇ ਉਨ੍ਹਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਗਈਆਂ। ਇਸ ਮੌਕੇ ਇੰਡੀਅਨ ਡੈਂਟਲ ਐਸੋਸੀਏਸ਼ਨ ਦਾ ਧੰਨਵਾਦ ਕਰਦਿਆਂ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਮਨੁੱਖਤਾ ਦੀ ਸੇਵਾ ਸਭ ਤੋਂ ਉੱਤਮ ਸੇਵਾ ਹੈ ਅਤੇ ਡੈਂਟਲ ਐਸੋਸੀਏਸ਼ਨ ਵੱਲੋਂ ਇਹ ਨੇਕ ਕਾਰਜ ਕਰਕੇ ਸ਼ਲਾਘਾਯੋਗ ਉਪਰਾਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਕੈਂਪ ਦੌਰਾਨ ਦੰਦਾਂ ਦੇ ਮਾਹਿਰ ਡਾਕਟਰਾਂ ਵੱਲੋਂ ਮਰੀਜ਼ਾਂ ਦਾ ਚੈੱਕਅਪ ਕਰਨ ਦੇ ਨਾਲ ਉਨ੍ਹਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ ਹਨ। ਰਮਨ ਬਹਿਲ ਨੇ ਇੰਡੀਅਨ ਡੈਂਟਲ ਐਸੋਸੀਏਸ਼ਨ ਨੂੰ ਭਵਿੱਖ ਵਿੱਚ ਵੀ ਅਜਿਹੇ ਹਰ ਉਪਰਾਲੇ ਲਈ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਡਾ. ਅਕਸ਼ਿਤ ਮਹਾਜਨ, ਵਿਨੈ ਕਟਾਰੀਆ, ਸੁਖਵਿੰਦਰ ਕੁਮਾਰ, ਸਨਦੀਪ ਅਗਨੀਹੋਤਰੀ, ਗੁਰਵਿੰਦਰ ਸਿੰਘ ਚੌਹਾਨ, ਜੇਬੀਐੱਸ ਰਿਆੜ, ਵਿਕਰਮ ਗੰਡੋਤਰਾ ਅਤੇ ਡਾ. ਐੱਸ. ਪੀ. ਸਿੰਘ ਨੇ ਦੱਸਿਆ ਕਿ ਇੰਡਿਅਨ ਡੈਂਟਲ ਐਸੋਸੀਏਸ਼ਨ ਦੀ ਸਥਾਪਨਾ 1998 ਵਿੱਚ ਹੋਈ ਸੀ ਅਤੇ ਆਪਣੀ ਸਥਾਪਨਾ ਤੋਂ ਲੈ ਕੇ ਐਸੋਸੀਏਸ਼ਨ ਨੇ ਹੁਣ ਤੱਕ ਲਗਭਗ 600 ਸਕੂਲਾਂ ਵਿੱਚ ਦੰਦਾਂ ਬਾਰੇ ਜਾਗਰੂਕਤਾ ਕੈਂਪ ਲਗਾ ਕੇ ਲਗਭਗ ਛੇ ਲੱਖ ਬੱਚਿਆਂ ਨੂੰ ਸਿੱਖਿਆਦਾਇਕ ਲੈਕਚਰ ਦਿੱਤੇ ਹਨ। ਇਸ ਤੋਂ ਇਲਾਵਾ ਐਸੋਸੀਏਸ਼ਨ ਵੱਲੋਂ ਪਿੰਡਾਂ ਅਤੇ ਸ਼ਹਿਰਾਂ ਵਿੱਚ ਮੁਫ਼ਤ ਡੈਂਟਲ ਚੈੱਕਅਪ ਕੈਂਪ ਵੀ ਲਗਾਏ ਗਏ ਹਨ। ਇਸ ਮੌਕੇ ਜ਼ਿਲ੍ਹਾ ਡੈਂਟਲ ਹੈਲਥ ਅਫ਼ਸਰ ਡਾ. ਲੋਕੇਸ਼ ਗੁਪਤਾ ਵੀ ਹਾਜ਼ਰ ਸਨ।

# ਬੀ ਐੱਸ ਐੱਫ ਦੀ 183 ਬਟਾਲੀਅਨ ਨੇ ਲਾਇਆ ਮੁਫਤ ਮੈਡੀਕਲ ਕੈਂਪ




**ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)**-ਪਾਕਿਸਤਾਨ ਸਰਹੱਦ 'ਤੇ ਦੇਸ਼ ਦੀ ਸੁਰੱਖਿਆ ਲਈ ਤਾਇਨਾਤ ਬੀਐੱਸਐੱਫ ਦੀ 183 ਬਟਾਲੀਅਨ ਵੱਲੋਂ ਸਿਵਿਕ ਐਕਸ਼ਨ ਪ੍ਰੋਗਰਾਮ ਤਹਿਤ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਬਲੜਵਾਲ ਵਿਖੇ ਮੁਫਤ ਮੈਡੀਕਲ ਕੈਂਪ ਲਾਇਆ ਗਿਆ। ਇਸ ਮੌਕੇ ਮੈਡੀਕਲ ਕੈਂਪ ਦਾ ਉਦਘਾਟਨ ਬੀਐੱਸਐੱਫ ਦੀ 183 ਬਟਾਲੀਅਨ ਦੇ ਕਮਾਂਡੈਂਟ ਮਾਨ ਸਿੰਘ ਵੱਲੋਂ ਬਤੌਰ ਮੁੱਖ ਮਹਿਮਾਨ ਰੀਬਨ ਕੱਟ ਕੇ ਕੀਤਾ ਗਿਆ। ਇਸ ਦੌਰਾਨ ਕਮਾਂਡੈਂਟ ਮਾਨ ਸਿੰਘ ਨੇ ਸੈਕਿੰਡ ਕਮਾਂਡੈਂਟ ਦਵਿੰਦਰ ਸਿੰਘ, ਮੁੱਖ ਅਧਿਆਪਕ ਪ੍ਰਮਬੀਰ ਸਿੰਘ ਰੋਖੇ , ਸਰਕਾਰੀ ਐਲੀਮੈਂਟਰੀ ਸਕੂਲ ਸਾਰੰਗਦੇਵ ਦੇ ਅਧਿਆਪਕਾਂ ਤੇ ਬੀਐੱਸਐੱਫ ਦੇ ਹੋਰ ਅਧਿਕਾਰੀਆਂ ਦੀ ਵਿਸ਼ੇਸ਼ ਹਾਜ਼ਰੀ 'ਚ ਵਿਦਿਆਰਥੀਆਂ ਨੂੰ ਖੇਡਾਂ ਦਾ ਸਾਮਾਨ, ਵਾਟਰ ਕੂਲਰ, ਇਨਵਰਟਰ, ਦੀਵਾਰਾਂ 'ਤੇ ਲੱਗਣ ਵਾਲੇ ਪੱਖੇ, ਆਰ. ਓ. ਦੇ ਨਾਲ ਸਹਾਇਕ ਸਮੱਗਰੀ ਆਦਿ ਉਕਤ ਸਕੂਲਾਂ ਨੂੰ ਵੰਡੇ। ਇਸ ਉਪਰੰਤ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਬਲੜਵਾਲ ਦੇ ਵਿਦਿਆਰਥੀਆਂ ਵੱਲੋਂ ਗਿੱਧੇ ਤੇ ਭੰਗੜੇ ਦੀ ਸ਼ਾਨਦਾਰ ਪੇਸ਼ਕਾਰੀ ਕੀਤੀ ਗਈ । ਇਸ ਮੌਕੇ ਲਾਏ ਗਏ ਮੁਫਤ ਕੈਂਪ ਦਾ ਜਾਇਜ਼ਾ ਲੈਣ ਉਪਰੰਤ ਕਮਾਡੈਂਟ ਮਾਨ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਦੇਸ਼ ਦੀ ਸੁਰੱਖਿਆ ਤੋਂ ਇਲਾਵਾ ਸਰਹੱਦੀ ਲੋਕਾਂ ਦੀ ਸਿਹਤ ਤੋਂ ਸਮਾਜਿਕ ਸਮੱਸਿਆਵਾਂ 'ਚ ਵੀ ਹਰ ਸੰਭਵ ਸਹਿਯੋਗ ਦੇਣ ਦੇ ਮਕਸਦ ਤਹਿਤ ਉਨ੍ਹਾਂ ਦੀ ਸਿਹਤ ਨਾਲ ਸੰਬੰਧਿਤ ਰੋਗਾਂ ਦੇ ਇਲਾਜ ਲਈ ਡਾ. ਪ੍ਰਮਿੰਦਰ ਸਿੰਘ ਐਮ. ਡੀ. , ਗਾਇਨੀ ਡਾ. ਆਕਾਸ਼ ਸਾਹਨੀ , ਨੱਕ, ਗਲੇ ਕੰਨਾਂ ਦੇ ਮਾਹਿਰ ਡਾ. ਸੰਜੇ ਕਪੂਰ, ਦੁੱਖ ਨਿਵਾਰਨ ਹਸਪਤਾਲ ਅੰਮ੍ਰਿਤਸਰ ਦੇ ਅੱਖਾਂ ਦੇ ਮਾਹਿਰ ਡਾ. ਅਮਨ ਸ਼ਰਮਾ, ਦੰਦਾਂ ਦੇ ਮਾਹਿਰ ਡਾ. ਵੇਦ ਪ੍ਰਕਾਸ਼, ਏ. ਐੱਸ. ਜੀ. ਆਈ. ਕੇਅਰ ਸੈਂਟਰ ਹਸਪਤਾਲ ਅੰਮ੍ਰਿਤਸਰ ਦਾ ਮਾਹਿਰ ਡਾਕਟਰੀ ਸਟਾਫ ਵੱਲੋਂ ਮਰੀਜ਼ਾਂ ਦਾ ਮੁਆਇਨਾ ਕਰਨ ਉਪਰੰਤ 400 ਦੇ ਕਰੀਬ ਬੱਚਿਆਂ ਤੇ 150 ਦੇ ਲਗਭਗ ਉਨ੍ਹਾਂ ਦੇ ਕਰੀਬੀ ਮਰੀਜ਼ਾਂ ਨੇ ਮੁਫ਼ਤ ਦਵਾਈਆਂ ਲੈਣ ਦਾ ਫਾਇਦਾ ਉਠਾਇਆ। ਇਸ ਮੌਕੇ ਬੀ. ਐੱਸ. ਐੱਫ. ਦੀ 183 ਬਟਾਲੀਅਨ ਦੇ ਡਿਪਟੀ ਪੁਸ਼ਪਿੰਦਰ ਸਿੰਘ, ਡਿਪਟੀ ਕਮਾਂਡੈਂਟ ਵਿਨੇ ਗਹਿਲੋਤ, ਐਸਿਸਟੈਂਟ ਕਮਾਂਡੈਂਟ ਦਿਗਵਿਜੇ ਸਿੰਘ ਅਤੇ ਐੱਸ. ਐੱਮ. ਸੀ. ਦੇ ਪ੍ਰਧਾਨ ਮਨਜੀਤ ਸਿੰਘ, ਸਰਬਜੀਤ ਸਿੰਘ, ਕੰਵਲਜੀਤ ਕੌਰ, ਲਖਵਿੰਦਰ ਸਿੰਘ ਆਦਿ ਅਧਿਆਪਕਾਂ/ਵਿਦਿਆਰਥੀਆਂ ਤੋਂ ਇਲਾਵਾ ਬੀਐੱਸਐੱਫ ਦੇ ਅਧਿਕਾਰੀ ਤੇ ਜਵਾਨ ਹਾਜ਼ਰ ਸਨ।

# ਪੰਜ ਰੋਜ਼ਾ '8ਵਾਂ ਅੰਮ੍ਰਿਤਸਰ ਸਾਹਿਤ ਉਤਸਵ ਤੇ ਪੁਸਤਕ ਮੇਲਾ' 21 ਤੋਂ

## ਹੰਸ ਰਾਜ ਹੰਸ, ਪੰਮੀ ਬਾਈ, ਸੁਰਜੀਤ ਪਾਤਰ, ਸ਼ਾਇਰਾ ਸੁਖਵਿੰਦਰ ਅੰਮ੍ਰਿਤ ਕਰਨਗੇ ਸ਼ਿਰਕਤ : ਪ੍ਰਿੰ: ਡਾ. ਮਹਿਲ ਸਿੰਘ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਖ਼ਾਲਸਾ ਕਾਲਜ ਵਿਖੇ 5 ਰੋਜ਼ਾ '8ਵਾਂ ਅੰਮ੍ਰਿਤਸਰ ਸਾਹਿਤ ਉਤਸਵ ਅਤੇ ਪੁਸਤਕ ਮੇਲਾ' 21 ਤੋਂ 25 ਫਰਵਰੀ ਲਗਾਇਆ ਜਾ ਰਿਹਾ ਹੈ ਜਿਸ 'ਚ ਕਾਹਨੂੰ ਸਾਨੂੰ ਚਾਹ ਪੁੱਛਦੇ, ਤੁਸੀਂ ਚਿੱਠੀਆਂ ਪਾਉਣੀਆਂ ਭੁੱਲ ਗਏ ਆਦਿ ਗੀਤਾਂ ਰਾਹੀਂ ਪ੍ਰਸਿੱਧੀ ਹਾਸਲ ਕਰਨ ਵਾਲੇ ਪਦਮਸ਼੍ਰੀ ਸੂਫ਼ੀ ਗਾਇਕ ਅਤੇ ਮੈਂਬਰ ਪਾਰਲੀਮੈਂਟ ਹੰਸ ਰਾਜ ਹੰਸ, 'ਅਸ਼ਕੇ' ਗੀਤ ਤੇ ਦਿਲਕਸ਼ ਬੋਲੀਆਂ ਰਾਹੀਂ ਮਕਬੂਲ ਹੋਏ ਗਾਇਕ ਪੰਮੀ ਬਾਈ, ਸ਼ਾਇਰਾ ਸੁਖਵਿੰਦਰ ਅੰਮ੍ਰਿਤ, ਸੁਰਜੀਤ ਪਾਤਰ, ਬਨੀ ਜੌਹਲ ਵਰਗੀਆਂ ਸ਼ਖ਼ਸ਼ੀਅਤਾਂ ਮੇਲੇ ਨੂੰ ਚਾਰ ਚੰਨ ਲਗਾਉਣਗੇ। ਉਕਤ ਮੇਲੇ ਦਾ ਉਦਘਾਟਨ ਮੁੱਖ ਮਹਿਮਾਨ ਹੰਸ ਰਾਜ ਹੰਸ, ਵਿਸ਼ੇਸ਼ ਮਹਿਮਾਨ ਵਜੋਂ ਸੁੱਖੀ ਬਾਠ ਸੰਸਥਾਪਕ, ਪੰਜਾਬੀ ਭਵਨ, ਸਰੀ, ਕੈਨੇਡਾ ਅਤੇ ਇਸ ਸੈਸ਼ਨ ਦੀ ਪ੍ਰਧਾਨਗੀ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਸ: ਰਜਿੰਦਰ ਮੋਹਨ ਸਿੰਘ ਛੀਨਾ 21 ਫਰਵਰੀ ਨੂੰ ਕਰਨਗੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਾਲਜ ਪ੍ਰਿੰ. ਡਾ. ਮਹਿਲ ਸਿੰਘ ਨੇ ਦੱਸਿਆ ਕਿ ਕਾਲਜ ਦਾ ਸਾਹਿਤ ਉਤਸਵ ਅਤੇ ਪੁਸਤਕ ਮੇਲਾ ਪੰਜਾਬ ਦੇ ਸਾਹਿਤਕਾਰਾਂ, ਚਿੰਤਕਾਂ ਅਤੇ ਕਲਾਕਾਰਾਂ ਵੱਲੋਂ ਉਤਸੁਕਤਾ ਨਾਲ ਉਡੀਕਿਆ ਜਾਣ ਵਾਲਾ ਈਵੈਂਟ ਬਣ ਗਿਆ ਹੈ। ਉਨ੍ਹਾਂ ਕਿਹਾ ਕਿ ਮੇਲੇ 'ਚ 100 ਦੇ ਕਰੀਬ ਪ੍ਰਕਾਸ਼ਕ ਪਹੁੰਚ ਰਹੇ ਹਨ ਅਤੇ ਪਾਠਕ ਵਿਸ਼ੇਸ਼ ਛੋਟ 'ਤੇ ਪੁਸਤਕਾਂ ਖਰੀਦ ਸਕਣਗੇ। ਉਨ੍ਹਾਂ ਕਿਹਾ ਕਿ ਇਸ ਦੌਰਾਨ ਮੌਸਮੀ ਫੁੱਲਾਂ ਦੀ ਪ੍ਰਦਰਸ਼ਨੀ, ਵੱਖ-ਵੱਖ ਪਕਵਾਨਾਂ ਦੇ ਸਟਾਲ ਅਤੇ ਮਨੋਰੰਜਨ ਦੇ ਕਈ ਸਾਧਨ ਵੀ ਹੋਣਗੇ। ਇਸ ਮੌਕੇ ਪ੍ਰਿੰ: ਡਾ. ਮਹਿਲ ਸਿੰਘ ਦੀ ਮੌਜੂਦਗੀ 'ਚ ਮੇਲੇ ਦੇ ਕਨਵੀਨਰ ਅਤੇ ਪੰਜਾਬੀ ਵਿਭਾਗ ਦੇ ਮੁਖੀ ਡਾ. ਆਤਮ ਸਿੰਘ ਰੰਧਾਵਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਕਤ ਦਿਨ ਮੇਲੇ ਦੇ ਉਦਘਾਟਨੀ ਸੈਸ਼ਨ ਕਾਲਜ ਦੇ ਖੋਜ ਰਸਾਲੇ 'ਸੰਵਾਦ' ਦਾ 19ਵਾਂ ਅੰਕ ਵੀ ਰਿਲੀਜ਼ ਕੀਤਾ ਜਾਵੇਗਾ। ਉਪਰੰਤ ਨਾਰੀ ਕਵੀ ਦਰਬਾਰ 'ਚ ਮੁੱਖ ਮਹਿਮਾਨ ਪੰਜਾਬੀ ਦੀ ਸਿਰਮੌਰ ਸ਼ਾਇਰਾ ਸੁਖਵਿੰਦਰ ਅੰਮ੍ਰਿਤ, ਵਿਸ਼ੇਸ਼ ਮਹਿਮਾਨ ਸਿਮਰਨ (ਸੁਰਿੰਦਰ ਕੁਮਾਰੀ, ਐਗਜ਼ੈਕਟਿਵ ਆਫੀਸਰ, ਇੰਪਰੂਵਮੈਂਟ ਟਰੱਸਟ, ਅੰਮ੍ਰਿਤਸਰ) ਹੋਣਗੇ ਅਤੇ ਪ੍ਰਧਾਨਗੀ ਸਾਹਿਤਕ ਰਸਾਲੇ ਏਕਮ ਦੀ ਸੰਪਾਦਕ ਅਰਤਿੰਦਰ ਸੰਧੂ ਕਰਨਗੇ। ਇਸੇ ਸ਼ਾਮ ਪੰਜਾਬੀ ਗਾਇਕ ਬਨੀ ਜੌਹਲ ਆਪਣੀ ਕਲਾ ਦਾ ਮੁਜ਼ਾਹਰਾ ਕਰਨਗੇ।

# ਬਿਜਲੀ ਮੁਲਾਜ਼ਮਾਂ ਨੇ ਮੰਗਾਂ ਨੂੰ ਲੈ ਕੇ ਦਿੱਤਾ ਵਿਸ਼ਾਲ ਰੋਸ ਧਰਨਾ



**ਗੁਰਦਾਸਪੁਰ (ਜਨਕ ਮਹਾਜਨ)**-ਜੁਆਇੰਟ ਫੋਰਮ ਪੰਜਾਬ ਅਤੇ ਏਕਤਾ ਮੰਚ ਪੰਜਾਬ ਦੇ ਸੱਦੇ 'ਤੇ ਬਿਜਲੀ ਮੁਲਾਜ਼ਮਾਂ ਵੱਲੋਂ ਗੁਰਦਾਸਪੁਰ ਵਿਖੇ ਵਿਸ਼ਾਲ ਰੋਸ ਧਰਨਾ ਦਿੱਤਾ ਗਿਆ ਜਿਸ ਦੀ ਪ੍ਰਧਾਨਗੀ ਸੰਜੀਵ ਝਬਕਰਾ ਮੰਡਲ ਪ੍ਰਧਾਨ ਟੀਐੱਸਯੂ., ਤਰਲੋਕ ਸਿੰਘ ਖੁੰਡੀ ਪ੍ਰਧਾਨ ਕਰਮਚਾਰੀ ਦਲ, ਸਾਹਿਬ ਸਿੰਘ ਧਾਲੀਵਾਲ ਪ੍ਰਧਾਨ ਏਟਕ, ਸੁਖਦੇਵ ਸਿੰਘ ਖੁੰਡਾ ਪ੍ਰਧਾਨ ਇੰਪਲਾਈਜ਼ ਨੇ ਕੀਤੀ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਤੋਂ ਇਲਾਵਾ ਰਵੇਲ ਸਿੰਘ ਸਹਾਏਪੁਰ ਸੂਬਾ ਪ੍ਰਧਾਨ ਕਰਮਚਾਰੀ ਦਲ ਮੈਂਬਰ ਜੁਆਇੰਟ, ਫੋਰਮ ਦਰਬਾਰਾ ਸਿੰਘ ਛੀਨਾ ਸੂਬਾ ਆਗੂ ਅਤੇ ਸਰਕਲ ਪ੍ਰਧਾਨ ਕਰਮਚਾਰੀ ਦਲ ਗੁਰਦਾਸਪੁਰ, ਸੰਜੀਵ ਸੈਣੀ ਸਰਕਲ ਪ੍ਰਧਾਨ ਟੀਐੱਸਯੂ., ਲਖਵਿੰਦਰ ਸਿੰਘ ਸਰਕਲ ਆਗੂ, ਬਲਵੰਤ ਸਿੰਘ ਝੋਰ ਨੇ ਕਿਹਾ ਕਿ ਮੁਲਾਜ਼ਮਾਂ ਦੀਆਂ ਮੰਨੀਆਂ ਮੰਗਾਂ ਲਾਗੂ ਕੀਤੀਆਂ ਜਾਣ। ਆਗੂਆਂ ਨੇ ਮੰਗ ਕੀਤੀ ਕਿ ਛੇਵੇਂ ਪੇ-ਕਮਿਸ਼ਨ ਦੀਆਂ ਤਰੁੱਟੀਆਂ ਦੂਰ ਕੀਤੀਆਂ ਜਾਣ, ਬਕਾਇਆ ਏਰੀਅਰ ਦਿੱਤਾ ਜਾਵੇ, ਸਾਲ 2021 ਤੋਂ ਬਾਅਦ ਨਵੇਂ ਭਰਤੀ ਕੀਤੇ ਕਰਮਚਾਰੀਆਂ ਨੂੰ ਛੇਵਾਂ ਕਮਿਸ਼ਨ ਤੇ ਸੈਲਰੀ ਦਿੱਤੀ ਜਾਵੇ, ਨਵ-ਨਿਯੁਕਤ ਕਰਮਚਾਰੀਆਂ ਨੂੰ ਬਿਜਲੀ ਰਿਆਇਤ ਦਿੱਤੀ ਜਾਵੇ, ਨਵੀਂ ਭਰਤੀ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾਵੇ। ਇਸ ਮੌਕੇ ਧਰਨੇ ਵਿਚ ਰਾਹੁਤ ਸੈਣੀ, ਮੁਕੇਸ਼ ਵਸ਼ਿਸ਼ਟ, ਰਮਨ ਕੁਮਾਰ, ਜਸਵਿੰਦਰ ਸਿੰਘ, ਪ੍ਰਕਾਸ਼ ਘੁੱਲਾ, ਰਣਜੀਤ ਸਿੰਘ, ਸੁਖਦੇਵ ਸਿੰਘ, ਜਗਦੇਵ ਸਿੰਘ, ਬਲਕਾਰ ਸਿੰਘ, ਮਨਵਿੰਦਰ ਕੁਮਾਰ, ਤਰਸੇਮ ਲਾਲ, ਬਲਵਿੰਦਰ ਸੋਹਲ, ਸਤੀਸ਼ ਸੈਣੀ, ਗੁਰਪਿੰਦਰ ਸਿੰਘ, ਅਮਰਦੀਪ ਸਿੰਘ ਹੈਪੀ ਹਾਜ਼ਰ ਸਨ।

# ਤਖ਼ਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਦੇ ਐਕਟ ਨਾਲ ਛੇੜਛਾੜ ਦੀ ਨਿਖੇਧੀ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਚੀਫ ਖਾਲਸਾ ਦੀਵਾਨ ਦੀ ਚੋਣ ਲੜ ਰਹੀ ਡਾ. ਨਿੱਜਰ ਦੀ ਟੀਮ ਨੇ ਮਹਾਰਾਸ਼ਟਰ ਸਰਕਾਰ ਵੱਲੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਦੇ ਐਕਟ ਵਿਚ ਸੋਧ ਕਰਨ ਦੇ ਬਹਾਨੇ ਕੀਤੀ ਗਈ ਛੇੜਛਾੜ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ। ਮੀਟਿੰਗ ਦੌਰਾਨ ਡਾ. ਇੰਦਰਬੀਰ ਸਿੰਘ ਨਿੱਜਰ, ਸੰਤੋਖ ਸਿੰਘ ਸੇਠੀ, ਜਗਜੀਤ ਸਿੰਘ, ਕੁਲਜੀਤ ਸਿੰਘ ਸਾਹਨੀ, ਸਵਿੰਦਰ ਸਿੰਘ ਕੱਥੂਨੰਗਲ, ਅਜੀਤ ਸਿੰਘ ਬਸਰਾ ਅਤੇ ਹੋਰਨਾਂ ਮੈਂਬਰਾਂ ਨੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧਕੀ ਬੋਰਡ ਵਿਚ ਕੀਤੀ ਗਈ ਸਿੱਖ ਵਿਰੋਧੀ ਸੋਧ ਨੂੰ ਬਹੁਤ ਦੁੱਖਦਾਈ ਅਤੇ ਨਿੰਦਣਯੋਗ ਕਰਾਰ ਦਿੱਤਾ ਜਿਸ ਤਹਿਤ ਸੂਬਾ ਸਰਕਾਰ ਵੱਲੋਂ ਬੋਰਡ ਦੇ ਕੁਲ 17 ਮੈਂਬਰਾਂ ਵਿਚੋਂ 12 ਨੂੰ ਸੂਬਾ ਸਰਕਾਰ ਦੀ ਕੈਬਨਿਟ ਵੱਲੋਂ ਨਾਮਜ਼ਦਗੀ ਦਿੱਤੀ ਗਈ ਹੈ ਜੋ ਕਿ ਸਿੱਧੇ ਤੌਰ ਤੇ ਸਿੱਖਾਂ ਦੇ ਧਾਰਮਿਕ ਪ੍ਰਬੰਧਾਂ ਵਿਚ ਸਰਕਾਰੀ ਘੁਸਪੈਠ ਹੈ। ਇਸ ਦੇ ਨਾਲ ਹੀ ਚੀਫ਼ ਖ਼ਾਲਸਾ ਦੀਵਾਨ ਸਮੇਤ ਹੋਰਨਾਂ ਸਿੱਖ ਸੰਸਥਾਵਾਂ ਦੀ ਨਾਮਜ਼ਦਗੀ ਖਤਮ ਕਰ ਦੇਣਾ ਸਿੱਖ ਕੌਮ ਨੂੰ ਛੁਟਿਆਉਣ ਦੀ ਕੋਝੀ ਸ਼ਾਜਿਸ਼ ਹੈ। ਤਖ਼ਤ ਸ੍ਰੀ ਹਜ਼ੂਰ ਸਾਹਿਬ ਸਿੱਖਾਂ ਦੇ ਪੰਜ ਤਖ਼ਤਾਂ ਵਿਚੋਂ ਇਕ ਹੈ ਅਤੇ ਮਹਾਰਾਸ਼ਟਰ ਸਰਕਾਰ ਵੱਲੋਂ ਪ੍ਰਬੰਧਕੀ ਬੋਰਡ ਵਿਚ ਕੀਤੀ ਗਈ ਪੱਖਪਾਤੀ ਅਤੇ ਪੰਥ ਵਿਰੋਧੀ ਸੋਧ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਇਹ ਕੌਮ ਨਾਲ ਜੁੜਿਆ ਬਹੁਤ ਹੀ ਗੰਭੀਰ ਅਤੇ ਸੰਵੇਦਨਸ਼ੀਲ ਫੈਸਲਾ ਹੈ ਜਿਸ ਨਾਲ ਸਿੱਖ ਜਗਤ ਵਿਚ ਡੂੰਘੇ ਰੋਸ ਦੀ ਲਹਿਰ ਦੌੜ ਗਈ ਹੈ। ਸਿੱਖ ਸੰਸਥਾਵਾਂ ਵਿੱਚ ਲਗਾਤਾਰ ਤੇਜ਼ੀ ਨਾਲ ਹੋ ਰਹੀ ਆਰਐੱਸਐੱਸ ਦੀ ਘੁਸਪੈਠ ਹਰ ਸੂਝਵਾਨ ਸਿੱਖ ਲਈ ਚੁਣੌਤੀ ਬਣੀ ਹੋਈ ਹੈ। ਉਨ੍ਹਾਂ ਮਹਾਰਾਸ਼ਟਰ ਸਰਕਾਰ ਨੂੰ ਇਹ ਸੋਧ ਤੁਰੰਤ ਵਾਪਸ ਲੈਂਦਿਆਂ ਬੋਰਡ ਵਿਚ ਪਹਿਲਾਂ ਵਾਂਗ ਮੈਂਬਰਾਂ ਦੀ ਨਾਮਜ਼ਦਗੀ ਅਤੇ ਸਿੱਖ ਸੰਸਥਾਵਾਂ ਦੀ ਨੁਮਾਇੰਦਗੀ ਦੀ ਸ਼ਮੂਲੀਅਤ ਨੂੰ ਬਹਾਲ ਕਰਨ ਦੀ ਅਪੀਲ ਕੀਤੀ।

12-feb-PAGE-4-2024.qxd 2/11/2024 8:52 PM Page 1

ਨਵਾਂ ਜ਼ਮਾਨਾ

ਸੋਮਵਾਰ, 12 ਫਰਵਰੀ 2024

# ਭਾਰਤ ਰਤਨਾਂ ਦਾ ਮੀਂਹ

*ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲੋਕ ਸਭਾ ਚੋਣਾਂ ਦੇ ਐਨ ਪਹਿਲਾਂ ਬੀਤੇ ਦਿਨੀਂ ਸਾਬਕਾ ਪ੍ਰਧਾਨ ਮੰਤਰੀ ਪੀ ਵੀ ਨਰਸਿਮ੍ਹਾ ਰਾਓ, ਚੌਧਰੀ ਚਰਨ ਸਿੰਘ ਅਤੇ ਖੇਤੀ ਵਿਗਿਆਨੀ ਐੱਮ ਐੱਸ ਸਵਾਮੀਨਾਥਨ ਨੂੰ ਭਾਰਤ ਰਤਨ ਦੇਣ ਦਾ ਐਲਾਨ ਕੀਤਾ। ਇਹ ਤਿੰਨਾਂ ਦਾ ਸਨਮਾਨ ਚੋਣ ਰਣਨੀਤੀ ਤਹਿਤ ਕੀਤਾ ਗਿਆ। ਮੋਦੀ ਸਰਕਾਰ ਜਨਵਰੀ ਤੋਂ ਹੁਣ ਤੱਕ ਪੰਜ ਸ਼ਖਸੀਅਤਾਂ ਨੂੰ ਭਾਰਤ ਰਤਨ ਦੇ ਚੁੱਕੀ ਹੈ। ਇਸ ਪਿੱਛੇ ਸਿਆਸੀ ਲਾਹਾ ਖੱਟਣ ਦਾ ਮਨਸੂਬਾ ਇਸ ਤੱਥ ਤੋਂ ਸਾਫ ਹੁੰਦਾ ਹੈ ਕਿ ਭਾਰਤ ਰਤਨਾਂ ਦਾ ਐਲਾਨ ਤਿੰਨ ਕਿਸ਼ਤਾਂ ਵਿਚ ਕੀਤਾ ਗਿਆ। ਮਗਰਲੇ ਤਿੰਨ ਭਾਰਤ ਰਤਨ ਪੱਛਮੀ ਯੂ ਪੀ, ਤੇਲਗੂ ਭਾਸ਼ੀ ਤਿਲੰਗਾਨਾ-ਆਂਧਰਾ ਤੇ ਤਾਮਿਲਨਾਡੂ ਦੇ ਵਿਅਕਤੀਆਂ ਨੂੰ ਦਿੱਤੇ ਗਏ ਹਨ। ਇਨ੍ਹਾਂ ਖੇਤਰਾਂ ਵਿਚ ਭਾਜਪਾ ਦੀ ਬਹੁਤੀ ਪੈਠ ਨਹੀਂ ਅਤੇ ਮੋਦੀ ਨੇ 400 ਸੀਟਾਂ ਟਪਾਉਣ ਦੀ ਆਪਣੀ ਭਵਿੱਖਬਾਣੀ ਸਹੀ ਸਾਬਤ ਕਰਨ ਲਈ ਇਨ੍ਹਾਂ ਤਿੰਨ ਗੈਰ-ਭਾਜਪਾਈਆਂ ਦੀ ਚੋਣ ਕੀਤੀ, ਜਿਨ੍ਹਾਂ ਦੀ ਆਪਣੇ ਖੇਤਰਾਂ ਵਿਚ ਕਾਫੀ ਇੱਜ਼ਤ ਰਹੀ ਹੈ। ਇਸ ਤੋਂ ਪਹਿਲਾਂ ਸਭ ਤੋਂ ਵੱਧ ਚਾਰ ਭਾਰਤ ਰਤਨ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਾਲੀ ਐੱਨ ਡੀ ਏ ਸਰਕਾਰ ਵੇਲੇ ਦਿੱਤੇ ਗਏ ਸਨ। ਮੋਦੀ ਨੇ ਪਹਿਲਾਂ ਪੱਛਮੀ ਯੂ ਪੀ ਦੇ ਚੌਧਰੀ ਚਰਨ ਸਿੰਘ ਨੂੰ ਭਾਰਤ ਰਤਨ ਦੇਣ ਦਾ ਐਲਾਨ ਕੀਤਾ, ਜਿਹੜੇ 1979-80 ਵਿਚ ਪ੍ਰਧਾਨ ਮੰਤਰੀ ਰਹੇ ਤੇ ਜਿਨ੍ਹਾਂ ਨੂੰ ਕਿਸਾਨਾਂ ਦੇ ਹੱਕਾਂ ਦਾ ਚੈਂਪੀਅਨ ਕਿਹਾ ਜਾਂਦਾ ਸੀ। ਭਾਜਪਾ ਆਗੂ ਚੌਧਰੀ ਚਰਨ ਸਿੰਘ ਦੇ ਪੋਤਰੇ ਜਯੰਤ ਚੌਧਰੀ ਨੂੰ ਆਪਣੇ ਨਾਲ ਰਲਾਉਣ ਲਈ ਸਰਗਰਮ ਸਨ, ਤਾਂ ਜੋ ਖਿੱਤੇ ਵਿਚ ਵੱਧ ਸੀਟਾਂ ਜਿੱਤੀਆਂ ਜਾ ਸਕਣ। ਦਾਦੇ ਨੂੰ ਭਾਰਤ ਰਤਨ ਦੇ ਐਲਾਨ ਤੋਂ ਬਾਅਦ ਜਯੰਤ ਚੌਧਰੀ ਨੇ ਕਿਹਾ—ਤੁਸੀਂ ਮੇਰਾ ਦਿਲ ਜਿੱਤ ਲਿਆ। ਨਾਲ ਹੀ ਜਯੰਤ ਨੇ ਇੰਡੀਆ ਬਲਾਕ ਨੂੰ ਛੱਡ ਕੇ ਐੱਨ ਡੀ ਏ ਵਿਚ ਸ਼ਾਮਲ ਹੋਣ ਦਾ ਸਪੱਸ਼ਟ ਇਸ਼ਾਰਾ ਕਰ ਦਿੱਤਾ। ਦੱਸਿਆ ਜਾਂਦਾ ਹੈ ਕਿ ਜਯੰਤ ਚੌਧਰੀ ਦੇ ਰਾਸ਼ਟਰੀ ਲੋਕ ਦਲ ਨੇ ਐੱਨ ਡੀ ਏ ਵਿਚ ਸ਼ਾਮਲ ਹੋਣ ਲਈ ਚਰਨ ਸਿੰਘ ਨੂੰ ਭਾਰਤ ਰਤਨ ਦੇਣ ਦੀ ਸ਼ਰਤ ਰੱਖੀ ਸੀ। ਮੋਦੀ ਨੇ ਦੂਜਾ ਐਲਾਨ ਨਰਸਿਮ੍ਹਾ ਰਾਓ ਨੂੰ ਭਾਰਤ ਰਤਨ ਦੇਣ ਦਾ ਕੀਤਾ। ਰਾਓ ਦੇ ਦੌਰ ਵਿਚ ਹੀ ਬਾਬਰੀ ਮਸਜਿਦ ਦਾ ਢਾਂਚਾ ਢਾਹਿਆ ਗਿਆ ਸੀ। ਰਾਓ ਨੂੰ ਭਾਰਤ ਰਤਨ ਦੇਣ ਦੇ ਐਲਾਨ ਤੋਂ ਕੁਝ ਦਿਨ ਪਹਿਲਾਂ ਹੀ ਰਾਮ ਮੰਦਰ ਦਾ ਅੰਦੋਲਨ ਚਲਾਉਣ ਵਾਲੇ ਸਾਬਕਾ ਉਪ ਪ੍ਰਧਾਨ ਮੰਤਰੀ ਐੱਲ ਕੇ ਅਡਵਾਨੀ ਨੂੰ ਭਾਰਤ ਰਤਨ ਦੇਣ ਦਾ ਐਲਾਨ ਕੀਤਾ ਗਿਆ ਸੀ। ਰਾਓ ਤੇ ਅਡਵਾਨੀ ਨੂੰ ਭਾਰਤ ਰਤਨ ਦੇਣ ਨੂੰ ਇਸ ਸੰਦਰਭ ਵਿਚ ਵੀ ਦੇਖਿਆ ਜਾ ਸਕਦਾ ਹੈ ਕਿ ਮੋਦੀ ਨੇ 22 ਜਨਵਰੀ ਨੂੰ ਅਯੁੱਧਿਆ ਵਿਚ ਰਾਮ ਲੱਲਾ ਦੀ ਪ੍ਰਾਣ ਪ੍ਰਤਿਸ਼ਠਾ ਕੀਤੀ। ਮੋਦੀ ਰਾਮ ਮੰਦਰ ਦਾ ਚੋਣਾਂ ਵਿਚ ਲਾਹਾ ਲੈਣ ਦਾ ਕੋਈ ਮੌਕਾ ਨਹੀਂ ਚੂਕ ਰਹੇ। ਇਸ ਸਾਲ ਦਾ ਪਹਿਲਾ ਭਾਰਤ ਰਤਨ 23 ਜਨਵਰੀ ਨੂੰ ਬਿਹਾਰ ਦੇ ਮੁੱਖ ਮੰਤਰੀ ਰਹੇ ਸੋਸ਼ਲਿਸਟ ਆਗੂ ਕਰਪੂਰੀ ਠਾਕੁਰ ਨੂੰ ਦਿੱਤਾ ਗਿਆ ਸੀ ਤੇ ਉਸ ਦੇ ਕੁਝ ਦਿਨਾਂ ਬਾਅਦ ਮੁੱਖ ਮੰਤਰੀ ਨਿਤੀਸ਼ ਕੁਮਾਰ ਇੰਡੀਆ ਬਲਾਕ ਛੱਡ ਕੇ ਐੱਨ ਡੀ ਏ ਵਿਚ ਪਰਤ ਗਏ।*

# ਪੰਜਾਬ ਨੂੰ ਦਰਪੇਸ਼ ਸੰਕਟ, ਕਾਰਨ ਤੇ ਹੱਲ


ਗੁਰਚਰਨ ਸਿੰਘ ਨੂਰਪੁਰ

ਅਸੀਂ ਪੂੰਜੀਵਾਦ ਦੇ ਦੌਰ 'ਚੋਂ ਗੁਜ਼ਰ ਰਹੇ ਹਾਂ। ਪੂੰਜੀਵਾਦ ਨੇ ਸਾਨੂੰ ਬਾਜ਼ਾਰੂ ਤਰਜੀਹਾਂ ਅਨੁਸਾਰ ਜਿਊਣ ਲਈ ਤੋਰਿਆ। ਜਿੱਥੇ-ਜਿੱਥੇ ਪੂੰਜੀ ਦਾ ਫੈਲਾਅ ਜਿੰਨਾ ਜ਼ਿਆਦਾ ਹੈ, ਉੱਥੇ-ਉੱਥੇ, ਉਥਲ-ਪੁਥਲ ਹੈ, ਬੇਚੈਨੀ ਹੈ, ਸਹਿਜ, ਸਬਰ, ਸਰਲਤਾ ਫਿੱਕੇ ਪੈ ਗਏ ਹਨ। ਕੁਦਰਤੀ ਅਤੇ ਗੈਰ ਕੁਦਰਤੀ ਸਾਧਨ ਅਤੇ ਪੂੰਜੀ ਬਹੁਤੇ ਹੱਥਾਂ 'ਚੋਂ ਥੋੜ੍ਹੇ ਹੱਥਾਂ ਵੱਲ ਸਰਕ ਰਹੇ ਹਨ।

ਪੂੰਜੀਵਾਦ ਦੇ ਦੈਂਤ ਨੇ ਇੱਕ ਪਾਸੇ ਤਾਂ ਸਾਡੇ ਜਨਤਕ ਸਾਧਨਾਂ, ਸੰਚਾਰ ਦੇ ਸਾਧਨ, ਬਿਜਲੀ, ਰੇਲਵੇ, ਨਹਿਰਾਂ, ਸੜਕਾਂ, ਤੇਲ, ਗੈਸ, ਰਬੜ, ਕੋਲਾ, ਲੋਹਾ, ਹਵਾਈ ਅੱਡੇ, ਬੰਦਰਗਾਹਾਂ ਨੂੰ ਆਪਣੇ ਕਬਜ਼ੇ ਵਿੱਚ ਕਰ ਲਿਆ ਹੈ, ਦੂਜੇ ਪਾਸੇ ਜਨਤਕ ਅਦਾਰਿਆਂ 'ਤੇ ਪੂੰਜੀਵਾਦ ਦਾ ਗਲਬਾ ਹਰ ਦਿਨ ਵਧਦਾ ਜਾ ਰਿਹਾ ਹੈ। ਜਿਨ੍ਹਾਂ ਨੂੰ ਅਸੀਂ ਜਨਤਕ ਅਦਾਰੇ ਆਖਦੇ ਸਾਂ। ਉਹ ਹੁਣ ਨਿੱਜੀ ਜਾਇਦਾਦਾਂ ਬਣ ਗਏ ਹਨ। ਇਹ ਜਦੋਂ ਵਿਕ ਰਹੇ ਸਨ ਤਾਂ ਕਿਸੇ ਨੇ ਕੋਈ ਬਹੁਤਾ ਉਜ਼ਰ ਨਹੀਂ ਕੀਤਾ। ਸਿਵਾਏ ਅਦਾਰੇ ਨਾਲ ਸੰਬੰਧਤ ਕਰਮਚਾਰੀਆਂ ਦੇ। ਇਸ ਮਹਾਂਪ੍ਰਕੋਪ ਦਾ ਨਤੀਜਾ ਕੀ ਹੋਇਆ? ਨਤੀਜਾ ਇਹ ਹੋਇਆ ਕਿ ਇੱਥੇ ਬੇਕਾਰ ਬੇਰੁਜ਼ਗਾਰੀ ਇੰਨੀ ਵਿਕਰਾਲ ਹੋ ਗਈ ਕਿ ਡਿਗਰੀ ਹੋਲਡਰ ਨੌਜਵਾਨ ਨੌਕਰੀਆਂ ਦੀ ਉਡੀਕ ਵਿੱਚ ਬੁੱਢੇ ਹੋਣ ਲੱਗੇ। ਸਮੇਂ ਦੇ ਤੇਜ਼ ਵਹਾਅ ਨੂੰ ਨਹੀਂ ਸਮਝਿਆ ਜਾ ਸਕਿਆ ਕਿ ਜਿਹੜੇ ਅਦਾਰਿਆਂ ਵਿੱਚ ਅਸੀਂ ਨੌਕਰੀਆਂ ਦੀ ਉਡੀਕ ਕਰ ਰਹੇ ਹਾਂ, ਉਹ ਤਾਂ ਅਗਲਿਆਂ ਨੇ ਲੈ ਕੇ ਠੇਕੇ 'ਤੇ ਚਾੜ੍ਹ ਦਿੱਤੇ ਹਨ। ਸਰਕਾਰੀ ਕਰਮਚਾਰੀ ਲੱਗ ਕੇ ਸਾਡੇ ਨੌਜਵਾਨਾਂ ਨੇ ਜਿਹੜੀਆਂ ਸੇਵਾਵਾਂ ਨਿਭਾਉਣੀਆਂ ਸਨ, ਉਹ ਸਾਰੇ ਕੰਮ ਠੇਕੇ 'ਤੇ ਕਰਵਾਏ ਜਾਣ ਲੱਗੇ ਹਨ। ਇਸ ਦੌਰ ਨੇ ਇੱਕ ਅਜਿਹੀ ਸਥਿਤੀ ਦੀ ਸਿਰਜਣਾ ਕੀਤੀ ਕਿ ਕੋਈ ਖਿੱਤਾ ਜਾਂ ਸਟੇਟ ਇਸ ਤੋਂ ਅਭਿੱਜ ਨਹੀਂ ਰਿਹਾ। ਕੁਦਰਤੀ ਗੱਲ ਹੈ ਪੰਜਾਬ 'ਤੇ ਵੀ ਇਸ ਦਾ ਅਸਰ ਹੋਣਾ ਸੀ। ਪੰਜਾਬ ਜੋ ਭਾਰਤ ਦਾ ਪ੍ਰਗਤੀਸ਼ੀਲ ਸੂਬਾ ਇੱਥੇ ਉੱਥਲ-ਪੁੱਥਲ ਸਗੋਂ ਵਧੇਰੇ ਵੇਖਣ ਨੂੰ ਮਿਲ ਰਹੀ ਹੈ।

ਖੇਤੀ ਪ੍ਰਧਾਨ ਸੂਬੇ ਪੰਜਾਬ ਵਿੱਚ ਕਿਸਾਨਾਂ ਦੀਆਂ ਬਰਬਾਦੀਆਂ ਦਾ ਦੌਰ ਹਕੀਕਤ ਵਿੱਚ ਹਰੇ ਇਨਕਲਾਬ ਤੋਂ ਬਾਅਦ ਸ਼ੁਰੂ ਹੋਇਆ। ਸਾਨੂੰ ਖੇਤੀ ਨੂੰ ਲਾਹੇਵੰਦ ਧੰਦਾ ਬਣਾਉਣ ਦੀ ਅਖੌਤੀ ਸਲਾਹ ਦਿੱਤੀ ਗਈ। ਜਦੋਂ ਅਸੀਂ ਬਜ਼ਾਰੂ ਢੰਗ ਨਾਲ ਖੇਤੀ ਕਰਨ ਲੱਗੇ, ਵਾਫਰ ਉਪਜ ਪੈਦਾ ਹੋਣ ਲੱਗੀ, ਸਾਡੇ ਹੱਥ ਵਿਹਲੇ ਹੁੰਦੇ ਗਏ, ਖਰਚੇ ਬੇਤਹਾਸ਼ਾ ਵਧਣ ਲੱਗ ਪਏ, ਜ਼ਮੀਨਾਂ ਪੱਧਰੀਆਂ ਹੁੰਦੀਆਂ ਗਈਆਂ ਪਰ ਸਾਡੀ ਜ਼ਿੰਦਗੀ ਉੱਭੜ ਖਾਭੜ ਹੋਣ ਲੱਗੀ। ਅਨਾਜ ਪਹਿਲਾਂ ਨਾਲੋਂ ਜ਼ਿਆਦਾ ਪੈਦਾ ਹੋਣ ਲੱਗਾ ਤੇ ਕਿਸਾਨਾਂ ਦੇ ਸਿਰਾਂ 'ਤੇ ਕਰਜ਼ੇ ਦੀਆਂ ਪੰਡਾਂ ਲਹਿਣ ਦੀ ਬਜਾਏ ਹੋਰ ਭਾਰੀਆਂ ਹੋਣ ਲੱਗ ਪਈਆਂ।

ਪੰਜਾਬੀਆਂ ਨੂੰ ਪਿਛਲੇ ਲੰਮੇ ਸਮੇਂ ਤੋਂ ਢੋਲ ਵਜਾ-ਵਜਾ ਕੇ ਯਾਦ ਕਰਾਇਆ ਜਾਂਦਾ ਹੈ ਕਿ ਸਰਕਾਰੀ ਖਜ਼ਾਨਾ ਖਾਲੀ ਹੈ। ਸਰਕਾਰਾਂ ਸਿਰ ਬਹੁਤ ਸਾਰਾ ਕਰਜ਼ਾ ਹੈ। ਇਹ ਕਰਜ਼ਾ ਪ੍ਰਤੀ ਜੀ ਲੱਖਾਂ ਵਿੱਚ ਹੈ। ਭਾਵ ਸਰਕਾਰ ਕੋਲ ਪੈਸਾ ਨਹੀਂ, ਪਰ ਸਥਿਤੀ ਦਾ ਤਕਾਜ਼ਾ ਵੇਖੋ ਦੂਜੇ ਪਾਸੇ ਸਰਕਾਰੀ ਤੇ ਗੈਰ ਸਰਕਾਰੀ ਬੈਂਕਾਂ ਨੇ ਉਹਨਾਂ ਲੋਕਾਂ ਜਿਹਨਾਂ ਕੋਲ ਜ਼ਮੀਨ-ਜਾਇਦਾਦ ਸੀ, ਉਹਨਾਂ ਨੂੰ ਲੱਭ-ਲੱਭ ਕੇ ਉਹਨਾਂ ਨੂੰ ਵੱਡੇ ਕਰਜ਼ੇ ਦਿੱਤੇ। ਭਾਵ ਜਿਹਨਾਂ ਸਿਰ ਪਹਿਲਾਂ ਹੀ ਕਰਜ਼ਾ ਹੈ, ਉਹ ਲਾਹੁਣ ਜੋਗੇ ਨੂੰ ਉਹਨੂੰ ਹੋਰ ਕਰਜ਼ੇ ਦੇਣ ਲਈ ਇਹ ਵਿਵਸਥਾ ਪੱਬਾਂ ਭਾਰ ਹੋਈ ਦਿਸਦੀ ਹੈ। ਇਹ ਕਰਜੇ ਜਿਵੇਂ ਹੋਣਾ ਚਾਹੀਦਾ ਸੀ, ਸਾਡੀ ਆਮਦਨ ਜਾਂ ਫਸਲ ਅਨੁਸਾਰ ਨਹੀਂ ਹਨ, ਬਲਕਿ ਸਾਡੀਆਂ ਜਾਇਦਾਦਾਂ ਦੇ ਮੁੱਲ ਅਨੁਸਾਰ ਸਨ। ਕਿਸੇ ਵੀ ਦੇਸ਼ ਦੀ ਵਿਵਸਥਾ ਚੰਗੇ ਜਾਂ ਮਾੜੇ ਲੋਕ ਘਵਦੀ ਹੈ। ਲੋਕਾਂ ਨੂੰ ਜਿਹੜੀ ਤਰਜੀਹ 'ਤੇ ਤੋਰਿਆ ਜਾਂਦਾ ਹੈ, ਹੌਲੀ-ਹੌਲੀ ਲੋਕ ਇਹਨਾਂ 'ਤੇ ਤੁਰਨ ਲੱਗਦੇ ਹਨ। ਇਹਨਾਂ ਕਰਜ਼ਿਆਂ ਨਾਲ ਅਸੀਂ ਕਾਰੋਬਾਰਾਂ ਨੂੰ ਅਗਾਂਹ ਨਹੀਂ ਤੋਰਿਆ, ਬਲਕਿ ਫਜ਼ੂਲ ਦੀਆਂ ਪ੍ਰੇਸ਼ਾਨੀਆਂ ਸਹੇੜੀਆਂ। ਦੁਨੀਆ ਵਿੱਚ ਜੇਕਰ ਸਭ ਤੋਂ ਵੱਧ ਰੀਸ ਕਰਕੇ ਇੱਕ-ਦੂਜੇ ਤੋਂ ਅੱਗੇ ਲੰਘਣ ਦੀ ਪ੍ਰਵਿਰਤੀ ਹੈ ਤਾਂ ਉਹ ਸ਼ਾਇਦ ਪੰਜਾਬੀਆਂ ਦੇ ਹਿੱਸੇ ਆਈ ਹੈ। ਸਾਡਾ ਬਹੁਤਾ ਕੁਝ ਇਸੇ ਪ੍ਰਵਿਰਤੀ ਨੇ ਤਬਾਹ ਕੀਤਾ। ਸਾਡੇ ਗਵਾਂਢੀਆਂ ਨੇ ਜੇਕਰ ਮਿਰਚਾਂ ਬੀਜ ਲਈਆਂ ਤਾਂ ਬੀਜਾਂਗੇ ਅਸੀਂ ਵੀ ਮਿਰਚਾਂ ਹੀ, ਭਾਵੇਂ ਜੋ ਮਰਜ਼ੀ ਹੋ ਜਾਵੇ। ਜੇਕਰ ਸਾਡੇ ਗਵਾਂਢੀ ਨੇ ਤਿੰਨ ਬੋਰੀਆਂ ਖਾਦ ਦੀਆਂ ਪਾਈਆਂ ਹਨ ਤਾਂ ਅਸੀਂ ਚਾਰ ਪਾਵਾਂਗੇ। ਰੀਸ ਤੇ ਵਿਖਾਵਾ ਤਾਂ ਸਾਡੇ ਵਿੱਚ ਇੰਨਾ ਜ਼ਿਆਦਾ ਹੈ ਕਿ ਅਸੀਂ ਵਿਆਹ-ਸ਼ਾਦੀਆਂ 'ਤੇ ਮਰਨਿਆਂ-ਪਰਨਿਆਂ 'ਤੇ ਵੀ ਇਹਨਾਂ ਤੋਂ ਨਿਰਲੇਪ ਨਹੀਂ ਰਹੇ। ਬਿਨਾਂ ਉਜ਼ਰ ਕੀਤਿਆਂ ਜ਼ਮੀਨਾਂ 'ਤੇ ਲਿਮਟਾਂ ਬੰਨ੍ਹ ਕੇ ਮਿਲੀ ਵਾਫਰ ਪੂੰਜੀ ਨਾਲ ਅਸੀਂ ਇੱਕ-ਦੂਜੇ ਦੀ ਰੀਸ ਨਾਲ ਮਹਿੰਗੇ ਟਰੈਕਟਰ ਖਰੀਦੇ। ਬੇਲੋੜੇ ਤੇ ਮਹਿੰਗੇ ਸੰਦ ਲਿਆਂਦੇ। ਅਸੀਂ ਇੱਥੇ ਹੀ ਨਹੀਂ ਰੁਕੇ, ਅਸੀਂ ਇੱਕ ਦੂਜੇ ਦੀ ਰੀਸ ਨਾਲ ਔਖੇ ਹੋ-ਹੋ ਕੇ ਪਿੰਡਾਂ ਵਿੱਚ ਉੱਚੀਆਂ ਤਿੰਨ ਤਿੰਨ ਮੰਜ਼ਲੀਆਂ ਕੋਠੀਆਂ ਉਸਾਰਨੀਆਂ ਸ਼ੁਰੂ ਕੀਤੀਆਂ, ਵਸੇਬੇ ਲਈ ਜਿੰਨੀ ਲੋੜ ਸੀ, ਉਸ ਤੋਂ ਕਿਤੇ ਵਧ ਕੇ ਕਮਰੇ ਬਣਾਉਣ ਅਤੇ ਮੰਜ਼ਲਾਂ ਉਸਾਰਨ ਵਿੱਚ ਅਸੀਂ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ। ਲੱਖਾਂ ਰੁਪਏ ਲਾ ਕੇ ਉਸਾਰੀਆਂ ਕੋਠੀਆਂ ਨੂੰ ਪੰਜਾਬੀ ਹੁਣ ਜਿੰਨੀ ਜਲਦੀ ਹੋ ਸਕੇ, ਖਾਲੀ ਕਰਨ ਲਈ ਕਾਹਲੇ ਪੈ ਰਹੇ ਹਨ।

ਇੱਥੇ ਵੱਖ-ਵੱਖ ਸਮੇਂ ਤੋਂ ਰਾਜ ਕਰਦੀਆਂ ਸਰਕਾਰਾਂ ਦਾ ਫਰਜ਼ ਬਣਦਾ ਸੀ ਕਿ ਉਹ ਆਰਥਿਕ ਮਾਹਰਾਂ, ਖੇਤੀਬਾੜੀ ਮਾਹਰਾਂ ਨਾਲ ਅਜਿਹੀਆਂ ਸਕੀਮਾਂ, ਯੋਜਨਾਵਾਂ ਲੈ ਕੇ ਆਉਂਦੀਆਂ, ਜਿਸ ਨਾਲ ਖੇਤੀ ਵਿੱਚ ਆਈ ਖੜੋਤ ਨੂੰ ਤੋੜਿਆ ਜਾ ਸਕੇ, ਪਰ ਬਹੁਤੇ ਰਾਜਸੀ ਰਹਿਨੁਮਾਵਾਂ ਨੇ ਇੱਥੋਂ ਵੱਧ ਤੋਂ ਵੱਧ ਕਮਾਈਆਂ ਕਰਕੇ ਆਪਣੇ ਕੁਨਬਿਆਂ ਨੂੰ ਮਾਲਾਮਾਲ ਕੀਤਾ। ਪੂੰਜੀਵਾਦੀ ਧਿਰਾਂ ਨਾਲ ਵਿਚੋਲਿਆਂ ਦਾ ਰੋਲ ਨਿਭਾਇਆ ਤੇ ਇਹਨਾਂ ਦੀਆਂ ਦਲਾਲੀਆਂ ਕਰਕੇ ਮਿਲੀ ਵੱਟਕ ਨਾਲ ਆਪਣੀਆਂ ਜਾਇਦਾਦਾਂ ਦਾ ਵਿਸਥਾਰ ਕੀਤਾ। ਵੋਟਾਂ ਰਾਹੀਂ ਹਾਸਲ ਕੀਤੀ ਤਾਕਤ ਨੂੰ ਲੋਕਾਂ ਦੇ ਹੀ ਖਿਲਾਫ ਵਰਤਿਆ। ਅਸੀਂ ਕਹਿ ਸਕਦੇ ਹਾਂ ਕਿ ਰਾਜਸੀ ਗਲਿਆਰਿਆਂ ਵਿੱਚ ਜਨਤਾ ਨੂੰ ਕਰਜ਼ਿਆਂ, ਨਸ਼ਿਆਂ, ਬੇਕਾਰੀ ਦੇ ਮੱਕੜਜਾਲ 'ਚੋਂ ਕੱਢਣ ਲਈ 10 ਸਾਲਾ ਜਾਂ 15 ਸਾਲਾ ਕੋਈ ਵੱਡਾ ਪ੍ਰੋਗਰਾਮ ਇੱਥੇ ਨਹੀਂ ਸੀ, ਨਾ ਹੀ ਅੱਜ ਵੀ ਹੈ। ਔਰਤਾਂ ਦੇ ਮੁਫਤ ਬੱਸ ਪਾਸ ਜਾਂ ਮੁਫਤ ਤੀਰਥ ਯਾਤਰਾ ਵਰਗੀਆਂ ਯੋਜਨਾਵਾਂ ਲੋਕਾਂ ਅੱਗੇ ਜ਼ਰੂਰ ਪ੍ਰੋਸੀਆਂ ਗਈਆਂ।

ਇਸ ਸਥਿਤੀ ਵਿੱਚ ਜ਼ਮੀਨਾਂ-ਜਾਇਦਾਦਾਂ 'ਤੇ ਲਏ ਕਰਜ਼ੇ ਜ਼ਮੀਨਾਂ ਨੂੰ ਖਾਣ ਲੱਗ ਪਏ। ਮਹਿੰਗੇ ਵਿਆਹ/ਮਰਨੇ, ਮਹਿੰਗੇ ਟਰੈਕਟਰ, ਮਹਿੰਗੀਆਂ ਗੱਡੀਆਂ, ਉੱਚੀਆਂ ਕੋਠੀਆਂ ਮਗਰੋਂ ਹੁਣ ਸਾਡੀਆਂ ਔਲਾਦਾਂ ਇਸ ਸਭ ਕੁਝ ਨੂੰ ਛੱਡ ਕੇ ਹੋਰ ਮੁਲਕਾਂ ਵਿੱਚ ਆਪਣਾ ਭਵਿੱਖ ਤਲਾਸ਼ਣ ਜਾ ਰਹੀਆਂ ਹਨ। ਇਸ ਪ੍ਰਵਾਸ ਦਾ ਇੱਕ ਕਾਰਨ ਨਹੀਂ ਇਸ ਵਿੱਚ ਥੋੜ੍ਹੀ ਜ਼ਮੀਨ ਵਾਲੇ ਆਪਣੇ ਹਿੱਸੇ ਦਾ ਟੋਟਾ ਵੇਚ ਕੇ ਬਾਹਰ ਜਾ ਰਹੇ ਹਨ ਅਤੇ ਧਨਾਢ ਵੱਡੀਆਂ ਜ਼ਮੀਨਾਂ-ਜਾਇਦਾਦਾਂ ਵਾਲੇ ਅਮੀਰਾਂ ਦੀਆਂ ਔਲਾਦਾਂ ਦਾ ਇੱਥੇ ਦਿਲ ਲੱਗਣੋਂ ਹਟ ਗਿਆ ਹੈ। ਬਾਹਰਲੇ ਮੁਲਕਾਂ ਵਿੱਚ ਜਾਣ ਦਾ ਰੁਝਾਨ ਮੁੰਡਿਆਂ ਨਾਲੋਂ ਵੀ ਕੁੜੀਆਂ ਵਿੱਚ ਵਧੇਰੇ ਹੈ। ਸਭ ਦੇ ਮੂੰਹ 'ਤੇ ਇੱਕੋ ਗੱਲ ਹੈ, ਇੱਥੇ ਪੰਜਾਬ ਵਿੱਚ ਹੁਣ ਕੁਝ ਨਹੀਂ। ਇੱਥੇ ਕੀ ਪਿਆ ਹੈ? ਇੱਥੇ ਨਿਰੇ ਨਸ਼ੇ ਨੇ। ਜਿਹੜਾ ਬਾਹਰ ਨਿਕਲ ਜਾਵੇਗਾ, ਚੰਗਾ ਰਹੇਗਾ, ਪਰ ਹਾਲਾਤ ਦੱਸਦੇ ਹਨ ਕਿ ਇਹ ਸਾਰਾ ਕੁਝ ਇਸ ਤਰ੍ਹਾਂ ਸਪੱਸ਼ਟ ਨਹੀਂ, ਜਿਵੇਂ ਕਿਹਾ ਜਾਂਦਾ ਹੈ। ਬਾਹਰਲੇ ਮੁਲਕਾਂ ਅਮਰੀਕਾ, ਕੈਨੇਡਾ, ਆਸਟਰੇਲੀਆਂ ਵੀ ਪੂੰਜੀਵਾਦ ਦੇ ਜਬਾੜ੍ਹੇ ਤੋਂ ਬਾਹਰ ਨਹੀਂ ਹਨ। ਉੱਥੋਂ ਵੀ ਕਾਰਪੋਰੇਸ਼ਨਾਂ ਮਨੁੱਖ ਨੂੰ ਚਲਾਉਂਦੀਆਂ, ਤੋਰਦੀਆਂ ਅਤੇ ਮਨੁੱਖ ਦਾ ਪੂਰਾ ਰਹਿਣ-ਸਹਿਣ ਨਿਰਧਾਰਤ ਕਰਦੀਆਂ ਹਨ। ਦੋ-ਤਿੰਨ ਪੀੜ੍ਹੀਆਂ ਨੂੰ ਜੇਕਰ ਉਹ ਠੀਕ ਢੰਗ ਨਾਲ ਕੰਮ ਕਰਦੀਆਂ ਹਨ ਤਾਂ ਆਪਣੇ-ਆਪ ਨੂੰ ਮਸ਼ੀਨਾਂ, ਪਸ਼ੂਆਂ ਵਾਂਗ ਕੰਮ ਕਰਕੇ ਰੋਟੀ ਨਸੀਬ ਹੁੰਦੀ ਹੈ। ਆਪਣਾ ਘਰ ਖਰੀਦਣਾ ਅਤੇ ਇਹਨੂੰ ਕਰਜ਼ ਮੁਕਤ ਕਰਨਾ ਸਾਲਾਂ ਨਹੀਂ, ਦਹਾਕਿਆਂ ਦੀ ਖੇਡ ਹੈ। ਬੰਦਾ ਕੰਮ ਹੈ ਅਤੇ ਕੰਮ ਬੰਦਾ ਹੈ। ਉੱਥੇ ਬਜ਼ੁਰਗਾਂ ਨੂੰ ਵੀ ਕੰਮ ਕਰਨਾ ਪੈਂਦਾ ਹੈ। ਜੇਕਰ ਉਹ ਨਿਕਾਰਾ ਹੋ ਜਾਂਦੇ ਹਨ, ਔਲਡ ਏਜ਼ ਹੋਮ ਉਹਨਾਂ ਨੂੰ ਉਡੀਕਦੇ ਹਨ। "ਪਿਛਲੀ ਉਮਰੇ ਫੇਰੀ ਮਾਲਾ ਰੱਬ ਦਾ ਉਲ੍ਹਾਂਭਾ ਲਾਹਿਆ" ਵਰਗੀ ਸਥਿਤੀ ਉੱਥੇ ਨਹੀਂ, ਸਿਵਾਏ ਜ਼ਿੰਦਗੀ ਦੇ ਝੋਰਿਆਂ ਤੋਂ। ਵਿਕਸਤ ਮੁਲਕਾਂ ਵਿੱਚ ਗਏ ਸਾਡੇ ਪੜ੍ਹਾਕੂ ਮਾਨਸਿਕ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਮਾਪੇ ਇੱਧਰ ਕਲਪਦੇ ਹਨ ਅਤੇ ਬੱਚੇ ਉਧਰ ਇਕਲਾਪੇ ਦਾ ਸੰਤਾਪ, ਪੜ੍ਹਾਈ, ਟੈਕਸਾਂ ਦੇ ਬੋਝ ਤੇ ਕੰਮ ਦੇ ਫਿਕਰ ਵਿੱਚ ਪ੍ਰੇਸ਼ਾਨੀਆਂ ਦਾ ਸ਼ਿਕਾਰ ਬਣ ਰਹੇ ਹਨ। ਆਪਣੇ-ਆਪ ਲਈ ਸਮਾਂ ਦੂਰ ਕਿਸੇ ਕੋਲ ਮਰਨ ਦਾ ਸਮਾਂ ਨਹੀਂ, ਜ਼ਰਾ ਕੁ ਸਾਹ ਲਿਆ ਤਾਂ ਅਗਲੇ ਦਿਨਾਂ ਦੀਆਂ ਪ੍ਰੇਸ਼ਾਨੀਆਂ ਵਧ ਜਾਂਦੀਆਂ ਹਨ। ਆਪਣੇ ਬੱਚਿਆਂ ਕੋਲ ਕੈਨੇਡਾ ਗਏ ਇੱਕ ਅੱਧਖੜ ਉਮਰ ਦੇ ਬੰਦੇ ਨੇ ਉਧਰ ਦੇ ਜੀਵਨ ਦੀਆਂ ਸਿਫਤਾਂ ਕਰਦਿਆਂ ਆਪਣੇ ਨਾਲ ਬੈਠੇ ਸੱਜਣ ਨੂੰ ਕਿਹਾ "ਇੱਧਰ ਬਹੁਤ ਵਧੀਆ ਹੈ, ਸਾਰੇ ਜੀਅ ਕੰਮ ਕਰਦੇ ਹਨ। ਉੱਧਰ ਪੰਜਾਬ ਵਿੱਚ ਤਾਂ ਹੋਰ-ਹੋਰ ਝਮੇਲੇ ਹੀ ਨਹੀਂ ਮੁੱਕਦੇ?" ਦੂਜਾ ਸੱਜਣ ਜਵਾਬ ਵਿੱਚ ਬੋਲਿਆ, "ਇੱਧਰ ਸਾਰੇ ਜੀਅ ਕੰਮ ਕਰਦੇ ਆ ਤਾਂ ਜਾ ਕੇ ਰੋਟੀ ਮਿਲਦੀ ਹੈ, ਉੱਧਰ ਇੱਕ ਕਮਾਉਂਦਾ ਹੈ ਅਤੇ ਪੰਜ ਜੀਅ ਖਾਂਦੇ ਹਨ, ਵਧੀਆ ਇੱਧਰ ਹੋਇਆ ਕਿ ਉਧਰ ਹੋਇਆ?" ਸਾਰਿਆਂ ਦੇ ਕੰਮ ਕਰਨਾ ਮਾੜੀ ਗੱਲ ਨਹੀਂ, ਪਰ ਜੇਕਰ ਇਧਰ ਸਾਰੇ ਕੰਮ ਕਰਨ ਤਾਂ ਨਤੀਜੇ ਉਧਰ ਨਾਲੋਂ ਵੀ ਚੰਗੇ ਨਿਕਲ ਸਕਦੇ ਹਨ। ਜੇਕਰ ਕੰਮ ਨਹੀਂ ਤਾਂ ਸਾਨੂੰ ਇਸ ਦੀ ਸਰਕਾਰਾਂ ਤੋਂ ਇਹ ਮੰਗ ਕਰਨੀ ਚਾਹੀਦੀ ਹੈ। ਸਾਨੂੰ ਸਰਕਾਰਾਂ ਨੂੰ ਇਹ ਸਵਾਲ ਕਰਨਾ ਚਾਹੀਦਾ ਸੀ ਕਿ ਜੇਕਰ ਜਿਹੜੀ ਪੜ੍ਹਾਈ ਸਾਡੇ ਰੋਜ਼ਗਾਰ ਤੇ ਨੌਕਰੀ ਦੀ ਜ਼ਾਮਨ ਨਹੀਂ ਬਣਦੀ ਤਾਂ ਇਸ ਨੂੰ ਬਦਲ ਦਿੱਤਾ ਜਾਣਾ ਚਾਹੀਦਾ ਹੈ। ਹੁਣ ਤੱਕ ਉਹਨਾਂ ਤਰਜੀਹਾਂ ਦੀ ਖੋਜ ਕਿਉਂ ਨਹੀਂ ਕੀਤੀ ਗਈ ਕਿ ਅਸੀਂ ਜ਼ਮਾਨੇ ਦੇ ਹਾਣ ਦਾ ਹੋਣ ਲਈ ਅਗਾਂਹਵਧੂ ਗਿਆਨ ਹਾਸਲ ਕਰੀਏ। ਅਸੀਂ ਅਜਿਹਾ ਵਿਦਿਅਕ ਢਾਂਚਾ ਤੇ ਸਾਧਨ ਕਿਉਂ ਨਹੀਂ ਪੈਦਾ ਕਰ ਸਕੇ, ਦੁਨੀਆ ਦੇ ਹੋਰ ਦੇਸ਼ ਸਾਡੇ ਤੋਂ ਸੋਝੀ ਲੈਣ ਇੱਥੇ ਆਉਣ। ਅਸੀਂ ਗਲੀਆਂ-ਨਾਲੀਆਂ, ਆਟੇ-ਦਾਲਾਂ ਤੇ ਸਸਤੀ ਬਿਜਲੀ ਲਈ ਕਿੰਨਾ ਕੁ ਚਿਰ ਵਿਕਦੇ ਰਹਾਂਗੇ?

ਸਰਕਾਰੀ ਦਫਤਰਾਂ ਵਿੱਚ ਫੈਲਿਆ ਭ੍ਰਿਸ਼ਟਾਚਾਰ, ਖੱਜਲ-ਖੁਆਰੀ, ਲੁੱਟਮਾਰ, ਕਤਲੋਗਾਰਤ, ਰਿਸ਼ਵਤਖੋਰੀ ਅਤੇ ਨਸ਼ਿਆਂ ਦੀ ਭਰਮਾਰ ਅਤੇ ਰਾਜਸੀ ਨੇਤਾਵਾਂ ਦੀਆਂ ਕੋਠੀਆਂ ਤੋਂ ਉਹਨਾਂ ਦੇ ਇਸ਼ਾਰਿਆਂ 'ਤੇ ਚਲਦੇ ਪ੍ਰਸ਼ਾਸਨ ਨਾਲ ਵੀ ਇਨਸਾਫ-ਪਸੰਦ ਲੋਕਾਂ ਦਾ ਪੰਜਾਬ ਤੋਂ ਮੋਹ ਭੰਗ ਹੋਇਆ ਹੈ। ਕਾਨੂੰਨ ਵਿਵਸਥਾ ਦੀ ਸਥਿਤੀ ਵਿੱਚ ਸੁਧਾਰ ਕਰਕੇ ਅਤੇ ਸਰਕਾਰੀ ਦਫਤਰਾਂ ਵਿੱਚ ਫੈਲੇ ਭ੍ਰਿਸ਼ਟਾਚਾਰ ਨੂੰ ਦੂਰ ਕਰਕੇ ਕਾਫੀ ਹੱਦ ਤੱਕ ਪੰਜਾਬ ਦੀ ਸਥਿਤੀ ਸੁਧਾਰੀ ਜਾ ਸਕਦੀ ਹੈ। ਪੰਜਾਬ ਵਿੱਚ ਟੂਰਿਜ਼ਮ ਨੂੰ ਉਤਸ਼ਾਹਿਤ ਕਰਨ ਲਈ ਵੱਡੇ ਯਤਨ ਕਰਨ ਦੀ ਵੀ ਵੱਡੀ ਲੋੜ ਹੈ। ਖੇਤੀਬਾੜੀ ਵਿੱਚ ਵੱਡੇ ਸੁਧਾਰ ਕਰਕੇ ਬਹੁਤ ਸਾਰਾ ਰੋਜ਼ਗਾਰ ਪੈਦਾ ਕੀਤਾ ਜਾ ਸਕਦਾ ਹੈ। ਜਿਵੇਂ ਇਸ ਕਣਕ ਦਾ ਭਾਅ ਕੁਝ ਸਟੇਟਾਂ ਵਿੱਚ ਇਸ ਸਮੇਂ 4000 ਤੋਂ ਵੀ ਉਪਰ ਹੋ ਗਿਆ ਹੈ, ਸਰਕਾਰ ਨੂੰ ਕਣਕ ਸਮੇਤ ਹੋਰ ਫਸਲਾਂ ਦੇ ਵੀ ਢੁੱਕਵੇਂ ਭਾਅ ਕਿਸਾਨਾਂ ਨੂੰ ਦੇਣੇ ਚਾਹੀਦੇ ਹਨ। ਲੋਕਾਂ ਨੂੰ ਵੱਧ ਤੋਂ ਵੱਧ ਰੋਜ਼ਗਾਰ ਦੇਣ ਲਈ ਸਰਕਾਰਾਂ ਨੂੰ ਵੱਡੇ ਪ੍ਰੋਗਰਾਮ ਬਣਾਉਣ ਤੇ ਇਹਨਾਂ ਲਈ ਲਗਾਤਾਰ ਕੰਮ ਕਰਨ ਦੀ ਲੋੜ ਹੈ। ਆਮ ਲੋਕਾਂ ਨੂੰ ਮੁਫਤ ਸਰਕਾਰੀ ਰਿਆਇਤਾਂ/ਖੈਰਾਂ ਨੇ ਲੋਕਾਂ ਨੂੰ ਕਿਰਤ ਸੱਭਿਆਚਾਰ ਤੋਂ ਤੋੜ ਦਿੱਤਾ ਹੈ, ਜਿਸ ਕਰਕੇ ਕਿਰਤ ਵਿਹੂਣੇ ਲੋਕ ਕਈ ਤਰ੍ਹਾਂ ਦੀਆਂ ਬੁਰਾਈਆਂ ਦੇ ਸ਼ਿਕਾਰ ਹੋ ਰਹੇ ਹਨ। ਮੁਫਤ ਆਟਾ-ਦਾਲ ਅਤੇ ਮੁਫਤ ਸਫਰ ਵਰਗੀਆਂ ਸਕੀਮਾਂ ਦੇਣ ਨਾਲੋਂ ਲੋਕਾਂ ਲਈ ਕਿਰਤ ਦੇ ਮੌਕੇ ਪੈਦਾ ਕਰਨੇ ਚਾਹੀਦੇ ਹਨ ਉਹਨਾਂ ਨੂੰ ਕਿਰਤ ਦੀ ਢੁੱਕਵੀਂ ਉਜਰਤ ਮਿਲਣੀ ਚਾਹੀਦੀ ਹੈ, ਜਿਸ ਨਾਲ ਇੱਥੇ ਕਿਰਤ ਸੱਭਿਆਚਾਰ ਪੈਦਾ ਕੀਤਾ ਜਾ ਸਕੇ। ਪੰਜਾਬੀਆਂ ਨੇ ਹੁਣ ਤੱਕ ਅਨੇਕਾਂ ਔਕੜਾਂ, ਮੁਸੀਬਤਾਂ, ਮੁਸ਼ਕਲਾਂ, ਸਮੱਸਿਆਵਾਂ ਨੂੰ ਆਪਣੇ ਤਨ 'ਤੇ ਜ਼ਰਿਆ। ਮੁਸ਼ਕਲ ਤੋਂ ਮੁਸ਼ਕਲ ਹਾਲਾਤ ਵਿੱਚੋਂ ਵੀ ਪੰਜਾਬੀ ਜੇਤੂ ਹੋ ਕੇ ਉੱਭਰੇ। ਹੁਣ ਦਾ ਪੰਜਾਬ ਵੀ ਵੱਸਦਾ ਰਹੇਗਾ। ਉੱਝੜੇਗਾ ਨਹੀਂ, ਇਹਦੇ ਪੁੱਤਰਾਂ-ਧੀਆਂ ਨੂੰ ਆਪਣੇ ਸੰਕਟਾਂ ਦੀ ਸਮਝ ਆਵੇਗੀ ਤੇ ਇਹ ਮੁੜ ਪੰਜਾਬ ਨੂੰ ਪੈਰਾਂ ਸਿਰ ਕਰਨ ਲਈ ਯਤਨਸ਼ੀਲ ਹੋਣਗੇ।

**# ਸੰਪਰਕ : 98550-51099**

# ਨਹੀਂ ਭੁੱਲਦੀਆਂ ਨਾਨਕੇ ਪਿੰਡ ਦੀਆਂ ਯਾਦਾਂ


ਹਰਵਿੰਦਰ ਸਿੰਘ ਪੰਮੀ ਦਿੱਲੋਂ

ਹਰ ਕਿਸੇ ਇਨਸਾਨ ਦੀ ਜ਼ਿੰਦਗੀ ਵਿੱਚ ਨਾਨਕਾ ਪਿੰਡ ਦੀ ਖਾਸ ਅਹਿਮੀਅਤ ਹੁੰਦੀ ਹੈ। ਨਾਨਕਾ ਪਿੰਡ ਵਿੱਚ ਬਿਤਾਏ ਬਚਪਨ ਦੇ ਹੁਸੀਨ ਪਲ ਯਾਦਾਂ ਦਾ ਅਮੁੱਲ ਸਰਮਾਇਆ ਹੋ ਨਿਬੜਦੇ ਹਨ। ਇਹ ਜ਼ਿੰਦਗੀ ਦਾ ਉਹ ਸਮਾਂ ਹੁੰਦਾ ਹੈ, ਜਿਸ ਉਮਰੇ ਮਿੱਤਰ ਹੈਸੀਅਤ, ਪੈਸਾ ਜਾਂ ਰੁਤਬਾ ਦੇਖ ਕੇ ਨਹੀਂ ਬਣਾਏ ਜਾਂਦੇ। ਯਾਰਾਂ ਨੂੰ ਪੈਸੇ ਦੀ ਤੱਕੜੀ ਵਿੱਚ ਤੋਲ ਕੇ ਨਹੀਂ ਦੇਖਿਆ-ਪਰਖਿਆ ਜਾਂਦਾ। ਵੈਸੇ ਪੰਜਾਬੀ ਸੱਭਿਆਚਾਰ ਵਿੱਚ ਨਾਨਕਿਆਂ ਦੇ ਸਾਕ ਨੂੰ ਤਿੰਨ ਪੀੜ੍ਹੀਆਂ ਦਾ ਸਾਕ ਗਿਣਿਆ ਜਾਂਦਾ ਹੈ। ਕਿਸੇ ਵੀ ਪਰਵਾਰ ਦੀਆਂ ਜੜ੍ਹਾਂ ਨਾਨਕਾ ਪਰਵਾਰ ਨਾਲ ਹੀ ਜੁੜੀਆਂ ਹੁੰਦੀਆਂ ਹਨ। ਨਾਨਕਿਆਂ ਦਾ ਮਿਲਿਆ ਲਾਡ-ਪਿਆਰ ਪੂਰੀ ਉਮਰ ਨਹੀਂ ਭੁੱਲਦਾ।

ਮੇਰਾ ਨਾਨਕਾ ਪਿੰਡ ਮਾਝੇ, ਮਾਲਵੇ ਜਾਂ ਦੁਆਬੇ ਦਾ ਕੋਈ ਘੁੱਗ ਵਸਦਾ ਪਿੰਡ ਨਹੀਂ, ਸਗੋਂ ਕੰਢੀ ਖਿੱਤੇ ਦੇ ਉੱਪ-ਖੇਤਰ ਬੀਤ ਇਲਾਕੇ ਦੀਆਂ ਰਮਣੀਕ ਵਾਦੀਆਂ ਵਿੱਚ ਵਸਿਆ ਹੋਇਆ ਬਹੁਤ ਹੀ ਪਿਆਰਾ ਪਿੰਡ ਹੈ ਸ੍ਰੀ ਖੁਰਾਲਗੜ੍ਹ ਸਾਹਿਬ। ਪਹਿਲਾਂ ਇਸ ਪਿੰਡ ਦਾ ਨਾਂਅ ਖੁਰਾਲੀ ਹੁੰਦਾ ਸੀ, ਪਰ ਸ੍ਰੀ ਗੁਰੂ ਰਵਿਦਾਸ ਜੀ ਦੀ ਚਰਨ ਛੋਹ ਪ੍ਰਾਪਤ ਹੋਣ ਕਾਰਨ ਇਹ ਪਿੰਡ ਦੁਨੀਆ ਦੇ ਨਕਸ਼ੇ 'ਤੇ ਉੱਭਰਿਆ ਹੋਇਆ ਹੈ। ਮੇਰਾ ਨਾਨਕਾ ਸ੍ਰੀ ਖੁਰਾਲਗੜ੍ਹ ਸਾਹਿਬ ਅਤੇ ਦਾਦਕਾ ਪਿੰਡ ਢਿੱਲਵਾਂ ਇੱਕੋ-ਜਿਹੀ ਭੂਗੋਲਿਕ ਸਥਿਤੀ ਵਾਲੇ ਇਲਾਕਿਆਂ ਵਿੱਚ ਪੈਂਦੇ ਹਨ। ਨਾਂਅ ਵੀ ਦੋਹਾਂ ਇਲਾਕਿਆਂ ਦਾ ਇੱਕੋ ਹੀ ਹੀ ਹੈ - ਬੀਤ। ਹੁੰਮ ਦੀ ਖੱਡ ਦੋਹਾਂ ਵਿਚਕਾਰ ਲਕੀਰ ਖਿੱਚਦੀ ਹੈ। ਨਾਨਕਿਆਂ ਵਾਲ਼ਾ ਬੀਤ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਹੈ ਅਤੇ ਦਾਦਕਿਆਂ ਵਾਲ਼ਾ ਬੀਤ ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਊਨਾ ਵਿੱਚ ਪੈਂਦਾ ਹੈ। ਹਿਮਾਚਲ ਵਾਲੇ ਅਤੇ ਪੰਜਾਬ ਵਾਲ਼ੇ ਇੱਕ-ਦੂਜੇ ਨੂੰ ਪਾਰਲਾ ਬੀਤ ਕਹਿ ਕੇ ਪੁਕਾਰਦੇ ਹਨ। ਪਾਰਲਾ ਭਾਵ ਖੱਡ ਤੋਂ ਦੂਜੇ ਪਾਸੇ ਦਾ ਇਲਾਕਾ। ਦੋਵੇਂ ਇੱਕ-ਦੂਜੇ ਦੇ ਪੂਰਕ, ਸਾਂਝੀਆਂ ਰਿਸ਼ਤੇਦਾਰੀਆਂ, ਸਾਂਝੀ ਬੋਲੀ, ਸਾਂਝਾ ਸੱਭਿਆਚਾਰ।

ਬਚਪਨ ਦੇ ਦਿਨਾਂ ਵਿੱਚ ਹਿਮਾਚਲ ਪ੍ਰਦੇਸ਼ ਦੇ ਸਕੂਲਾਂ ਵਿੱਚ ਗਰਮੀਆਂ ਦੀਆਂ ਛੁੱਟੀਆਂ ਦੋ ਮਹੀਨੇ ਦੀਆਂ ਹੁੰਦੀਆਂ ਸਨ। ਉਹਨਾਂ ਦਿਨਾਂ ਵਿੱਚ ਨਾਨਕਿਆਂ ਤੋਂ ਬਿਨਾਂ ਕਿਸੇ ਹੋਰ ਟੂਰ ਦੀ ਕਲਪਨਾ ਵੀ ਨਹੀਂ ਸੀ ਕੀਤੀ ਜਾ ਸਕਦੀ। ਇਹਨਾਂ ਛੁੱਟੀਆਂ ਦਾ ਬੇਸਬਰੀ ਨਾਲ਼ ਇੰਤਜ਼ਾਰ ਰਹਿੰਦਾ ਸੀ। ਛੁੱਟੀਆਂ ਖਤਮ ਹੁੰਦੇ ਸਾਰ ਅਗਲੇ ਸਾਲ ਦੀਆਂ ਛੁੱਟੀਆਂ ਦੀ ਉਡੀਕ ਕਰਨ ਲੱਗ ਪੈਂਦੇ। ਉਹਨਾਂ ਦਿਨਾਂ ਵਿੱਚ ਆਵਾਜਾਈ ਦਾ ਨਿੱਜੀ ਸਾਧਨ ਹੋਣਾ ਸੋਚ ਤੋਂ ਪਰੇ ਦੀਆਂ ਗੱਲਾਂ ਸਨ। ਨਾਨਕੇ ਪਹੁੰਚਣ ਦਾ ਇੱਕ-ਮਾਤਰ ਸਾਧਨ ਹਿਮਾਚਲ ਪੱਥ ਪਰਵਹਿਨ ਨਿਗਮ ਊਨਾ ਡਿਪੂ ਦੀ ਹਰਵਾਂ-ਨੈਣਵਾਂ ਵਾਲ਼ੀ ਬੱਸ ਹੁੰਦੀ ਸੀ। ਫੱਟਾ ਭਾਵੇਂ ਇਸ ਦੇ ਮੂਹਰੇ ਹਰਵਾਂ-ਨੈਣਵਾਂ ਦਾ ਲੱਗਾ ਹੁੰਦਾ ਸੀ, ਪਰ ਇਹ ਦੁਪਹਿਰ ਡੇਢ ਵਜੇ ਅਚਲਪੁਰ ਤੋਂ ਵਾਪਸੀ ਊਨਾ ਲਈ ਰਵਾਨਾ ਹੋ ਜਾਂਦੀ ਸੀ। ਬੱਸ ਉੱਤਰ ਕੇ ਚਾਰ ਕਿਲੋਮੀਟਰ ਅਚਲਪੁਰ ਅਤੇ ਸ੍ਰੀ ਖੁਰਾਲਗੜ੍ਹ ਸਾਹਿਬ ਦਰਮਿਆਨ ਡੂੰਘੀ ਖੱਡ ਪਾਰ ਕਰਨ ਉਪਰੰਤ ਸਿਖਰ ਦੁਪਹਿਰੇ ਨਾਨਕੀ ਪਿੰਡ ਪਹੁੰਚਦੇ। ਚਾਅ-ਚਾਅ ਵਿੱਚ ਨਾ ਗਰਮੀ, ਨਾ ਅਕੇਵਾਂ, ਨਾ ਥਕੇਵਾਂ। ਖੱਡ ਦੀ ਚੜ੍ਹਾਈ ਚੜ੍ਹ ਕੇ ਟਿੱਬਿਆਂ ਕੋਲੋਂ ਨਾਨਕਾ ਪਿੰਡ ਦੇ ਘਰਾਂ ਦੀ ਪਹਿਲੀ ਝਲਕ ਤਿੱਖੜ ਦੁਪਹਿਰ ਵਿੱਚ ਵੀ ਹਵਾ ਦੇ ਠੰਢੇ ਬੁੱਲ੍ਹੇ ਵਰਗਾ ਅਹਿਸਾਸ ਕਰਵਾ ਜਾਂਦੀ। ਨਾਨਕਾ ਪਿੰਡ ਦੀ ਜ਼ਮੀਨ 'ਤੇ ਪੈਰ ਰੱਖਦਿਆਂ ਸਭ ਕੁੱਝ ਆਪਣਾ-ਆਪਣਾ ਲਗਦਾ। ਮੱਕੀ ਦੀ ਫਸਲ ਬੀਜਣ ਲਈ ਬਲਦਾਂ ਨਾਲ ਵਾਹੁਣ ਉਪਰੰਤ ਚੁਗ-ਸੁਆਰ ਕੇ ਤਿਆਰ ਕੀਤੇ ਖੇਤ ਜੱਟ ਦਾ ਆਰਟ ਪ੍ਰਤੀਤ ਹੁੰਦੇ।

ਨਾਨੀ ਸ਼ਾਮ ਵੇਲੇ ਛੇ ਤੋਂ ਸਾਢੇ ਛੇ ਵਜੇ ਦਰਮਿਆਨ ਲਾਲੀ ਦੀ ਭਾਅ ਮਾਰਦਾ ਸਾਰੇ ਦਿਨ ਦਾ ਕੜ੍ਹਿਆ ਦੁੱਧ ਪਰੋਸਦੀ ਅਤੇ ਕੋਲ਼ ਬੈਠ ਕੇ ਪੀਣ ਲਈ ਪਿਆਰ ਭਰੀ ਘੁਰਕੀ ਵੀ ਮਾਰਦੀ। ਸਵੇਰੇ ਚਾਟੀ ਦੀ ਹਲਕੇ ਲਾਲ ਰੰਗ ਦੀ ਲੱਸੀ, ਮੱਖਣ ਵਾਲਾ ਛਾਹ ਵੇਲਾ ਅੱਜ ਵੀ ਯਾਦਾਂ ਦੀ ਪਿਟਾਰੀ ਦਾ ਹਿੱਸਾ ਬਣਿਆ ਹੋਇਆ ਹੈ। ਨਾਨਕੇ ਪਿੰਡ ਦੀ ਜ਼ਮੀਨ ਠੋਡ, ਨਿੰਬਰ, ਅਰਨੀਵਾਲ, ਚੌੜਾਂ, ਖੋਬ੍ਰਗੀ, ਚਾਰੀਆਣ, ਗੋਰੀਆਣ, ਬਹਿਲੀ ਦੇ ਖੇਤਾਂ ਵਿੱਚ ਅੱਜ ਵੀ ਮਨ ਉਡਾਰੀ ਮਾਰ ਕੇ ਪਹੁੰਚ ਜਾਂਦਾ ਹੈ।

ਛੁੱਟੀਆਂ ਖਤਮ ਹੋਣ ਉਪਰੰਤ ਪਿੰਡ ਵਾਪਸੀ ਦਾ ਵੇਲਾ ਮੇਰੇ ਲਈ ਨਵੀਂ ਵਿਆਂਦੜ ਦਾ ਸਹੁਰਿਆਂ ਨੂੰ ਵਿਦਾਈ ਵੇਲੇ ਦੇ ਮਹੌਲ ਵਰਗਾ ਹੁੰਦਾ ਸੀ। ਅੱਖਾਂ ਸਿੱਲੀਆਂ ਹੋ ਜਾਂਦੀਆਂ। ਪੈਰ ਬੋਝਲ ਜਿਹੇ ਜਾਪਣ ਲੱਗ ਪੈਂਦੇ। ਤੁਰਨ ਵੇਲੇ ਨਾਨੀ ਵੱਲੋਂ ਮੁੱਠ ਵਿੱਚ ਘੁੱਟ ਕੇ ਫੜਾਏ ਪੈਸੇ ਸਕੂਲ ਦੀ ਅੱਧੀ ਛੁੱਟੀ ਵੇਲੇ ਖਰਚਦਿਆਂ ਕਈ ਦਿਨ ਲੰਘ ਜਾਂਦੇ। ਸਮਾਂ ਪਰਿਵਰਤਨਸ਼ੀਲ ਹੈ। ਜਦੋਂ ਨਾਨਕਾ ਪਿੰਡ ਪਹਿਲੀ ਵਾਰ ਬੱਸ ਆਈ ਤਾਂ ਲੋਕਾਂ ਨੇ ਖੁਸ਼ੀ ਮਨਾਈ, ਜਿਵੇਂ ਚੰਦਰਯਾਨ ਨੇ ਚੰਦਰਮਾ 'ਤੇ ਲੈਂਡ ਕੀਤਾ ਹੋਵੇ। ਹੁਣ ਤਾਂ ਬਹੁਤ ਕੁੱਝ ਬਦਲ ਗਿਆ ਹੈ। ਇਸ ਬਦਲਾਅ ਦੀ ਹਨੇਰੀ ਵਿੱਚ ਜੇ ਕੁੱਝ ਨਹੀਂ ਬਦਲਿਆ ਹੈ, ਉਹ ਹੈ ਮੇਰੀ ਨਾਨਕਾ ਪਿੰਡ ਪ੍ਰਤੀ ਖਿੱਚ। ਦੇਸ਼-ਵਿਦੇਸ਼ ਦੀਆਂ ਕਾਫੀ ਥਾਵਾਂ ਗਾਹ ਮਾਰੀਆਂ ਹਨ, ਪਰ ਨਾਨਕਾ ਪਿੰਡ ਦੇ ਰਸਤੇ ਅੱਜ ਵੀ ਮਨ ਵਿੱਚ ਖਿੱਚ ਪਾਉਂਦੇ ਹਨ। ਪਦਾਰਥਵਾਦੀ ਇਸ ਯੁੱਗ ਵਿੱਚ ਸਭ ਕੁੱਝ ਬਦਲ ਗਿਆ ਹੈ। ਸ਼ਾਇਦ ਮੈਂ ਵੀ ਇਸ ਤੋਂ ਅਣਭਿੱਜ ਨਾ ਰਿਹਾ ਹੋਵਾਂ।

**# ਸੰਪਰਕ : +9194550-87277**

# ਦੇਸ਼ ਤੇ ਲੋਕ ਹਿੱਤਾਂ ਲਈ ਭਾਜਪਾ ਨੂੰ ਤੀਜੀ ਵਾਰ ਸੱਤਾ ਤੋਂ ਰੋਕਣਾ ਜ਼ਰੂਰੀ

ਬਲਵਿੰਦਰ ਸਿੰਘ ਭੁੱਲਰ

ਲੋਕ ਸਭਾ ਚੋਣਾਂ ਨੇੜੇ ਆਉਣ 'ਤੇ ਰਾਜ ਕਰਦੀ ਪਾਰਟੀ ਦੀ ਹਮੇਸ਼ਾ ਚਿੰਤਾ ਵਧ ਜਾਂਦੀ ਹੈ, ਕਿਉਂਕਿ ਉਸ ਨੂੰ ਖਦਸ਼ਾ ਹੁੰਦਾ ਹੈ ਕਿ ਸਰਕਾਰ ਵੱਲੋਂ ਆਮ ਲੋਕਾਂ ਨੂੰ ਸੁੱਖ-ਸਹੂਲਤਾਂ ਨਾ ਦਿੱਤੀਆਂ ਜਾ ਸਕਣ ਅਤੇ ਇਨਸਾਫ਼ ਨਾ ਦਿੱਤੇ ਜਾਣ ਸਦਕਾ ਆਮ ਲੋਕ ਉਸ ਦੇ ਵਿਰੁੱਧ ਵੋਟ ਦਾ ਇਸਤੇਮਾਲ ਕਰਕੇ ਸੱਤਾ ਤੋਂ ਲਾਂਭੇ ਨਾ ਕਰ ਦੇਣ। ਦੂਜੇ ਪਾਸੇ ਵਿਰੋਧੀ ਪਾਰਟੀਆਂ ਹੌਸਲੇ ਵਿੱਚ ਹੁੰਦੀਆਂ ਹਨ, ਕਿਉਂਕਿ ਉਹਨਾਂ ਨੂੰ ਉਮੀਦ ਹੁੰਦੀ ਹੈ ਕਿ ਉਹ ਬੇਇਨਸਾਫੀਆਂ ਦੇ ਆਧਾਰ 'ਤੇ ਲੋਕਾਂ ਨੂੰ ਲਾਮਬੰਦ ਕਰਕੇ ਵੋਟਾਂ ਹਾਸਲ ਕਰ ਲੈਣਗੇ। ਲੋਕ ਸਭਾ ਚੋਣਾਂ ਵਿੱਚ ਕੁੱਝ ਮਹੀਨਿਆਂ ਦਾ ਸਮਾਂ ਹੀ ਰਹਿ ਗਿਆ ਹੈ, ਪਰ ਇਸ ਵਾਰ ਰੁਝਾਨ ਪਹਿਲਾਂ ਨਾਲੋਂ ਵੱਖਰਾ ਦਿਖਾਈ ਦਿੰਦਾ ਹੈ। ਭਾਜਪਾ ਪੂਰੇ ਹੌਸਲੇ ਵਿੱਚ ਹੈ ਕਿ ਉਹ ਤੀਜੀ ਵਾਰ ਸ਼ਾਨ ਨਾਲ ਸੱਤਾ ਹਾਸਲ ਕਰੇਗੀ। ਵਿਰੋਧੀ ਪਾਰਟੀਆਂ ਚਿੰਤਾ ਵਿੱਚ ਹਨ ਕਿ ਇਸ ਫਿਰਕੂ ਤੇ ਤਾਨਾਸ਼ਾਹੀ ਰਵੱਈਏ ਵਾਲੀ ਪਾਰਟੀ ਨੂੰ ਸੱਤਾ ਤੋਂ ਲਾਂਭੇ ਕਿਵੇਂ ਕੀਤਾ ਜਾਵੇ? ਸੁਆਲ ਉੱਠਦਾ ਹੈ ਕਿ ਇਸ ਵਾਰ ਅਜਿਹਾ ਕਿਉਂ ਹੈ?

ਕੇਂਦਰ ਵਿੱਚ ਦੋ ਵਾਰ ਸੱਤਾ 'ਤੇ ਰਹੀ ਭਾਜਪਾ ਨੇ ਕੋਈ ਵਿਸ਼ੇਸ਼ ਕ੍ਰਿਸ਼ਮਾ ਨਹੀਂ ਕਰ ਵਿਖਾਇਆ, ਫਿਰ ਵੀ ਲੋਕ ਉਸ ਨੂੰ ਵੋਟਾਂ ਪਾਉਣਗੇ। ਸਗੋਂ ਉਸ ਨੇ ਕਾਰਪੋਰੇਟ ਘਰਾਣਿਆਂ ਦਾ ਪੱਖ ਪੂਰਿਆ ਹੈ, ਉਹਨਾਂ ਦੀ ਆਮਦਨ ਤੇ ਜਾਇਦਾਦ ਵਿੱਚ ਚੋਖਾ ਵਾਧਾ ਕੀਤਾ ਹੈ। ਦੇਸ਼ ਵਿੱਚ ਮਹਿੰਗਾਈ ਵਧੀ ਹੈ, ਜਿਸ ਨੇ ਲੋਕਾਂ ਦਾ ਜਿਉਣਾ ਦੁੱਭਰ ਕੀਤਾ ਹੋਇਆ ਹੈ। ਬੇਰੁਜ਼ਗਾਰੀ ਤੇ ਭ੍ਰਿਸ਼ਟਾਚਾਰ ਨੇ ਪਿਛਲੇ ਸਾਰੇ ਰਿਕਾਰਡ ਮਾਤ ਪਾ ਦਿੱਤੇ ਹਨ। ਭਾਜਪਾ ਸਰਕਾਰ ਦਾ ਰਵੱਈਆ ਤਾਨਾਸ਼ਾਹਾਂ ਵਾਲਾ ਰਿਹਾ ਹੈ, ਸੰਵਿਧਾਨ ਦੀ ਕੋਈ ਪਰਵਾਹ ਨਹੀਂ ਕੀਤੀ ਜਾ ਰਹੀ। ਸੰਵਿਧਾਨ ਨੂੰ ਤੋੜਨ ਦੇ ਯਤਨ ਲਗਾਤਾਰ ਜਾਰੀ ਹਨ। ਅਦਾਲਤਾਂ ਵਿੱਚ ਦਖ਼ਲ-ਅੰਦਾਜ਼ੀ ਕੀਤੀ ਜਾ ਰਹੀ ਹੈ। ਸੰਸਦ ਵਿੱਚੋਂ ਵਿਰੋਧੀ ਧਿਰਾਂ ਦੇ ਮੈਂਬਰਾਂ ਨੂੰ ਬਾਹਰ ਕਰਕੇ ਮਨਮਰਜ਼ੀ ਦੇ ਬਿੱਲ ਪਾਸ ਕੀਤੇ ਜਾ ਰਹੇ ਹਨ। ਵਿਰੋਧੀ ਧਿਰ ਦਾ ਕੋਈ ਅਸਰ ਨਹੀਂ ਰਹਿਣ ਦਿੱਤਾ। ਦੁਨੀਆ ਭਰ ਵਿੱਚ ਹੋ ਰਹੀ ਬਦਨਾਮੀ ਨੂੰ ਬੜੀ ਬੇਸ਼ਰਮੀ ਨਾਲ ਹੱਸ ਕੇ ਅੱਖੋਂ-ਪਰੋਖੇ ਕੀਤਾ ਜਾ ਰਿਹਾ ਹੈ, ਪਰ ਫੇਰ ਵੀ ਭਾਜਪਾ ਹੌਸਲੇ ਵਿੱਚ ਹੈ ਕਿ ਆਉਣ ਵਾਲੀਆਂ ਚੋਣਾਂ ਵਿੱਚ ਉਹ ਸ਼ਾਨਦਾਰ ਜਿੱਤ ਹਾਸਲ ਕਰੇਗੀ।

ਵਿਚਾਰ ਕਰੀਏ ਤਾਂ ਇਸ ਦਾ ਕਾਰਨ ਹੈ ਕਿ ਭਾਜਪਾ ਹਿੰਦੂ ਪੱਤਾ ਖੇਡਣ ਵਿੱਚ ਸਫ਼ਲ ਹੈ। ਉਸ ਨੇ ਹਿੰਦੂਤਵੀ ਏਜੰਡਾ ਲਾਗੂ ਕਰਕੇ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੀ ਗੱਲ ਭਾਰਤ ਦੇ ਹਿੰਦੂ ਲੋਕਾਂ ਦੇ ਦਿਮਾਗ ਵਿੱਚ ਇਸ ਕਦਰ ਵਾੜ ਦਿੱਤੀ ਹੈ ਕਿ ਉਹਨਾਂ ਨੂੰ ਹੋਰ ਕਿਸੇ ਮੁੱਦੇ, ਇਨਸਾਫ਼, ਸਹੂਲਤਾਂ ਆਦਿ ਦੀ ਕੋਈ ਸੋਝੀ ਹੀ ਨਹੀਂ ਰਹੀ। ਪਹਿਲਾਂ ਵੀ ਦੋ ਵਾਰ ਅਜਿਹਾ ਹਿੰਦੂ ਪੱਤਾ ਖੇਡਿਆ ਕਿ ਉਸ ਨੇ ਸੱਤਾ ਹਾਸਲ ਕਰ ਲਈ ਅਤੇ ਫੇਰ ਆਪਣੇ ਰਾਜ ਦੌਰਾਨ ਉਸ ਨੇ ਹੋਰ ਧਰਮਾਂ, ਧਰਮ ਆਧਾਰਤ ਪਾਰਟੀਆਂ ਜਾਂ ਧਰਮ ਨਿਰਪੱਖਤਾ ਨੂੰ ਪੂਰੀ ਤਰ੍ਹਾਂ ਕਮਜ਼ੋਰ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। ਹੁਣ ਤਾਂ ਇਹ ਸੱਤਾਧਾਰੀ ਇਸ ਤੋਂ ਵੀ ਅੱਗੇ ਲੰਘ ਗਏ ਹਨ ਕਿ ਉਹ ਹਿੰਦੂ ਧਰਮ ਤੋਂ ਵੀ ਆਪਣੇ-ਆਪ ਨੂੰ ਉੱਚ ਦਰਜੇ ਦੇ ਸਮਝਣ ਲੱਗ ਪਏ ਹਨ। ਇਸ ਦਾ ਪਰਤੱਖ ਰੂਪ ਅਯੁੱਧਿਆ 'ਚ ਸਥਾਪਤ ਰਾਮ ਮੰਦਰ ਦੇ ਉਦਘਾਟਨੀ ਸਮਾਗਮ ਸਮੇਂ ਦਿਖਾਈ ਦਿੱਤਾ। ਮੰਦਰ ਮੁਕੰਮਲ ਨਾ ਹੋਣ ਦੀ ਸੂਰਤ ਵਿੱਚ ਹਿੰਦੂ ਧਰਮ ਦੇ ਮਹਾਂ ਮਹਾਂ ਸੰਕਰਾਚਾਰੀਆਂ ਵੱਲੋਂ ਪਰੰਪਰਾ ਦੇ ਉਲਟ ਕਹਿੰਦਿਆਂ ਰੋਕਣ ਦੇ ਬਾਵਜੂਦ ਰਾਜਨੀਤੀ ਲਾਹਾ ਲੈਣ ਲਈ ਸੱਤਾਧਾਰੀਆਂ ਨੇ ਉਦਘਾਟਨ ਕੀਤਾ ਤੇ ਸੰਕਰਾਚਾਰੀ ਸਿਰ ਸੁੱਟ ਕੇ ਬੈਠੇ ਦੇਖਦੇ ਰਹੇ।

ਭਾਜਪਾ ਨੇ ਆਪਣੇ ਸ਼ਾਸਨ ਦੌਰਾਨ ਅਦਾਲਤਾਂ ਨੂੰ ਵੀ ਟਿੱਚ ਸਮਝਿਆ ਹੈ। ਜਿਸ ਅਪਰਾਧੀ ਤੋਂ ਵੀ ਉਸ ਨੂੰ ਲਾਭ ਮਿਲਣ ਦੀ ਉਮੀਦ ਹੋਵੇ, ਉਸ ਦੇ ਗੁਨਾਹਾਂ ਨੂੰ ਅੱਖੋਂ ਓਹਲੇ ਕਰਦਿਆਂ ਅਦਾਲਤਾਂ ਤੋਂ ਉੱਪਰ ਸਮਝ ਕੇ ਉਸ ਨੂੰ ਜੇਲ੍ਹੋਂ ਬਾਹਰ ਜਾਣ ਦੀ ਇਜਾਜ਼ਤ ਦਿੱਤੀ ਜਾਂਦੀ ਹੈ। ਮਿਸਾਲ ਵਜੋਂ ਡੇਰਾ ਸੱਚਾ ਸੌਦਾ ਦੇ ਮੁਖੀ ਰਾਮ ਰਹੀਮ ਗੁਰਮੀਤ ਸਿੰਘ ਨੂੰ ਬਲਾਤਕਾਰ ਤੇ ਕਤਲ ਕੇਸਾਂ ਵਿੱਚ ਅਦਾਲਤ ਨੇ ਸਜ਼ਾਵਾਂ ਦਿੱਤੀਆਂ ਹਨ, ਪਰ ਕੇਂਦਰ ਤੇ ਹਰਿਆਣਾ ਵਿੱਚ ਭਾਜਪਾ ਦੀ ਸਰਕਾਰ ਹੋਣ ਸਦਕਾ ਜਦੋਂ ਵੀ ਉਹ ਬਾਹਰ ਆਉਣ ਲਈ ਅਰਜ਼ੀ ਦਿੰਦਾ ਹੈ, ਉਸ ਨੂੰ ਪ੍ਰਵਾਨਗੀ ਦੇ ਦਿੱਤੀ ਜਾਂਦੀ ਹੈ। ਉਸ ਤੋਂ ਘੱਟ ਅਪਰਾਧ ਕਰਨ ਵਾਲੇ ਵਿਅਕਤੀ ਜੇਲ੍ਹਾਂ ਵਿੱਚ ਰੁਲ ਰਹੇ ਹਨ, ਉਹਨਾਂ ਦੀ ਕੋਈ ਸੁਣਵਾਈ ਨਹੀਂ। ਇਸ ਦਾ ਅਸਲ ਕਾਰਨ ਤਾਂ ਡੇਰੇ ਨਾਲ ਸੰਬੰਧਤ ਪ੍ਰੇਮੀਆਂ ਦੀਆਂ ਵੋਟਾਂ ਹਾਸਲ ਕਰਨਾ ਹੀ ਹੈ। ਇਸੇ ਤਰ੍ਹਾਂ ਬਿਲਕਿਸ ਮਾਮਲੇ ਨਾਲ ਸਬੰਧਤ ਅਪਰਾਧੀਆਂ ਨੂੰ ਸੰਵਿਧਾਨ ਦੀਆਂ ਧੱਜੀਆਂ ਉਡਾਉਂਦਿਆਂ ਜੇਲ੍ਹ 'ਚੋਂ ਛੱਡ ਦਿੱਤਾ ਸੀ, ਅਪਰਾਧ ਹੋਰ ਸੂਬੇ ਵਿੱਚ ਕੀਤਾ, ਪਰ ਸਜ਼ਾ ਮੁਆਫ਼ੀ ਹੋਰ ਸੂਬੇ ਨੇ ਕਰਕੇ ਉਹਨਾਂ ਨੂੰ ਰਿਹਾਅ ਕਰ ਦਿੱਤਾ, ਇੱਥੇ ਹੀ ਬਸ ਨਹੀਂ, ਜੇਲ੍ਹ ਤੋਂ ਬਾਹਰ ਆਉਣ 'ਤੇ ਉਹਨਾਂ ਨੂੰ ਸਨਮਾਨਿਤ ਵੀ ਕੀਤਾ। ਇਹ ਤਾਂ ਬੀਬੀ ਬਿਲਕਿਸ ਹੀ ਵੱਡੇ ਜਿਗਰੇ ਵਾਲੀ ਔਰਤ ਹੈ, ਜਿਸ ਨੇ ਕਾਨੂੰਨੀ ਲੜਾਈ ਲੜ ਕੇ ਦੋਸ਼ੀਆਂ ਨੂੰ ਮੁੜ ਅੰਦਰ ਭੇਜ ਕੇ ਸਾਹ ਲਿਆ। ਇਹਨਾਂ ਅਪਰਾਧੀਆਂ ਦੀ ਰਿਹਾਈ ਵੀ ਹਿੰਦੂ ਵੋਟਾਂ ਨੂੰ ਪ੍ਰਭਾਵਿਤ ਕਰਨ ਲਈ ਹੀ ਕਰਵਾਈ ਗਈ ਸੀ।

ਇਹ ਕੰਮ ਲੋਕਰਾਜੀ ਸਰਕਾਰਾਂ ਵਾਲੇ ਨਹੀਂ ਹਨ, ਬਲਕਿ ਤਾਨਾਸ਼ਾਹਾਂ ਵਾਲੇ ਹਨ। ਇੱਥੇ ਹੀ ਬੱਸ ਨਹੀਂ, ਭਾਜਪਾ ਆਪਣੀ ਇਸ ਡਿਕਟੇਟਰਸ਼ਾਹੀ ਸੋਚ ਅਪਣਾਉਂਦਿਆਂ ਵਿਰੋਧੀ ਆਵਾਜ਼ ਨੂੰ ਦਬਾਅ ਰਹੀ ਹੈ। ਵਿਰੋਧੀ ਆਵਾਜ਼ ਭਾਵੇਂ ਸੰਸਦ ਦੇ ਅੰਦਰ ਹੋਵੇ ਜਾਂ ਬਾਹਰ, ਪ੍ਰੈੱਸ ਜਾਂ ਬੁੱਧੀਜੀਵੀਆਂ ਵੱਲੋਂ ਉਠਾਈ ਜਾਂਦੀ ਹੋਵੇ। ਸਭ ਨੂੰ ਦਬਾਉਣ ਲਈ ਝੂਠੇ ਮੁਕੱਦਮਿਆਂ ਵਿੱਚ ਫਸਾਇਆ ਜਾਂਦਾ ਹੈ, ਜੇਲ੍ਹਾਂ ਵਿੱਚ ਤੁੰਨਿਆ ਜਾਂਦਾ ਹੈ। ਈ ਡੀ ਰਾਹੀਂ ਵਿਰੋਧੀ ਪਾਰਟੀ ਦੇ ਤਾਂ ਮੁੱਖ ਮੰਤਰੀ ਹੇਮੰਤ ਸਰੇਨ ਨੂੰ ਵੀ ਗ੍ਰਿਫਤਾਰ ਕਰਕੇ ਜ਼ਲੀਲ ਕੀਤਾ ਜਾ ਰਿਹਾ ਹੈ। ਇਸ ਤੋਂ ਅੱਗੇ ਲਾਲੂ ਯਾਦਵ, ਅਰਵਿੰਦ ਕੇਜਰੀਵਾਲ ਵਰਗਿਆਂ ਦੀ ਲਿਸਟ ਤਿਆਰ ਹੈ। ਚੋਣਾਂ ਜਿੱਤਣ ਲਈ ਧੱਕਾ ਕਰਨ ਦਾ ਨਮੂਨਾ ਚੰਡੀਗੜ੍ਹ ਮੇਅਰ ਦੀ ਚੋਣ ਸਮੇਂ ਵਿਖਾ ਚੁੱਕੀ ਹੈ, ਕਿਸੇ ਕਾਨੂੰਨ, ਕੋਰਟ ਜਾਂ ਸੰਵਿਧਾਨ ਦੀ ਕੋਈ ਪਰਵਾਹ ਨਹੀਂ ਕੀਤੀ।

ਹੁਣ ਖਦਸ਼ਾ ਇਹ ਵੀ ਪ੍ਰਗਟ ਹੋ ਗਿਆ ਹੈ ਕਿ ਜੇਕਰ ਭਾਜਪਾ ਤੀਜੀ ਵਾਰ ਕੇਂਦਰ ਵਿੱਚ ਸੱਤਾ 'ਤੇ ਕਾਬਜ਼ ਹੋ ਗਈ ਤਾਂ ਭਾਰਤੀ ਸੰਵਿਧਾਨ ਵਿੱਚ ਵੀ ਕਥਿਤ ਤੌਰ 'ਤੇ ਆਪਣੀ ਮਨਮਰਜ਼ੀ ਦੀਆਂ ਤਬਦੀਲੀਆਂ ਕਰ ਸਕਦੀ ਹੈ। ਕਾਂਗਰਸ ਪ੍ਰਧਾਨ ਸ੍ਰੀ ਮਾਲਿਕਾਰੁਜਨ ਖੜਗੇ ਨੇ ਵੀ ਅਜਿਹੀ ਚਿੰਤਾ ਪ੍ਰਗਟ ਕਰਦਿਆਂ ਕਿਹਾ ਹੈ ਕਿ ਜੇਕਰ ਤੀਜੀ ਵਾਰ ਭਾਜਪਾ ਦੀ ਸਰਕਾਰ ਬਣ ਗਈ ਤਾਂ ਇਹ ਲੋਕ ਸਭਾ ਦੀਆਂ ਆਖ਼ਰੀ ਚੋਣਾਂ ਹੋਣਗੀਆਂ। ਉਹਨਾਂ ਦੇ ਇਸ ਬਿਆਨ ਨੂੰ ਵਿਰੋਧੀ ਆਗੂ ਵੱਲੋਂ ਦਿੱਤਾ ਬਿਆਨ ਕਹਿ ਕੇ ਛੱਡ ਦੇਣ ਦੀ ਬਜਾਏ ਇਸ ਨੂੰ ਡੂੰਘਾਈ ਨਾਲ ਵਿਚਾਰਨ ਦੀ ਲੋੜ ਹੈ। ਭਾਜਪਾ ਜੋ ਤਾਨਾਸ਼ਾਹੀ ਰਵੱਈਆ ਅਖ਼ਤਿਆਰ ਕਰ ਚੁੱਕੀ ਹੈ, ਉਸ ਦਾ ਰਾਹ ਇਹ ਹੀ ਦਿਖਾਈ ਦਿੰਦਾ ਹੈ, ਦੇਸ਼ ਵਿੱਚ ਤਾਨਾਸ਼ਾਹੀ ਰਾਜ ਸਥਾਪਤ ਕਰਨ ਵੱਲ ਕਦਮ ਵਧਾਏ ਜਾ ਰਹੇ ਹਨ, ਜੋ ਨਾ ਦੇਸ਼ ਦੇ ਹਿੱਤ ਵਿੱਚ ਹਨ ਅਤੇ ਨਾ ਹੀ ਲੋਕ ਹਿੱਤ ਵਿੱਚ।

ਅਸਲ ਸੁਆਲ ਤਾਂ ਉਹੋ ਹੈ ਕਿ ਜਦੋਂ ਭਾਜਪਾ ਦਾ ਰਵੱਈਆ ਆਮ ਜਨਤਾ ਦਾ ਪੱਖ ਪੂਰਨ ਵਾਲਾ ਨਹੀਂ, ਫੇਰ ਉਹ ਚੋਣਾਂ ਜਿੱਤਣ ਲਈ ਹੌਸਲੇ ਵਿੱਚ ਕਿਉਂ ਹੈ? ਇਸ ਦਾ ਜੁਆਬ ਇਹ ਹੀ ਹੈ ਕਿ ਉਸ ਨੂੰ ਹਿੰਦੂ ਪੱਤਾ ਖੇਡਣ ਦੀ ਜਾਚ ਆ ਗਈ ਹੈ, ਵਿਰੋਧੀਆਂ ਨੂੰ ਦਬਾਅ ਦੇਣ ਦੀਆਂ ਤਰਕੀਬਾਂ ਆ ਗਈਆਂ ਹਨ। ਬਹੁ-ਗਿਣਤੀ ਹਿੰਦੂਆਂ ਨੂੰ ਖੁਸ਼ ਕਰਨ ਲਈ ਘੱਟ ਗਿਣਤੀਆਂ 'ਤੇ ਹਮਲੇ ਕਰਕੇ ਲਾਹਾ ਲਿਆ ਜਾ ਰਿਹਾ ਹੈ। ਅਮੀਰ ਲੋਕਾਂ ਤੇ ਕਾਰਪੋਰੇਟ ਘਰਾਣਿਆਂ ਨੂੰ ਸਹੂਲਤਾਂ ਦੇ ਕੇ ਆਪਣੇ ਨਾਲ ਜੋੜਿਆ ਜਾ ਰਿਹਾ ਹੈ। ਗਰੀਬਾਂ ਤੇ ਘੱਟ-ਗਿਣਤੀਆਂ ਨੂੰ ਡਰਾਇਆ ਤੇ ਖਰੀਦਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਵੋਟਿੰਗ ਮਸ਼ੀਨਾਂ 'ਤੇ ਵੀ ਲੋਕਾਂ ਨੇ ਇਤਰਾਜ਼ ਕੀਤਾ ਹੈ ਕਿ ਇਹ ਭਾਜਪਾ ਦੇ ਹੱਕ ਵਿੱਚ ਭੁਗਤੀਆਂ ਹਨ, ਪਰ ਲੋਕਾਂ ਦੀ ਗੱਲ ਸੁਣਨ ਲਈ ਵੀ ਕੋਈ ਤਿਆਰ ਨਹੀਂ ਹੈ। ਬਹੁਤ ਸਾਰੀਆਂ ਪਾਰਟੀਆਂ ਨੇ ਭਾਜਪਾ ਦਾ ਮੁਕਾਬਲਾ ਕਰਨ ਲਈ 'ਇੰਡੀਆ' ਗੱਠਜੋੜ ਕਾਇਮ ਕੀਤਾ ਤਾਂ ਭਾਜਪਾ ਉਸ ਨੂੰ ਤੋੜਨ ਲਈ ਯਤਨਸ਼ੀਲ ਹੈ। ਜਿਹੜੀ ਭਾਜਪਾ ਕਾਂਗਰਸ ਮੁਕਤ ਭਾਰਤ ਦਾ ਨਾਅਰਾ ਲਾਉਂਦੀ ਨਹੀਂ ਸੀ ਥੱਕਦੀ, ਹੁਣ ਇੰਡੀਆ ਮੁਕਤ ਦਾ ਨਾਅਰਾ ਲਾ ਰਹੀ ਹੈ। ਉਸ ਨੇ ਸਾਰੀਆਂ ਵਿਰੋਧੀ ਪਾਰਟੀਆਂ ਨੂੰ ਆਪਣੇ ਨਿਸ਼ਾਨੇ 'ਤੇ ਲੈ ਲਿਆ ਹੈ।

ਭਾਰਤ ਵਾਸੀਆਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਭਾਜਪਾ ਲੋਕਾਂ ਨੂੰ ਗੁੰਮਰਾਹ ਕਰਕੇ ਸੱਤਾ ਹਥਿਆਉਣਾ ਚਾਹੁੰਦੀ ਹੈ ਤੇ ਉਸ ਦਾ ਤੀਜੀ ਵਾਰ ਕੇਂਦਰੀ ਸੱਤਾ 'ਤੇ ਕਾਬਜ਼ ਹੋਣਾ ਦੇਸ਼ ਅਤੇ ਲੋਕਾਂ ਦੇ ਹਿੱਤਾਂ ਲਈ ਖਤਰਨਾਕ ਹੋਵੇਗਾ। ਦੇਸ਼ ਦੇ ਸੰਵਿਧਾਨ ਨੂੰ ਬਚਾਉਣ ਲਈ, ਲੋਕਾਂ ਨੂੰ ਨਿਆਂ ਇਨਸਾਫ਼ ਦਿਵਾਉਣ ਲਈ, ਧਰਮ ਨਿਰਪੱਖਤਾ ਨੂੰ ਮਜ਼ਬੂਤ ਕਰਨ ਲਈ, ਹਿੰਦੂ ਰਾਸ਼ਟਰ ਬਣਨ ਨੂੰ ਠੱਲ੍ਹਣ ਲਈ, ਇਹ ਜ਼ਰੂਰੀ ਹੈ ਕਿ ਭਾਜਪਾ ਨੂੰ ਕੇਂਦਰ ਵਿੱਚ ਮੁੜ ਸੱਤਾ ਹਾਸਲ ਕਰਨ ਤੋਂ ਰੋਕਿਆ ਜਾਵੇ।

**# ਸੰਪਰਕ : 098882-75913**

# ਕੇਂਦਰੀ ਟਰੇਡ ਯੂਨੀਅਨਾਂ ਵੱਲੋਂ 16 ਨੂੰ ਰੈਲੀ ਤੇ ਪ੍ਰਦਰਸ਼ਨ ਕਰਨ ਦਾ ਫੈਸਲਾ

## ਬੱਸ ਅੱਡੇ 'ਤੇ ਰੈਲੀ ਕਰਕੇ ਮਿੰਨੀ ਸਕੱਤਰੇਤ ਤੱਕ ਕੱਢਿਆ ਜਾਵੇਗਾ ਮਾਰਚ





**ਲੁਧਿਆਣਾ (ਐੱਮ ਐੱਸ ਭਾਟੀਆ)**

ਇੱਥੇ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਵਿਖੇ ਕੇਂਦਰੀ ਟਰੇਡ ਯੂਨੀਅਨਾਂ ਦੀਆਂ ਲੁਧਿਆਣਾ ਇਕਾਈਆਂ ਵੱਲੋਂ ਕਨਵੈਨਸ਼ਨ ਕੀਤੀ ਗਈ, ਜਿਸ ਵਿਚ ਏਟਕ, ਸੀਟੂ ਤੇ ਸੀ ਟੀ ਯੂ ਦੇ ਸਾਥੀਆਂ ਨੇ ਭਾਗ ਲਿਆ। ਕਨਵੈਨਸ਼ਨ ਨੇ ਸਰਬ ਸੰਮਤੀ ਦੇ ਨਾਲ 16 ਫਰਵਰੀ ਨੂੰ ਸੰਯੁਕਤ ਕਿਸਾਨ ਮੋਰਚਾ ਤੇ ਕੇਂਦਰੀ ਟਰੇਡ ਯੂਨੀਅਨਾਂ ਸੈਕਟੋਰਲ ਫੈਡਰੇਸ਼ਨਾਂ/ਐਸੋਸੀਏਸ਼ਨਾਂ ਵੱਲੋਂ ਦਿੱਤੇ ਗਏ ਸੱਦੇ 'ਤੇ ਉਦਯੋਗਕ ਹੜਤਾਲ ਅਤੇ ਪੇਂਡੂ ਭਾਰਤ ਬੰਦ ਵਿੱਚ ਪੂਰੇ ਜ਼ੋਰ ਨਾਲ ਸ਼ਾਮਲ ਹੋ ਕੇ ਸਫਲ ਬਣਾਉਣ ਦਾ ਫੈਸਲਾ ਕੀਤਾ। ਇਹ ਫੈਸਲਾ ਕੀਤਾ ਗਿਆ ਕਿ ਉਸ ਦਿਨ ਹਜ਼ਾਰਾਂ ਦੀ ਗਿਣਤੀ ਦੇ ਵਿੱਚ ਮਜ਼ਦੂਰ, ਮੁਲਾਜ਼ਮ, ਨੌਜਵਾਨ, ਔਰਤਾਂ, ਛੋਟੇ ਕਾਰੋਬਾਰੀ, ਸਕੀਮ ਵਰਕਰ, ਕੰਟਰੈਕਟ ਵਰਕਰ ਤੇ ਟਰਾਂਸਪੋਰਟ ਬੱਸ ਅੱਡੇ 'ਤੇ ਇਕੱਤਰ ਹੋਣਗੇ ਅਤੇ ਰੈਲੀ ਕਰਨਗੇ, ਉਪਰੰਤ ਭਾਰਤ ਨਗਰ ਚੌਕ ਹੁੰਦੇ ਹੋਏ ਮਿੰਨੀ ਸਕੱਤਰੇਤ ਤੱਕ ਮਾਰਚ ਕਰਨਗੇ।

ਕਨਵੈਨਸ਼ਨ 'ਚ ਬੋਲਦਿਆਂ ਬੁਲਾਰਿਆਂ ਨੇ ਦੱਸਿਆ ਕਿ ਇਸ ਐਕਸ਼ਨ ਬਾਰੇ ਕਾਮਿਆਂ ਤੇ ਮੁਲਾਜ਼ਮਾਂ ਵਿੱਚ ਭਾਰੀ ਉਤਸ਼ਾਹ ਹੈ ਤੇ ਵੱਖ ਵੱਖ ਯੂਨੀਅਨਾਂ ਆਪਣੀਆਂ ਮੀਟਿੰਗਾਂ ਕਰਕੇ ਪੂਰੀ ਤਿਆਰੀ ਦੇ ਨਾਲ ਹੁੰਮ ਹੁਮਾ ਕੇ 16 ਫਰਵਰੀ ਦੇ ਰੈਲੀ ਤੇ ਪ੍ਰਦਰਸ਼ਨ ਵਿੱਚ ਹਿੱਸਾ ਲੈਣਗੀਆਂ। ਇਸ ਸਭਾ ਵਿੱਚ ਪੀ ਏ ਯੂ, ਰੋਡਵੇਜ਼, ਅਧਿਆਪਕ, ਪ ਸ ਸ ਫ, ਉਦਯੋਗਿਕ ਮਜ਼ਦੂਰ, ਹੌਜ਼ਰੀ ਮਜ਼ਦੂਰ, ਰੇਹੜੀ ਫੜੀ ਵਾਲੇ ਕਾਮੇ, ਉਸਾਰੀ ਮਜ਼ਦੂਰ ਤੇ ਪੈਨਸ਼ਨਰ ਐਸੋਸੀਏਸ਼ਨਾਂ ਦੇ ਸਾਥੀ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ। ਸਾਥੀਆਂ ਨੇ ਦੱਸਿਆ ਕਿ ਨਗਰ ਵਿੱਚ ਵਪਾਰੀਆਂ, ਆਟੋ ਰਿਕਸ਼ਾ ਵਾਲਿਆਂ ਤੇ ਹੋਰ ਅਨੇਕਾਂ ਕਿਸਮ ਦੇ ਕਾਮਿਆਂ ਵਿੱਚ ਇਸ ਬਾਰੇ ਬਹੁਤ ਜੋਸ਼ ਹੈ, ਕਿਉਂਕਿ ਪਿਛਲੇ ਸਮਿਆਂ ਵਿੱਚ ਸਰਕਾਰ ਦੀਆਂ ਨੀਤੀਆਂ ਨੇ ਮਜ਼ਦੂਰਾਂ, ਮੁਲਾਜ਼ਮਾਂ ਦੇ ਹੱਕਾਂ ਦਾ ਘਾਣ ਕੀਤਾ ਹੈ, ਕਿਸਾਨਾਂ ਨਾਲ ਕੀਤੇ ਵਾਅਦਿਆਂ ਤੋਂ ਸਰਕਾਰ ਦੇ ਮੁਕਰਨ ਕਰਕੇ ਉਨ੍ਹਾਂ ਵਿੱਚ ਬੜਾ ਰੋਸ ਹੈ। ਜੀ ਐੱਸ ਟੀ ਦੀਆਂ ਮੁਸ਼ਕਲਾਂ ਕਰਕੇ ਵਪਾਰੀਆਂ ਵਿੱਚ ਬੜਾ ਗੁੱਸਾ ਹੈ ਅਤੇ ਐੱਮ ਐੱਸ ਐੱਮ ਈ ਵਿੱਚ ਬਹੁਤ ਰੋਸ ਹੈ, ਕਿਉਂਕਿ ਸਮੁੱਚੀ ਆਰਥਿਕ ਨੀਤੀ ਕਾਰਪੋਰੇਟ ਪੱਖੀ ਹੈ, ਜਿੱਥੇ ਕਾਰਪੋਰੇਟਾਂ ਨੂੰ ਅਥਾਹ ਧਨ ਵੰਡਿਆ ਜਾ ਰਿਹਾ ਹੈ, ਟੈਕਸ ਛੋਟਾਂ ਦਿੱਤੀਆਂ ਜਾ ਰਹੀਆਂ ਹਨ, ਉੱਥੇ ਛੋਟੇ ਖੇਤਰਾਂ ਤੇ ਟੈਕਸ ਵੀ ਵਧਾਇਆ ਜਾ ਰਿਹਾ ਹੈ ਅਤੇ ਸਹੂਲਤਾਂ ਘਟਾਈਆਂ ਜਾ ਰਹੀਆਂ ਹਨ। ਇਨ੍ਹਾਂ ਕਦਮਾਂ ਕਰਕੇ ਬੇਰੁਜ਼ਗਾਰੀ ਵਧ ਰਹੀ ਹੈ ਤੇ ਮਹਿੰਗਾਈ ਨਾਲ ਹਾਹਾਕਾਰ ਮਚਿਆ ਹੈ, ਗੈਸ, ਡੀਜ਼ਲ, ਪੈਟਰੋਲ ਤੇ ਰੋਜ਼ ਵਰਤੋਂ ਦੀਆਂ ਚੀਜ਼ਾਂ ਦੇ ਭਾਅ ਵਧਦੇ ਜਾ ਰਹੇ ਹਨ। ਆਪਣੀਆਂ ਅਸਫਲਤਾਵਾਂ ਤੋਂ ਭੱਜਣ ਲਈ ਮੋਦੀ ਸਰਕਾਰ ਲੋਕਾਂ ਦਾ ਧਿਆਨ ਗੈਰ-ਜ਼ਰੂਰੀ ਮੁੱਦਿਆਂ ਵੱਲ ਖਿੱਚਣ ਦੀ ਕੋਸ਼ਿਸ਼ ਕਰ ਰਹੀ ਹੈ ਤੇ ਸਮਾਜ ਵਿੱਚ ਧਰਮ ਦੇ ਨਾਮ 'ਤੇ ਵੰਡੀਆਂ ਪਾ ਰਹੀ ਹੈ। ਰਾਮ ਮੰਦਰ ਦੇ ਉਦਘਾਟਨ ਦਾ ਰਾਜਨੀਤੀਕਰਨ ਇੱਕ ਬਹੁਤ ਹੀ ਖਤਰਨਾਕ ਕਦਮ ਹੈ। ਕਨਵੈਨਸ਼ਨ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵੱਡੀ ਗਿਣਤੀ ਵਿੱਚ 16 ਫਰਵਰੀ ਦੀ ਐਕਸ਼ਨ ਵਿੱਚ ਸ਼ਾਮਲ ਹੋਣ। ਕਨਵੈਨਸ਼ਨ ਨੂੰ ਸੰਬੋਧਨ ਕਰਨ ਵਾਲੇ ਮੁੱਖ ਆਗੂਆਂ ਵਿੱਚ ਜਮਹੂਰੀ ਕਿਸਾਨ ਸਭਾ ਦੇ ਸੂਬਾ ਆਗੂ ਰਘਬੀਰ ਸਿੰਘ ਬੈਨੀਪਾਲ, ਅਧਿਆਪਕ ਆਗੂ ਚਰਨ ਸਿੰਘ ਸਰਾਭਾ, ਸੀਟੂ ਦੇ ਆਗੂ ਸੁਖਵਿੰਦਰ ਸਿੰਘ ਲੋਟੇ, ਏਟਕ ਆਗੂ ਡੀ ਪੀ ਮੌੜ, ਐੱਮ ਐੱਸ ਭਾਟੀਆ ਤੇ ਕੇਵਲ ਸਿੰਘ ਬਨਵੈਤ, ਸੀਟੀਯੂ ਪੰਜਾਬ ਦੇ ਆਗੂ ਜਗਦੀਸ਼ ਚੰਦ ਤੇ ਬਲਰਾਮ ਤੋਂ ਇਲਾਵਾ ਸਮਰ ਬਹਾਦਰ, ਤਹਿਸੀਲਦਾਰ ਰਾਮ, ਅਜੀਤ ਕੁਮਾਰ, ਜਗਮੇਲ ਸਿੰਘ, ਕਾਮੇਸ਼ਵਰ ਯਾਦਵ, ਬੈਂਕ ਕਰਮਚਾਰੀਆਂ ਦੇ ਆਗੂ ਨਰੇਸ਼ ਗੌੜ, ਮੋਲਡਰ ਐਂਡ ਸਟੀਲ ਵਰਕਰ ਯੂਨੀਅਨ ਦੇ ਆਗੂ ਕਾਮਰੇਡ ਹਰਜਿੰਦਰ ਸਿੰਘ ਸ਼ਾਮਲ ਸਨ। ਕਨਵੈਨਸ਼ਨ ਦੀ ਪ੍ਰਧਾਨਗੀ ਕਾਮਰੇਡ ਕੇਵਲ ਸਿੰਘ ਬਨਵੈਤ, ਜੋਗਿੰਦਰ ਰਾਮ ਤੇ ਸਮਰ ਬਹਾਦਰ ਨੇ ਕੀਤੀ। ਸਟੇਜ ਦੀ ਕਾਰਵਾਈ ਜਗਦੀਸ਼ ਚੰਦ ਨੇ ਨਿਭਾਈ।

## 650 ਗ੍ਰਾਮ ਹੈਰੋਇਨ ਤੇ ਐਕਟਿਵਾ ਸਮੇਤ ਤਿੰਨ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਘੱਲ ਖੁਰਦ ਤੇ ਥਾਣਾ ਗੁਰੂ ਹਰਸਹਾਏ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਤਿੰਨ ਵਿਅਕਤੀਆਂ ਨੂੰ 650 ਗ੍ਰਾਮ ਹੈਰੋਇਨ ਤੇ ਇੱਕ ਐਕਟਿਵਾ ਸਮੇਤ ਗ੍ਰਿਫਤਾਰ ਕਰਕੇ ਚਾਰ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਘੱਲ ਖੁਰਦ ਦੇ ਇੰਸਪੈਕਟਰ ਮੁੱਖ ਅਫਸਰ ਬਚਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿੱਚ ਫਿਰੋਜ਼ਸ਼ਾਹ ਤੋਂ ਅੱਗੇ ਡਰੇਨ ਪੁਲ ਪਾਸ ਮੌਜੂਦ ਸੀ ਤੇ ਵਹੀਕਲਾਂ ਦੀ ਚੈਕਿੰਗ ਕਰ ਰਹੀ ਸੀ, ਤਾਂ ਇਕ ਐਕਟਿਵਾ ਸਕੂਟਰ ਨੰਬਰ ਪੀਬੀ 05 ਏਕਓ 1474 'ਤੇ 2 ਮੋਨੇ ਨੌਜਵਾਨ ਜਤਿੰਦਰ ਸਿੰਘ ਉਰਫ ਮਨੀ ਉਰਕ ਕਰਨ ਪੁੱਤਰ ਗੁਲਜ਼ਾਰ ਸਿੰਘ ਵਾਸੀ ਨੌਰੰਗ ਕੇ ਸਿਆਲ ਤੇ ਛਿੰਦਰ ਸਿੰਘ ਉਰਫ ਛਿੰਦੀ ਪੁੱਤਰ ਸਾਧਾ ਸਿੰਘ ਵਾਸੀ ਸੋਢੀ ਨਗਰ ਆਉਂਦੇ ਵਿਖਾਈ ਦਿੱਤੇ, ਜੋ ਪੁਲਸ ਪਾਰਟੀ ਨੂੰ ਵੇਖ ਕੇ ਪਿੱਛੇ ਮੁੜ ਕੇ ਭੱਜਣ ਲੱਗੇ, ਜਿਨ੍ਹਾਂ ਨੂੰ ਪੁਲਸ ਪਾਰਟੀ ਵੱਲੋਂ ਸ਼ੱਕ ਦੀ ਬਿਨਾਅ 'ਤੇ ਸਮੇਤ ਉਕਤ ਐਕਟਿਵਾ ਸਕੂਟਰ ਦੇ ਕਾਬੂ ਕਰਕੇ ਤਲਾਸ਼ੀ ਲਈ ਤਾਂ ਇਨ੍ਹਾਂ ਕੋਲੋਂ 150 ਗ੍ਰਾਮ ਹੈਰੋਇਨ ਬਰਾਮਦ ਹੋਈ। ਉਧਰ ਥਾਣਾ ਗੁਰੂ ਹਰਸਹਾਏ ਪੁਲਸ ਦੇ ਇੰਸਪੈਕਟਰ ਮੁੱਖ ਅਫਸਰ ਗੁਰਜੰਟ ਸਿੰਘ ਨੇ ਦੱਸਿਆ ਕਿ ਉਹ ਸਮੇਤ ਪੁਲਸ ਪਾਰਟੀ ਤੇ ਬੀਐੱਸਐੱਫ ਦੇ ਜੁਆਇੰਟ ਨਾਕਾਬੰਦੀ ਪੁਲ ਨਹਿਰ ਛੀਂਬੇ ਵਾਲਾ ਵਿਖੇ ਮੌਜੂਦ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀਆਨ ਸੁਖਚੈਨ ਸਿੰਘ ਪੁੱਤਰ ਚਿਮਨ ਸਿੰਘ ਤੇ ਮੰਗਲ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਛਾਂਗਾ ਰਾਏ ਹਿਠਾੜ ਉਰਫ ਛੀਂਬੇ ਵਾਲਾ ਦੇ ਪਾਕਿਸਤਾਨੀ ਸਮੱਗਲਰਾਂ ਨਾਲ ਸਬੰਧ ਹਨ ਤੇ ਇਹ ਦੋਵੇਂ ਜਣੇ ਪਾਕਿਸਤਾਨ ਤੋਂ ਹੈਰੋਇਨ ਮੰਗਵਾ ਕੇ ਅੱਗੇ ਸਪਲਾਈ ਕਰਨ ਦਾ ਧੰਦਾ ਕਰਦੇ ਹਨ ਤੇ ਇਨ੍ਹਾਂ ਪਾਸ ਹੈਰੋਇਨ ਦੀ ਤਾਜ਼ਾ ਖੇਪ ਪਾਕਿਸਤਾਨ ਦੇ ਸਮੱਗਲਰਾਂ ਪਾਸੋਂ ਆਈ ਹੋਈ ਹੈ, ਜੇਕਰ ਇਨ੍ਹਾਂ 'ਤੇ ਛਾਪੇਮਾਰੀ ਕੀਤੀ ਜਾਵੇ ਤਾਂ ਕਾਬੂ ਆ ਸਕਦੇ ਹਨ। ਪੁਲਸ ਪਾਰਟੀ ਵੱਲੋਂ ਦੋਸ਼ੀਆਨ 'ਤੇ ਛਾਪੇਮਾਰੀ ਕਰਕੇ ਦੋਸ਼ੀ ਸੁਖਚੈਨ ਸਿੰਘ ਨੂੰ ਕਾਬੂ ਕੀਤਾ ਗਿਆ ਤੇ ਤਲਾਸ਼ੀ ਦੌਰਾਨ 500 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਭਾਰਤ ਬੰਦ ਦੇ ਸੱਦੇ ਨੂੰ ਸਫਲ ਬਣਾਉਣ ਲਈ ਮਜ਼ਦੂਰਾਂ, ਕਿਸਾਨਾਂ ਵੱਲੋਂ ਪਿੰਡ ਪਿੰਡ ਤਿਆਰੀਆਂ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਕੁੱਲ ਹਿੰਦ ਕਿਸਾਨ ਸਭਾ ਤੇ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੀ ਇੱਕ ਸਾਂਝੀ ਮੀਟਿੰਗ ਜਰਨੈਲ ਸਿੰਘ ਯਾਤਰੀ ਤੇ ਗੁਰਜੰਟ ਸਿੰਘ ਕੋਟ ਸ਼ਮੀਰ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ 16 ਫਰਵਰੀ ਦੇ ਸੰਯੁਕਤ ਕਿਸਾਨ ਮੋਰਚਾ ਤੇ ਕੇਂਦਰੀ ਟਰੇਡ ਯੂਨੀਅਨ ਵੱਲੋਂ ਦਿੱਤੇ ਗਏ ਭਾਰਤ ਬੰਦ ਦੇ ਸੱਦੇ ਨੂੰ ਸਫਲ ਬਣਾਉਣ ਲਈ ਪਿੰਡ ਪਿੰਡ ਜਾ ਕੇ ਲਾਮਬੰਦੀ ਕਰਨ ਦਾ ਫੈਸਲਾ ਕੀਤਾ ਗਿਆ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਬਲਕਰਨ ਸਿੰਘ ਬਰਾੜ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਹਰਿਆਣਾ ਦੇ ਬਾਰਡਰ ਉੱਪਰ ਰੋਕਾਂ ਲਾ ਕੇ ਤੇ ਅੰਦੋਲਨ ਕਰ ਰਹੇ ਕਿਸਾਨਾਂ ਨੂੰ ਰੋਕ ਕੇ ਉਨ੍ਹਾਂ ਦੇ ਜਮਹੂਰੀ ਹੱਕਾਂ ਨੂੰ ਕੁਚਲ ਰਹੀ ਹੈ। ਦੇਸ਼ ਦੇ ਜਮਹੂਰੀ ਢਾਂਚੇ ਅੰਦਰ ਹਰ ਇੱਕ ਨਾਗਰਿਕ ਨੂੰ ਸ਼ਾਂਤੀ ਪੂਰਨ ਅੰਦੋਲਨ ਕਰਨ ਦਾ ਅਧਿਕਾਰ ਹੈ, ਪ੍ਰੰਤੂ ਬੀਜੇਪੀ ਦੀ ਕੇਂਦਰ ਤੇ ਰਾਜ ਸਰਕਾਰਾਂ ਲੋਕਾਂ ਉੱਪਰ ਤਸ਼ੱਦਦ ਕਰਕੇ ਉਨ੍ਹਾਂ ਦੀ ਬੋਲਣ ਦੀ ਆਜ਼ਾਦੀ ਦੇ ਅਧਿਕਾਰ ਖੋ ਰਹੀਆਂ ਹਨ, ਜਿਸ ਨੂੰ ਦੇਸ ਦੇ ਲੋਕ ਬਰਦਾਸ਼ਤ ਨਹੀਂ ਕਰਨਗੇ ਤੇ ਇਸ ਦਾ ਮੂੰਹ ਤੋੜ ਜਵਾਬ ਦੇਣਗੇ। ਉਨ੍ਹਾਂ ਦੱਸਿਆ ਕਿ 16 ਫਰਵਰੀ ਦੇ ਭਾਰਤ ਬੰਦ ਦੇ ਸੱਦੇ ਨੂੰ ਸਫਲ ਬਣਾਉਣ ਲਈ ਪਿੰਡ ਪਿੰਡ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਤੇ ਆਉਣ ਵਾਲੇ ਦਿਨਾਂ ਵਿੱਚ ਇਹ ਸਿਲਸਿਲਾ ਹੋਰ ਤੇਜ਼ ਕੀਤਾ ਜਾਵੇਗਾ। ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਹਰਨੇਕ ਸਿੰਘ ਆਲੀ ਕੇ ਨੇ ਕਿਹਾ ਕਿ ਮੋਦੀ ਸਰਕਾਰ ਪਿਛਲੇ 10 ਸਾਲਾਂ ਤੋਂ ਦੇਸ਼ ਦੇ ਲੋਕਾਂ ਨੂੰ ਕੁੱਟ ਤੇ ਲੁੱਟ ਰਹੀ ਹੈ, ਪ੍ਰੰਤੂ ਹੁਣ ਦੇਸ਼ ਦੇ ਲੋਕ ਮੋਦੀ ਸਰਕਾਰ ਦੇ ਫਿਰਕੂ ਤੇ ਕਾਰਪੋਰੇਟ ਪੱਖੀ ਏਜੰਡਿਆਂ ਨੂੰ ਭਲੀ ਭਾਂਤ ਸਮਝ ਚੁੱਕੇ ਤੇ ਹੁਣ ਸੰਘਰਸ਼ਾਂ ਨੂੰ ਤੇਜ਼ ਕਰਕੇ ਮੋਦੀ ਸਰਕਾਰ ਨੂੰ ਹਰਾਉਣ ਦਾ ਸਮਾਂ ਆ ਗਿਆ ਹੈ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਨੈਸ਼ਨਲ ਕੌਂਸਲ ਮੈਂਬਰ ਸੁਰਜੀਤ ਸਿੰਘ ਸੋਹੀ ਤੇ ਜ਼ਿਲ੍ਹਾ ਪ੍ਰਧਾਨ ਸੁਰਜੀਤ ਸਿੰਘ ਸਰਦਾਰਗੜ੍ਹ ਨੇ ਕਿਹਾ ਕਿ ਸਾਰੇ ਦੇਸ਼ ਅੰਦਰ ਮਜ਼ਦੂਰਾਂ, ਦਲਿਤਾਂ, ਔਰਤਾਂ ਤੇ ਘੱਟ ਗਿਣਤੀਆਂ 'ਤੇ ਜ਼ੁਲਮ ਕੀਤੇ ਜਾ ਰਹੇ ਹਨ, ਜਿਸ ਦੇ ਵਿਰੁੱਧ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇਸ਼ ਪੱਧਰ 'ਤੇ ਵਿਸ਼ਾਲ ਲਾਮਬੰਦੀ ਕਰਕੇ ਸਮਾਜਿਕ ਤੇ ਆਰਥਿਕ ਨਿਆਂ ਦੀ ਲੜਾਈ ਹੋਰ ਤੇਜ਼ ਕਰੇਗੀ। ਮੀਟਿੰਗ ਨੂੰ ਹੋਰਨਾਂ ਤੋਂ ਇਲਾਵਾ ਜਸਵੀਰ ਕੌਰ ਸਰਾਂ ਰਣਜੀਤ ਸਿੰਘ ਮਹਿਰਾਜ, ਸੁਖਨ ਲਾਲ ਝੁੰਬਾ, ਗੁਰਮੀਤ ਕੌਰ ਬੁਰਜ, ਰਾਜਾ ਸਿੰਘ ਦਾਨ ਸਿੰਘ ਵਾਲਾ ਤੇ ਦਰਸ਼ਨ ਸਿੰਘ ਸੇਲਵਰਾ ਨੇ ਵੀ ਸੰਬੋਧਨ ਕੀਤਾ।

## ਕਾਤਰਾਂ

### ਕੰਬੋਜ ਭਾਈਚਾਰੇ ਵੱਲੋਂ ਸੰਮੇਲਨ 18 ਨੂੰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ, ਗੁਰਬਚਨ ਸਿੰਘ ਸੋਨੂੰ)**-ਸ਼ਹੀਦ ਉਧਮ ਸਿੰਘ ਭਵਨ ਫਿਰੋਜ਼ਪੁਰ ਵਿਖੇ ਕੰਬੋਜ ਭਾਈਚਾਰਾ ਦੀ ਅਹਿਮ ਮੀਟਿੰਗ ਪ੍ਰਧਾਨ ਭਗਵਾਨ ਸਿੰਘ ਸਾਮਾ ਦੀ ਅਗਵਾਈ ਹੇਠ ਹੋਈ, ਜਿਸ ਵਿੱਚ 18 ਫਰਵਰੀ ਨੂੰ ਗੋਲੂ ਕਾ ਮੋੜ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਵਿਸ਼ਾਲ ਕੰਬੋਜ ਭਾਈਚਾਰਾ ਸੰਮੇਲਨ ਵਿੱਚ ਪਹੁੰਚਣ ਲਈ ਯੋਜਨਾ ਬਣਾਈ ਗਈ ਤੇ ਸ਼ਹੀਦ ਊਧਮ ਸਿੰਘ ਦੇ ਨਵੇਂ ਬੁੱਤ ਲਗਾਉਣ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਵੇਰੇ 9 ਵਜੇ ਸਾਰਾਗੜ੍ਹੀ ਗੁਰਦੁਆਰਾ ਸਾਹਿਬ ਫਿਰੋਜ਼ਪੁਰ ਤੋਂ ਕਾਫ਼ਲਾ ਰਵਾਨਾ ਹੋਵੇਗਾ।

### ਸ਼ਹਿਰ 'ਚ ਝਪਟਮਾਰਾਂ ਦੀ ਦਹਿਸ਼ਤ

**ਸੰਗਰੂਰ (ਪ੍ਰਵੀਨ ਸਿੰਘ)**-ਸ਼ਹਿਰ ਸੰਗਰੂਰ ਅੰਦਰ ਔਰਤਾਂ ਦੀਆਂ ਸੋਨੇ ਦੀਆਂ ਵਾਲੀਆਂ ਝਪਟਮਾਰੀ ਘਟਨਾਵਾਂ ਦਿਨ ਪ੍ਰਤੀ ਦਿਨ ਵਧਦੀਆਂ ਜਾ ਰਹੀਆਂ ਹਨ। ਥਲੇਸ ਬਾਗ ਕਲੋਨੀ ਵਿੱਚੋਂ ਦੋ ਔਰਤਾਂ ਲੰਘ ਰਹੀਆਂ ਸਨ। ਉਨ੍ਹਾਂ ਦੇ ਪਿੱਛੇ ਮੋਟਸਾਈਕਲ ਤੇ ਦੋ ਝਪਟਮਾਰ ਆਏ। ਇੱਕ ਨੇ ਜਿਧਰੋਂ ਆਏ ਸੀ ਓਧਰੋਂ ਮੋਟਸਾਈਕਲ ਮੋੜ ਲਿਆ ਤੇ ਦੂਸਰਾ ਗਲੀ ਵਿੱਚੋਂ ਲੰਘ ਰਹੀਆਂ ਔਰਤਾਂ ਦੀਆਂ ਵਾਲੀਆਂ ਝਪਟ ਕੇ ਲੈ ਕੇ ਜਾਣ ਵਾਲਾ ਸੀ, ਪਰ ਖੁਸਕਿਸ਼ਮਤੀ ਨਾਲ ਇਨ੍ਹਾਂ ਔਰਤਾਂ ਨੂੰ ਝਪਟਮਾਰਾਂ ਦੀ ਭਣਕ ਪੈ ਗਈ ਤੇ ਆਪਣੇ ਹੱਥ ਨਾਲ ਵਾਲੀਆਂ ਨੂੰ ਢੱਕ ਲਿਆ ਅਤੇ ਉੱਚੀ ਉੱਚੀ ਰੋਣ ਲੱਗ ਪਈਆਂ। ਏਨੇ ਵਿੱਚ ਮੁਹੱਲਾ ਨਿਵਾਸੀ ਗਿਆਨੀ ਹਰੀਸ਼ ਅਰੋੜਾ ਤੇ ਗੁਆਂਢੀ ਰਾਜ ਕੁਮਾਰ ਸਮੇਤ ਕਈ ਵਿਅਕਤੀ ਉੱਥੇ ਇਕੱਠੇ ਹੋ ਗਏ, ਪਰ ਉਸ ਸਮੇਂ ਤੱਕ ਝਪਟਮਾਰ ਮੋਟਸਾਈਕਲ 'ਤੇ ਫਰਾਰ ਹੋ ਚੁੱਕੇ ਸਨ। ਇਸ ਘਟਨਾ ਨਾਲ ਮੁਹੱਲੇ ਦੀਆਂ ਔਰਤਾਂ ਵਿੱਚ ਦਹਿਸ਼ਤ ਦਾ ਮਾਹੌਲ ਹੈ।

### ਦੇਸ਼ ਭਗਤ ਯੂਨੀਵਰਸਿਟੀ ਦੀ 11ਵੀਂ ਕਨਵੋਕੇਸ਼ਨ 14 ਨੂੰ

**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਅਭਿਜੀਤ ਜੋਸ਼ੀ, ਰਜਿਸਟਰਾਰ ਡਾ: (ਕਰਨਲ, ਰਿਟਾ.) ਪਰਦੀਪ ਕੁਮਾਰ ਤੇ ਡਾ: ਐੱਚ. ਕੇ. ਸਿੱਧੂ ਨੇ ਪ੍ਰੈੱਸ ਕਾਨਫਰੰਸ ਵਿੱਚ ਯੂਨੀਵਰਸਿਟੀ ਦੀ 11ਵੀਂ ਕਾਨਵੋਕੇਸ਼ਨ ਦੇ ਪ੍ਰਬੰਧਾਂ ਦਾ ਐਲਾਨ ਕੀਤਾ ਕਿ ਇਹ ਸਮਾਗਮ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਆਡੀਟੋਰੀਅਮ ਵਿੱਚ 14 ਫਰਵਰੀ ਨੂੰ ਹੋਵੇਗਾ। ਸਮਾਗਮ ਦੀ ਪ੍ਰਧਾਨਗੀ ਚਾਂਸਲਰ ਡਾ. ਜ਼ੋਰਾ ਸਿੰਘ ਕਰਨਗੇ ਤੇ ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ, ਪ੍ਰੈਜ਼ੀਡੈਂਟ ਡਾ. ਸੰਦੀਪ ਸਿੰਘ ਤੇ ਵਾਈਸ-ਚਾਂਸਲਰ ਵੀ ਸ਼ਿਰਕਤ ਕਰਨਗੇ। ਅਕਾਦਮਿਕ ਸਾਲ 2022-23 ਦੇ ਕੁੱਲ 1949 ਵਿਦਿਆਰਥੀਆਂ ਨੂੰ ਡਿਗਰੀਆਂ ਤੇ ਡਿਪਲੋਮੇ ਦਿੱਤੇ ਜਾਣਗੇ। ਵਾਈਸ-ਚਾਂਸਲਰ ਅਭਿਜੀਤ ਜੋਸ਼ੀ ਨੇ ਖੁਲਾਸਾ ਕੀਤਾ ਕਿ ਡਾ. ਦੀਪਕ ਜੇ ਤਿਲਕ, ਤਿਲਕ ਮਹਾਰਾਸ਼ਟਰ ਵਿੱਦਿਆਪੀਠ, ਪੁਣੇ ਦੇ ਚਾਂਸਲਰ ਪ੍ਰੋ. ਗੌਤਮ ਰਾਏ ਚੌਧਰੀ, ਟੈਕਨੋ ਇੰਡੀਆ ਯੂਨੀਵਰਸਿਟੀ ਕੋਲਕਾਤਾ ਦੇ ਚਾਂਸਲਰ ਡਾ. ਇਤਿਕੋਰਨ ਵਟਾਨਾ, ਯੋਗਾ ਸੰਸਕ੍ਰਿਤਮ ਯੂਨੀਵਰਸਿਟੀ ਫਲੋਰੀਡਾ ਦੇ ਅੰਤਰਰਾਸ਼ਟਰੀ ਵੀ ਸੀ ਤੇ ਨਵੀਂ ਦਿੱਲੀ ਤੋਂ ਪ੍ਰਸਿੱਧ ਹੋਮਿਓਪੈਥੀ ਡਾਕਟਰ ਡਾ. ਸੁਖਵੀਰ ਸਿੰਘ ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕਰਨਗੇ।

# ਪਾਣੀ ਦੇ ਤਿੰਨ ਸਾਲ ਦੇ 'ਕੱਠੇ ਬਿੱਲ ਭੇਜੇ, ਪਿੰਡ ਵਾਸੀਆਂ 'ਚ ਰੋਸ ਦੀ ਲਹਿਰ



**ਧੂਰੀ (ਸੁਖਦੇਵ ਧੂਰੀ)**-ਇਥੋਂ ਨਜ਼ਦੀਕ ਪਿੰਡ ਰਾਜੋਮਾਜਰਾ ਵਿਖੇ ਵਾਟਰ ਸਪਲਾਈ ਮਹਿਕਮੇ ਵੱਲੋਂ ਤਿੰਨ ਸਾਲਾਂ ਦਾ ਇਕੱਠਾ ਬਿੱਲ ਭੇਜਣ ਖਿਲਾਫ ਰੋਸ ਰੈਲੀ ਕੀਤੀ ਗਈ। ਇਸ ਮੌਕੇ ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ ਨਮੋਲ ਨੇ ਕਿਹਾ ਕਿ 2023 ਵਿੱਚ ਪਿੰਡ ਰਾਜੋਮਾਜਰਾ ਦੇ ਲੋਕਾਂ ਦੇ ਘਰਾਂ ਵਿੱਚ ਪੀਣ ਵਾਲੇ ਪਾਣੀ ਦੀਆਂ ਟੂਟੀਆਂ ਦੀ ਸਪਲਾਈ ਪਿੰਡ ਦੀ ਟੈਂਕੀ ਦਾ ਬੋਰ ਖਰਾਬ ਹੋਣ ਕਰਕੇ ਬੰਦ ਹੋ ਚੁੱਕੀ ਸੀ, ਜਿਸ ਨੂੰ ਲੈ ਕੇ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੀ ਅਗਵਾਈ ਹੇਠ ਤਹਿਸੀਲ ਧੂਰੀ ਦੇ ਪੰਚਾਇਤ ਵਿਭਾਗ ਤੇ ਵਾਟਰ ਸਪਲਾਈ ਮਹਿਕਮੇ ਸਮੇਤ ਧੂਰੀ ਦੇ ਐੱਸ.ਡੀ.ਐੱਮ. ਦਫਤਰ ਵਿਖੇ ਬਤੌਰ ਡੈਪੂਟੇਸ਼ਨ ਮਿਲਿਆ ਗਿਆ ਤੇ ਧਰਨੇ ਮੁਜ਼ਾਹਰੇ ਵੀ ਕੀਤੇ ਗਏ ਸਨ। ਤਕਰੀਬਨ ਇੱਕ ਸਾਲ ਪਿੰਡ ਰਾਜੋਮਾਜਰੇ ਦੀ ਟੂਟੀਆਂ ਦੀ ਸਪਲਾਈ ਬੰਦ ਰਹੀ। ਪਿੰਡ ਦੇ ਲੋਕਾਂ ਵੱਲੋਂ ਨਾਲ ਲੱਗਦੇ ਪਿੰਡਾਂ ਵਿੱਚੋਂ ਪੀਣ ਵਾਲੇ ਪਾਣੀ ਦੇ ਟੈਂਕਰ ਮੁੱਲ ਖਰੀਦੇ ਗਏ ਸਨ, ਪਰ ਜ਼ਿਕਰਯੋਗ ਗੱਲ ਇਹ ਹੈ ਕਿ ਹੁਣ ਮਹਿਕਮੇ ਵੱਲੋਂ ਅਚਾਨਕ ਤਿੰਨ ਸਾਲਾਂ ਦੇ ਇਕੱਠੇ ਬਿੱਲ ਲੋਕਾਂ ਦੇ ਘਰਾਂ ਵਿੱਚ ਭੇਜੇ ਗਏ ਹਨ, ਜਿਸ ਨੂੰ ਲੈ ਕੇ ਪਿੰਡ ਦੇ ਸਮੂਹ ਮਜ਼ਦੂਰ ਭਾਈਚਾਰੇ ਵੱਲੋਂ ਗੁਰੂ ਰਵਿਦਾਸ ਧਰਮਸ਼ਾਲਾ ਵਿੱਚ ਇਕੱਠੇ ਹੋ ਕੇ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੀ ਅਗਵਾਈ ਹੇਠ ਰੋਸ ਰੈਲੀ ਕੀਤੀ ਗਈ ਅਤੇ ਰੈਲੀ ਵਿੱਚ ਫੈਸਲਾ ਕੀਤਾ ਗਿਆ ਕਿ ਆਉਣ ਵਾਲੀ 13 ਫਰਵਰੀ ਨੂੰ ਡੀ ਸੀ ਦਫਤਰ ਸੰਗਰੂਰ ਵਿਖੇ ਨਜਾਇਜ਼ ਭੇਜੇ ਬਿੱਲਾਂ ਨੂੰ ਰੱਦ ਕਰਵਾਉਣ ਲਈ ਮੰਗ ਪੱਤਰ ਦਿੱਤਾ ਜਾਵੇਗਾ। ਇਸ ਮੌਕੇ ਰੈਲੀ ਵਿੱਚ ਪਿੰਡ ਆਗੂ ਗੁਰਮੀਤ ਕੌਰ, ਰਾਜ ਕੌਰ, ਸੁਖਦੇਵ ਸਿੰਘ ਸਮੇਤ ਅਨੇਕਾਂ ਪਿੰਡ ਵਾਸੀ ਸ਼ਾਮਲ ਹੋਏ।

# ਭਾਰਤ ਬੰਦ ਦੇ ਮੱਦੇਨਜ਼ਰ 16 ਦੀ ਬੋਰਡ ਪ੍ਰੀਖਿਆ ਮੁਲਤਵੀ ਕੀਤੀ ਜਾਵੇ : ਡੀ ਟੀ ਐੱਫ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪਰਮਜੀਤ ਸਿੰਘ, ਪੂਜਾ, ਕੁਲਭੂਸ਼ਨ ਚਾਵਲਾ)**-ਭਾਰਤ ਭਰ ਦੀਆਂ ਟਰੇਡ ਯੂਨੀਅਨਾਂ, ਜਮਹੂਰੀ ਜਥੇਬੰਦੀਆਂ, ਸੰਯੁਕਤ ਕਿਸਾਨ ਮੋਰਚੇ ਤੇ ਮਜ਼ਦੂਰ ਜਥੇਬੰਦੀਆਂ ਵੱਲੋਂ 16 ਫਰਵਰੀ ਦੇ ਭਾਰਤ ਬੰਦ ਦੇ ਸੱਦੇ ਨੂੰ ਕਾਮਯਾਬ ਕਰਨ ਲਈ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਵੱਲੋਂ ਭਰਵਾਂ ਸਹਿਯੋਗ ਦਿੱਤਾ ਜਾਵੇਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਜਥੇਬੰਦੀ ਦੇ ਸੂਬਾ ਪ੍ਰਧਾਨ ਦਿੱਗਵਿਜੇ ਪਾਲ ਸ਼ਰਮਾ, ਸੂਬਾ ਸਕੱਤਰ ਬਲਬੀਰ ਲੌਂਗੋਵਾਲ ਨੇ ਕਿਹਾ ਕਿ ਕੇਂਦਰ ਤੇ ਸੂਬਾ ਸਰਕਾਰਾਂ ਵੱਲੋਂ ਸਿੱਖਿਆ, ਸਿਹਤ ਟਰਾਂਸਪੋਰਟ ਤੇ ਹੋਰ ਜਨਤਕ ਖੇਤਰ ਦੇ ਅਦਾਰਿਆਂ ਦਾ ਤੇਜ਼ੀ ਨਾਲ ਨਿੱਜੀਕਰਨ ਕਰਦਿਆਂ ਇਨ੍ਹਾਂ ਵਿਭਾਗਾਂ ਵਿੱਚ ਠੇਕਾ ਪ੍ਰਣਾਲੀ ਤੇ ਆਊਟ ਸੋਰਸਿੰਗ ਪ੍ਰਣਾਲੀ ਨੂੰ ਲਾਗੂ ਕੀਤਾ ਜਾ ਰਿਹਾ ਹੈ। ਕਿਰਤ ਕਾਨੂੰਨਾਂ ਵਿੱਚ ਸੋਧਾਂ ਕਰਕੇ ਮਜ਼ਦੂਰ ਵਰਗ ਦੇ ਜਥੇਬੰਦ ਹੋਣ, ਆਪਣੀਆਂ ਮੰਗਾਂ ਦੀ ਪੂਰਤੀ ਲਈ ਸੰਘਰਸ਼ ਕਰਨ ਦੇ ਹੱਕ ਖੋਹ ਕੇ ਕੰਮ ਦੇ ਘੰਟੇ ਵਧਾ ਦਿੱਤੇ ਗਏ ਹਨ। ਮੁਲਾਜ਼ਮਾਂ ਦੇ ਬੁਢਾਪੇ ਦੀ ਡੰਗੋਰੀ ਪੁਰਾਣੀ ਪੈਨਸ਼ਨ ਖੋਹ ਕੇ ਕਾਰਪੋਰੇਟ ਪੱਖੀ ਨਵੀਂ ਪੈਨਸ਼ਨ ਪ੍ਰਣਾਲੀ ਨੂੰ ਲਾਗੂ ਕੀਤਾ ਜਾ ਰਿਹਾ ਹੈ। ਉਨ੍ਹਾਂ ਭਾਜਪਾ ਸਰਕਾਰ ਦੀ ਪਿਛਲੇ ਦਸ ਸਾਲਾਂ ਦੀ ਕਾਰਗੁਜ਼ਾਰੀ 'ਤੇ ਸੁਆਲ ਕਰਦਿਆਂ ਕਿਹਾ ਕਿ ਨੋਟਬੰਦੀ ਦੌਰਾਨ ਕਿੰਨਾ ਕਾਲਾ ਧਨ ਚਿੱਟਾ ਹੋਇਆ, ਕਿੰਨੇ ਲੋਕਾਂ ਨੂੰ ਰੁਜ਼ਗਾਰ ਮਿਲਿਆ, ਕਿੰਨਾ ਭੁੱਖਮਰੀ ਤੇ ਕਾਲਾਬਜ਼ਾਰੀ ਨੂੰ ਖਤਮ ਕੀਤਾ ਗਿਆ? ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਸਰਵਣ ਔਜਲਾ, ਮੀਤ ਪ੍ਰਧਾਨ ਸੁਖਵਿੰਦਰ ਸੁੱਖੀ ਤੇ ਪ੍ਰੈੱਸ ਸਕੱਤਰ ਲਖਵੀਰ ਸਿੰਘ ਹਰੀਕੇ ਨੇ ਭਾਰਤ ਬੰਦ ਦੀ ਪੂਰਨ ਹਮਾਇਤ ਕਰਦਿਆਂ ਚੇਅਰਮੈਨ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਦਸਵੀਂ ਜਮਾਤ ਦਾ ਬੋਰਡ ਦਾ ਪੇਪਰ ਅੱਗੇ ਪਾਉਣ ਦੀ ਮੰਗ ਕੀਤੀ। ਆਗੂਆਂ ਨੇ ਕਿਹਾ ਕਿ ਬੰਦ ਹੋਣ ਕਾਰਨ ਵਿਦਿਆਰਥੀਆਂ ਤੇ ਪੇਪਰ ਲੈਣ ਵਾਲੇ ਸਟਾਫ ਦੀ ਖੱਜਲ ਖੁਆਰੀ ਵਧੇਗੀ। ਇਸ ਲਈ ਇਸ ਦਿਨ ਹੋਣ ਵਾਲੇ ਪੇਪਰ ਨੂੰ ਅੱਗੇ ਪਾਇਆ ਜਾਵੇ। ਜਥੇਬੰਦਕ ਆਗੂਆਂ ਨੇ 25 ਫਰਵਰੀ ਨੂੰ ਪੁਰਾਣੀ ਪੈਨਸ਼ਨ ਬਹਾਲੀ ਸਾਂਝਾ ਮੋਰਚਾ ਪੰਜਾਬ ਦੇ ਸੱਦੇ 'ਤੇ ਸੰਗਰੂਰ ਵਿੱਚ ਹੋਣ ਵਾਲੀ ਰੈਲੀ 'ਚ ਸ਼ਾਮਲ ਹੋਣ ਦਾ ਫੈਸਲਾ ਵੀ ਕੀਤਾ। ਇਸ ਸਮੇਂ ਸੁਰਿੰਦਰ ਸੇਤੀਆ, ਪਰਮਿੰਦਰ ਖੋਖਰ, ਨੀਰਜ ਬਜਾਜ, ਚਰਨਜੀਤ ਅਟਵਾਲ, ਬੂਟਾ ਸਿੰਘ ਵਾਕਫ਼, ਤੇਜਿੰਦਰ ਸੋਥਾ, ਨਰਿੰਦਰ ਬੇਦੀ, ਹਰਬੰਸ ਲਾਲ ਸਮੇਤ ਵੱਡੀ ਗਿਣਤੀ ਵਿੱਚ ਅਧਿਆਪਕ ਆਗੂ ਹਾਜ਼ਰ ਸਨ।

### 25 ਦੀ ਪੈਨਸ਼ਨ ਬਹਾਲੀ ਰੈਲੀ 'ਚ ਸ਼ਾਮਲ ਹੋਣ ਦਾ ਫੈਸਲਾ

# 'ਆਪ' ਵਰਕਰਾਂ ਦਾ ਕਾਫਲਾ ਸੇਰੋਂ ਰੈਲੀ ਲਈ ਰਵਾਨਾ

**ਮੱਖੂ (ਰਛਪਾਲ ਸਿੰਘ ਸੰਧੂ)**

ਆਮ ਆਦਮੀ ਪਾਰਟੀ ਵੱਲੋਂ ਲੋਕ ਸਭਾ ਹਲਕਾ ਖਡੂਰ ਸਾਹਿਬ ਦੇ ਪਿੰਡ ਸੇਰੋਂ ਵਿਖੇ ਕੀਤੀ ਜਾ ਰਹੀ ਰੈਲੀ 'ਚ ਜਾਣ ਲਈ ਵਿਧਾਨ ਸਭਾ ਹਲਕਾ ਜ਼ੀਰਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਨਰੇਸ਼ ਕਟਾਰੀਆ ਤੇ ਯੂਥ ਆਗੂ ਸੰਕਰ ਕਟਾਰੀਆ ਦੀ ਅਗਵਾਈ 'ਚ ਆਮ ਆਦਮੀ ਪਾਰਟੀ ਦੇ ਆਗੂਆਂ ਤੇ ਵਰਕਰਾਂ ਦਾ ਕਾਫਲਾ ਦਾਨਾ ਮੰਡੀ ਮਖੂ ਤੋਂ ਪਿੰਡ ਸੇਰੋਂ ਲਈ ਭਾਰੀ ਗਿਣਤੀ ਵਿਚ ਬੱਸਾਂ ਤੇ ਕਾਰਾਂ ਰਾਹੀਂ ਰਵਾਨਾ ਹੋਇਆ। ਇਸ ਮੌਕੇ ਰੈਲੀ ਵਿੱਚ ਜਾਣ ਲਈ ਇਕੱਠੇ ਹੋਏ ਆਮ ਆਦਮੀ ਪਾਰਟੀ ਦੇ ਆਗੂਆਂ ਤੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਨਰੇਸ਼ ਕਟਾਰੀਆ ਤੇ ਸੰਕਰ ਕਟਾਰੀਆ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਰਾਜ ਨਹੀਂ ਸੇਵਾ ਦੀ ਭਾਵਨਾ ਨਾਲ ਕੰਮ ਕਰ ਰਹੇ ਹਨ। ਪੰਜਾਬ ਸਰਕਾਰ ਵੱਲੋਂ ਚਲਾਈ ਸਰਕਾਰ ਤੁਹਾਡੇ ਦੁਆਰ ਪ੍ਰੋਗਰਾਮ ਤਹਿਤ ਸਰਕਾਰ ਪਿੰਡਾਂ ਦੀਆਂ ਸੱਥਾਂ ਤੱਕ ਪਹੁੰਚ ਰਹੀ ਹੈ ਤੇ ਲੋਕਾਂ ਦੇ ਮਸਲੇ ਹੱਲ ਕੀਤੇ ਜਾ ਰਹੇ ਹਨ। ਵਿਧਾਇਕ ਕਟਾਰੀਆ ਤੇ ਯੂਥ ਆਗੂ ਸੰਕਰ ਕਟਾਰੀਆ ਨੇ ਕਿਹਾ ਕਿ ਅੱਜ ਸ੍ਰੀ ਗੁਰੂ ਅਮਰਦਾਸ ਥਰਮਲ ਪਲਾਂਟ ਗੋਇੰਦਵਾਲ ਸਾਹਿਬ ਨੂੰ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਮੁੱਖ ਮੰਤਰੀ ਦਿੱਲੀ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਵਾਸੀਆਂ ਨੂੰ ਸਮਰਪਤ ਕੀਤਾ ਜਾਵੇਗਾ।

ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਨਰਿੰਦਰ ਕਟਾਰੀਆ, ਉਦੇਸ਼ ਕਟਾਰੀਆ, ਵਰਿੰਦਰ ਠੁਕਰਾਲ ਸਾਬਕਾ ਪ੍ਰਧਾਨ ਨਗਰ ਪੰਚਾਇਤ ਮਖੂ, ਰਣਜੀਤ ਸਿੰਘ ਰਾਣਾ ਬਾਹਰਵਾਲੀ, ਡਾ. ਰਜੀਵ ਅਹੂਜਾ ਰਵੀ ਸਾਬਕਾ ਐੱਮ ਸੀ, ਬਲਵੀਰ ਲਹਿਰਾ, ਬਲਾਕ ਪ੍ਰਧਾਨ ਸੌਰਵ ਅਹੂਜਾ, ਬਲਾਕ ਪ੍ਰਧਾਨ ਸੰਦੀਪ ਠੁਕਰਾਲ, ਯੂਥ ਆਗੂ ਪਵਨ ਕਟਾਰੀਆ, ਗੁਰਮਨਦੀਪ ਸਿੰਘ ਪੀ ਏ, ਮੇਜਰ ਸਿੰਘ ਪੀ ਏ ਤੇ ਹੋਰ ਬਹੁਤ ਸਾਰੇ 'ਆਪ' ਦੇ ਆਗੂ ਤੇ ਵਰਕਰ ਹਾਜ਼ਰ ਸਨ।



ਰੈਲੀ 'ਤੇ ਜਾਣ ਮੌਕੇ ਆਮ 'ਆਪ' ਦੇ ਵਰਕਰਾਂ ਨੂੰ ਸੰਬੋਧਨ ਕਰਦੇ ਹੋਏ ਵਿਧਾਇਕ ਨਰੇਸ਼ ਕਟਾਰੀਆ, ਯੂਥ ਆਗੂ ਸ਼ੰਕਰ ਕਟਾਰੀਆ।

# ਚਾਰਵਾਕ ਦੇ ਫਲਸਫੇ ਦੀ ਭਾਰਤੀ ਦਰਸ਼ਨ 'ਚ ਅਹਿਮ ਭੂਮਿਕਾ : ਡਾ. ਸੁਖਦੇਵ ਸਿਰਸਾ

### ਕ੍ਰਿਸ਼ਨ ਬਰਗਾੜੀ ਯਾਦਗਾਰੀ ਸਨਮਾਨ ਹਿਮਾਂਸ਼ੂ ਕੁਮਾਰ ਨੂੰ



**ਬਰਨਾਲਾ (ਨ ਜ਼ ਸ)**-ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਤਰਕਸ਼ੀਲ ਲਹਿਰ ਦੇ ਮਰਹੂਮ ਨਾਇਕ ਕ੍ਰਿਸ਼ਨ ਬਰਗਾੜੀ ਦੀ 22ਵੀਂ ਬਰਸੀ ਦੇ ਸਬੰਧ ਵਿੱਚ ਤਰਕਸ਼ੀਲ ਭਵਨ ਬਰਨਾਲਾ ਵਿਖੇ 'ਭਾਰਤੀ ਦਰਸ਼ਨ ਤੇ ਚਾਰਵਾਕ ਦਾ ਫਲਸਫਾ' ਵਿਸ਼ੇ ਸਬੰਧੀ ਸੈਮੀਨਾਰ ਤੇ ਸਨਮਾਨ ਸਮਾਗਮ ਕੀਤਾ ਗਿਆ, ਜਿਸ ਦੀ ਪ੍ਰਧਾਨਗੀ ਉੱਘੇ ਵਿਦਵਾਨ ਡਾ. ਸੁਖਦੇਵ ਸਿਰਸਾ, ਪ੍ਰਸਿੱਧ ਸਮਾਜਿਕ ਕਾਰਕੁਨ ਹਿਮਾਂਸ਼ੂ ਕੁਮਾਰ, ਸੂਬਾਈ ਜਥੇਬੰਦਕ ਆਗੂ ਮਾਸਟਰ ਰਾਜਿੰਦਰ ਭਦੌੜ, ਹੇਮ ਰਾਜ ਸਟੈਨੋਂ, ਕ੍ਰਿਸ਼ਨ ਬਰਗਾੜੀ ਦੀ ਜੀਵਨ ਸਾਥਣ ਮੈਡਮ ਰਾਜਿੰਦਰ ਕੌਰ ਬਰਗਾੜੀ ਤੇ ਤਰਕਸ਼ੀਲ ਆਗੂ ਕੁਲਵੰਤ ਕੌਰ ਨੇ ਕੀਤੀ।

ਇਸ ਮੌਕੇ ਮੁੱਖ ਬੁਲਾਰੇ ਉੱਘੇ ਵਿਦਵਾਨ ਡਾ. ਸੁਖਦੇਵ ਸਿਰਸਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਆਦਿ ਯੁੱਗ ਤੋਂ ਦਰਸ਼ਨ ਦਾ ਮਨੁੱਖ ਦੀ ਜ਼ਿੰਦਗੀ ਨਾਲ ਸਿੱਧਾ ਸਬੰਧ ਰਿਹਾ ਹੈ ਤੇ ਭਾਰਤ ਵਿੱਚ ਚਾਰਵਾਕ ਦੇ ਪਦਾਰਥਵਾਦੀ ਦਰਸ਼ਨ ਦੀ ਧਾਰਾ ਵਿਚਾਰਵਾਦੀ ਦਰਸ਼ਨ ਤੋਂ ਕਿਤੇ ਵੱਧ ਲੋਕ ਪੱਖੀ ਤੇ ਮਜ਼ਬੂਤ ਰਹੀ ਹੈ। ਉਨ੍ਹਾ ਕਿਹਾ ਕਿ ਚਾਰਵਾਕ ਦੇ ਪਦਾਰਥਵਾਦੀ ਦਰਸ਼ਨ ਨੇ ਆਤਮਾ-ਪ੍ਰਮਾਤਮਾ, ਸਵਰਗ-ਨਰਕ, ਪੁਨਰ ਜਨਮ, ਕਾਲਪਨਿਕ ਦੇਵੀ ਦੇਵਤਿਆਂ, ਕਰਮਕਾਂਡਾਂ ਤੇ ਅੰਧ ਵਿਸ਼ਵਾਸਾਂ ਦਾ ਵਿਗਿਆਨਕ ਨਜ਼ਰੀਏ ਤੋਂ ਵਿਰੋਧ ਕੀਤਾ ਤੇ ਭਾਰਤੀ ਸਮਾਜ ਵਿੱਚ ਵਿਗਿਆਨਕ ਚੇਤਨਾ ਦੇ ਸੰਕਲਪ ਨੂੰ ਪੂਰੀ ਮਜ਼ਬੂਤੀ ਨਾਲ ਸਥਾਪਤ ਕੀਤਾ ਹੈ। ਡਾ. ਸਿਰਸਾ ਨੇ ਅਫਸੋਸ ਪ੍ਰਗਟ ਕੀਤਾ ਕਿ ਮੌਜੂਦਾ ਫਿਰਕੂ ਹਾਕਮ ਜਮਾਤਾਂ ਵੱਲੋਂ ਮਿਥਿਹਾਸ ਨੂੰ ਇਤਿਹਾਸ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ ਤੇ ਸਿੱਖਿਆ ਦਾ ਭਗਵਾਂਕਰਨ ਤੇ ਵਪਾਰੀਕਰਨ ਕਰਕੇ ਵਿਗਿਆਨਕ ਚੇਤਨਾ ਵਿਕਸਤ ਕਰਨ ਦੇ ਸੰਵਿਧਾਨਕ ਅਧਿਕਾਰ ਨੂੰ ਖਤਮ ਕੀਤਾ ਜਾ ਰਿਹਾ ਹੈ, ਜਿਸ ਦੇ ਖਿਲਾਫ ਆਮ ਲੋਕਾਂ ਨੂੰ ਚੇਤਨ ਕਰਨ ਲਈ ਤਰਕਸ਼ੀਲ ਸੁਸਾਇਟੀ ਸਮੇਤ ਹੋਰਨਾਂ ਪ੍ਰਗਤੀਸ਼ੀਲ ਸੰਸਥਾਵਾਂ ਨੂੰ ਹੋਰ ਵੱਧ ਮਜ਼ਬੂਤੀ ਨਾਲ ਅੱਗੇ ਵਧਣ ਦੀ ਲੋੜ ਹੈ।

ਇਸ ਮੌਕੇ ਆਦਿਵਾਸੀਆਂ ਦੇ ਮਨੁੱਖੀ ਅਧਿਕਾਰਾਂ ਨੂੰ ਸਮਰਪਤ ਨਾਮਵਰ ਸਮਾਜਿਕ ਕਾਰਕੁਨ ਹਿਮਾਂਸ਼ੂ ਕੁਮਾਰ ਨੂੰ ਕ੍ਰਿਸ਼ਨ ਬਰਗਾੜੀ ਯਾਦਗਾਰੀ ਸਨਮਾਨ, ਲੋਈ ਤੇ ਨਗਦ ਰਾਸ਼ੀ ਦੇ ਕੇ ਸਨਮਾਨਤ ਕੀਤਾ ਗਿਆ। ਇਸ ਤੋਂ ਪਹਿਲਾਂ ਸੂਬਾਈ ਆਗੂ ਰਾਜਪਾਲ ਸਿੰਘ ਨੇ ਮਰਹੂਮ ਆਗੂ ਕ੍ਰਿਸ਼ਨ ਬਰਗਾੜੀ ਦੀ ਤਰਕਸ਼ੀਲ ਲਹਿਰ ਵਿੱਚ ਨਿਭਾਈ ਗਈ ਅਹਿਮ ਭੂਮਿਕਾ ਬਾਰੇ ਚਾਨਣ ਪਾਇਆ ਤੇ ਤਰਕਸ਼ੀਲ ਸੁਸਾਇਟੀ ਦੇ ਵਿੱਛੜ ਚੁੱਕੇ ਬਾਕੀ ਸਾਥੀਆਂ ਦੇ ਯੋਗਦਾਨ ਨੂੰ ਯਾਦ ਕਰਦਿਆਂ ਸਾਰਿਆਂ ਮਹਿਮਾਨਾਂ ਨੂੰ ਜੀ ਆਇਆਂ ਕਿਹਾ। ਇਸ ਮੌਕੇ ਹਿਮਾਂਸ਼ੂ ਕੁਮਾਰ ਨੇ ਕਿਹਾ ਕਿ ਸਾਮਰਾਜ ਪੱਖੀ ਹਕੂਮਤਾਂ ਜਲ, ਜੰਗਲ, ਜ਼ਮੀਨ ਤੇ ਹੋਰਨਾਂ ਖਣਿਜ ਪਦਾਰਥਾਂ ਨੂੰ ਕਾਰਪੋਰੇਟ ਘਰਾਣਿਆਂ ਨੂੰ ਲੁਟਾਉਣ ਲਈ ਗਰੀਬ ਆਦਿਵਾਸੀਆਂ ਨੂੰ ਉਜਾੜਨ 'ਤੇ ਤੁਲੀਆਂ ਹੋਈਆਂ ਹਨ ਤੇ ਵਿਰੋਧ ਕਰਨ ਵਾਲਿਆਂ ਬੁੱਧੀਜੀਵੀਆਂ, ਪੱਤਰਕਾਰਾਂ ਤੇ ਸਮਾਜਿਕ ਕਾਰਕੁਨਾਂ ਵਿਰੁੱਧ ਝੂਠੇ ਕੇਸ ਦਰਜ ਕਰਕੇ ਉਨ੍ਹਾਂ ਨੂੰ ਅਣਮਿੱਥੇ ਸਮੇਂ ਲਈ ਜੇਲ੍ਹਾਂ ਵਿੱਚ ਸੁੱਟਿਆ ਜਾ ਰਿਹਾ ਹੈ, ਜਿਸਦੇ ਖਿਲਾਫ ਸਾਨੂੰ ਤੇ ਸਮੂਹ ਲੋਕ ਪੱਖੀ ਜਨਤਕ ਅਤੇ ਜਮਹੂਰੀ ਜਥੇਬੰਦੀਆਂ ਨੂੰ ਆਪਣੀ ਆਵਾਜ਼ ਬੁਲੰਦ ਕਰਨ ਦੀ ਲੋੜ ਹੈ। ਇਸ ਤੋਂ ਪਹਿਲਾਂ ਸੰਦੀਪ ਧਾਰੀਵਾਲ ਭੋਜਾਂ ਨੇ ਹਿਮਾਂਸ਼ੂ ਕੁਮਾਰ ਵੱਲੋਂ ਆਦਿਵਾਸੀਆਂ ਦੇ ਜਮਹੂਰੀ ਅਧਿਕਾਰਾਂ ਦੀ ਰਾਖੀ ਲਈ ਨਿਭਾਈ ਜਾ ਰਹੀ ਭੂਮਿਕਾ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਸੂਬਾਈ ਜੱਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ ਨੇ ਮੁੱਖ ਬੁਲਾਰੇ ਸਮੇਤ ਆਏ ਹੋਏ ਸਰੋਤਿਆਂ ਦਾ ਧੰਨਵਾਦ ਕੀਤਾ ਤੇ ਤਰਕਸ਼ੀਲ ਲਹਿਰ ਨੂੰ ਹੋਰ ਅੱਗੇ ਲਿਜਾਣ ਦਾ ਅਹਿਦ ਲਿਆ। ਇਸ ਮੌਕੇ ਸੂਬਾਈ ਆਗੂ ਜਸਵਿੰਦਰ ਫਗਵਾੜਾ ਨੇ ਧਾਰਾ 295 ਏ ਦੇ ਤਹਿਤ ਵਿਗਿਆਨਕ ਵਿਚਾਰਧਾਰਾ ਤੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ 'ਤੇ ਕੀਤੇ ਜਾ ਰਹੇ ਹਕੂਮਤੀ ਤੇ ਫਿਰਕੂ ਹਮਲਿਆਂ ਖਿਲਾਫ ਵਿਸ਼ਾਲ ਜਨਤਕ ਮੁਹਿੰਮ ਸ਼ੁਰੂ ਕਰਨ ਦਾ ਸੱਦਾ ਦਿੱਤਾ। ਸਟੇਜ ਦੀ ਸਮੁੱਚੀ ਕਾਰਵਾਈ ਸੂਬਾਈ ਆਗੂ ਰਾਮ ਸਵਰਨ ਲੱਖੇਵਾਲੀ ਵੱਲੋਂ ਬਾਖੂਬੀ ਨਿਭਾਈ ਗਈ। ਇਸ ਮੌਕੇ ਪਾਸ ਕੀਤੇ ਮਤਿਆਂ ਵਿੱਚ 16 ਫਰਵਰੀ ਦੇ ਭਾਰਤ ਬੰਦ ਦਾ ਸਮਰਥਨ ਕਰਨ ਦਾ ਫੈਸਲਾ ਕੀਤਾ ਗਿਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸੂਬਾਈ ਤਰਕਸ਼ੀਲ ਆਗੂ ਰਾਜੇਸ਼ ਅਕਲੀਆ, ਸੁਮੀਤ ਅੰਮ੍ਰਿਤਸਰ, ਜਸਵੰਤ ਮੋਹਾਲੀ, ਜਸਵਿੰਦਰ ਫਗਵਾੜਾ, ਗੁਰਪ੍ਰੀਤ ਸਹਿਣਾ, ਅਜੀਤ ਪ੍ਰਦੇਸੀ, ਜ਼ੋਨ ਆਗੂ ਮਾਸਟਰ ਪਰਮਵੇਦ ਸੰਗਰੂਰ, ਸੁਰਜੀਤ ਟਿੱਬਾ, ਗੁਰਮੀਤ ਖਰੜ, ਸਤਪਾਲ ਸਲੋਹ ਨਵਾਂ ਸ਼ਹਿਰ, ਰਾਜਵੰਤ ਬਾਗੜੀਆ, ਅਕਸ਼ੈ ਕੁਮਾਰ ਪਟਿਆਲਾ, ਪ੍ਰਵੀਨ ਜੰਡਵਾਲਾ, ਕੁਲਵਿੰਦਰ ਨਗਾਰੀ, ਲੇਖਕ ਹਰਚਰਨ ਚਹਿਲ, ਮੁਖਤਿਆਰ ਗੋਪਾਲਪੁਰ, ਸੰਦੀਪ ਦਰਦੀ, ਸੋਹਣ ਸਿੰਘ ਮਾਝੀ, ਭੁਪਿੰਦਰ ਫੌਜੀ, ਕੁਲਜੀਤ ਡੰਗਰਖੇੜਾ, ਪ੍ਰਿੰਸੀਪਲ ਮੇਲਾ ਰਾਮ, ਅਨਮੋਲ ਸਿੰਘ, ਕੈਪਟਨ ਮਾਨਾਂਵਾਲਾ ਆਦਿ ਸ਼ਾਮਲ ਸਨ।

# ਭੱਠਾ ਮਜ਼ਦੂਰ ਯੂਨੀਅਨ ਵੱਲੋਂ ਮੋਦੀ ਸਰਕਾਰ ਖਿਲਾਫ ਰੈਲੀ




**ਰਾਮਪੁਰਾ ਫੂਲ (ਦਰਸ਼ਨ ਜਿੰਦਲ)**

ਭੱਠਾ ਮਜ਼ਦੂਰ ਯੂਨੀਅਨ ਵੱਲੋਂ ਮਾਸਾ ਮਜ਼ਦੂਰ ਅਧਿਕਾਰ ਸੰਘਰਸ਼ ਅਭਿਆਨ ਭਾਰਤ ਪੱਧਰ ਉੱਤੇ ਸੰਘਰਸ਼ਸ਼ੀਲ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਸੰਘਰਸ਼ ਮੰਚ ਦੇ ਸੱਦੇ 'ਤੇ ਮੋਦੀ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ ਰੈਲੀ ਕੀਤੀ। ਪਿੰਡ ਰਾਮਪੁਰਾ ਤੇ ਸ਼ਹਿਰ ਰਾਮਪੁਰਾ ਵਿੱਚ ਰੋਸ ਪ੍ਰਦਰਸ਼ਨ ਕੀਤਾ। ਭੱਠਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਜਗਸੀਰ ਸਿੰਘ ਫੂਲ, ਸੈਕਟਰੀ ਜਰਨੈਲ ਸਿੰਘ, ਜੋਰਾ ਸਿੰਘ ਸੀਨੀਅਰ ਮੀਤ ਪ੍ਰਧਾਨ ਨੇ ਸੰਬੋਧਨ ਕਰਦਿਆਂ ਮੰਗ ਕੀਤੀ ਕਿ 4 ਮਜ਼ਦੂਰ ਵਿਰੋਧੀ ਫਰਮਾਨ ਵਾਪਸ ਲਏ ਜਾਣ ਤੇ ਕਿਰਤੀਆਂ ਪੱਖੀ ਕਨੂੰਨ ਬਣਾਏ ਜਾਣ ਤੇ ਲਾਗੂ ਕੀਤੇ ਜਾਣ, ਸਾਰਿਆਂ ਲਈ ਰੋਜ਼ਗਾਰ, ਸੁਰੱਖਿਆ ਤੇ ਪੱਕੀ ਤਨਖਾਹ ਦੀ ਵਿਵਸਥਾ ਬਣਾਈ ਜਾਵੇ, 26 ਹਜ਼ਾਰ ਮਹੀਨਾ ਅਮਦਨ ਤੇ ਗੁਜ਼ਾਰੇ ਯੋਗ ਬੁੱਢਾਪਾ ਪੈਨਸ਼ਨ ਦਾ ਪ੍ਰਬੰਧ ਕੀਤਾ ਜਾਵੇ ਅਤੇ ਪੇਂਡੂ ਮਜ਼ਦੂਰ ਸਮੇਤ ਮਨਰੇਗਾ ਸਕੀਮ ਸਫਾਈ, ਉਸਾਰੀ ਤੇ ਭੱਠਾ ਮਜ਼ਦੂਰਾਂ ਆਦਿ ਲਈ ਸਾਲ ਭਰ ਲਈ ਕੰਮ ਅਤੇ ਸਨਮਾਨਯੋਗ ਤਨਖਾਹ ਦਿੱਤੀ ਜਾਵੇ ਅਤੇ ਸਾਰੇ ਮਜ਼ਦੂਰਾਂ ਤੇ ਗਰੀਬਾਂ ਦੇ ਰਾਸ਼ਨ ਕਾਰਡ ਬਣਾ ਕੇ ਬੁਨਿਆਦੀ ਸਹੂਲਤਾਂ ਦਿੱਤੀਆਂ ਜਾਣ। ਆਗੂਆਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਸੰਯੁਕਤ ਕਿਸਾਨ ਮੋਰਚੇ ਤੇ ਮਜ਼ਦੂਰ ਜਥੇਬੰਦੀਆਂ ਦੇ ਸੱਦੇ 'ਤੇ 16 ਫਰਵਰੀ ਨੂੰ ਭਾਰਤ ਬੰਦ ਨੂੰ ਸਫਲ ਬਣਾਉਣ ਲਈ ਸਮਰਥਨ ਦਿੱਤਾ ਜਾਵੇ। ਇਸ ਸਮੇਂ ਭੱਠਾ ਮਜ਼ਦੂਰ ਯੂਨੀਅਨ ਦੇ ਕੁੱਕੂ ਸਿੰਘ, ਰਮਨ ਸਿੰਘ, ਭੋਲਾ ਸਿੰਘ, ਹਰਦੀਪ ਸਿੰਘ, ਜਗਜੀਤ ਸਿੰਘ ਲਹਿਰਾ ਮੁਹੱਬਤ, ਜਗਦੀਸ਼ ਸਿੰਘ ਰਾਮਪੁਰਾ ਆਦਿ ਹਾਜ਼ਰ ਸਨ।

# ਘਰ-ਘਰ ਰਾਸ਼ਨ ਪਹੁੰਚਾਉਣ ਦਾ ਗੈਰੀ ਬੜਿੰਗ ਵੱਲੋਂ ਭਗਵੰਤ ਮਾਨ ਤੇ ਅਰਵਿੰਦ ਕੇਜਰੀਵਾਲ ਦਾ ਧੰਨਵਾਦ



ਮੁੱਖ ਮੰਤਰੀ ਭਗਵੰਤ ਮਾਨ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਹਲਕਾ ਅਮਲੋਹ ਦੇ ਪਿੰਡ ਸਲਾਣਾ ਦੁੱਲਾ ਸਿੰਘ ਵਾਲਾ ਵਿਖੇ ਰਾਸ਼ਨ ਵੰਡਣ ਦੀ ਸ਼ੁਰੂਆਤ ਕਰਵਾਉਣ ਸਮੇਂ।

**ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)**-ਹਲਕਾ ਅਮਲੋਹ ਦੇ ਪਿੰਡ ਸਲਾਣਾ ਦੁੱਲਾ ਸਿੰਘ ਵਿਖੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪਿੰਡ ਸਲਾਣਾ ਦੁੱਲਾ ਸਿੰਘ ਦੀ ਦਵਿੰਦਰ ਕੌਰ ਨੂੰ ਰਾਸ਼ਨ ਦੀ ਕਿੱਟ ਸੌਂਪ ਕੇ ਸੂਬੇ ਵਿੱਚ 'ਘਰ-ਘਰ ਮੁਫਤ ਰਾਸ਼ਨ' ਪਹੁੰਚਾਉਣ ਦੇ ਨਵੇਂ ਇਨਕਲਾਬੀ ਕਦਮ ਦਾ ਆਗਾਜ਼ ਕੀਤਾ, ਉਥੇ ਹੀ ਹਲਕਾ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਵੱਲੋਂ ਭਗਵੰਤ ਮਾਨ ਤੇ ਅਰਵਿੰਦ ਕੇਜਰੀਵਾਲ ਦਾ ਵਿਸ਼ੇਸ਼ ਧੰਨਵਾਦ ਵੀ ਕੀਤਾ ਗਿਆ।

ਇਸ ਲੋਕ ਪੱਖੀ ਸਕੀਮ ਨੂੰ ਚਿਤਵਣ ਵਾਲੇ ਪੰਜਾਬ ਦੇ ਮੁੱਖ ਮੰਤਰੀ ਨੇ ਉਮੀਦ ਜ਼ਾਹਰ ਕੀਤੀ ਕਿ ਹੁਣ ਲੋਕਾਂ ਨੂੰ ਘਰ ਬੈਠਿਆਂ ਹੀ ਰਾਸ਼ਨ ਮਿਲਣਾ ਸ਼ੁਰੂ ਹੋ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਉਹ ਦਿਨ ਹੁਣ ਬੀਤੇ ਚੁੱਕੇ ਹਨ ਜਦੋਂ ਲੋਕਾਂ ਨੂੰ ਕੌਮੀ ਸੁਰੱਖਿਆ ਐਕਟ ਦੇ ਤਹਿਤ ਮਿਲਦੇ ਰਾਸ਼ਨ ਨੂੰ ਲੈਣ ਲਈ ਢੇਰ ਸਾਰੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਲੋਕਾਂ ਨੂੰ ਆਪਣੇ ਕੰਮ-ਧੰਦੇ ਛੱਡ ਕੇ ਜਾਂ ਸਮਾਂ ਨਾ ਮਿਲਦਾ ਹੋਣ ਕਰਕੇ ਬਹੁਤੀ ਵਾਰ ਅਨਾਜ ਲੈਣ ਲਈ ਬੇਲੋੜੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਸੀ। ਹੁਣ ਲਾਭਪਾਤਰੀਆਂ ਨੂੰ ਉਨ੍ਹਾਂ ਦੇ ਘਰ ਅੱਗੇ ਜਾ ਕੇ ਪੈਕ ਹੋਏ ਆਟੇ ਦੀ ਵੰਡ ਸ਼ੁਰੂ ਹੋਣ ਨਾਲ ਨਵੇਂ ਯੁੱਗ ਦੀ ਸ਼ੁਰੂਆਤ ਹੋਵੇਗੀ, ਜਿਸ ਨਾਲ ਹੁਣ ਲੋਕਾਂ ਨੂੰ ਰਾਸ਼ਨ ਲੈਣ ਲਈ ਖਾਸ ਤੌਰ 'ਤੇ ਬੇਮੌਸਮੇ ਹਾਲਤਾਂ ਵਿੱਚ ਕਤਾਰਾਂ ਵਿੱਚ ਖੜਨ ਦੀ ਲੋੜ ਹੀ ਨਹੀਂ ਪਵੇਗੀ। ਇਸ ਨਾਲ ਨਾ ਸਿਰਫ ਲੋਕਾਂ ਨੂੰ ਘਰ ਬੈਠਿਆਂ ਪੌਸ਼ਟਿਕ ਅਨਾਜ ਮਿਲਣਾ ਯਕੀਨੀ ਬਣੇਗਾ, ਸਗੋਂ ਲੋਕਾਂ ਦੇ ਸਮੇਂ, ਪੈਸੇ ਤੇ ਊਰਜਾ ਦੀ ਵੀ ਬੱਚਤ ਹੋਵੇਗੀ। ਰਾਸ਼ਨ ਦੇਣ ਮੌਕੇ ਲਾਭਪਾਤਰੀ ਨੂੰ ਰਾਸ਼ਨ ਦੇ ਭਾਰ ਵਾਲੀ ਰਸੀਦ ਦੇਣ ਸਮੇਤ ਹੋਰ ਸਾਰੀਆਂ ਲੋੜੀਂਦੀਆਂ ਵਿਵਸਥਾਵਾਂ ਦੀ ਬਾਇਓਮੈਟ੍ਰਿਕ ਪ੍ਰਮਾਣਿਕਤਾ ਹੋਵੇਗੀ।

ਇਸ ਸਕੀਮ ਤਹਿਤ ਜੇਕਰ ਕੋਈ ਫੀਡਬੈਕ, ਸੁਝਾਅ ਜਾਂ ਸ਼ਿਕਾਇਤ ਹੋਵੇ ਤਾਂ ਟੋਲ ਫਰੀ ਨੰਬਰ 1100 ਉਤੇ ਸੂਚਿਤ ਕੀਤਾ ਜਾ ਸਕਦਾ ਹੈ। ਲਾਭਪਾਤਰੀਆਂ ਵੱਲੋਂ ਕਣਕ ਨੂੰ ਆਟੇ ਵਿੱਚ ਬਦਲਾਉਣ ਜਾਂ ਰਾਸ਼ਨ ਘਰ ਪਹੁੰਚਾਉਣ ਦੀ ਸੂਰਤ ਵਿੱਚ ਉਨ੍ਹਾਂ ਪਾਸੋਂ ਕੋਈ ਵੀ ਖਰਚਾ ਨਹੀਂ ਲਿਆ ਜਾਵੇਗਾ। ਯੋਗ ਲਾਭਪਾਤਰੀਆਂ ਨੂੰ ਹਰੇਕ ਮਹੀਨੇ ਰਾਸ਼ਨ ਦੀ ਸਪਲਾਈ ਕੀਤੀ ਜਾਵੇਗੀ ਤੇ ਇਹ ਸਕੀਮ ਪਿਛਲੇ ਸਮੇਂ ਵਿੱਚ ਪ੍ਰਚਲਿਤ ਚੋਰ-ਮੋਰੀਆਂ, ਅਨਾਜ ਦੀ ਜਮ੍ਹਾਂਖੋਰੀ ਤੇ ਹੋਰ ਅਲਾਮਤਾਂ ਨੂੰ ਰੋਕਣ ਵੱਲ ਵੱਡੀ ਪੁਲਾਂਘ ਹੈ। ਨਵੀਂ ਸਕੀਮ ਸੂਬੇ ਭਰ ਵਿੱਚ ਪਹਿਲੇ ਪੜਾਅ ਵਿੱਚ 25 ਲੱਖ ਲਾਭਪਾਤਰੀਆਂ ਨੂੰ ਵੱਡੀ ਰਾਹਤ ਦੇਣ ਦੇ ਨਾਲ-ਨਾਲ ਪਿੰਡਾਂ ਦੇ 1500 ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰੇਗੀ।

# ਸਮਰਾਲਾ ਕਾਨਫਰੰਸ ਲਈ ਕਾਂਗਰਸੀ ਵਰਕਰਾਂ ਦਾ ਕਾਫਲਾ ਰਵਾਨਾ




**ਮੱਖੂ (ਰਛਪਾਲ ਸਿੰਘ ਸੰਧੂ)**-ਪੰਜਾਬ ਪ੍ਰਦੇਸ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਅਗਵਾਈ 'ਚ ਸਮਰਾਲਾ ਵਿਖੇ ਹੋ ਰਹੀ ਸੂਬਾ ਪੱਧਰੀ ਕਾਨਫਰੰਸ 'ਚ ਕਾਂਗਰਸ ਕਮੇਟੀ ਜ਼ਿਲ੍ਹਾ ਫਿਰੋਜ਼ਪੁਰ ਦੇ ਪ੍ਰਧਾਨ ਕੁਲਬੀਰ ਸਿੰਘ ਜ਼ੀਰਾ ਸਾਬਕਾ ਵਿਧਾਇਕ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਬਲਾਕ ਮਖੂ ਦੇ ਪ੍ਰਧਾਨ ਸ਼ਿਵ ਸਾਗਰ ਸ਼ਰਮਾ ਦੀ ਅਗਵਾਈ 'ਚ ਬਲਾਕ ਮਖੂ ਤੋਂ ਕਾਂਗਰਸ ਪਾਰਟੀ ਦੇ ਆਗੂਆਂ ਤੇ ਵਰਕਰਾਂ ਦਾ ਕਾਫਲਾ ਸਮਰਾਲਾ ਲਈ ਰਵਾਨਾ ਹੋਇਆ।

ਇਸ ਮੌਕੇ ਕਾਂਗਰਸ ਕਮੇਟੀ ਜ਼ਿਲ੍ਹਾ ਫਿਰੋਜ਼ਪੁਰ ਦੇ ਮੀਤ ਪ੍ਰਧਾਨ ਮਹਿੰਦਰ ਮਦਾਨ ਸਾਬਕਾ ਪ੍ਰਧਾਨ ਨਗਰ ਪੰਚਾਇਤ ਮਖੂ ਤੇ ਕਾਂਗਰਸ ਕਮੇਟੀ ਬਲਾਕ ਮਖੂ ਦੇ ਪ੍ਰਧਾਨ ਸ਼ਿਵ ਸਾਗਰ ਸ਼ਰਮਾ ਨੇ ਕਿਹਾ ਕਿ ਪੰਜਾਬ ਪ੍ਰਦੇਸ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਅਗਵਾਈ 'ਚ ਸਮਰਾਲਾ ਵਿਖੇ ਹੋਣ ਵਾਲੀ ਸੂਬਾ ਪੱਧਰੀ ਕਾਨਫਰੰਸ ਵਿੱਚ ਕਾਂਗਰਸ ਕਮੇਟੀ ਜ਼ਿਲ੍ਹਾ ਫਿਰੋਜ਼ਪੁਰ ਦੇ ਪ੍ਰਧਾਨ ਕੁਲਬੀਰ ਸਿੰਘ ਜ਼ੀਰਾ ਸਾਬਕਾ ਵਿਧਾਇਕ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬਲਾਕ ਮਖੂ ਤੋਂ ਕਾਂਗਰਸੀ ਆਗੂਆਂ ਤੇ ਵਰਕਰਾਂ ਦਾ ਕਾਫਲਾ ਰਵਾਨਾ ਹੋ ਰਿਹਾ ਹੈ। ਇਸ ਸੂਬਾ ਪੱਧਰੀ ਕਾਨਫਰੰਸ ਵਿੱਚ ਵਿਸ਼ੇਸ਼ ਤੌਰ 'ਤੇ ਰਾਸ਼ਟਰੀ ਕਾਂਗਰਸ ਦੇ ਪ੍ਰਧਾਨ ਮਲਿਕਰਜਨ ਖੜਗੇ ਤੇ ਹੋਰ ਉੱਚ ਕੋਟੀ ਦੇ ਲੀਡਰ ਪਹੁੰਚ ਕੇ ਸੂਬਾ ਪੱਧਰੀ ਕਾਨਫਰੰਸ ਨੂੰ ਸੰਬੋਧਨ ਕਰਨਗੇ।

ਇਸ ਸੂਬਾ ਪੱਧਰੀ ਕਾਨਫਰੰਸ ਵਿੱਚ ਜਾਣ ਲਈ ਕਾਂਗਰਸੀ ਆਗੂਆਂ ਤੇ ਵਰਕਰਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ।

# ਪ ਸ ਸ ਫ ਵੱਲੋਂ 16 ਦੀ ਹੜਤਾਲ ਦਾ ਸਮਰਥਨ : ਲੂਥਰਾ




**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਜ਼ਿਲ੍ਹਾ ਫ਼ਿਰੋਜ਼ਪੁਰ ਵੱਲੋਂ ਵੱਖ ਵੱਖ ਵਿਭਾਗਾਂ ਦੇ ਮੁਲਾਜ਼ਮਾਂ ਵੱਲੋਂ 16 ਫਰਵਰੀ ਨੂੰ ਸੈਂਟਰ ਦੀਆਂ ਪ੍ਰਮੁੱਖ ਟਰੇਡ ਯੂਨੀਅਨਾਂ, ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਅਤੇ ਵੱਖ ਵੱਖ ਕਿਸਾਨ ਜਥੇਬੰਦੀਆਂ ਵੱਲੋਂ ਭਾਰਤ ਬੰਦ ਦਾ ਪੂਰਨ ਸਮਰਥਨ ਕਰਨ ਦਾ ਫ਼ੈਸਲਾ ਕੀਤਾ ਗਿਆ। ਇਹ ਰੈਲੀ ਰਮਨ ਅੱਤਰੀ ਜ਼ਿਲ੍ਹਾ ਪ੍ਰਧਾਨ ਦੀ ਅਗਵਾਈ ਹੇਠ ਸਿਵਲ ਹਸਪਤਾਲ ਫਿਰੋਜ਼ਪੁਰ ਵਿਖੇ ਹੋਈ। ਜਿਸ ਵਿੱਚ ਵੱਖ ਵੱਖ ਵਿਭਾਗਾਂ ਦੇ ਮੁਲਾਜ਼ਮਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਰਵਿੰਦਰ ਲੂਥਰਾ ਨੇ ਦੱਸਿਆ ਕਿ ਕੇਂਦਰ ਦੀਆਂ ਮੁਲਾਜ਼ਮ ਤੇ ਪੈਨਸ਼ਨਰਜ਼ ਮਾਰੂ, ਕਿਸਾਨ ਤੇ ਮਜ਼ਦੂਰਾਂ ਤੇ ਛੋਟੇ ਵਪਾਰੀਆਂ ਮਾਰੂ ਨੀਤੀਆਂ ਕਾਰਨ ਪਿਛਲੇ 45 ਸਾਲ ਵਿੱਚ ਦੇਸ਼ ਵਿਚ ਬੇਰੁਜ਼ਗਾਰੀ ਦਾ ਰਿਕਾਰਡ ਟੁੱਟ ਗਿਆ ਹੈ ਤੇ ਮਹਿੰਗਾਈ ਵਿੱਚ ਰਿਕਾਰਡ ਤੋੜ ਵਾਧਾ ਹੋਇਆ ਹੈ। ਕਿਸਾਨਾਂ ਤੇ ਮਜ਼ਦੂਰਾਂ ਦੀ ਹਾਲਤ ਬਦ ਤੋਂ ਬੱਤਰ ਹੁੰਦੀ ਜਾਂ ਰਹੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਮੁਲਾਜ਼ਮਾਂ ਤੇ ਪੈਨਸ਼ਨਰਜ਼ ਨਾਲ ਜੋ ਵਾਅਦੇ ਕੀਤੇ ਸਨ, ਜਿਵੇਂ ਕਿ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨਾ, ਵੱਖ ਵੱਖ ਵਿਭਾਗਾਂ ਵਿੱਚ ਠੇਕੇ 'ਤੇ ਆਊਟਸੋਰਸਿੰਗ, ਡੇਲੀਵੇਜਿਜ ਤੇ ਸੈਂਟਰ ਦੀਆਂ ਵੱਖ ਵੱਖ ਸਕੀਮਾਂ ਅਧੀਨ ਕੰਮ ਕਰਦੇ ਮੁਲਾਜ਼ਮਾਂ ਨੂੰ ਰੈਗੂਲਰ ਕਰਨਾ, 6ਵੇਂ ਪੇਕਮਿਸ਼ਨ ਦੀਆਂ ਤਰੁੱਟੀਆਂ ਦੂਰ ਕਰਕੇ ਲਾਗੂ ਕਰਨਾ ਤੇ 1/1/2006ਤੋਂ ਬਣਦਾ ਬਕਾਇਆ ਦੇਣਾ, ਡੀ ਏ ਦੀਆਂ ਕਿਸ਼ਤਾਂ ਰਿਲੀਜ਼ ਕਰਨਾ ਅਤੇ ਬਕਾਇਆ ਜਾਰੀ ਕਰਨਾ, ਪੈਨਸ਼ਨਰਜ਼ ਤੇ 2.59 ਦਾ ਗੁਣਾਂਕ ਲਾਗੂ ਕਰਨਾ ਤੇ ਮੁਲਾਜ਼ਮਾਂ ਅਤੇ ਪੈਨਸ਼ਨਰਜ਼ ਤੇ 200 ਰੁਪਏ ਲਗਾਇਆਂ ਜਜੀਆ ਟੈਕਸ ਵਾਪਸ ਕਰਨਾ ਆਦਿ ਮੰਗਾਂ ਨੂੰ ਲਾਗੂ ਤਾ ਕਰਨਾ ਇਕ ਪਾਸੇ ਰਿਹਾ ਉਲਟਾ ਸ਼ਾਂਤਮਈ ਰੋਸ ਪ੍ਰਦਰਸ਼ਨ ਕਰਨ ਵਾਲੀਆਂ ਜਥੇਬੰਦੀਆਂ ਦੀ ਅਵਾਜ਼ ਨੂੰ ਦਬਾਉਣ ਦਾ ਕੰਮ ਕੀਤਾ ਜਾ ਰਿਹਾ ਹੈ। ਇਸ ਮੌਕੇ ਹਰਪ੍ਰੀਤ ਸਿੰਘ ਥਿੰਦ, ਦਵਿੰਦਰ ਸਿੰਘ, ਰਾਕੇਸ਼ ਗਿੱਲ, ਗੁਰਮੇਲ ਸਿੰਘ, ਸਤਪਾਲ ਸਿੰਘ, ਦਿਨੇਸ਼ ਸਿੰਘ, ਗੁਰਜੰਟ ਸਿੰਘ, ਰਾਜ ਕੁਮਾਰ ਕੁੱਕੜ, ਸ਼ੇਖਰ, ਰਵਿੰਦਰ ਸ਼ਰਮਾ, ਪੁਨੀਤ ਮਹਿਤਾ, ਅਜੀਤ ਸਿੰਘ, ਵਿਸ਼ਾਲ ਕੁਮਾਰ, ਗੁਰਜੀਤ ਸਿੰਘ, ਮੁਖਤਿਆਰ ਸਿੰਘ, ਕੇਵਲ ਸਿੰਘ, ਜਗਪ੍ਰੀਤ ਸਿੰਘ, ਹਰਨੇਕ ਸਿੰਘ, ਸਤਯੁੱਗ ਸਿੰਘ, ਜਸਵਿੰਦਰ ਸਿੰਘ, ਪਵਨ ਮਨਚੰਦਾ, ਹੁਕਮ ਚੰਦ ਆਦਿ ਆਗੂਆਂ ਨੇ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਆਉਣ ਵਾਲੇ ਸਮੇਂ ਵਿੱਚ ਜੇਕਰ ਇਨ੍ਹਾਂ ਮੰਗਾਂ ਦਾ ਹੱਲ ਨਾ ਕੀਤਾ ਜਾ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।

page-6-12-Febuary.-2024.qxd 2/11/2024 8:55 PM Page 1



## ਐੱਨ ਓ ਸੀ ਦੀ ਸ਼ਰਤ ਖਤਮ ਹੋਣ ਨਾਲ ਪ੍ਰਾਪਰਟੀ ਕਾਰੋਬਾਰੀਆਂ ਨੂੰ ਵੱਡੀ ਰਾਹਤ ਮਿਲੀ : ਜੱਗਾ ਮਜੀਠਾ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਆਮ ਆਦਮੀ ਪਾਰਟੀ ਹਲਕਾ ਮਜੀਠਾ ਦੇ ਸੀਨੀਅਰ ਆਗੂ ਜਗਵਿੰਦਰਪਾਲ ਸਿੰਘ ਜੱਗਾ ਮਜੀਠਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਰਜਿਸਟਰੀ ਕਰਵਾਉਣ ਲਈ ਰੱਖੀ ਐੱਨਓਸੀ ਦੀ ਸ਼ਰਤ ਖਤਮ ਕਰਨ ਨਾਲ ਕਾਰੋਬਾਰੀ ਵਰਗ ਵਿੱਚ ਬਹੁਤ ਹੀ ਖੁਸ਼ੀ ਦੀ ਲਹਿਰ ਹੈ। ਅੱਜ ਹਲਕਾ ਮਜੀਠਾ ਦੇ ਵੱਖ-ਵੱਖ ਪਿੰਡਾਂ ਵਿੱਚ ਮੀਟਿੰਗਾਂ ਕਰਨ ਉਪਰੰਤ ਪਿੰਡ ਖਿੰਦੋਵਾਲੀ ਵਿਖੇ ਸਾਬਕਾ ਸਰਪੰਚ ਬਲਜੀਤ ਸਿੰਘ ਦੇ ਗ੍ਰਹਿ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਸਰਕਾਰਾਂ ਦਾ ਕੰਮ ਹੁੰਦਾ ਹੈ ਕਿ ਉਹ ਆਮ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਸਮਝੇ ਅਤੇ ਉਸ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਵਾਏ ਕਿਉਂਕਿ ਲੋਕ ਸਰਕਾਰ ਇਸੇ ਲਈ ਬਣਾਉਂਦੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪਿਛਲੇ ਦਿਨੀਂ ਆਪਣੇ ਟਵੀਟ 'ਚ ਪੰਜਾਬ ਵਿਚ ਰਜਿਸਟਰੀ ਤੇ ਐੱਨਓਸੀ ਸ਼ਰਤ ਖਤਮ ਕਰਨ ਦੇ ਐਲਾਨ ਤੋਂ ਬਾਅਦ ਪ੍ਰਾਪਰਟੀ ਕਾਰੋਬਾਰੀਆਂ ਦੇ ਨਾਲ-ਨਾਲ ਆਮ ਜਨਤਾ ਨੂੰ ਵੀ ਭਾਰੀ ਰਾਹਤ ਮਿਲੀ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਕਾਫੀ ਮਹੀਨਿਆਂ ਤੋਂ ਪੰਜਾਬ 'ਚ ਪ੍ਰਾਪਰਟੀ ਦਾ ਕਾਰੋਬਾਰ ਪੂਰੀ ਤਰ੍ਹਾਂ ਠੱਪ ਹੋ ਚੁੱਕਾ ਸੀ। ਇੱਕ ਪਾਸੇ ਪ੍ਰਾਪਰਟੀ ਕਾਰੋਬਾਰੀ ਘਾਟੇ ਦਾ ਸ਼ਿਕਾਰ ਹੋ ਰਹੇ ਸਨ, ਦੂਜੇ ਪਾਸੇ ਆਮ ਲੋਕ ਜਿਨ੍ਹਾਂ ਨੇ ਪਾਈ-ਪਾਈ ਕਰਕੇ ਕਿਸ਼ਤਾਂ 'ਤੇ ਪਲਾਟ ਖਰੀਦ ਰੱਖੇ ਸਨ ਪਲਾਟਾਂ ਦੀਆਂ ਰਜਿਸਟਰੀਆਂ ਨਾ ਹੋਣ ਕਾਰਨ ਦੋਵੇਂ ਧਿਰਾਂ ਭਾਰੀ ਖਮਿਆਜ਼ਾ ਭੁਗਤ ਰਹੀਆਂ ਸਨ।

## ਸੈਂਕੜੇ ਬੱਸਾਂ, ਕਾਰਾਂ ਸਣੇ 'ਆਪ' ਦੇ ਵਰਕਰਾਂ ਦਾ ਵੱਡਾ ਕਾਫਲਾ ਸੇਰੋਂ ਲਈ ਰਵਾਨਾ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਵੱਲੋਂ ਪੱਟੀ ਹਲਕੇ ਦੇ ਸੇਰੋਂ ਵਿੱਚ ਕੀਤੀ ਜਾ ਰਹੀ ਮਹਾਂ ਰੈਲੀ ਵਿੱਚ ਸ਼ਾਮਿਲ ਹੋਣ ਲਈ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਗੁਰਦੀਪ ਸਿੰਘ ਰੰਧਾਵਾ ਦੀ ਅਗਵਾਈ ਹੇਠ ਸੈਂਕੜੇ ਬੱਸਾਂ, ਕਾਰਾਂ ਅਤੇ ਹਜ਼ਾਰਾਂ ਵਰਕਰਾਂ ਦਾ ਠਾਠਾਂ ਮਾਰਦਾ ਕਾਫਲਾ ਰਵਾਨਾ ਹੋਇਆ। ਇਸ ਮੌਕੇ ਆਮ ਆਦਮੀ ਪਾਰਟੀ ਦੇ ਹਜ਼ਾਰਾਂ ਵਰਕਰਾਂ ਵੱਲੋਂ ਆਮ ਆਦਮੀ ਪਾਰਟੀ ਜ਼ਿੰਦਾਬਾਦ ਤੇ ਗੁਰਦੀਪ ਸਿੰਘ ਰੰਧਾਵਾ ਜ਼ਿੰਦਾਬਾਦ ਦੇ ਨਾਹਰੇ ਲਗਾਏ ਗਏ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਅੱਜ ਦੀ ਰੈਲੀ ਦਾ ਮੁੱਖ ਉਦੇਸ਼ ਲੋਕ ਸਭਾ ਚੋਣਾਂ ਦੇ ਸੰਬੰਧ ਵਿੱਚ ਰੈਲੀਆਂ ਦਾ ਆਗਾਜ਼ ਹੈ ਜੋ ਕਿ ਪੂਰੇ ਹਿੰਦੁਸਤਾਨ ਵਿੱਚ ਕੀਤੀਆਂ ਜਾਣਗੀਆਂ ਜਿਸ ਦੀ ਆਰੰਭਤਾ ਅੱਜ ਮਾਝੇ ਦੀ ਧਰਤੀ ਪੱਟੀ ਹਲਕੇ ਦੇ ਸੇਰੋ ਤੋਂ ਕੀਤੀ ਜਾ ਰਹੀ ਹੈ। ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਅਗਲੇ ਕੁਝ ਦਿਨਾਂ ਵਿੱਚ ਪਾਰਟੀ ਹਾਈ ਕਮਾਨ ਵੱਲੋਂ 13 ਦੀਆਂ 13 ਸੀਟਾਂ ਉੱਪਰ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਨ੍ਹਾਂ ਚੋਣਾਂ ਵਿੱਚ ਆਮ



ਆਦਮੀ ਪਾਰਟੀ ਦੀ ਜਿੱਤ ਯਕੀਨੀ ਹੈ ਤਾਂ ਜੋ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਸੁਪਨਾ 13-0 ਦਾ ਹੈ ਉਹ ਪੂਰਾ ਹੋਵੇਗਾ। ਸ਼੍ਰੋਮਣੀ ਅਕਾਲੀ ਦਲ ਵੱਲੋਂ ਪੰਜਾਬ ਬਚਾਓ ਯਾਤਰਾ 'ਤੇ ਗੁਰਦੀਪ ਸਿੰਘ ਰੰਧਾਵਾ ਨੇ ਤਿੱਖੇ ਨਿਸ਼ਾਨੇ ਵਿੰਨ੍ਹਦੇ ਹੋਏ ਕਿਹਾ ਕਿ ਲੋਕਾਂ ਦੇ ਮਨ ਵਿੱਚੋਂ ਇਨ੍ਹਾਂ ਪ੍ਰਤੀ ਹਾਲੇ ਗੁੱਸਾ ਨਹੀਂ ਗਿਆ ਤੇ ਲੋਕ ਬਹੁਤ ਸਮਝਦਾਰ ਅਤੇ ਸੂਝਵਾਨ ਹਨ ਉਹ ਇਨ੍ਹਾਂ ਨੂੰ ਕਦੇ ਵੀ ਮੂੰਹ ਨਹੀਂ ਲਾਉਣਗੇ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸਮਰਥਕਾਂ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਲਏ ਜਾ ਰਹੇ ਸ਼ਲਾਘਾਯੋਗ ਫੈਸਲਿਆਂ ਦੀ ਤਰੀਫ ਕੀਤੀ ਗਈ ਤੇ ਕਿਹਾ ਕਿ ਜੋ ਵੀ ਆਮ ਆਦਮੀ ਪਾਰਟੀ ਹਲਕਾ ਗੁਰਦਾਸਪੁਰ ਤੋਂ ਲੋਕ ਸਭਾ ਦਾ ਉਮੀਦਵਾਰ ਉਤਾਰੇਗੀ ਉਸ ਨੂੰ ਹਲਕਾ ਡੇਰਾ ਬਾਬਾ ਨਾਨਕ ਤੋਂ ਹਲਕਾ ਇੰਚਾਰਜ ਗੁਰਦੀਪ ਸਿੰਘ ਰੰਧਾਵਾ ਦੀ ਅਗਵਾਈ ਵਿੱਚ ਵੱਡੀ ਗਿਣਤੀ ਵਿੱਚ ਜਿਤਾ ਕੇ ਲੋਕ ਸਭਾ ਵਿੱਚ ਭੇਜਿਆ ਜਾਵੇਗਾ ਤੇ ਹਾਈਕਮਾਨ ਦੇ ਹੱਥ ਮਜ਼ਬੂਤ ਕੀਤੇ ਜਾਣਗੇ। ਇਸ ਮੌਕੇ ਜੂਥ ਆਗੂ ਪਰਮਿੰਦਰ ਸਿੰਘ ਰੰਧਾਵਾ, ਰਾਜਵਿੰਦਰ ਸਿੰਘ ਰਾਜੂ ਹਰਦੋਰਵਾਲ, ਗੁਰਦੇਵ ਸਿੰਘ ਸ਼ਾਹਪੁਰ, ਪਰਦੀਪ ਸਿੰਘ ਆੜ੍ਹਤੀ, ਕੈਪਟਨ ਜਸਬੀਰ ਸਿੰਘ ਕਾਹਲਾਂਵਾਲੀ, ਤਜਿੰਦਰ ਸਿੰਘ ਮਾਨ, ਜੋਗਿੰਦਰ ਸਿੰਘ ਚੰਡੀਗੜ੍ਹ, ਨਿਰਮਲ ਸਿੰਘ ਦੋਸਤਪੁਰ, ਵਿਸਾਖਾ ਸਿੰਘ ਮੀਰਕਚਾਣਾ, ਜੇਈ ਬਲਜੀਤ ਸਿੰਘ ਵਡਾਲਾ ਬਾਂਗਰ, ਮੋਹਨ ਮਸੀਹ ਲਖਮਾਨੀਆ ਬਲਾਕ ਪ੍ਰਧਾਨ, ਪ੍ਰੀਤਮ ਸਿੰਘ ਮਹਿਤਾ, ਤਸਬੀਰ ਸਿੰਘ ਪੱਡਾ, ਬਿਕਰਮਜੀਤ ਸਿੰਘਪੁਰਾ, ਮਲਕੀਤ ਸਿੰਘ ਖੁਸ਼ਹਾਲਪੁਰ, ਰੇਸ਼ਮ ਸਿੰਘ ਪੱਡਾ, ਕੁਲਦੀਪ ਸਿੰਘ ਰੱਤਾ, ਸੋਨੂ ਰੱਤਾ, ਹਰਪਿੰਦਰ ਸਿੰਘ ਭਗੜਾਨਾ ਤੁਲੀਆਂ, ਡਾ: ਗੁਰਪ੍ਰਕਾਸ਼ ਸਿੰਘ, ਮੱਸਾ ਸਿੰਘ ਬਿਸ਼ਨਕੋਟ, ਰਣਜੀਤ ਸਿੰਘ ਬਿਸ਼ਨਕੋਟ, ਜਗਦੀਪ ਸਿੰਘ ਭੋਲਾ ਮਹਿਮਾ ਚੈੱਕ, ਹੈਪੀ ਰਾਜੇਕੇ, ਸ਼ੁਭਮ ਭਾਰਦਵਾਜ ਬਲਾਕ ਪ੍ਰਧਾਨ, ਚੰਨਣ ਸਿੰਘ ਪਹਿਲਵਾਨ, ਅਜੀਤ ਸਿੰਘ ਸਾਬਕਾ ਮੈਂਬਰ, ਰਜਿੰਦਰ ਕੁਮਾਰ ਸਰਪੰਚ, ਜਤਿੰਦਰ ਸਿੰਘ ਮੋਹਲੋਵਾਲੀ, ਲਖਵਿੰਦਰ ਸਿੰਘ ਉਦੋਵਾਲੀ ਕਲਾਂ, ਗੁਰਮਿੰਦਰ ਸਿੰਘ ਫੌਜੀ ਉਦੋਵਾਲੀ ਕਲਾਂ, ਪ੍ਰਕਾਸ਼ ਸਿੰਘ ਫੌਜੀ ਉਦੋਵਾਲੀ ਕਲਾਂ, ਦਲੇਰ ਸਿੰਘ ਕਾਹਲੋਂ ਚੌੜਾ ਕਲਾਂ, ਸਰਪੰਚ ਸਰਦੂਲ ਮਸੀਹ ਮਾਲੇ ਮੂਹਾ, ਕੈਪਟਨ ਕਸ਼ਮੀਰ ਸਿੰਘ ਮਾਲੇਵਾਲ, ਸਾਬਕਾ ਸਰਪੰਚ ਕਸ਼ਮੀਰ ਸਿੰਘ ਰਾਜੇਕੇ, ਅਮਨਦੀਪ ਸਿੰਘ ਬੇਦੀ, ਕੋਮਲਪ੍ਰੀਤ ਸਿੰਘ, ਸਾਬਕਾ ਸਰਪੰਚ ਨਿਰਮਲ ਸਿੰਘ ਮੋਹਲੋਵਾਲੀ, ਦੀਦਾਰ ਸਿੰਘ ਲਾਹੌਰੀਆ, ਮਲਕੀਤ ਸਿੰਘ ਅਟਵਾਲ, ਗੁਰਦੇਵ ਸਿੰਘ ਪੱਬਾਰਾਲੀ, ਰਮਜੀਤ ਸਿੰਘ ਕੋਟ ਮੌਲਵੀ, ਗੁਰਵਿੰਦਰ ਸਿੰਘ ਨਬੀਨਗਰ, ਕੁੰਨਣ ਸਿੰਘ, ਪਰਵੇਜ਼ ਮਸੀਹ ਬਿੱਟਾ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਆਪ ਵਰਕਰ ਤੇ ਵਲੰਟੀਅਰ ਹਾਜ਼ਰ ਸਨ।

## 20 ਪਰਵਾਰ ਹੋਏ ਭਾਜਪਾ 'ਚ ਸ਼ਾਮਲ



**ਬਰੇਟਾ (ਰੀਤਵਾਲ)** ਪੰਜਾਬ ਭਾਜਪਾ ਵੱਲੋਂ ਚਲਾਈ ਪਿੰਡ ਪਿੰਡ ਚੱਲੋ ਮੁਹਿੰਮ ਨੂੰ ਉਸ ਸਮੇਂ ਭਾਰੀ ਬਲ ਮਿਲਿਆ ਜਦੋਂ ਬਰੇਟਾ ਦੇ ਮੰਡਲ ਪ੍ਰਧਾਨ ਗਗਨਦੀਪ ਸ਼ਰਮਾਂ ਦੀ ਅਗਵਾਈ ਹੇਠ ਪਿੰਡ ਸਿਰਸੀਵਾਲਾ ਦੇ ਲਗਭਗ 20 ਪਰਵਾਰ ਹੋਰ ਪਾਰਟੀਆਂ ਨੂੰ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਏ। ਇਸ ਮੌਕੇ ਬੋਲਦਿਆਂ ਗਗਨਦੀਪ ਸ਼ਰਮਾਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਸੈਂਕੜੇ ਸਕੀਮਾਂ ਲੋਕਾਂ ਦੀ ਭਲਾਈ ਲਈ ਚਲਾਈਆਂ ਜਾ ਰਹੀਆਂ ਹਨ ਜੋ ਜਿਹਨਾਂ ਵਿੱਚੋਂ ਆਯੁਸ਼ਮਾਨ ਬੀਮਾਂ ਕਾਰਡ, ਕਿਸਾਨ ਸਮਾਨੀਧੀ ਯੋਜਨਾ, ਵਿਸ਼ਵਕਰਮਾਂ ਯੋਜਨਾਂ, ਸੁਕੰਨਿਆ ਸਮਰਿਧੀ ਯੋਜਨਾ, ਅਵਾਸ ਯੋਜਨਾ ਮੁੱਖ ਹਨ ਜਿਹਨਾਂ ਦਾ ਲਾਭ ਲੱਖਾਂ ਲੋਕ ਲੈ ਰਹੇ ਹਨ ਉਹਨਾਂ ਕਿਹਾ ਕਿ ਪੰਜਾਬ ਸਰਕਾਰ ਇਹਨਾਂ ਸਹੀ ਢੰਗ ਨਾਲ ਲੋਕਾਂ ਤੱਕ ਨਹੀ ਪਹੁੰਚਾਈਆ ਜਾ ਰਹੀਆਂ ਜਿਸ ਕਾਰਨ ਅਨੇਕਾਂ ਲੋਕ ਇਸ ਤੋਂ ਵਾਂਝੇ ਰਹਿ ਜਾਂਦੇ ਹਨ ਉਹਨਾਂ ਕਿਹਾ ਕਿ ਅੱਜ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕਿ ਹਰ ਰੋਜ ਅਨੇਕਾਂ ਲੋਕ ਪਾਰਟੀ ਨਾਲ ਜੁੜ ਰਹੇ ਹਨ। ਇਸ ਮੌਕੇ ਸ਼ਾਮਿਲ ਹੋਣ ਵਾਲਿਆਂ ਵਿੱਚ ਜੱਗਰ ਸਿੰਘ ਸਾਬਕਾ ਸਰਪੰਚ, ਦਵਿੰਦਰ ਸਿੰਘ, ਸੂਬਾ ਸਿੰਘ, ਬੂਟਾ ਸਿੰਘ, ਤਰਸੇਮ ਸਿੰਘ, ਕਰਮਜੀਤ ਸਿੰਘ, ਸੁਰਿੰਦਰ ਸਿੰਘ, ਜਸਵੀਰ ਸਿੰਘ, ਬੱਲਮ ਸਿੰਘ, ਗੁਲਾਬ ਸਿੰਘ, ਰਾਜੂ ਸਿੰਘ ਨੰਬਰਦਾਰ, ਰਾਮ ਸਿੰਘ, ਭੋਲਾ ਸਿੰਘ, ਜੀਵਨ ਸਿੰਘ ਸ਼ਾਮਲ ਸਨ।ਇਸ ਮੌਕੇ ਮੰਡਲ ਦੇ ਜਨਰਲ ਸਕੱਤਰ ਨਰਿੰਦਰ ਬਾਂਸਲ, ਐਸ ਸੀ ਮੋਰਚਾ ਦੇ ਗੁਰਨੈਬ ਸਿੰਘ ਜਲਵੇੜਾ, ਹਰੀਸ਼ ਕੁਮਾਰ, ਮੋਹਿਤ ਜਾਂਗੜਾ ਵੀ ਹਾਜ਼ਰ ਸਨ।

## ਸਮਰਾਲਾ ਰੈਲੀ 'ਚ ਲੋਕਾਂ ਦੇ ਆਏ ਹੜ੍ਹ ਨੇ ਵਿਰੋਧੀਆਂ ਦੀ ਨੀਂਦ ਉਡਾਈ

### ਲੋਕ ਸਭਾ ਚੋਣਾਂ 'ਚ ਕਾਂਗਰਸ ਦੀ ਹੋਵੇਗੀ ਵੱਡੀ ਜਿੱਤ: ਸੁਖਪਾਲ ਭੁੱਲਰ

**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਕਾਂਗਰਸ ਪਾਰਟੀ ਦੀ ਸਮਰਾਲਾ 'ਚ ਹੋਈ ਮਹਾਂਰੈਲੀ 'ਚ ਲੋਕਾਂ ਦੇ ਆਏ ਹੜ੍ਹ ਨੇ ਵਿਰੋਧੀਆਂ ਦੀ ਨੀਂਦ ਉਡਾ ਦਿੱਤੀ ਹੈ। ਵਰਕਰਾਂ ਦੇ ਠਾਠਾਂ ਮਾਰਦੇ ਇਕੱਠ ਤੇ ਜੋਸ਼ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਵਿਰੋਧੀਆਂ ਨੂੰ ਚਿੱਤ ਕਰ ਦੇਵੇਗੀ। ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਖੇਮਕਰਨ ਤੋਂ ਕਾਂਗਰਸ ਦੇ ਸਾਬਕਾ ਵਿਧਾਇਕ ਸੁਖਪਾਲ ਸਿੰਘ ਭੁੱਲਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਭੁੱਲਰ ਨੇ ਕਿਹਾ ਕਿ ਕੇਂਦਰ 'ਚ ਭਾਜਪਾ ਤੇ ਪੰਜਾਬ ਦੀ ਸੱਤਾ 'ਤੇ ਕਾਬਜ਼ 'ਆਪ' ਸਰਕਾਰ ਦੀਆਂ ਨੀਤੀਆਂ ਤੋਂ ਲੋਕ ਤੰਗ ਆ ਚੁੱਕੇ ਹਨ। ਭੁੱਲਰ ਨੇ ਕਿਹਾ ਕਿ ਅੱਜ ਸਮਰਾਲਾ ਰੈਲੀ 'ਚ ਲੋਕਾਂ ਨੇ ਵੱਡੀ ਗਿਣਤੀ 'ਚ ਪਹੁੰਚ ਕੇ ਇਹ ਸੰਕੇਤ ਦੇ ਦਿੱਤਾ ਹੈ ਕਿ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਵੱਡੀ ਲੀਡ ਨਾਲ ਜਿੱਤੇਗੀ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦੇ ਰਾਜ ਵਿੱਚ ਹੀ ਦੇਸ਼ ਦਾ ਵਿਕਾਸ ਸੰਭਵ ਹੈ। ਭੁੱਲਰ ਨੇ ਕਿਹਾ ਕਿ ਅੱਜ ਪਾਰਟੀ ਦੇ ਕੌਮੀ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਰੈਲੀ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਵਰਕਰਾਂ ਦਾ ਹੌਸਲਾ ਵਧਾਇਆ ਹੈ। ਵਰਣਨਯੋਗ ਹੈ ਕਿ ਸਾਬਕਾ ਵਿਧਾਇਕ ਸੁਖਪਾਲ ਭੁੱਲਰ ਦੀ ਅਗਵਾਈ 'ਚ ਤਿੰਨ ਸੌ ਪੰਜਾਹ ਤੋਂ ਵੱਧ ਗੱਡੀਆਂ ਦਾ ਕਾਫਲਾ ਸਮਰਾਲਾ ਰੈਲੀ 'ਚ ਪੁੱਜਿਆ। ਇਹ ਸ਼ਾਮੀ ਹਲਕਾ ਖੇਮਕਰਨ ਤੋਂ 350 ਦੇ ਕਰੀਬ ਗੱਡੀਆਂ ਦਾ ਕਾਫਲਾ ਦੇਖ ਕੇ ਸਾਬਕਾ ਮੰਤਰੀ ਗੁਰਚੇਤ ਸਿੰਘ ਭੁੱਲਰ ਅਤੇ ਸਾਬਕਾ ਵਿਧਾਇਕ ਸੁਖਪਾਲ ਸਿੰਘ ਭੁੱਲਰ ਬਾਗੋ ਬਾਗ ਹੋਏ। ਉਨ੍ਹਾਂ ਕਿਹਾ ਕਿ ਹਲਕਾ ਖੇਮਕਰਨ ਦੇ ਲੋਕ ਵੀ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਅੱਕ ਤੇ ਥੱਕ ਚੁੱਕੇ ਹਨ ਅਤੇ ਹੁਣ ਕਾਂਗਰਸ ਪਾਰਟੀ ਨੂੰ ਦੇਸ਼ ਦੀ ਸੱਤਾ ਵਿੱਚ ਦੇਖਣਾ ਚਾਹੁੰਦੇ ਹਨ। ਇਹ ਸਮੇਂ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਜਨਰਲ ਸਕੱਤਰ ਸੁਖ ਨਿਰੰਜਨ ਲਾਖਣਾ, ਬਲਾਕ ਪ੍ਰਧਾਨ ਗੁਰਮੁਖ ਸਾਂਡਪੁਰ, ਯੂਥ ਵਾਈਸ ਪ੍ਰਧਾਨ ਅੰਮ੍ਰਿਤਪਾਲ ਸਿੰਘ ਗਿੱਲ ਦਿਆਲਪੁਰ, ਜ਼ਿਲ੍ਹਾ ਜਨਰਲ ਸਕੱਤਰ ਦਿਲਬਾਗ ਸਿੰਘ ਕੱਚਾ ਪੱਕਾ, ਸਰਪੰਚ ਮਨਦੀਪ ਸਿੰਘ ਗੋਰਾ ਸਾਂਧਰਾ, ਚੇਅਰਮੈਨ ਸਿਮਰਜੀਤ ਸਿੰਘ ਭੈਣੀ, ਬਲਾਕ ਸਕੱਤਰ ਬਲਬੀਰ ਸਿੰਘ ਭੋਲਾ, ਸਰਪੰਚ ਭੁਪਿੰਦਰ ਸਿੰਘ ਅਕਬਰਪੁਰ, ਸਰਪੰਚ ਗੁਰਮੇਜ ਸਿੰਘ ਘੁਰਕਵਿੰਡ, ਸਰਪੰਚ ਸਤਨਾਮ ਸਿੰਘ ਭੈਣੀ ਗੁਰਮੁਖ ਸਿੰਘ, ਜ਼ਿਲ੍ਹਾ ਸਕੱਤਰ ਅੰਗਰੇਜ਼ ਸਿੰਘ ਹੁੰਦਲ, ਰੇਸ਼ਮ ਸਿੰਘ ਭੈਣੀ ਗੁਰਮੁਖ, ਸਰਪੰਚ ਧਰਮਿੰਦਰ ਸਿੰਘ ਦੀਪ ਮਾਣਕਪੁਰ, ਰਣਜੀਤ ਸਿੰਘ ਸਰਪੰਚ, ਸੁਖ ਬਲੇਰ ਆਦਿ ਹਾਜ਼ਰ ਸਨ।



## ਦੇਸ਼ ਭਗਤ 'ਵਰਸਿਟੀ 'ਚ ਆਯੁਰਵੇਦ ਪੀ ਐੱਚ ਡੀ ਵਿਦਵਾਨਾਂ ਦੀ ਵਰਕਸ਼ਾਪ



**ਫਤਿਹਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)** ਦੇਸ਼ ਭਗਤ ਯੂਨੀਵਰਸਿਟੀ ਵਿਖੇ ਆਯੁਰਵੇਦ ਪੀ ਐਚ. ਡੀ ਸਕਾਲਰਜ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਵਰਕਸਾਪ ਦਾ ਵਿਸ਼ਾ ਸਿਸਟਮ ਤਕਨਾਲੋਜੀ ਸੀ। ਇਸ ਵਿੱਚ ਦੇਸ਼ ਭਰ ਤੋਂ ਕਈ ਰਾਜਾਂ ਦੇ ਪੀ ਐਚ ਡੀ ਵਿਦਵਾਨਾਂ ਨੇ ਭਾਗ ਲਿਆ। ਡਿਪਟੀ ਡਾਇਰੈਕਟਰ ਰਿਸਰਚ ਧਰਮਿੰਦਰ ਸਿੰਘ ਨੇ ਆਪਣੇ ਸਵਾਗਤੀ ਭਾਸ਼ਣ ਵਿੱਚ ਕਿਹਾ ਕਿ ਆਯੁਰਵੇਦ ਵਿੱਚ ਬਹੁਤ ਸਾਰੇ ਮੁੱਦੇ ਹਨ, ਪਰ ਸਾਨੂੰ ਅਜਿਹੀ ਖੋਜ ਪੇਸ਼ ਕਰਨੀ ਚਾਹੀਦੀ ਹੈ ਕਿ ਕੋਈ ਵੀ ਤੁਹਾਡੀ ਖੋਜ 'ਤੇ ਸਵਾਲ ਨਾ ਉਠਾ ਸਕੇ। ਪ੍ਰੋਗਰਾਮ ਦੇ ਮੁੱਖ ਮਹਿਮਾਨ ਵਾਈਸ ਚਾਂਸਲਰ ਡਾ.ਅਭਿਜੀਤ ਜੋਸ਼ੀ ਨੇ ਦੱਸਿਆ ਕਿ ਯੂ.ਜੀ.ਸੀ. ਅਨੁਸਾਰ ਪੀਐੱਚ. ਡੀ ਲਈ ਕੀ ਨਿਯਮ ਹਨ। ਉਨ੍ਹਾਂ ਕਿਹਾ ਕਿ ਆਯੁਰਵੇਦ ਵਿੱਚ ਤੁਹਾਡੇ ਲਈ ਕਈ ਬਿਹਤਰ ਮੌਕੇ ਹਨ, ਅੱਜ ਆਯੁਰਵੇਦ ਪੂਰੀ ਦੁਨੀਆ ਵਿੱਚ ਭਾਰੂ ਹੈ। ਇੱਕ ਖੋਜ ਵਿਸ਼ਾ ਚੁਣੋ ਜੋ ਹਰ ਕਿਸੇ ਲਈ ਢੁਕਵਾਂ ਹੋਵੇ, ਅਜਿਹੇ ਵਿਸ਼ਿਆਂ ਨੂੰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ 30 ਮਹੀਨਿਆਂ ਵਿੱਚ ਪੂਰਾ ਕੀਤਾ ਜਾਣਾ ਚਾਹੀਦਾ ਹੈ। ਤੁਸੀਂ ਜੋ ਵੀ ਵਿਸ਼ਾ ਚੁਣੋ, ਉਹ ਅੱਜ ਦੀ ਲੋੜ ਅਨੁਸਾਰ ਹੋਣਾ ਚਾਹੀਦਾ ਹੈ। ਉਨ੍ਹਾਂ ਸਮੱਸਿਆਵਾਂ ਦੇ ਤੁਰੰਤ ਨਿਪਟਾਰੇ ਦਾ ਭਰੋਸਾ ਦਿੱਤਾ। ਦੇਸ਼ ਭਗਤ ਆਯੁਰਵੈਦ ਕਾਲਜ ਐਂਡ ਹੌਸਪੀਟਲ ਦੇ ਨਿਰਦੇਸਕ ਡਾ. ਕੁਲਭੂਸਨ ਨੇ ਕਿਹਾ ਕਿ ਪੀਐਚ ਡੀ ਸਕਾਲਰਜ ਵਰਕਸ਼ਾਪ ਆਪਣੀ ਕਿਸਮ ਦੀ ਪਹਿਲੀ ਵਰਕਸ਼ਾਪ ਹੈ। ਇਹ ਇੱਕ ਬਹੁਤ ਵਧੀਆ ਉਪਰਾਲਾ ਹੈ, ਇਹ ਪੀ ਐਚ ਡੀ ਵਿਦਵਾਨਾਂ ਨੂੰ ਆਪਣਾ ਵਿਸ਼ਾ ਚੁਣਨ ਵਿੱਚ ਮਦਦ ਕਰਦਾ ਹੈ। ਉਨ੍ਹਾਂ ਦੀਆਂ ਸਮੱਸਿਆਵਾਂ ਵੀ ਹੱਲ ਹੋ ਜਾਂਦੀਆਂ ਹਨ। ਇਸ ਵਰਕਸ਼ਾਪ ਵਿੱਚ ਸਮੇਂ ਦੀ ਲੋੜ ਅਨੁਸਾਰ ਆਯੁਰਵੇਦ ਦੇ ਮੁੱਢਲੇ ਸਿਧਾਂਤਾਂ ਬਾਰੇ ਜਾਣਕਾਰੀ ਹਾਸਲ ਕੀਤੀ ਗਈ। ਇਸ ਮੌਕੇ ਆਯੁਰਵੇਦ ਪ੍ਰਿੰਸੀਪਲ ਡਾ: ਸਮਿਤਾ ਜੌਹਰ, ਡਾਇਰੈਕਟਰ ਕਲੀਨਿਕਲ ਰਿਸਰਚ ਡਾ.ਐਸ.ਡੀ.ਪਾਂਡੇ, ਵਾਈਸ ਪ੍ਰਿੰਸੀਪਲ ਆਯੁਰਵੇਦ ਡਾ: ਅਮਨਦੀਪ ਸਰਮਾ ਆਦਿ ਹਾਜਰ ਸਨ। ਪ੍ਰੋਗਰਾਮ ਦਾ ਸੰਚਾਲਨ ਡਾ: ਰੇਨੂ ਸ਼ਰਮਾ ਨੇ ਕੀਤਾ।

## ਕੇਜਰੀਵਾਲ ਤੇ ਭਗਵੰਤ ਮਾਨ ਦੀ ਆਮਦ ਤੋਂ ਪਹਿਲਾਂ ਰੋਸ ਪ੍ਰਦਰਸ਼ਨ

**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਪਿਛਲੇ ਲੰਬੇ ਸਮੇਂ ਤੋਂ ਚੁਤਾਲੇ ਮੋੜ 'ਤੇ ਗੰਦੇ ਪਾਣੀ ਨਾਲ ਭਰੀ ਅਤੇ ਟੁੱਟੀ ਹੋਈ ਸਰਵਿਸ ਰੋਡ ਦਾ ਮਾਮਲਾ ਕਈ ਵਾਰ ਪਿੰਡ ਵਾਸੀਆਂ ਵਲੋਂ ਪ੍ਰਮਾਣਤ ਅਤੇ ਨੈਸ਼ਨਲ ਹਾਈਵੇ ਅਥਾਰਟੀ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਪਰ ਇਸ ਵੱਲ ਕਿਸੇ ਦਾ ਵੀ ਧਿਆਨ ਨਹੀਂ ਜਾਂਦਾ। ਮਾੜਾ-ਮੋਟਾ ਟੁੱਚ ਲਾ ਕੇ ਬੁੱਤਾ ਸਾਰਿਆ ਜਾਂਦਾ ਹੈ। ਅੱਜ ਫਿਰ ਪਿੰਡ ਵਾਸੀਆਂ ਨੂੰ ਨਾਲ ਲੈ ਕੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਇਕਾਈ ਪਿੰਡ ਚੁਤਾਲਾ ਵੱਲੋਂ ਸਰਵਿਸ ਰੋਡ 'ਤੇ ਜਾ ਕੇ ਪੰਜਾਬ ਸਰਕਾਰ ਅਤੇ ਨੈਸ਼ਨਲ ਹਾਈਵੇਅ ਅਥਾਰਟੀ ਦੇ ਅਧਿਕਾਰੀ ਖਿਲਾਫ ਰੋਸ ਵਜੋਂ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਜਥੇਬੰਦੀ ਦੇ ਸੂਬਾ ਆਗੂ ਸਵਿੰਦਰ ਸਿੰਘ ਚੁਤਾਲਾ, ਮਾਸਟਰ ਮੇਹਰ ਸਿੰਘ, ਸਤਨਾਮ ਨੇ ਕਿਹਾ ਕਿ ਇਸੇ ਮਾਮਲੇ ਨੂੰ ਲੈ 10 ਜਨਵਰੀ ਨੂੰ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਅਤੇ ਪਿੰਡ ਵਾਲਿਆਂ ਵੱਲੋਂ ਉਸਮਾ ਟੋਲ ਪਲਾਜ਼ਾ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਸੀ। ਮੌਕੇ 'ਤੇ ਪੁੱਜ ਕੇ ਮੈਡਮ ਤਹਿਸੀਲਦਾਰ ਤਰਨਤਾਰਨ ਅਤੇ ਡੀਐੱਸਪੀ



ਗੋਇੰਦਵਾਲ ਅਤੇ ਐੱਨਐੱਚਏਆਈ ਦੇ ਅਧਿਕਾਰੀ ਨੇ ਧਰਨਾਕਾਰੀਆਂ ਨੂੰ ਵਿਸ਼ਵਾਸ ਦਿਵਾਇਆ ਸੀ ਕਿ ਇੱਕ ਮਹੀਨੇ ਦੇ ਅੰਦਰ ਸਰਵਿਸ ਰੋਡ ਪੂਰਾ ਬਣਾ ਦਿੱਤਾ ਜਾਵੇਗਾ ਪਰ ਮਾੜੇ ਮੋਟੇ ਟੁੱਚ ਲਾ ਕੇ ਹੀ ਬੁੱਤਾ ਸਾਰਿਆ ਜਾ ਰਿਹਾ ਹੈ। ਆਗੂਆਂ ਨੇ ਸਰਕਾਰ ਅਤੇ ਐੱਨਐੱਚਏਆਈ ਦੇ ਅਧਿਕਾਰੀਆਂ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਇਹ ਰੋਡ ਉੱਚਾ ਕਰਨ ਵਾਲਾ ਮਸਲਾ ਹੱਲ ਨਾ ਕੀਤਾ ਗਿਆ ਤਾਂ ਆਸ ਪਾਸ ਦੇ ਪਿੰਡਾਂ ਨੂੰ ਨਾਲ ਲੈ ਕੇ ਅੰਮ੍ਰਿਤਸਰ, ਹਰੀਕੇ ਰੋਡ ਅਨਮਿਥੇ ਸਮੇਂ ਲਈ ਪੂਰੀ ਤਰ੍ਹਾਂ ਜਾਮ ਕਰ ਦਿੱਤਾ ਜਾਵੇਗਾ। ਇਸ ਮੌਕੇ ਬੀਬੀ ਕੁਲਦੀਪ ਕੌਰ, ਤਰਸੇਮ ਸਿੰਘ, ਮਾਸਟਰ ਤਾਰਾ ਸਿੰਘ, ਨਰਿੰਦਰ ਸਿੰਘ ਨੰਬਰਦਾਰ, ਬਲਦੇਵ ਕੁਮਾਰ, ਸਕੱਤਰ ਸਿੰਘ, ਬਲਕਾਰ ਸਿੰਘ ਕਾਲੂ, ਬਾਜ ਸਿੰਘ, ਕਾਲਾ ਮਿਸਤਰੀ ਆਦਿ ਆਗੂ ਹਾਜ਼ਰ ਸਨ।

## ਡੀ ਐਸ ਪੀ ਬੁਢਲਾਡਾ ਦੇ ਦਫਤਰ ਅੱਗੇ ਮੋਰਚਾ ਜਾਰੀ

**ਬੁਢਲਾਡਾ (ਅਸ਼ੋਕ ਲਾਕੜਾ)**- ਭਾਰਤੀ ਕਿਸਾਨ ਯੂਨੀਅਨ (ਏਕਤਾ) ਡਕੌਂਦਾ ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਦੀ ਅਗਵਾਈ ਹੇਠ ਬੁਢਲਾਡਾ ਦੇ ਡੀ ਐਸ ਪੀ ਦਫਤਰ ਅੱਗੇ ਚੱਲ ਰਿਹਾ ਪੱਕਾ ਮੋਰਚਾ 37ਵੇਂ ਦਿਨ ਵੀ ਨਿਰੰਤਰ ਜਾਰੀ ਰਿਹਾ। ਮਾਨਸਾ ਜਿਲ੍ਹੇ ਦੇ ਪਿੰਡ ਕੁੱਲਰੀਆਂ ਦੇ ਅਬਾਦਕਾਰ ਕਿਸਾਨਾਂ ਨੂੰ ਜ਼ਮੀਨਾਂ ਦੇ ਮਾਲਕੀ ਹੱਕ ਦਿਵਾਉਣ ਅਤੇ ਕਿਸਾਨਾਂ ਤੇ ਜਾਨਲੇਵਾ ਹਮਲਾ ਕਰਨ ਦੇ ਦੋਸ਼ੀਆਂ ਖਿਲਾਫ ਕਾਰਵਾਈ ਕਰਵਾਉਣ ਦੀਆਂ ਮੰਗਾਂ ਨੂੰ ਲੈ ਕੇ ਭਾਰਤੀ ਕਿਸਾਨ ਯੂਨੀਅਨ (ਏਕਤਾ) ਡਕੌਂਦਾ ਸੰਘਰਸ਼ ਦੇ ਰਾਹ 'ਤੇ ਹੈ। ਹੁਣ ਤੱਕ ਇਸ ਪੱਕੇ ਮੋਰਚੇ ਵਿੱਚ ਵੱਖ ਵੱਖ ਦਿਨਾਂ ਤੋਂ ਘੋਲ ਦੀ ਕਮਾਨ ਸੂਬਾ ਕਮੇਟੀ ਦੇ ਹੱਥ ਹੈ। ਐਤਵਾਰ 37ਵੇਂ ਦਿਨ ਜਥੇਬੰਦੀ ਦੇ ਸੂਬਾ ਕਮੇਟੀ ਮੈਂਬਰ ਕੁਲਵੰਤ ਸਿੰਘ ਕਿਸ਼ਨਗੜ੍ਹ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਾਨਸਾ ਜਿਲ੍ਹੇ ਦੇ ਪਿੰਡ ਕੁਲਰੀਆਂ ਦੀ ਆਬਾਦਕਾਰ ਕਿਸਾਨਾਂ ਨੂੰ ਇਨਸਾਫ ਦਵਾਉਣ ਲਈ ਪੰਜਾਬ ਦੇ 14 ਜਿਲ੍ਹਿਆਂ ਵਿੱਚ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਦੇ ਘਰਾਂ ਅੱਗੇ 12 ਫਰਵਰੀ ਨੂੰ ਦੋ ਘੰਟੇ ਧਰਨੇ ਲਾ ਕੇ ਮੰਗ ਪੱਤਰ ਦਿੱਤੇ ਜਾਣਗੇ ਇਹ ਧਰਨੇ ਮਾਨਸਾ ਜਿਲ੍ਹੇ ਦੇ ਦੋ ਜਗਹਾ ਤੇ ਦਿੱਤੇ ਜਾਣਗੇ ਬੁਢਲਾਡਾ ਬਲਾਕ ਦੇ ਵਿਧਾਇਕ ਪ੍ਰਿੰਸੀਪਲ ਬੁਧਰਾਮ ਅਤੇ ਦੂਸਰਾ ਗੁਰਪ੍ਰੀਤ ਸਿੰਘ ਬਣਾਵਾਲੀ ਮਾਨਸਾ ਉਹਨਾਂ ਦੇ ਘਰ ਅੱਗੇ ਧਰਨਾ ਦੇਕੇ ਮੰਗ ਪੱਤਰ ਦਿੱਤਾ ਜਾਵੇਗਾ ਇਸ ਦੌਰਾਨ ਡੀ ਐਸ ਪੀ ਬੁਢਲਾਡਾ ਦੇ ਦਫਤਰ ਅੱਗੇ ਲਗਾਤਾਰ ਦਿਨ ਰਾਤ ਚੱਲ ਰਿਹਾ ਪੱਕਾ ਮੋਰਚਾ 37ਵੇਂ ਦਿਨ ਵੀ ਜਾਰੀ ਰਿਹਾ ਜਥੇਬੰਦੀ ਦੇ ਆਗੂਆਂ ਨੇ ਕਿਹਾ ਕਿ ਉਹਨਾਂ ਦੀ ਜਥੇਬੰਦੀ ਸੱਤ ਮਹੀਨੇ ਤੋਂ ਸ਼ਾਂਤਮਈ ਅੰਦੋਲਨ ਚਲਾ ਰਹੀ ਹੈ। ਅੱਜ ਤੱਕ ਵੀ ਕਿਸੇ ਦੋਸ਼ੀ ਨੂੰ ਗਿਰਫਤਾਰ ਨਹੀਂ ਕੀਤਾ ਕਿਸਾਨਾਂ ਨੂੰ ਜ਼ਮੀਨਾਂ ਦੇ ਮਾਲਕੀ ਦਾ ਹੱਕ ਬਹਾਲ ਕਰਾਉਣ ਲਈ ਦਲੀਲ ਦੀ ਪੱਧਰ 'ਤੇ ਸਹਿਮਤ ਹੋਣ ਦੇ ਬਾਵਜੂਦ ਵੀ ਮਾਮਲਾ ਜਿਉਂਦਾ ਤਿਉਂ ਹੈ ਇਸ ਲਈ 12 ਫਰਵਰੀ ਨੂੰ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਦੇ ਘਰਾਂ ਅੱਗੇ ਧਰਨੇ ਦਿੱਤੇ ਜਾਣਗੇ। ਇਸ ਮੌਕੇ ਜਗਜੀਵਨ ਸਿੰਘ ਹਸਨਪੁਰ, ਜਿਲ੍ਹਾ ਜਰਨਲ ਸਕੱਤਰ ਬਲਵਿੰਦਰ ਸ਼ਰਮਾ ਖਿਆਲਾਂ, ਬੁਢਲਾਡਾ ਬਲਾਕ ਪ੍ਰਧਾਨ ਸੱਤਪਾਲ ਸਿੰਘ ਬਰੇ, ਗੁਰਬਿੰਦਰ ਸਿੰਘ ਬਲਮ ਗੋਬਿੰਦਪੁਰਾ, ਬਲਜੀਤ ਸਿੰਘ ਧਰਮਪੁਰਾ, ਗੁਰਸੇਵਕ ਸਿੰਘ ਕੁਲਰੀਆਂ, ਅਮਰੀਕ ਸਿੰਘ ਜਲਵੇੜਾ ਨੇ ਸੰਬੋਧਨ ਕੀਤਾ।



## ਬਾਵਾ ਲਾਲ ਦਿਆਲ ਦੇ 669 ਵੇਂ ਜਨਮ ਦਿਹਾੜੇ ਮੌਕੇ ਸ਼ੋਭਾ ਯਾਤਰਾ ਸਜਾਈ



**ਕਲਾਨੌਰ (ਮਨਦੀਪ ਕੋਹਲੀ)**- ਇਤਿਹਾਸਿਕ ਕਸਬਾ ਕਲਾਨੌਰ ਦੇ ਤਪੋ ਭੂਮੀ ਸਮਾਧੀ ਮੰਦਰ ਕਲਾਨੌਰ ਵਿਖੇ ਸ੍ਰੀ ਬਾਵਾ ਲਾਲ ਦਿਆਲ ਜੀ ਦਾ 669ਵਾਂ ਜਨਮ ਦਿਹਾੜਾ ਬੜੀ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਇਸ ਦੇ ਸੰਬੰਧ ਵਿੱਚ ਅੱਜ ਕਲਾਨੌਰ ਵਿੱਚ ਸ਼ੋਭਾ ਯਾਤਰਾ ਸਜਾਈ ਗਈ। ਇਸ ਮੌਕੇ ਤਪੋ ਭੂਮੀ ਸਮਾਧੀ ਮੰਦਰ ਕਲਾਨੌਰ ਦੇ ਮਹੰਤ ਗੋਪਾਲ ਦਾਸ ਅਤੇ ਪੁਜਾਰੀ ਪ੍ਰੇਮ ਦਾਸ ਨੇ ਦੱਸਿਆ ਕਿ ਸ਼੍ਰੀ ਧਿਆਨਪੁਰ ਗੱਦੀਨਸ਼ੀਨ ਸ਼੍ਰੀ 1008 ਮਹੰਤ ਸ਼੍ਰੀ ਰਾਮ ਸੁੰਦਰ ਦਾਸ ਦੇ ਆਸ਼ੀਰਵਾਦ ਨਾਲ ਕਲਾਨੌਰ 'ਚ ਸ਼੍ਰੀ ਬਾਬਾ ਲਾਲ ਦਿਆਲ ਜੀ ਦਾ ਜਨਮ ਦਿਹਾੜਾ ਬੜੀ ਧੂਮਧਾਮ ਅਤੇ ਸ਼ਰਧਾ ਨਾਲ ਮਨਾਇਆ ਜਾ ਰਿਹਾ। ਇਸ ਮੌਕੇ ਬਾਬਾ ਲਾਲ ਜੀ ਦੇ ਭਗਤਜਨਾਂ ਵੱਲੋਂ ਬਾਬਾ ਲਾਲ ਦਿਆਲ ਜੀ ਦੇ ਸੁੰਦਰ ਸੁੰਦਰ ਭਜਨ ਗਾ ਕੇ ਆਈਆਂ ਹੋਈਆਂ ਸੰਗਤਾਂ ਨੂੰ ਨਿਹਾਲ ਕੀਤਾ। ਇਹ ਸ਼ੋਭਾ ਯਾਤਰਾ ਬਾਵਾ ਲਾਲ ਮੰਦਰ ਤੋਂ ਸ਼ੁਰੂ ਹੋ ਕੇ ਕਲਾਨੌਰ ਕੌਮੀ ਮਾਰਗ, ਮੁਹੱਲਾ ਨਵਾਂ ਕੱਟੜਾ, ਮੁਹੱਲਾ ਬਾਲਮੀਕ, ਮੇਨ ਬਾਜ਼ਾਰ, ਸ਼ਿਵ ਮੰਦਿਰ, ਬੱਸ ਸਟੈਂਡ ਰਸਤੇ ਹੁੰਦੀ ਹੋਈ ਫਿਰ ਮੰਦਰ ਤਪੋ ਭੂਮੀ ਸਮਾਧੀ ਵਿਖੇ ਆ ਕੇ ਸਮਾਪਤ ਹੋਈ। ਇਸ ਮੌਕੇ ਬਾਬਾ ਲਾਲ ਜੀ ਦੇ ਭਗਤਜਨਾਂ ਵੱਲੋਂ ਵੱਖ-ਵੱਖ ਪ੍ਰਕਾਰ ਦੇ ਲੰਗਰ ਵੀ ਲਗਾਏ ਗਏ ਅਤੇ ਭਜਨ ਮੰਡਲੀਆਂ ਵੱਲੋਂ ਬਾਬਾ ਲਾਲ ਜੀ ਦੇ ਭਜਨ ਗਾਏ ਗਏ। ਇਸ ਮੌਕੇ ਵਿਜੇ ਸਿਆਲ, ਸੁਰਿੰਦਰ ਪਾਲ ਭਾਰਦਵਾਜ, ਪ੍ਰਧਾਨ ਅਮਰਜੀਤ ਖੁੱਲਰ, ਪ੍ਰਵੀਨ ਕੁਮਾਰ, ਹਰੀ ਪ੍ਰਸਾਦ ਸ਼ਰਮਾ, ਪੂਜਾ ਸਿਆਲ, ਆਂਚਲ ਅਰੋੜਾ, ਰੀਟਾ ਕੋਹਲੀ ਆਦਿ ਸਾਰੇ ਹੀ ਭਗਤਜਨ ਹਾਜ਼ਰ ਸਨ।

## ਇਨਕਲਾਬੀ ਕੇਂਦਰ ਪੰਜਾਬ ਵੱਲੋਂ 16 ਦੀ ਹੜਤਾਲ ਦੀ ਹਮਾਇਤ ਦਾ ਐਲਾਨ

**ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ)** ਇਨਕਲਾਬੀ ਕੇਂਦਰ ਪੰਜਾਬ ਨੇ 16 ਫ਼ਰਵਰੀ ਦੀ ਦੇਸ਼ ਵਿਆਪੀ ਹੜਤਾਲ ਤੇ ਭਾਰਤ ਬੰਦ ਨੂੰ ਸਫ਼ਲ ਬਣਾਉਣ ਦੇ ਸੱਦੇ ਦੀ ਜ਼ੋਰਦਾਰ ਹਮਾਇਤ ਕਰਨ ਦਾ ਐਲਾਨ ਕੀਤਾ ਹੈ। ਜਥੇਬੰਦੀ ਦੇ ਪ੍ਰਧਾਨ ਨਰੈਣ ਦੱਤ, ਜਰਨਲ ਸਕੱਤਰ ਕੰਵਲਜੀਤ ਖੰਨਾ, ਸੂਬਾ ਕਮੇਟੀ ਮੈਂਬਰ ਮੁਖਤਿਆਰ ਸਿੰਘ ਪੂਹਲਾ, ਜਗਜੀਤ ਸਿੰਘ ਲਹਿਰਾ ਮੁਹੱਬਤ ਅਤੇ ਜਸਵੰਤ ਜੀਰਖ ਨੇ ਕਿਹਾ ਕਿ ਕੇਂਦਰ ਅਤੇ ਸੂਬਾ ਸਰਕਾਰਾਂ ਵੱਲੋਂ ਵਿਸ਼ਵ ਵਪਾਰ ਸੰਸਥਾ, ਵਿਸ਼ਵ ਬੈਂਕ ਅਤੇ ਅੰਤਰਰਾਸ਼ਟਰੀ ਮੁਦਰਾ ਫੰਡ ਦੇ ਇਸ਼ਾਰਿਆਂ ਤੇ ਲੋਕਾਂ ਨੂੰ ਸਸਤੀਆਂ ਸੇਵਾਵਾਂ/ਸਹੂਲਤਾਂ ਦੇਣ ਵਾਲੇ ਸਮੂਹ ਸਰਕਾਰੀ ਅਦਾਰਿਆਂ ਜਿਵੇਂ ਕਿ ਬਿਜਲੀ, ਪਾਣੀ, ਸਿਹਤ, ਸਿੱਖਿਆ, ਰੇਲਵੇ, ਬੈਂਕ , ਬੀਮਾ, ਕੋਲਾ ਖਾਣਾਂ, ਦੂਰ-ਸੰਚਾਰ ਆਦਿ ਨੂੰ ਕੌਡੀਆਂ ਦੇ ਭਾਅ ਦੇਸੀ-ਵਿਦੇਸ਼ੀ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕੀਤਾ ਜਾ ਰਿਹਾ ਹੈ। ਇਨ੍ਹਾਂ ਜ਼ਰੂਰੀ ਸੇਵਾਵਾਂ ਦੇ ਅਦਾਰਿਆਂ ਦੇ ਨਿੱਜੀਕਰਨ ਅਤੇ ਬੇਰੋਕ ਲੁੱਟ ਕਰਨ ਦੇ ਰਸਤੇ ਵਿੱਚ ਰੁਕਾਵਟ ਬਣਦੇ ਮਜ਼ਦੂਰ ਜਮਾਤ ਵੱਲੋਂ ਅਨੇਕਾਂ ਕੁਰਬਾਨੀਆਂ ਦੇ ਕੇ ਹਾਸਲ ਕੀਤੇ ਕਿਰਤ ਕਾਨੂੰਨਾਂ ਵਿੱਚ ਮਾਲਕਾਂ ਦੇ ਪੱਖ ਵਿੱਚ ਸੋਧਾਂ ਕਰਕੇ ਸਮੂਹ ਮਿਹਨਤਕਸ਼ ਵਰਗਾਂ ਦੀ ਤਿੱਖੀ ਲੁੱਟ ਕਰਨ ਅਤੇ ਸਮੂਹ ਕਿਰਤੀ ਲੋਕਾਂ ਨੂੰ ਬੰਧੂਆਂ ਮਜ਼ਦੂਰਾਂ ਦੇ ਰੂਪ ਵਿੱਚ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਲਈ 44 ਕਿਰਤ ਕਾਨੂੰਨਾਂ ਨੂੰ 4 ਕੋਡਾਂ ਵਿੱਚ ਤਬਦੀਲ ਕਰਨ ਦਾ ਲੋਕ-ਮਾਰੂ ਫੈਸਲਾ ਕੀਤਾ ਗਿਆ ਹੈ। ਇਸ ਘੋਲ ਦੌਰਾਨ ਹੀ ਸਾਰੀਆਂ ਫ਼ਸਲਾਂ ਲਈ ਐਮ.ਐਸ.ਪੀ., ਸਰਕਾਰੀ ਤੌਰ 'ਤੇ ਫ਼ਸਲ ਦੀ ਗਰੰਟੀ, ਬਿਜਲੀ ਬਿੱਲ-2020 ਵਾਪਸ ਲੈਣ, ਕਿਸਾਨਾਂ-ਮਜ਼ਦੂਰਾਂ ਦਾ ਕਰਜ਼ਾ ਮੁਆਫ਼ ਕਰਨ, ਕਿਸਾਨਾਂ ਸਿਰ ਮੜ੍ਹੇ ਪੁਲਸ ਕੇਸ ਵਾਪਸ ਲੈਣ, ਲਖੀਮਪੁਰ ਖੀਰੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ, ਅਜੈ ਮਿਸ਼ਰਾ ਟੈਨੀ ਨੂੰ ਕੇਂਦਰੀ ਕੈਬਨਿਟ ਵਿੱਚੋਂ ਬਰਖ਼ਾਸਤ ਕਰਨ ਆਦਿ ਦੇ ਵਾਅਦੇ ਕੀਤੇ ਸਨ। ਕੇਂਦਰ ਦੀ ਮੋਦੀ ਸਰਕਾਰ ਇਨ੍ਹਾਂ ਸਾਰੇ ਵਾਅਦਿਆਂ ਤੋਂ ਭੱਜ ਗਈ ਹੈ। ਇਸ ਕਰਕੇ ਮੋਦੀ ਹਕੂਮਤ ਦੀਆਂ ਇਨ੍ਹਾਂ ਲੋਕ ਵਿਰੋਧੀ ਨੀਤੀਆਂ ਅਤੇ ਜਾਬਰ ਫਾਸ਼ੀ ਹੱਲੇ ਖਿਲਾਫ਼ 16 ਫਰਵਰੀ ਨੂੰ ਭਾਰਤ ਬੰਦ ਅਤੇ ਪੇਂਡੂ/ਸਨਅੱਤੀ ਖੇਤਰ ਦੀ ਹੜਤਾਲ ਦਾ ਸੱਦਾ ਦਿੱਤਾ ਹੈ। ਇਸ ਸੱਦੇ ਨੂੰ ਵਿਆਪਕ ਹੁੰਗਾਰਾ ਮਿਲ ਰਿਹਾ ਹੈ। ਇਹ ਭਾਰਤ ਬੰਦ/ਸਨਅੱਤੀ ਹੜਤਾਲ ਇਤਿਹਾਸਕ ਹੋਵੇਗੀ। ਇਸ ਲਈ ਇਨਕਲਾਬੀ ਕੇਂਦਰ, ਪੰਜਾਬ ਕਿਸਾਨਾਂ-ਮਜ਼ਦੂਰਾਂ-ਮੁਲਾਜ਼ਮਾਂ-ਨੌਜਵਾਨਾਂ ਸਮੇਤ ਸਮੂਹ ਛੋਟੇ ਕਾਰੋਬਾਰੀਆਂ ਦੇ ਇਸ ਬੰਦ/ਹੜਤਾਲ ਨੂੰ ਸਫ਼ਲ ਬਣਾਉਣ ਦੇ ਸੱਦੇ ਦੀ ਜ਼ੋਰਦਾਰ ਹਮਾਇਤ ਕਰਨ ਦਾ ਐਲਾਨ ਕਰਦਾ ਹੈ।

## ਓਰੀਐਂਟ ਇੰਟਰਨੈਸ਼ਨਲ ਸਕੂਲ ਵਿਖੇ ਸਾਲਾਨਾ ਸੱਭਿਆਚਾਰਕ ਸਮਾਗਮ ਕਰਵਾਇਆ

**ਮਾਛੀਵਾੜਾ ਸਾਹਿਬ ( ਜਗਦੀਸ਼ ਰਾਏ, ਸੈਂਕੀ ਸ਼ਰਮਾ )** ਓਰੀਐਂਟ ਇੰਟਰਨੈਸ਼ਨਲ ਸਕੂਲ ਅਤੇ ਸਪੋਰਟਸ ਅਕੈਡਮੀ ਨੇ ਆਪਣਾ ਸਾਲਾਨਾ ਦਿਵਸ ਸਕੂਲ ਦੇ ਵਿਹੜੇ ਵਿੱਚ ਧੂਮਧਾਮ ਨਾਲ ਮਨਾਇਆ। ਸਕੂਲ ਨੂੰ ਸ਼ਾਨਦਾਰ ਢੰਗ ਨਾਲ ਸਜਾਇਆ ਗਿਆ ਸੀ। ਸਮਾਗਮ ਦਾ ਵਿਸ਼ਾ ਖੁਸ਼ੀਆਂ ਅਤੇ ਤਿਉਹਾਰ ਮਨਾਉਣ ਲਈ ਸੀ। ਸਮਾਗਮ ਦੀ ਸ਼ੁਰੂਆਤ ਮੁੱਖ ਮਹਿਮਾਨ ਐਸ ਐਚ ਓ ਮਾਛੀਵਾੜਾ ਬਿੰਦਰ ਸਿੰਘ ਖੰਗੂੜਾ, ਮੁੱਖ ਮਹਿਮਾਨ ਡਾ: ਦੀਪਕ ਕੁਮਾਰ ਮਾਨ ਅਤੇ ਸਕੂਲ ਦੇ ਚੇਅਰਮੈਨ ਵਿਕਰਮ ਸ਼ਰਮਾ ਵੱਲੋਂ ਸਮ੍ਹਾਂ ਰੌਸ਼ਨ ਕਰਕੇ ਕੀਤੀ ਗਈ, ਉਪਰੰਤ ਸ਼ਬਦ ਗਿਆਨ ਅਤੇ ਕ੍ਰਿਸ਼ਨ ਲੀਲਾ ਦੁਆਰਾ ਕੀਤੀ ਗਈ। ਇਸ ਉਪਰੰਤ ਪ੍ਰਾਇਮਰੀ ਵਿੰਗ ਵੱਲੋਂ ਆਪਣੇ ਪਿਤਾ ਪ੍ਰਤੀ ਆਪਣਾ ਪਿਆਰ ਦਰਸਾਉਣ ਲਈ ਡਾਂਸ ਪੇਸ਼ ਕੀਤਾ ਗਿਆ, ਜਿਸ ਦੀ ਮੁੱਖ ਮਹਿਮਾਨ, ਚੇਅਰਮੈਨ ਵਿਕਰਮ ਸ਼ਰਮਾ, ਮੈਨੇਜਿੰਗ ਡਾਇਰੈਕਟਰ ਸਾਰਦਾ ਸ਼ਰਮਾ ਅਤੇ ਹਾਜਰ ਮਾਪਿਆਂ ਨੇ ਸ਼ਲਾਘਾ ਕੀਤੀ।



ਇਸ ਤੋਂ ਇਲਾਵਾ ਸਕੂਲ ਦੇ ਹੋਣਹਾਰ ਵਿਦਿਆਰਥੀਆਂ ਵੱਲੋਂ ਵੱਖ-ਵੱਖ ਡਾਂਸ, ਸਕਿੱਟ ਅਤੇ ਐਕਟਾਂ ਦਾ ਪ੍ਰਦਰਸਨ ਕੀਤਾ ਗਿਆ ਜਿਸ ਨੇ ਦਰਸਕਾਂ ਦਾ ਮਨ ਮੋਹ ਲਿਆ। ਮਾਣਯੋਗ ਚੇਅਰਮੈਨ ਵਿਕਰਮ ਸ਼ਰਮਾ ਅਤੇ ਮੈਨੇਜਿੰਗ ਡਾਇਰੈਕਟਰ ਸ੍ਰੀਮਤੀ ਸ਼ਾਰਦਾ ਸ਼ਰਮਾ ਵੱਲੋਂ ਆਏ ਹੋਏ ਮੁੱਖ ਮਹਿਮਾਨਾਂ ਨੂੰ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬਿੰਦਰ ਸਿੰਘ ਖੰਗੂੜਾ ਐਸ.ਐਚ.ਓ ਮਾਛੀਵਾੜਾ ਨੇ ਸਕੂਲ ਮੈਨੇਜਮੈਂਟ ਅਤੇ ਸਟਾਫ ਦੀ ਸ਼ਲਾਘਾ ਕਰਦਿਆਂ ਸਕੂਲ ਦੇ ਵਿਦਿਆਰਥੀਆਂ ਨੂੰ ਆਗਾਮੀ ਬੋਰਡ ਇਮਤਿਹਾਨਾਂ ਲਈ ਸ਼ੁੱਭ ਕਾਮਨਾਵਾਂ ਦਿੱਤੀਆਂ। ਬਾਅਦ ਵਿੱਚ, ਸਕੂਲ ਦੇ ਵਿਦਿਆਰਥੀਆਂ ਨੇ ਮਨਮੋਹਕ ਸੱਭਿਆਚਾਰਕ ਪ੍ਰੋਗਰਾਮ ਜਿਵੇਂ ਕਿ ਮਹਾਰਾਸ਼ਟਰ ਦੀ ਲਾਵਣੀ, ਰਾਜਸਥਾਨੀ ਡਾਂਡੀਆ ਅਤੇ ਪੰਜਾਬ ਦਾ ਲੋਕ ਨਾਚ ਗਿੱਧਾ ਅਤੇ ਭੰਗੜਾ ਪੇਸ਼ ਕੀਤਾ। ਨਵਜੋਤ ਕੌਰ ਵਾਈਸ ਪ੍ਰਿੰਸੀਪਲ ਅਤੇ ਅਨੁਪਮਾ ਜੈਨ ਸਕੂਲ ਦੀ ਸੀਨੀਅਰ ਕੋਆਰਡੀਨੇਟਰ ਨੇ ਸਕੂਲ ਦੀ ਸਾਲਾਨਾ ਰਿਪੋਰਟ ਪੜ੍ਹੀ। ਦੋਵਾਂ ਨੇ ਹਾਜ਼ਰੀਨ ਨੂੰ ਅਕਾਦਮਿਕ ਅਤੇ ਸਹਿ-ਪਾਠਕ੍ਰਮ ਖੇਤਰ ਵਿੱਚ ਸਕੂਲ ਦੀਆਂ ਪ੍ਰਾਪਤੀਆਂ ਤੋਂ ਜਾਣੂ ਕਰਵਾਇਆ। ਉਨ੍ਹਾਂ ਮਾਪਿਆਂ ਨੂੰ ਜੋਨਲ, ਜਿਲ੍ਹਾ ਅਤੇ ਰਾਜ ਖੇਡਾਂ ਵਿੱਚ ਮੈਡਲ ਟੈਲੀ ਵਿੱਚ ਸਕੂਲ ਦੇ ਸ਼ਾਨਦਾਰ ਪ੍ਰਦਰਸ਼ਨ ਬਾਰੇ ਵੀ ਦੱਸਿਆ। ਡਾ. ਦੀਪਕ ਮਾਨ ਨੇ ਸਕੂਲ ਮੈਨੇਜਮੈਂਟ ਦਾ ਧੰਨਵਾਦ ਕੀਤਾ ਅਤੇ ਅਕਾਦਮਿਕ ਅਤੇ ਖੇਡ ਪੋਰਟਫੋਲੀਓ ਦੋਵਾਂ ਵਿੱਚ ਸਕੂਲ ਦੀਆਂ ਪ੍ਰਾਪਤੀਆਂ ਦੀ ਸ਼ਲਾਘਾ ਕੀਤੀ। ਸਕੂਲ ਦੇ ਪ੍ਰਿੰਸੀਪਲ ਰਜਤ ਸ਼ਰਮਾ ਨੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਉਨ੍ਹਾਂ ਦੇ ਚੰਗੇ ਕੰਮ ਅਤੇ ਪ੍ਰਾਪਤੀਆਂ ਲਈ ਉਤਸਾਹਿਤ ਕਰਨ ਅਤੇ ਉਨ੍ਹਾਂ ਦੀ ਪ੍ਰਸੰਸਾ ਕਰਨ। ਸ੍ਰੀ ਸੁਭਮ ਸਰਮਾ ਜਨਰਲ ਮੈਨੇਜਰ ਅਤੇ ਸ੍ਰੀਮਤੀ ਮ੍ਰਿਦੁਲਾ ਸ਼ਰਮਾ ਡਾਇਰੈਕਟਰ ਨੇ ਮੁੱਖ ਮਹਿਮਾਨ, ਪਤਵੰਤੇ ਸੱਜਣਾਂ ਅਤੇ ਮਾਪਿਆਂ ਦਾ ਸਮਾਗਮ ਵਿੱਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ। ਇਸ ਮੌਕੇ ਡਾ. ਸ਼ਰੁਤੀ ਸ਼ਰਮਾ, ਨਿਤਿਨ ਸ਼ਰਮਾ, ਮਨਪ੍ਰੀਤ ਕੌਰ, ਮੀਨਾਕਸੀ ਲਹਿਲ, ਦੁਰਗੇਸ਼, ਦਮਨਪ੍ਰੀਤ, ਨੀਰੂ ਸਿੰਗਲਾ, ਬਲਵਿੰਦਰ ਕੌਰ, ਸਰਿਤਾ, ਕਮਲਜੀਤ ਕੌਰ ਅਤੇ ਸਮੂਹ ਸਟਾਫ ਹਾਜ਼ਰ ਸਨ।

## ਕੰਨਿਆ ਸਕੂਲ ਦਾ ਮੈਗਜ਼ੀਨ 'ਰੋਸ਼ਨੀ' ਦਾ ਬਾਰ੍ਹਵਾਂ ਅੰਕ ਜਾਰੀ

**ਧੂਰੀ (ਸੁਖਦੇਵ ਧੂਰੀ )** ਸਥਾਨਕ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਧੂਰੀ ਦੇ ਸਾਲਾਨਾ ਮੈਗਜ਼ੀਨ 'ਰੋਸ਼ਨੀ' ਦਾ ਬਾਰਵਾਂ ਅੰਕ ਰਿਲੀਜ਼ ਕੀਤਾ ਗਿਆ। ਸਕੂਲ ਵਿੱਚ ਕਰਵਾਏ ਗਏ ਇੱਕ ਸਮਾਗਮ ਵਿੱਚ ਰਾਇਸੀਲਾ ਗਰੁੱਪ ਧੂਰੀ ਦੇ ਐਮ.ਡੀ. ਡਾਕਟਰ ਏ. ਆਰ. ਸ਼ਰਮਾ ਵੱਲੋਂ ਪੁਨੀਤ ਕੁਮਾਰ ਗੋਇਲ ਮੁੱਖ ਮਹਿਮਾਨ ਤੇ ਤੌਰ 'ਤੇ ਹਾਜਰ ਹੋਏ। ਪ੍ਰਿੰਸੀਪਲ ਮੈਡਮ ਮਨਜੀਤ ਕੌਰ ਦੀ ਦੇਖ ਰੇਖ ਹੇਠ ਕਰਵਾਏ ਇਸ ਸਮਾਗਮ ਵਿੱਚ ਅਵਤਾਰ ਸਿੰਘ ਵਾਈਸ ਪ੍ਰਿੰਸੀਪਲ ਵੱਲੋਂ ਸਕੂਲ ਵਿੱਚ ਚੱਲ ਰਹੇ ਵੱਖ-ਵੱਖ ਪ੍ਰੋਜੈਕਟਾਂ ਬਾਰੇ ਚਾਨਣਾ ਪਾਇਆ ਗਿਆ ਅਤੇ ਮੈਗਜ਼ੀਨ ਦੇ ਮੁੱਖ ਸੰਪਾਦਕ ਰਾਮ ਚੰਦ ਸ਼ਰਮਾ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਸਕੂਲ ਮੈਗਜੀਨ ਰੋਸ਼ਨੀ ਦੇ ਮੁੱਖ ਸੰਪਾਦਕ ਰਾਮ ਚੰਦ ਸ਼ਰਮਾ ਲੈਕਚਰਾਰ ਹਿਸਟਰੀ ਵੱਲੋਂ ਮੈਗਜੀਨ ਸਬੰਧੀ ਵਿਚਾਰ ਪ੍ਰਗਟ ਕਰਦੇ ਹੋਏ ਦੱਸਿਆ ਕਿ ਇਸ ਮੈਗਜੀਨ ਵਿੱਚ ਜਰਨੈਲ ਸਿੰਘ ਵੱਲੋਂ ਸਹਿਯੋਗੀ ਸੰਪਾਦਕ, ਮੈਡਮ ਬਲਜੀਤ ਕੌਰ ਪੰਜਾਬੀ ਸੈਕਸਨ, ਮੈਡਮ ਸਰਬਜੀਤ ਕੌਰ ਅੰਗਰੇਜੀ ਸੈਕਸਨ, ਮੈਡਮ ਸੋਨੀਆ ਰਾਣੀ ਹਿੰਦੀ ਸੈਕਸਨ, ਮੈਡਮ ਹਿਤੈਸੀ ਗੁਪਤਾ ਸਾਇੰਸ ਸੈਕਸ਼ਨ ਅਤੇ ਮੈਡਮ ਪ੍ਰੇਮ ਲਤਾ ਨੇ ਕਾਮਰਸ ਸੈਕਸ਼ਨ ਦੇ ਸੰਪਾਦਕ ਦੇ ਤੌਰ 'ਤੇ ਕੰਮ ਕੀਤਾ। ਉਹਨਾਂ ਨੇ ਮੈਗਜੀਨ ਦੇ ਵੱਖ-ਵੱਖ ਸੈਕਸਨਾਂ ਸੰਬੰਧੀ, ਵਿਦਿਆਰਥਣਾਂ ਦੀਆਂ ਰਚਨਾਵਾਂ ਸਬੰਧੀ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਗਿਆ ਕਿ ਇਹ ਮੈਗਜੀਨ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਦੀ ਅਤੇ ਸਕੂਲ ਵਿੱਚ ਚੱਲ ਰਹੇ ਵੱਖ ਵੱਖ ਪ੍ਰੋਜੈਕਟਾਂ ਦੀ ਤਰਜਮਾਨੀ ਕਰਦਾ ਹੈ। ਸੇਵਾ ਮੁਕਤ ਡਿਪਟੀ ਡੀ ਈ ਓ ਹੰਸ ਰਾਜ ਗਰਗ ਵੱਲੋਂ ਜਿੱਥੇ ਪ੍ਰਿੰਸੀਪਲ ਅਤੇ ਸਮੁੱਚੇ ਸਟਾਫ ਨੂੰ ਮੈਗਜੀਨ ਰਿਲੀਜ ਕਰਨ ਦੀ ਵਧਾਈ ਦਿੱਤੀ ਉੱਥੇ ਨਾਲ ਹੀ ਨਾਲ ਉਹਨਾਂ ਵਿਦਿਆਰਥੀਆਂ ਨੂੰ ਆਪਣੇ ਵੱਲੋਂ ਇਹ ਕਿਹਾ ਕਿ ਜਿਹੜੀਆਂ ਵਿਦਿਆਰਥਣਾਂ ਬੋਰਡ ਦੇ ਇਮਤਿਹਾਨਾਂ ਵਿੱਚ ਪਹਿਲੀਆਂ ਪੁਜੀਸਨਾਂ ਪ੍ਰਾਪਤ ਕਰਨਗੀਆਂ ਉਹਨਾਂ ਨੂੰ ਮੇਰੇ ਵੱਲੋਂ 12000 ਰੁਪਏ ਦਾ ਇਨਾਮ ਦਿੱਤਾ ਜਾਵੇਗਾ। ਉੱਘੇ ਸਿੱਖਿਆ ਸਾਸਤਰੀ ਸੰਤ ਸਿੰਘ ਸਾਬਕਾ ਲੈਕਚਰਾਰ ਵੱਲੋਂ ਆਪਣੇ ਭਾਸਣ ਵਿੱਚ ਕਿਹਾ ਗਿਆ ਕਿ ਕੰਨਿਆ ਸਕੂਲ ਧੂਰੀ ਦਿਨੋ ਦਿਨ ਤਰੱਕੀ ਦੀਆਂ ਮੰਜਲਾਂ ਨੂੰ ਛੋਂਹਦਾ ਜਾ ਰਿਹਾ ਹੈ। ਮੈਡਮ ਲਲਿਤਾ ਸਰਮਾ ਸਾਬਕਾ ਲੈਕਚਰਾਰ ਅੰਗਰੇਜੀ ਵੱਲੋਂ ਦਿੱਤੇ ਆਪਣੇ ਭਾਸਣ ਵਿੱਚ ਕਿਹਾ ਗਿਆ ਕਿ ਵਿਦਿਆਰਥਣਾਂ ਦੀ ਬੇਹਤਰੀ ਲਈ ਉਹ ਹਮੇਸ਼ਾ ਹੀ ਆਪਣਾ ਯੋਗਦਾਨ ਦਿੰਦੇ ਰਹਿਣਗੇ। ਸਮਾਜ ਸੇਵੀ ਨਰੇਸ਼ ਕੁਮਾਰ ਮੰਗੀ ਵੱਲੋਂ ਪ੍ਰਿੰਸੀਪਲ ਮੈਡਮ ਨੂੰ ਕਿਹਾ ਗਿਆ ਕਿ ਸਕੂਲ ਦੇ ਜੋ ਅਧਿਆਪਕ ਰਿਟਾਇਰ ਹੋ ਚੁੱਕੇ ਹਨ ਉਹ ਸਕੂਲ ਨਾਲ ਜੁੜੇ ਰਹਿਣਾ ਚਾਹੁੰਦੇ ਹਨ। ਉਹਨਾਂ ਕੋਲ ਤਜਰਬਾ ਹੈ ਅਤੇ ਉਹਨਾਂ ਦੀਆਂ ਸੇਵਾਵਾਂ ਲੈਣੀਆਂ ਬਹੁਤ ਹੀ ਸੁਭਾਗੀ ਗੱਲ ਹੈ। ਮੁੱਖ ਮਹਿਮਾਨ ਪੁਨੀਤ ਕੁਮਾਰ ਗੋਇਲ ਵੱਲੋਂ ਆਪਣੇ ਭਾਸਣ ਵਿੱਚ ਕਿਹਾ ਗਿਆ ਕਿ ਰਾਇਸੀਲਾ ਗਰੁੱਪ ਦਾ ਪੂਰਾ ਅਦਾਰਾ ਵਿਦਿਆਰਥਣਾਂ ਦੇ ਹਿਤਾਂ ਲਈ ਹਮੇਸ਼ਾ ਦਿਨ ਰਾਤ ਮਦਦ ਕਰਨ ਲਈ ਤਿਆਰ ਹੈ। ਉਹਨਾਂ ਵਿਦਿਆਰਥਣਾਂ ਨੂੰ ਅਨੁਸਾਸਨ ਸਬੰਧੀ ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਕਿਹਾ ਕਿ ਤੁਸੀਂ ਮਿਹਨਤ ਕਰਕੇ ਸਕੂਲ ਦਾ ਨਾਮ ਰੌਸਨ ਕਰੋ ਅਸੀਂ ਹਮੇਸਾ ਹੀ ਤੁਹਾਡੀ ਮਦਦ ਲਈ ਤਿਆਰ ਹਾਂ। ਇਸ ਉਪਰੰਤ ਸਮੁੱਚੇ ਪ੍ਰਧਾਨਗੀ ਮੰਡਲ ਵੱਲੋਂ ਮੈਗਜੀਨ ਨੂੰ ਰਿਲੀਜ ਕੀਤਾ ਗਿਆ। ਸਕੂਲ ਦੀਆਂ ਵਿਦਿਆਰਥਣਾਂ ਵੱਲੋਂ ਰੰਗਾ ਰੰਗ ਪ੍ਰੋਗਰਾਮ ਪੇਸ ਕੀਤਾ ਗਿਆ। ਪ੍ਰਿੰਸੀਪਲ ਮਨਜੀਤ ਕੌਰ ਵੱਲੋਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਦੇ ਹੋਏ ਪੂਰੀ ਸੰਪਾਦਕੀ ਟੀਮ, ਅਧਿਆਪਕ ਸਾਹਿਬਾਨਾਂ ਅਤੇ ਵਿਦਿਆਰਥਣਾਂ ਨੂੰ ਮੁਬਾਰਕਬਾਦ ਦਿੱਤੀ। ਇਸ ਮੌਕੇ ਮੈਡਮ ਰਜਿੰਦਰ ਵਰਮਾ ਐਸ ਐਮ ਸੀ ਕਮੇਟੀ ਦੇ ਚੇਅਰਮੈਨ ਮਨਜੀਤ ਸਿੰਘ, ਗੀਤ ਕੁਮਾਰ, ਕਰਮਜੀਤ ਸਿੰਘ,ਪਵਨ ਕੁਮਾਰ ਬਤਰਾ, ਕੁਲਦੀਪ ਕੁਮਾਰ, ਸਰਬਜੀਤ ਕੌਰ, ਰਤਨਜੋਤ ਕੌਰ, ਕਿਰਨ ਬਾਲਾ, ਟੀਨਾ ਰਾਣੀ, ਸ਼ਿਵਤੋਸ ਕੁਮਾਰੀ, ਪੂਜਾ ਮਹਿਤਾ, ਬਲਵੀਰ ਕੌਰ, ਰੁਪਿੰਦਰ ਕੌਰ, ਹਰਦੀਪ ਕੌਰ, ਅਜੇ ਕੁਮਾਰ, ਬਹਾਦਰ ਸਿੰਘ,ਸੁਖਮਿੰਦਰ ਸਿੰਘ, ਅਜੈਬ ਸਿੰਘ ਸਮੇਤ ਸਮੁੱਚਾ ਸਟਾਫ ਹਾਜ਼ਰ ਸੀ।



## ਕਲਾਸੀਫਾਈਡ ਇਸ਼ਤਿਹਾਰ

### Change of Name

I, hitherto Known as SATISH KUMAR S/o RAJESH KUMAR R/o Ward No. 12, Mital Wali Gali Bhogpur, Distt. Jalandhar, Punjab-144201 have changed my name and shall hereafter be known as SATISH BEHAL.

I Pappu S/o Sh. Dev Singh R/o H.No.74 Billa Patti, Sarai Khas, Jalandhar-144805, Punjab,have changed my name from Pappu to Pappu Sidhu. (Surname as Sidhu).

I, Neelam W/o Pappu Sidhu R/o H.No.74 Billa Patti, Sarai Khas, Jalandhar-144805, Punjab,have changed my name from Neelam to Neelam Sidhu. (Surname as Sidhu).

I, hitherto known as Deepak S/O Prem Singh residing at Vill. Chak Kalan, Teh. Nakodar, Jalandhar-144042 , Punjab, have changed my name and shall hereafter be known as Deepak Singh .

I Neelam W/o Karnail Singh V. Khanpur Po. Mahilpur Teh-Garhshankar Distt Hoshiarpur Changed My Name Neelam To Neelam Kumari.

I, Gurmukh Singh S/o Chanchal Singh R/o VPO Bhattike Tehsil Baba Bakala Amritsar have changed my name Gurmukh is my Given name and Singh is my Surname.

I, Sawarna Devi W/o Manohar Lal R/o H.No. WJ-240, Vadha Vehra, Basti Guzan, Jalandhar, Punjab have changed my name from Sawarna Devi to Swarna Devi. All Please Note.

I, Piar Kaur W/o Jagir Singh R/o VPO. Begowal, Tehsil Bholath, Distt. Kapurthala, Punjab, India Has Correct My Name & Spelling From Piar Kaur To Pyar Kaur. All Please Note.

I, Manjit Singh S/o Ajit Singh R/o H.No.32, Nursary Mohalla, Kapurthala (India) Have Changed My Name From Manjit Singh To Satwinder Singh. All Please Note.

I, hitherto known as Reena Rani W/o Anureet Arora R/o H.No.675/10, Gali no. 1, Preet Nagar, Kapurthala-144601, Punjab have changed my name and shall hereafter be known as Reena Arora. All Please Note.

I, Davinder Paul Singh s/o Puran Singh R/o Vill. Jagatpur, Distt. SBS Nagar-144507, Punjab have changed my name spelling to Davinderpal Singh. All Please Note.

### Change of Name

I, Monika Sharma w/o Rajneesh Sharma r/o H.No. 238/1, Shaheed Udham Singh Nagar, Jalandhar, Punjab have changed my name to Monica Sharma. All Please Note.

I, Balwinder Kumar s/o Nasib Chand r/o H.No. 2182, Ward No.8, Adampur Doaba, Jalandhar have changed my name to Kumar Balwinder (Surname as Kumar) All Please Note.

I, Manpreet Kumar s/o Budh Parkash r/o Vill.Garha, Po. & Teh. Phillaur, Jalandhar have changed my name to Kumar Manpreert (Surname Kumar) All Please Note.

I, Surjit Singh S/o Kanshi Ram R/o H.No.421, Street No. 9, New Civil Lines, Hoshiarpur, Punjab-146001, have changed my name and shall hereafter be Known as Surjit Singh Badhan. All Please Note.

I, Fariad S/o Shamshudeen R/o Fatehgarh Niara, Hoshiarpur, Punjab- 146022, have changed my name and shall hereafter be Known as Fariad Mohammad. All Please Note.

I, Manjit Jamwal S/o Gurmeet Singh R/o Flat No. 10, Block B-1, Jamuna Apartment, Kurali Road, Kharar, SAS Nagar (Mohali), Punjab- 140301, have changed my name and shall hereafter be Known as Arya Singh Jamwal. All Please Note.

I, Pardeep Ojha S/o Madan Lal R/o # 27, Crown Enclave, Opp Ocm Mill, Chheharta, Amritsar, Punjab- 143105, have changed my name and shall hereafter be Known as Pardip Kumar Sharma. All Please Note.

I, Kulwinder Kaur D/o Mohinder Singh W/o Surjit Singh Badhan R/o H.No. 421, New Civil Line, Hoshiarpur, Punjab-146001. have changed my name and shall here-after be Known as Kulwinder Kaur Badhan. All Please Note.

I, Prince S/o Ashok Kumar R/o Bhim Nagar, Po. Purhiran, Ward No. 6, Tehsil Hoshiarpur, Punjab-146001, have changed my name and shall hereafter be Known as Prince Arora. All Please Note.

### Change of Name

I, Subhash Chander Nagpal and Subhash Chander and Subhash Nagpal S/o Sant Ram R/o H.No.113, Small Town Diamond Estate Sultanwind Road, Amritsar have changed my name to Subhash Chandera.

I, Vijay Singh S/o Surinder Singh R/o H. No. B-37/22, Opp. State Gurudwara Sahib Kapurthala, Punjab declare that in my passport No. H1724472 name of my wife is Kuljit Kaur but the correct name of my wife is Kuljeet Kaur.

### ਬੇਦਖਲੀ ਨੋਟਿਸ

ਮੈਂ, ਹਰਵਿੰਦਰ ਸਿੰਘ ਸੋਢੀ ਪੁੱਤਰ ਹਰਬੰਸ ਸਿੰਘ ਸੋਢੀ ਵਾਸੀ ਮਕਾਨ ਨੰ. 131-ਐਲ, ਮਾਡਲ ਟਾਊਨ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਸ਼ਰਨ ਸਿੰਘ ਸੋਢੀ ਅਤੇ ਉਸਦੀ ਪਤਨੀ ਆਕ੍ਰਿਤੀ ਵਾਸਨ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਿਤ ਨੋਟ ਕਰਨ।

ਅਸੀ ਬਲਜੀਤ ਸਿੰਘ ਪੁੱਤਰ ਬੁਹੜ ਸਿੰਘ ਅਤੇ ਚਰਨਜੀਤ ਕੌਰ ਪਤਨੀ ਬਲਜੀਤ ਸਿੰਘ ਨਿਵਾਸੀ ਪਿੰਡ ਚੇਲਾ ਡਾਕਘਰ ਮੰਨਣਹਾਣਾ ਤਹਿਸੀਲ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਆਪਣੀ ਪੁੱਤਰੀ ਸਰਬਜੋਤ ਕੌਰ ਜੋ ਕੇ ਸਾਡੇ ਕਹਿਣੇ ਵਿੱਚ ਨਹੀਂ ਹੈ ਅਸੀਂ ਉਸਨੂੰ ਆਪਣੀ ਚਲ ਅੱਚਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ ਉਸ ਨਾਲ ਲੈਣ ਦੇਣ ਕਾਰਨ ਵਾਲਾ ਖੁਦ ਜ਼ੁੰਮੇਵਾਰ ਹੋਵੇਗਾ।

ਮੈਂ, ਪ੍ਰੇਮ ਰਾਜ ਪੁੱਤਰ ਬਿਹਾਰੀ ਲਾਲ, ਵਾਸੀ ਪਿੰਡ ਪੰਡੋਰੀ ਮਹੰਤਾਂ, ਤਹਿਸੀਲ ਦੀਨਾਨਗਰ, ਜ਼ਿਲ੍ਹਾ ਗੁਰਦਾਸਪੁਰ ਆਪਣੇ ਲੜਕੇ ਹਰੀਸ਼ ਕੁਮਾਰ, ਨੂੰਹ ਰਚਨਾ, ਪੋਤਰੇ ਸੋਹਮ, ਪੋਤਰੀਆਂ ਅਨਮੋਲ ਅਤੇ ਦਿਵਿਯਾ ਨੂੰ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਹ ਮੇਰੇ ਅਤੇ ਮੇਰੀ ਬਾਕੀ ਪਰਵਾਰ ਦੇ ਕਹਿਣੇ ਵਿਚ ਨਹੀਂ ਹਨ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। (ਕੇ. ਪੀ. ਸਿੰਘ)

### ਆਮ ਸੂਚਨਾ

ਅਸੀ, ਸੋਨਮ ਸ਼ਰਮਾ ਪਤਨੀ ਪੰਕਜ ਸ਼ਰਮਾ (ਪੁੱਤਰੀ ਬਰਿਜ ਭੂਸ਼ਣ) ਵਾਸੀ ਮਕਾਨ ਨੰ: 104/ਬੀ-7 ਮਲਕਾਣਾ ਮੁਹੱਲਾ ਕਪੂਰਥਲਾ ਵਾ ਰੰਜਨਾ ਪੁੱਤਰੀ ਬਰਿਜ ਭੂਸ਼ਣ ਵਾਸੀ ਮਕਾਨ ਨੰ: ਬੀ-7/87 ਮੁੱਹਲਾ ਮਲਕਾਣਾ, ਕਪੂਰਥਲਾ (ਪੰਜਾਬ) ਬਿਆਨ ਕਰਦੀਆਂ ਹਾਂ ਕਿ ਸਾਡਾ ਭਰਾ ਨਰਿੰਦਰ ਕੁਮਾਰ ਜੋ ਕਿ ਸਾਡੇ ਕਹਿਣੇ ਕਰਨੀ ਵਿਚ ਨਹੀ ਹੈ ਅਤੇ ਆਪਣੀ ਮਨਮਰਜੀ ਕਰਦਾ ਹੈ। ਇਸ ਨਾਲ ਸਾਡਾ ਵਾ ਸਾਡੇ ਪਰਿਵਾਰ ਦਾ ਕੋਈ ਤਲਕ ਵਾਸਤਾ ਨਹੀ ਰਿਹਾ ਹੈ ਇਸ ਨਾਲ ਕਾਰ ਵਿਹਾਰ ਕਰਨ ਵਾਲਾ ਖੁਦ ਆਪ ਜਿਮੇਵਾਰ ਹੋਵੇਗਾ ਅਤੇ ਸਾਡੀ ਕੋਈ ਜਿਮੇਵਾਰੀ ਨਹੀ ਹੋਵੇਗੀ। ਸਬੰਧਤ ਨੋਟ ਕਰਨ। (ਆਰ)

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਪੰਜ ਜਾਂ ਪੰਜ ਤੋਂ ਵੱਧ ਵਿਅਕਤੀਆਂ ਦੇ ਇੱਕਠੇ ਹੋਣ 'ਤੇ ਪਾਬੰਦੀ ਦੇ ਹੁਕਮ

**ਮਾਨਸਾ, (ਆਤਮਾ ਸਿੰਘ ਪਮਾਰ)** ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਨਿਰਮਲ ਓਸੇਪਚਨ ਨੇ ਫੌਜਦਾਰੀ ਜ਼ਾਬਤਾ ਸੰਘਤਾ 1973 ਦੀ ਧਾਰਾ 144 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਮਾਨਸਾ ਦੀਆਂ ਸੀਮਾਵਾਂ ਅੰਦਰ ਅਮਨ-ਕਾਨੂੰਨ ਕਾਇਮ ਰੱਖਣ ਲਈ ਜਨਤਕ ਥਾਵਾਂ 'ਤੇ ਜਲੂਸ ਕੱਢਣ, ਨਾਅਰੇ ਲਗਾਉਣ, ਭੜਕਾਊ ਪ੍ਰਚਾਰ ਕਰਨ, ਪੰਜ ਜਾਂ ਪੰਜ ਤੋਂ ਵੱਧ ਵਿਅਕਤੀਆਂ ਦੀ ਇੱਕਤਰਤਾ, ਗੰਡਾਸੇ, ਤੇਜ਼ਦਾਰ ਟਕੂਏ, ਕੁਲਹਾੜੀਆਂ, ਵਿਸਫੋਟਕ ਸਮੱਗਰੀ ਅਤੇ ਹੋਰ ਘਾਤਕ ਹਥਿਆਰ/ਅਸਲਾ ਚੁੱਕ ਕੇ ਚੱਲਣ 'ਤੇ ਪੂਰਨ ਪਾਬੰਦੀ ਲਗਾਈ ਹੈ। ਹੁਕਮ ਵਿੱਚ ਉਨ੍ਹਾਂ ਕਿਹਾ ਕਿ ਵੇਖਣ ਵਿੱਚ ਆਇਆ ਹੈ ਕਿ ਵੱਖ-ਵੱਖ ਜੱਥੇਬੰਦੀਆਂ ਜਾਂ ਆਮ ਵਿਅਕਤੀਆਂ ਵੱਲੋਂ ਰੋਸ ਪ੍ਰਦਰਸ਼ਨ ਦਾ ਸੱਦਾ ਦਿੱਤਾ ਜਾਂਦਾ ਹੈ ਤਾਂ ਇਸ ਨਾਲ ਆਵਾਜਾਈ ਵਿੱਚ ਵਿਘਨ ਪੈਣ ਅਤੇ ਆਮ ਜਨ-ਜੀਵਨ ਅਸਤ-ਵਿਅਸਤ ਹੋਣ ਦਾ ਡਰ ਰਹਿੰਦਾ ਹੈ। ਇਸ ਤਰ੍ਹਾਂ ਜਨਤਕ ਸ਼ਾਂਤੀ ਭੰਗ ਹੋਣ ਨਾਲ ਸਰਕਾਰੀ ਅਤੇ ਨਿੱਜੀ ਜਾਇਦਾਦ ਦੇ ਨੁਕਸਾਨ ਹੋਣ ਦਾ ਵੀ ਅੰਦੇਸ਼ਾ ਬਣਿਆ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਪੰਜ ਜਾਂ ਪੰਜ ਤੋਂ ਵੱਧ ਵਿਅਕਤੀਆਂ ਦੀ ਇੱਕਤਰਤਾ ਸਬੰਧੀ ਹੁਕਮ ਸੁਰੱਖਿਆ ਅਮਲੇ, ਡਿਊਟੀ 'ਤੇ ਤਾਇਨਾਤ ਪੁਲਿਸ ਅਮਲੇ, ਸਰਕਾਰ ਫ਼ੰਕਸ਼ਨਾਂ, ਵਿਆਹ ਸ਼ਾਦੀਆਂ, ਧਾਰਮਿਕ-ਮਾਤਮੀ ਸਮਾਰੋਹਾਂ ਅਤੇ ਸਕੂਲ-ਕਾਲਜ ਵਿੱਚ ਪੜ੍ਹਾਈ ਲਈ ਬੱਚਿਆਂ ਦੇ ਇਕੱਠ 'ਤੇ ਲਾਗੂ ਨਹੀਂ ਹੋਵੇਗਾ। ਇਹ ਹੁਕਮ 31 ਮਾਰਚ 2024 ਤੱਕ ਲਾਗੂ ਰਹੇਗਾ।

12-FEB-PAGE-7.qxd 2/11/2024 8:35 PM Page 1



# ਸੀਵਰੇਜ ਦੀ ਸਮੱਸਿਆ ਕਾਰਨ ਪਿੰਡ ਵਾਸੀ ਪ੍ਰੇਸ਼ਾਨ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਇਥੋਂ ਅਠਾਰਾਂ ਕਿਲੋਮੀਟਰ ਦੂਰ ਪਿੰਡ ਕਟਾਰ ਸਿੰਘ ਵਾਲਾ ਵਿਖੇ ਪਿੰਡ ਦੀ ਪਹਿਲੀ ਫਿਰਨੀ 'ਤੇ ਵਸਦੇ ਘਰਾਂ ਦਾ ਸੀਵਰੇਜ ਦਾ ਪਾਣੀ ਨਿਕਾਸੀ ਵਿੱਚ ਤਕਨੀਕੀ ਨੁਕਸ ਕਾਰਨ ਸੜਕ 'ਤੇ ਹਰ ਸਮੇਂ ਖੜਾ ਰਹਿੰਦਾ ਹੈ, ਜਿਸ ਨਾਲ ਪਿੰਡ ਵਾਸੀਆਂ ਨੂੰ ਦਿਨ-ਰਾਤ ਆਉਣ ਜਾਣ ਵਿੱਚ ਪ੍ਰੇਸ਼ਾਨੀ ਤਾਂ ਹੁੰਦੀ ਹੀ ਹੈ ਬਲਕਿ ਗੰਦੇ ਪਾਣੀ ਦੇ ਖੜਨ ਨਾਲ ਘਰਾਂ ਵਿੱਚ ਗੰਦੀ ਬਦਬੂ ਜਾਣ ਨਾਲ ਬਿਮਾਰੀਆਂ ਫੈਲਣ ਦਾ ਖਤਰਾ ਵੀ ਬਣਿਆ ਹੋਇਆ ਹੈ। ਪਿੰਡ ਵਾਸੀਆਂ ਨੇ ਦੱਸਿਆ ਕਿ ਇਸ ਸੜਕ ਬਣੀ ਨੂੰ ਤਿੰਨ-ਚਾਰ ਸਾਲ ਦੇ ਕਰੀਬ ਹੋ ਚੁੱਕੇ ਹਨ, ਸੜਕ ਦੀ ਖਸਤਾ ਹਾਲਤ ਕਾਰਨ ਇਸ ਨੇੜੇ ਬਣੇ ਹੋਏ ਆਰ ਓ ਪਲਾਂਟ ਤੋਂ ਲੋਕਾਂ ਨੂੰ ਪੀਣ ਵਾਲਾ ਪਾਣੀ ਲੈਣ ਵਿੱਚ ਵੀ ਦਿੱਕਤ ਹੁੰਦੀ ਹੈ ਅਤੇ ਸੜਕ ਦੇ ਦੂਜੇ ਪਾਸੇ ਲੱਗੀਆਂ ਰੂੜੀਆਂ 'ਤੇ ਔਰਤਾਂ ਨੂੰ ਗੋਹੇ ਦੇ ਭਰੇ ਬੱਠਲ ਲੈ ਕੇ ਲੰਘਣਾ ਔਖਾ ਹੈ। ਸੜਕ ਕਿਨਾਰੇ ਰਹਿੰਦੇ ਘਰਾਂ ਦੇ ਵਸਨੀਕਾਂ ਨੇ ਕਈ ਵਾਰ ਇਸ ਪਾਣੀ ਦੇ ਹੱਲ ਲਈ ਪੰਚਾਇਤ ਨੂੰ ਬੇਨਤੀ ਕੀਤੀ ਹੈ। ਪਿੰਡ ਵਾਸੀਆਂ ਨੇ ਇਹ ਵੀ ਕਿਹਾ ਕਿ ਪਿੰਡ ਦੇ ਸਰਪੰਚ ਇਸ ਸੜਕ 'ਤੇ ਰੋਜ਼ਾਨਾ ਸਵੇਰੇ ਸ਼ਾਮ ਆਰ ਓ ਪਲਾਂਟ 'ਤੇ ਆਉਂਦੇ ਹਨ, ਪਰ ਉਨ੍ਹਾਂ ਨੂੰ ਸੜਕ 'ਤੇ ਖੜਾ ਗੰਦਾ ਪਾਣੀ ਨਜ਼ਰ ਨਹੀਂ ਆਉਂਦਾ। ਪਿੰਡ ਕਟਾਰ ਸਿੰਘ ਵਾਲਾ ਦੇ ਲੋਕਾਂ ਵੱਲੋਂ ਹਲਕੇ ਦੇ ਵਿਧਾਇਕ ਅਮਿਤ ਰਤਨ ਕੋਟ ਫੱਤਾ ਤੇ ਬਠਿੰਡਾ ਤੋਂ ਲੋਕ ਸਭਾ ਮੈਂਬਰ ਹਰਸਿਮਰਤ ਕੌਰ ਬਾਦਲ ਤੋਂ ਮੰਗ ਕੀਤੀ ਹੈ ਕਿ ਇਸ ਗੰਦੇ ਪਾਣੀ ਦੀ ਨਿਕਾਸੀ ਦਾ ਯੋਗ ਪ੍ਰਬੰਧ ਕਰਕੇ ਸੜਕ ਨੂੰ ਦੁਬਾਰਾ ਉੱਚਾ ਕਰਕੇ ਬਣਾਇਆ ਜਾਵੇ। ਇਸ ਮੌਕੇ ਇਸ ਗੰਦੇ ਪਾਣੀ ਵਿੱਚ ਘਿਰੇ ਪਿੰਡ ਵਾਸੀਆਂ ਬੂਟਾ ਸਿੰਘ, ਹਰਬੰਸ ਸਿੰਘ, ਹਰਨੇਕ ਸਿੰਘ, ਡਾਕਟਰ ਰਘਬੀਰ ਸਿੰਘ, ਸੁਖਮੰਦਰ ਸਿੰਘ, ਬੂਟਾ ਸਿੰਘ ਮਿਸਤਰੀ, ਤਾਰਾ, ਚੰਦ ਕੁਲਵਿੰਦਰ ਸਿੰਘ, ਮਨਜੀਤ ਕੌਰ, ਅਮਰਜੀਤ ਕੌਰ, ਸਰਬਜੀਤ ਕੌਰ ਤੇ ਜੋਗਿੰਦਰ ਸਿੰਘ ਆਦਿ ਹਾਜ਼ਰ ਸਨ।

## ਲੜਾਈ ਦੇ ਮਾਮਲੇ 'ਚ 5 ਖਿਲਾਫ ਪਰਚਾ ਦਰਜ

**ਜਲਾਲਾਬਾਦ (ਜੀਤ ਕੁਮਾਰ)**-ਪਿੰਡ ਢੰਡੀ ਖੁਰਦ 'ਚ ਹੋਈ ਲੜਾਈ ਦੌਰਾਨ ਸੱਟਾਂ ਮਾਰਨ ਦੇ ਦੋਸ਼ ਵਿੱਚ 5 ਲੋਕਾਂ ਖਿਲਾਫ ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ ਮੁਕੱਦਮਾ ਦਰਜ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮੁਦੱਈ ਅਜੀਤ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਢੰਡੀ ਖੁਰਦ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਕਿ 26 ਅਕਤੂਬਰ 2023 ਨੂੰ ਪੰਚਾਇਤ ਇਕੱਠੀ ਹੋਈ ਸੀ ਤਾਂ ਬਲਵੀਰ ਸਿੰਘ ਸਰਪੰਚ ਨੇ ਉਸ ਨੂੰ ਗਾਲੀਆਂ ਕੱਢੀਆਂ, ਜਿਸ 'ਤੇ ਉਨ੍ਹਾਂ ਦਾ ਬੋਲ ਬੁਲਾਰਾ ਹੋ ਗਿਆ ਤੇ ਜਦੋਂ ਉਹ (ਮੁਦੱਈ) ਆਪਣੇ ਲੜਕਿਆਂ ਸਮੇਤ ਆਪਣੇ ਘਰ ਨੂੰ ਜਾ ਰਹੇ ਸੀ ਤਾਂ ਬਲਵੀਰ ਸਿੰਘ ਵਗੈਰਾ ਨੇ ਉਸ ਦੀ ਕੁੱਟਮਾਰ ਕਰਕੇ ਸੱਟਾਂ ਮਾਰੀਆਂ, ਜਿਸ 'ਤੇ ਉਹ ਇਲਾਜ ਲਈ ਸਰਕਾਰੀ ਹਸਪਤਾਲ 'ਚ ਦਾਖਲ ਹੋਏ ਸੀ। ਸਹਾਇਕ ਥਾਣੇਦਾਰ ਪਰਮਜੀਤ ਸਿੰਘ ਨੇ ਦੱਸਿਆ ਕਿ ਥਾਣੇ ਵਿੱਚ ਅੱਜ ਐਕਸਰੇ ਰਿਪੋਰਟ ਆਉਣ ਉਪਰੰਤ ਮੁਦੱਈ ਅਜੀਤ ਸਿੰਘ ਵੱਲੋਂ ਦਿੱਤੇ ਗਏ ਬਿਆਨਾਂ ਦੇ ਅਧਾਰ 'ਤੇ ਬਲਵੀਰ ਸਿੰਘ ਪੁੱਤਰ ਦਿਆਲ ਸਿੰਘ, ਚੰਨ ਸਿੰਘ ਪੁੱਤਰ ਰਾਝਾ ਸਿੰਘ, ਚੰਨ ਸਿੰਘ ਦਾ ਲੜਕਾ ਵਾਸੀਆਨ ਢੰਡੀ ਖੁਰਦ, ਮੰਗੂ ਸਿੰਘ ਤੇ ਰਾਜੂ ਪੁੱਤਰ ਅਮਰੀਕ ਸਿੰਘ ਵਾਸੀ ਬੱਘੇਕੇ ਉਤਾੜ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ।

# ਘਰ ਲਿਜਾਣ ਦੀ ਰੱਟ ਤੋਂ ਅੱਕੇ ਪ੍ਰੇਮੀ ਵੱਲੋਂ ਪ੍ਰੇਮਿਕਾ ਦਾ ਕਤਲ



**ਬੁਢਲਾਡਾ (ਅਸ਼ੋਕ ਲਾਕੜਾ)**-ਜ਼ਬਰਦਸਤੀ ਆਪਣੇ ਘਰ ਲਿਜਾਣ ਤੇ ਬਲੈਕਮੇਲ ਕਰਨ ਤੋਂ ਅੱਕੇ ਦੋਸਤ ਨੇ ਆਪਣੀ ਹੀ ਵਿਆਹੁਤਾ ਸਹੇਲੀ ਦਾ ਗਲਾ ਦੱਬ ਕੇ ਕਤਲ ਕਰ ਦਿੱਤਾ।

ਜਾਣਕਾਰੀ ਅਨੁਸਾਰ ਮਨਦੀਪ ਸਿੰਘ ਵਾਸੀ ਦਿਆਲਪੁਰਾ ਦੇ ਬੀਰਪਾਲ ਕੌਰ ਨਾਲ ਨਾਜਾਇਜ਼ ਸੰਬੰਧ ਸਨ। ਇਸ ਦੌਰਾਨ ਬੀਰਪਾਲ ਕੌਰ ਵੱਲੋਂ ਲਗਾਤਾਰ ਉਸ ਨੂੰ ਆਪਣੇ ਘਰ ਲਿਜਾਣ ਤੇ ਬਲੈਕਮੇਲ ਕਰਕੇ ਦਬਾਅ ਬਣਾ ਰਹੀ ਸੀ ਕਿ ਤੂੰ ਮੈਨੂੰ ਆਪਣੇ ਘਰ ਲੈ ਕੇ ਜਾ ਤੇ ਆਪਣੀ ਪਤਨੀ ਨੂੰ ਤਾਲਾਕ ਦੇ, ਨਹੀਂ ਤਾਂ ਮੈਂ ਤੇਰੇ ਖਿਲਾਫ ਬਲਾਤਕਾਰ ਦਾ ਪਰਚਾ ਦਰਜ ਕਰਾਵਾਂਗੀ। ਜਿਸ ਤੋਂ ਅੱਕੇ ਹੋਏ ਮਨਦੀਪ ਸਿੰਘ ਨੇ ਆਪਣੀ ਸਹੇਲੀ ਦਾ ਰੱਲੀ ਵਾਲੀ ਨਹਿਰ ਨਜ਼ਦੀਕ ਗਲਾ ਦਬਾ ਕੇ ਉਸ ਦਾ ਕਤਲ ਕਰ ਦਿੱਤਾ। ਦੂਸਰੇ ਪਾਸੇ ਪੁਲਸ ਨੂੰ ਪਿਛਲੇ ਦਿਨੀਂ ਰੱਲੀ ਨਹਿਰ ਨਜ਼ਦੀਕ ਸਰੋਂ ਦੇ ਖੇਤਾਂ ਵਿੱਚੋਂ ਲਾਸ਼ ਬਰਾਮਦ ਕੀਤੀ, ਜਿਸ ਦੀ ਪਹਿਚਾਣ ਬੀਰਪਾਲ (28 ਸਾਲਾ) ਪਤਨੀ ਬਲਵਿੰਦਰ ਸਿੰਘ ਦਿਆਲਪੁਰਾ ਵਜੋਂ ਹੋਈ। ਐੱਸ.ਐੱਚ.ਓ. ਸਿਟੀ ਮੇਲਾ ਸਿੰਘ ਨੇ ਦੱਸਿਆ ਕਿ ਮ੍ਰਿਤਕ ਔਰਤ ਬੀਰਪਾਲ ਕੌਰ ਦੇ ਪਤੀ ਬਲਵਿੰਦਰ ਸਿੰਘ ਦੇ ਬਿਆਨ ਮੁਤਾਬਿਕ ਦੱਸਿਆ ਕਿ ਉਸ ਦੀ ਪਤਨੀ ਦਾ ਮਨਦੀਪ ਸਿੰਘ ਦਿਆਲਪੁਰਾ (30 ਸਾਲਾ) ਨਾਲ ਨਾਜਾਇਜ਼ ਸੰਬੰਧ ਸਨ, ਜਿਸ ਸੰਬੰਧੀ ਕਈ ਵਾਰ ਪੰਚਾਇਤੀ ਤੌਰ 'ਤੇ ਸਮਾਝਿਆ ਗਿਆ ਸੀ, ਪ੍ਰੰਤੂ ਇਨ੍ਹਾਂ ਦੇ ਸੰਬੰਧ ਲਗਾਤਾਰ ਜਾਰੀ ਸਨ। ਉਸ ਦੇ ਪਤੀ ਨੇ ਦੱਸਿਆ ਕਿ ਉਸ ਦੀ ਪਤਨੀ ਮਨਦੀਪ ਸਿੰਘ ਦੇ ਮੋਟਰਸਾਈਕਲ 'ਤੇ ਗਈ ਸੀ। ਪੁਲਸ ਨੇ ਮਨਦੀਪ ਸਿੰਘ ਖਿਲਾਫ ਕਤਲ ਦਾ ਮਾਮਲਾ ਦਰਜ ਕਰਕੇ ਗ੍ਰਿਫਤਾਰ ਕਰ ਲਿਆ, ਜਿੱਥੇ ਅਦਾਲਤ ਵੱਲੋਂ ਉਸ ਨੂੰ 2 ਦਿਨਾਂ ਪੁਲਸ ਰਿਮਾਂਡ 'ਤੇ ਭੇਜ ਦਿੱਤਾ।

## ਗਲੋਬਲ ਫਲਾਇਰਜ਼ ਨੇ ਲਵਾਇਆ ਯੂ ਕੇ ਦਾ ਓਪਨ ਵਰਕ ਪਰਮਿਟ ਵੀਜ਼ਾ




**ਬੱਧਨੀ ਕਲਾਂ/ਅਜੀਤਵਾਲ (ਨਛੱਤਰ ਸੰਧੂ)**-ਗਲੋਬਲ ਫਲਾਇਰਜ਼ ਆਈਲਟਸ ਤੇ ਇਮੀਗ੍ਰੇਸ਼ਨ ਸੰਸਥਾ, ਜੋ ਮਿੰਨੀ ਬੱਸ ਸਟੈਂਡ ਲੋਪੋ ਰੋਡ ਬੱਧਨੀ ਕਲਾਂ (ਮੋਗਾ) ਵਿਖੇ ਹੈ, ਵੱਲੋਂ ਲਗਾਤਾਰ ਵਿਦੇਸ਼ ਵਿੱਚ ਪੜ੍ਹਾਈ ਕਰਨ ਵਾਲੇ ਬੱਚਿਆਂ ਲਈ ਵਰਦਾਨ ਸਾਬਿਤ ਹੋ ਰਹੀ ਹੈ, ਉਥੇ ਹੀ ਓਪਨ ਵਰਕ ਪਰਮਿਟ ਵੀਜ਼ਾ ਤੇ ਵਿਜ਼ਿਟਰ ਵੀਜੇ 'ਚ ਮੁਹਾਰਤ ਹਾਸਲ ਕਰ ਚੁੱਕੀ ਇਸ ਸੰਸਥਾ ਵੱਲੋਂ ਗੁਰਵਿੰਦਰ ਸਿੰਘ ਵਾਸੀ ਪਿੰਡ ਮੱਲਿਆਣਾ (ਮੋਗਾ) ਦਾ ਯੂ ਕੇ ਦਾ ਓਪਨ ਵਰਕ ਪਰਮਿਟ ਵੀਜ਼ਾ ਲਗਵਾਇਆ ਗਿਆ ਹੈ। ਐੱਮ ਡੀ ਰਜਤ ਪਲਤਾ ਨੇ ਦੱਸਿਆ ਕਿ ਮਿਹਨਤੀ ਤੇ ਤਜਰਬੇਕਾਰ ਸਟਾਫ ਸਦਕਾ ਗੁਰਵਿੰਦਰ ਸਿੰਘ ਨੇ ਓਪਨ ਵਰਕ ਪਰਮਿਟ ਵੀਜ਼ਾ ਪ੍ਰਾਪਤ ਕੀਤਾ ਤੇ ਨਾਲ ਹੀ ਦੱਸਿਆ ਕਿ ਸੰਸਥਾ ਵੱਲੋਂ ਕਾਨੂੰਨੀ ਤੇ ਪਾਰਦਰਸ਼ੀ ਤਰੀਕੇ ਨਾਲ ਫਾਇਲ ਤਿਆਰ ਕਰਕੇ ਹੀ ਕੈਨੇਡਾ, ਯੂ ਕੇ, ਅਸਟ੍ਰੇਲੀਆ ਜਾਣ ਲਈ ਅੰਬੈਸੀ ਕੋਲ ਕੇਸ ਅਪਲਾਈ ਕੀਤਾ ਜਾਂਦਾ ਹੈ ਤਾਂ ਜੋ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਪੇਸ਼ ਨਾ ਆਵੇ। ਇਸ ਮੌਕੇ ਗੁਰਵਿੰਦਰ ਸਿੰਘ ਤੇ ਉਨ੍ਹਾਂ ਦੇ ਪਰਿਵਾਰ ਨਾਲ ਖੁਸ਼ੀ ਜ਼ਾਹਰ ਕਰਦਿਆਂ ਐੱਮ ਡੀ ਰਜਤ ਪਲਤਾ ਨੇ ਪੂਰੇ ਸਟਾਫ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਦੇ ਸੁਨਹਿਰੀ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

## ਮਾਪੇ-ਅਧਿਆਪਕ ਮੀਟਿੰਗ ਸਿੱਖਿਆ ਪ੍ਰਣਾਲੀ ਦਾ ਅਨਮੁੱਲਾ ਤੱਤ : ਮਨੋਜ ਕੁਮਾਰ

**ਬਾਘਾ ਪੁਰਾਣਾ (ਮਨੀ ਸਿੰਗਲਾ)**-ਲਾਰੈਂਸ ਇੰਟਰਨੈਸ਼ਨਲ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਬਾਘਾ ਪੁਰਾਣਾ ਵਿਖੇ ਪੀ.ਟੀ.ਐੱਮ. ਦਾ ਆਯੋਜਨ ਕੀਤਾ ਗਿਆ। ਮੀਟਿੰਗ ਵਿੱਚ ਜਮਾਤ ਨਰਸਰੀ ਤੋਂ ਨੌਂਵੀਂ ਤੇ 11ਵੀਂ ਦੇ ਬੱਚਿਆਂ ਦੇ ਮਾਪਿਆਂ ਨੇ ਹਿੱਸਾ ਲਿਆ।



ਇਸ ਵਿੱਚ ਅਧਿਆਪਕਾਂ ਨੇ ਮਾਪਿਆਂ ਨੂੰ ਬੱਚਿਆਂ ਦੇ ਆਉਣ ਵਾਲੇ ਪੇਪਰਾਂ ਬਾਰੇ ਜਾਣਕਾਰੀ ਦਿੱਤੀ ਤੇ ਸਕੂਲ ਵਿੱਚ ਲਏ ਜਾਣ ਵਾਲੇ ਟੈਸਟਾਂ ਦੇ ਨਤੀਜਿਆਂ ਦੀ ਰਿਪੋਰਟ ਸਾਂਝੀ ਕੀਤੀ। ਮੀਟਿੰਗ ਦੌਰਾਨ ਅਧਿਆਪਕਾਂ ਨੇ ਬੱਚਿਆਂ ਦੇ ਮਾਪਿਆਂ ਨਾਲ ਉਨ੍ਹਾਂ ਦੀ ਪੜ੍ਹਾਈ ਦੌਰਾਨ ਆਉਣ ਵਾਲੀਆਂ ਮੁਸ਼ਕਲਾਂ ਬਾਰੇ ਚਰਚਾ ਕੀਤੀ ਤੇ ਉਨ੍ਹਾਂ ਸਮੱਸਿਆਵਾਂ ਦਾ ਹੱਲ ਕੱਢਿਆ। ਉਨ੍ਹਾਂ ਬੱਚਿਆਂ ਨੂੰ ਪੜ੍ਹਾਈ ਵਿੱਚ ਧਿਆਨ ਦੇਣ ਲਈ ਜਾਗਰੂਕ ਕੀਤਾ ਤਾਂ ਜੋ ਉਹ ਆਉਣ ਵਾਲੇ ਪੇਪਰਾਂ ਵਿੱਚ ਚੰਗੇ ਨੰਬਰ ਪ੍ਰਾਪਤ ਕਰ ਕੇ ਪਾਸ ਹੋ ਸਕਣ। ਸਕੂਲ ਦੇ ਚੇਅਰਮੈਨ ਤਰਸੇਮ ਲਾਲ ਗਰਗ, ਪ੍ਰਿੰਸੀਪਲ ਮੈਡਮ ਜ਼ੀਨਮ ਗਰਗ ਤੇ ਮਨੋਜ ਕੁਮਾਰ ਨੇ ਮਾਪਿਆਂ ਦਾ ਸਕੂਲ ਪਹੁੰਚਣ 'ਤੇ ਧੰਨਵਾਦ ਕੀਤਾ। ਮਨੋਜ ਕੁਮਾਰ ਨੇ ਕਿਹਾ ਕਿ ਮਾਪੇ-ਅਧਿਆਪਕ ਮੀਟਿੰਗ ਸਿੱਖਿਆ ਪ੍ਰਣਾਲੀ ਦਾ ਇਕ ਅਨਮੁੱਲਾ ਤੱਤ ਹੈ। ਇਹ ਮੀਟਿੰਗਾਂ ਸਕੂਲੀ ਜੀਵਨ ਦਾ ਇੱਕ ਵਿਭਿੰਨ ਅੰਗ ਹਨ। ਇਸ ਮੌਕੇ ਅਧਿਆਪਕਾਂ ਤੇ ਮਾਪਿਆਂ ਨੂੰ ਅਨੁਸ਼ਾਸਨ ਰਣਨੀਤੀਆਂ ਉਤੇ ਚਰਚਾ ਕਰਨ ਦਾ ਆਦਰਸ਼ ਸਮਾਂ ਪ੍ਰਦਾਨ ਕਰਦੇ ਹਨ। ਇਨ੍ਹਾਂ ਵਿਚ ਮਾਤਾ ਪਿਤਾ ਦੋਨਾਂ ਦਾ ਹੋਣਾ ਮਹੱਤਵਪੂਰਨ ਹੈ। ਉਨ੍ਹਾ ਵਿਦਿਆਰਥੀਆਂ ਨੂੰ ਰੱਟਾ ਮਾਰਨ ਦੀ ਬਜਾਏ ਪੜ੍ਹਾਈ ਨੂੰ ਸਮਝਣ ਲਈ ਪ੍ਰੇਰਿਤ ਕੀਤਾ ਤਾਂ ਜੋ ਵਿਦਿਆਰਥੀ ਗਿਆਨ ਨੂੰ ਪ੍ਰਾਪਤ ਕਰ ਸਕਣ। ਉਨ੍ਹਾ ਬੱਚਿਆਂ ਨੂੰ ਪੇਪਰਾਂ ਵਿੱਚ ਵਧੀਆ ਨੰਬਰ ਲੈਣ ਲਈ ਪ੍ਰੇਰਿਤ ਕੀਤਾ।

# ਕਾਂਗਰਸ ਦੀ ਸਮਰਾਲਾ ਰੈਲੀ 'ਚ ਕਾਕਾ ਰਣਦੀਪ ਦੀ ਅਗਵਾਈ 'ਚ ਹਜ਼ਾਰਾਂ ਲੋਕਾਂ ਨੇ ਕੀਤੀ ਸ਼ਮੂਲੀਅਤ



**ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)**-ਸਾਬਕਾ ਕੈਬਨਿਟ ਮੰਤਰੀ ਕਾਕਾ ਰਣਦੀਪ ਸਿੰਘ ਨਾਭਾ ਦੀ ਅਗਵਾਈ ਵਿੱਚ ਹਲਕਾ ਅਮਲੋਹ ਤੋਂ ਅੱਜ ਵੱਡੀ ਗਿਣਤੀ ਹਲਕਾ ਅਮਲੋਹ ਤੋਂ ਲੋਕ ਕਾਂਗਰਸ ਪਾਰਟੀ ਦੀ ਸਮਰਾਲਾ ਰੈਲੀ ਵਿੱਚ ਸ਼ਮੂਲੀਅਤ ਕਰਨ ਲਈ ਅਮਲੋਹ ਤੋਂ ਰਵਾਨਾ ਹੋਏ। ਇਸ ਮੌਕੇ ਗੱਲਬਾਤ ਕਰਦਿਆਂ ਕਾਕਾ ਰਣਦੀਪ ਸਿੰਘ ਨਾਭਾ ਨੇ ਕਿਹਾ ਕਿ ਰੈਲੀ ਸਬੰਧੀ ਲੋਕਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ ਅਤੇ ਅੱਜ ਦਾ ਵੱਡਾ ਇਕੱਠ ਕਾਂਗਰਸ ਪਾਰਟੀ ਨੂੰ ਹੋਰ ਜ਼ਿਆਦਾ ਮਜ਼ਬੂਤੀ ਵੱਲ ਲੈ ਕੇ ਜਾਵੇਗਾ। ਉਨ੍ਹਾਂ ਕਿਹਾ ਕਿ ਅੱਜ ਦੀ ਰੈਲੀ ਜਿੱਥੇ ਇਤਿਹਾਸਕ ਹੋਵੇਗੀ, ਉਥੇ ਹੀ ਕੁੱਲ ਹਿੰਦ ਕਾਂਗਰਸ ਕਮੇਟੀ ਦੇ ਪ੍ਰਧਾਨ ਮਲਿਕਅਰਜੁਨ ਖੜਗੇ ਸੰਬੋਧਨ ਕਰਨਗੇ, ਜਿਨ੍ਹਾਂ ਦੇ ਵਿਚਾਰਾਂ ਤੋਂ ਸਾਨੂੰ ਬਹੁਤ ਕੁਝ ਸਿੱਖਣ ਨੂੰ ਮਿਲੇਗਾ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦੀਆਂ ਰੈਲੀਆਂ ਤੇ ਮੀਟਿੰਗਾਂ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਤੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਦੇਸ਼ ਦੇ ਲੋਕ ਕਾਂਗਰਸ ਪਾਰਟੀ ਦਾ ਸਾਥ ਦੇਣ ਲਈ ਉਤਾਵਲੇ ਹਨ, ਉਥੇ ਹੀ ਮੋਦੀ ਸਰਕਾਰ ਨੂੰ ਚੱਲਦਾ ਕਰਨਗੇ। ਇਸ ਮੌਕੇ ਕਾਕਾ ਰਣਦੀਪ ਸਿੰਘ ਨਾਭਾ ਵੱਲੋਂ ਰੈਲੀ ਵਿੱਚ ਸ਼ਮੂਲੀਅਤ ਕਰਨ ਵਾਲੇ ਲੋਕਾਂ ਦਾ ਵਿਸ਼ੇਸ਼ ਧੰਨਵਾਦ ਕੀਤਾ। ਇਸ ਮੌਕੇ ਵੱਡੀ ਗਿਣਤੀ ਕਾਂਗਰਸੀ ਵਰਕਰ, ਅਹੁਦੇਦਾਰ ਤੇ ਇਲਾਕੇ ਦੇ ਲੋਕ ਮੌਜੂਦ ਸਨ।

# ਲਾਇਨਜ਼ ਕਲੱਬ ਵੱਲੋਂ ਅੱਖਾਂ ਦਾ ਚੈੱਕਅੱਪ ਤੇ ਅਪ੍ਰੇਸ਼ਨ ਕੈਂਪ

**ਨਾਭਾ (ਵਰਿੰਦਰ ਵਰਮਾ)**-ਲਾਇਨਜ਼ ਕਲੱਬ ਨਾਭਾ ਪ੍ਰਧਾਨ ਸੁਭਾਸ਼ ਸਹਿਗਲ ਤੇ ਜਨਰਲ ਸਕੱਤਰ ਸੰਨੀ ਸਿੰਗਲਾ ਦੀ ਅਗਵਾਈ ਹੇਠ ਅੱਖਾਂ ਦਾ ਚੈੱਕਅਪ ਤੇ ਆਪ੍ਰੇਸ਼ਨ ਕੈਂਪ ਲਾਇਨਜ਼ ਭਵਨ, ਸਿਨੇਮਾ ਰੋਡ, ਨਾਭਾ ਵਿਖੇ ਲਗਾਇਆ ਗਿਆ। ਇਸ ਕੈਂਪ ਵਿੱਚ ਡਾ. ਹਰਿੰਦਰ ਲੌਂਗੀਆ (ਅੱਖਾਂ ਦੇ ਮਾਹਰ) ਤੇ ਉਨ੍ਹਾਂ ਦੀ ਟੀਮ ਵੱਲੋਂ 320 ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ ਅਤੇ 84 ਮਰੀਜ਼ਾਂ ਦੀਆਂ ਅੱਖਾਂ ਦਾ ਆਪ੍ਰੇਸ਼ਨ ਪੀ.ਪੀ.ਐੱਮ. ਅੱਖਾਂ ਦੇ ਜਨਰਲ ਚੈਰੀਟੇਬਲ ਹਸਪਤਾਲ, ਰੋਹਟੀ ਪੁਲ, ਨਾਭਾ ਵਿਖੇ ਕੀਤੇ ਗਏ। ਕੈਂਪ ਵਿੱਚ ਮਰੀਜ਼ਾਂ ਨੂੰ ਲੈਂਜ ਫ੍ਰੀ ਪਾਏ ਗਏ ਤੇ ਦਵਾਈਆਂ ਕਲੱਬ ਵੱਲੋਂ ਫ੍ਰੀ ਦਿੱਤੀਆਂ ਗਈਆਂ। ਇਸ ਮੌਕੇ ਕਲੱਬ ਪ੍ਰਧਾਨ ਸੁਭਾਸ਼ ਸਹਿਗਲ, ਜਨਰਲ ਸਕੱਤਰ ਸੰਨੀ ਸਿੰਗਲਾ ਤੇ ਸਮੂਹ ਮੈਂਬਰਾਂ ਵੱਲੋਂ ਕੈਂਪ ਦੇ ਮੁੱਖ ਮਹਿਮਾਨ ਹਲਕਾ ਵਿਧਾਇਕ ਦੇ ਭਰਾ ਕਪਿਲ ਮਾਨ ਦਾ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਸਵਾਗਤ ਕੀਤਾ। ਇਸ ਮੌਕੇ ਸਾਬਕਾ ਚੇਅਰਮੈਨ ਇੰਪਰੂਵਮੈਂਟ ਟਰੱਸਟ ਅਮਰਦੀਪ ਸਿੰਘ ਖੰਨਾ, ਪ੍ਰੋਜੈਕਟ ਚੇਅਰਮੈਨ ਲਾਇਨ ਪ੍ਰੇਮ ਜਿੰਦਲ, ਖਜ਼ਾਨਚੀ ਲਾਇਨ ਰਾਕੇਸ਼ ਸਿੰਗਲਾ, ਲਾਇਨ ਡਾ: ਮੁਲਖ ਰਾਜ, ਕੋ-ਚੇਅਰਮੈਨ ਲਾਇਨ ਡਾ: ਜਗਜੀਵਨ ਗਰਗ, ਲਾਇਨ ਐੱਸਐੱਮਓ ਡਾ: ਸੰਜੇ ਗੋਇਲ, ਡਾ: ਮਨੋਜ ਗੋਇਲ, ਡਾ: ਕਰਨਦੀਪ ਗੋਇਲ, ਡਾ: ਐੱਲ. ਸੀ. ਮਦਾਨ, ਇੰਡੀਅਨ ਮੈਡੀਕਲ ਐਸੋਸੀਏਸ਼ਨ ਪ੍ਰਧਾਨ ਡਾਕਟਰ ਜੇ ਪੀ ਨਰੂਲਾ, ਪ੍ਰੋਫੈਸਰ ਸੁਰਿੰਦਰ ਬੀਰ ਸਿੰਘ ਸੇਠੀ, ਅਮਰੀਕ ਸਿੰਘ ਪ੍ਰਧਾਨ ਫੋਕਲ ਪੁਆਇੰਟ ਐਸੋਸੀਏਸ਼ਨ, ਗੁਰਮੀਤ ਸਿੰਘ, ਕੁਲਦੀਪ ਸਿੰਘ ਬੱਬਰ, ਅਸ਼ੋਕ ਬਾਂਸਲ, ਅਵਤਾਰ ਸਿੰਘ ਬੁੱਟਰ, ਸੰਤੋਖ ਸਿੰਘ ਸੇਠ, ਰਾਜੇਸ ਬਾਂਸਲ ਨੀਟੂ, ਸਤਿੰਦਰ ਮਿੱਤਲ, ਸੁਰਿੰਦਰ ਸਿੰਗਲਾ, ਪਰਮਜੀਤ ਅਸਤਾ, ਰਮਨ ਸਿੰਗਲਾ, ਓਮ ਪ੍ਰਕਾਸ਼ ਗਰਗ ਠੇਕੇਦਾਰ, ਵਿਨੋਦ ਕਾਲੜਾ, ਸਾਬਕਾ ਪ੍ਰਧਾਨ ਗੌਤਮ ਬਾਤਿਸ਼, ਮਾਂਟੂ ਪਾਹੂਜਾ, ਭੁਪਿੰਦਰ ਕਲਰਮਾਜਰੀ ਆਦਿ ਹਾਜ਼ਰ ਸਨ।

**ਲੋੜਵੰਦਾਂ ਦੀ ਮਦਦ ਲਈ ਹਰ ਸੰਸਥਾ ਨੂੰ ਅੱਗੇ ਆਉਣਾ ਚਾਹੀਦਾ : ਮਾਨ, ਸਹਿਗਲ, ਸਿੰਗਲਾ**



## ਸੜਕ ਹਾਦਸੇ 'ਚ ਪਤੀ-ਪਤਨੀ ਜ਼ਖਮੀ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਨਜ਼ਦੀਕੀ ਪਿੰਡ ਰੁਕਨਾ ਮੁੰਗਲਾ ਵਿਖੇ ਇਕ ਤੇਜ਼ ਰਫਤਾਰ ਕਾਰ ਨੇ ਇਕ ਕਾਰ ਨੂੰ ਟੱਕਰ ਮਾਰੀ, ਜਿਸ ਨਾਲ ਪਤੀ ਪਤਨੀ ਦੇ ਜ਼ਖਮੀਂ ਹੋਣ ਦੀ ਖਬਰ ਮਿਲੀ ਹੈ। ਇਸ ਸਬੰਧੀ ਥ 279, 337, 427 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਤਬੀਰ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਪਿੰਡ ਨੂਰਪੁਰ ਸੇਠਾਂ ਨੇ ਦੱਸਿਆ ਕਿ ਉਹ ਆਪਣੀ ਪਤਨੀ ਮਨਜਿੰਦਰ ਕੌਰ ਨਾਲ ਆਪਣੀ ਕਾਰ ਆਲਟੋ ਨੰਬਰ ਪੀਬੀ 05 ਏਸੀ 9739 'ਤੇ ਸਵਾਰ ਹੋ ਕੇ ਫਿਰੋਜ਼ਪੁਰ ਸ਼ਹਿਰ ਤੋਂ ਆਪਣੇ ਪਿੰਡ ਆ ਰਹੇ ਸੀ, ਜਦ ਉਹ ਪਿੰਡ ਰੁਕਨਾ ਮੁੰਗਲਾ ਦੇ ਬੱਸ ਸਟੈਂਡ ਪਾਸ ਪੁੱਜੇ ਤਾਂ ਦੋਸ਼ੀ ਨਿਰਮਲ ਕੁਮਾਰ ਪੁੱਤਰ ਸੰਤ ਰਾਮ ਵਾਸੀ ਅਜੀਤ ਨਗਰ ਬਾਰਡਰ ਰੋਡ ਸਿਟੀ ਫਿਰੋਜ਼ਪੁਰ ਨੇ ਆਪਣੀ ਕਾਰ ਟੋਇਟਾ ਨੰਬਰ ਪੀਬੀ 84-0018 ਤੇਜ਼ ਰਫਤਾਰ ਤੇ ਲਾਪ੍ਰਵਾਹੀ ਨਾਲ ਲਿਆ ਕੇ ਉਨ੍ਹਾਂ ਦੀ ਕਾਰ ਵਿਚ ਮਾਰੀ। ਇਸ ਹਾਦਸੇ ਵਿੱਚ ਉਹ ਤੇ ਉਸ ਦੀ ਪਤਨੀ ਮਨਜਿੰਦਰ ਕੌਰ ਦੇ ਸੱਟਾਂ ਲੱਗ ਗਈਆਂ ਤੇ ਕਾਰ ਨੁਕਸਾਨੀ ਗਈ। ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਜੋਰਾ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਕਾਰ ਚਾਲਕ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਚੋਣਾਂ ਦੇ ਮੱਦੇਨਜ਼ਰ ਭਾਜਪਾ ਆਗੂਆਂ ਵੱਲੋਂ ਸਰਗਰਮੀਆਂ ਤੇਜ਼



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਦੇਸ਼ ਵਿੱਚ ਆਉਣ ਵਾਲੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਜਿੱਥੇ ਹੋਰ ਵੱਖ-ਵੱਖ ਰਵਾਇਤੀ ਪਾਰਟੀਆਂ ਵੱਲੋਂ ਰੈਲੀਆਂ ਤੇ ਮਾਰਚ ਆਦਿ ਕੱਢੇ ਜਾ ਰਹੇ ਹਨ, ਉੱਥੇ ਭਾਜਪਾ ਆਗੂਆਂ ਨੇ ਵੀ ਆਪਣੀਆਂ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ। ਮਾਛੀਵਾੜਾ ਦੇ ਮੰਡਲ ਪ੍ਰਧਾਨ ਅਸ਼ਵਨੀ ਸਿੰਗਲਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹ ਹਲਕਾ ਸਮਰਾਲਾ ਨਾਲ ਸਬੰਧਤ ਪਿੰਡਾਂ ਵਿੱਚ ਜਾ ਕੇ ਬੂਥ ਪ੍ਰਧਾਨਾਂ ਨਾਲ ਰਾਬਤਾ ਕਾਇਮ ਕਰ ਵਿਚਾਰ ਵਟਾਂਦਰਾ ਕਰ ਰਹੇ ਹਨ। ਉਨ੍ਹਾ ਦੱਸਿਆ ਕਿ ਹਲਕਾ ਸਮਰਾਲਾ ਤੋਂ ਭਾਜਪਾ ਦੀ ਚੋਣ ਲੜ ਚੁੱਕੇ ਸੀਨੀਅਰ ਆਗੂ ਰਣਜੀਤ ਸਿੰਘ ਜੀਤਾ ਗਹਿਲੇਵਾਲ ਵੀ ਉਨ੍ਹਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਭਰਵਾਂ ਸਹਿਯੋਗ ਦੇ ਰਹੇ ਹਨ। ਪਿੰਡਾਂ ਵਿੱਚ ਭਾਜਪਾ ਦਾ ਅਧਾਰ ਮਜ਼ਬੂਤ ਬਣਾਉਣ ਲਈ ਸਾਡੇ ਵਰਕਰਾਂ ਵੱਲੋਂ ਦਿਨ-ਰਾਤ ਅਣਥੱਕ ਮਿਹਨਤ ਕੀਤੀ ਜਾ ਰਹੀ ਹੈ ਤੇ ਵੋਟਰਾਂ ਨਾਲ ਮੇਲ ਜੋਲ ਕਰਕੇ ਪਾਰਟੀ ਦੀਆਂ ਨੀਤੀਆਂ ਬਾਰੇ ਜਾਣੂ ਕਰਵਾਇਆ ਜਾ ਰਿਹਾ ਹੈ। ਉਨ੍ਹਾ ਦੱਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨੀਤੀਆਂ ਤੋਂ ਪੇਂਡੂ ਲੋਕ ਬਹੁਤ ਖੁਸ਼ ਨਜ਼ਰ ਆ ਰਹੇ ਹਨ, ਜਿਸ ਤੋਂ ਸਪੱਸ਼ਟ ਜਾਪ ਰਿਹਾ ਹੈ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ 'ਚ ਭਾਜਪਾ ਹੂੰਝਾ ਫੇਰ ਜਿੱਤ ਪ੍ਰਾਪਤ ਕਰੇਗੀ। ਇਸ ਮੌਕੇ ਉਨ੍ਹਾ ਨਾਲ ਵਿਕਾਸ ਮਿੱਤਲ, ਅਮਿਤ ਸਹਾਰਨ ਤੇ ਜਗਜੀਤ ਮਹਿਰਾ ਮੌਜੂਦ ਸਨ।

# ਯਾਦਗਾਰੀ ਹੋ ਨਿੱਬੜਿਆ ਪੈਰਾਡਾਈਜ਼ ਸਕੂਲ ਦਾ ਵਿਦਾਇਗੀ ਸਮਾਰੋਹ



**ਪਾਤੜਾਂ (ਨਿਸਾਨ ਸਿੰਘ ਬਣਵਾਲਾ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਦਾ ਪੈਰਾਡਾਈਜ਼ ਇੰਟਰਨੈਸ਼ਨਲ ਸਕੂਲ, ਘੱਗਾ ਵਿਖੇ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਸ਼ੁੱਭ-ਕਾਮਨਾਵਾਂ ਤੇ ਉੱਜਲੇ ਭਵਿੱਖ ਲਈ ਆਸ਼ੀਰਵਾਦ ਦੇਣ ਲਈ ਵਿਦਾਇਗੀ ਸਮਾਰੋਹ ਕੀਤਾ ਗਿਆ। ਦਿਨ ਦਾ ਆਰੰਭ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਨਾਲ ਹੋਇਆ ਤੇ ਵਿਦਿਆਰਥੀਆਂ ਦੀਆਂ ਹੋਣ ਵਾਲੀਆਂ ਸੀਬੀਐੱਸਈ ਬੋਰਡ ਪ੍ਰੀਖਿਆਵਾਂ ਵਿੱਚ ਸਫ਼ਲ ਹੋਣ ਅਤੇ ਉਨ੍ਹਾਂ ਦੇ ਸੁਨਹਿਰੇ ਭਵਿੱਖ ਲਈ ਅਰਦਾਸ ਕੀਤੀ ਗਈ। ਉਸ ਤੋਂ ਬਾਅਦ ਸੱਭਿਆਚਾਰਕ ਪ੍ਰੋਗਰਾਮ ਹੋਇਆ, ਜਿਸ ਵਿੱਚ ਵਿਦਿਆਰਥੀਆਂ ਨੇ ਆਪਣੀਆਂ ਸਕੂਲ ਨਾਲ ਜੁੜੀਆਂ ਯਾਦਾਂ ਨੂੰ ਭਾਸ਼ਣ ਤੇ ਕਵਿਤਾਵਾਂ ਰਾਹੀਂ ਪ੍ਰਗਟ ਕੀਤਾ। ਵਿਦਿਆਰਥੀਆਂ ਨੇ ਆਪਣੇ ਅਧਿਆਪਕਾਂ ਨੂੰ ਹੱਥੀਂ ਬਣਾਏ ਹੋਏ ਧੰਨਵਾਦ ਕਾਰਡ ਵੀ ਭੇਟ ਕੀਤੇ। ਅਧਿਆਪਕਾਂ ਨੇ ਵੀ ਬੱਚਿਆਂ ਲਈ ਆਪਣੇ ਵਿਚਾਰ ਪ੍ਰਗਟ ਕੀਤੇ। ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਲਈ ਕਈ ਫੰਨ ਗੇਮਜ਼ ਤੇ ਰੈਂਪ ਵਾਕ ਦਾ ਆਯੋਜਨ ਵੀ ਕੀਤਾ ਗਿਆ। ਵਿਦਿਆਰਥੀਆਂ ਵੱਲੋਂ ਸਕੂਲ ਤੇ ਅਧਿਆਪਕਾਂ ਦੇ ਸਤਿਕਾਰ ਤੇ ਧੰਨਵਾਦ ਵਿੱਚ ਪੇਸ਼ ਕੀਤੀ ਇੱਕ ਭਾਵਭਿੰਨੀ ਕੋਰੀਓਗਰਾਫੀ ਆਪਣੀ ਇੱਕ ਅਮਿੱਟ ਛਾਪ ਛੱਡ ਗਈ। ਵਿਦਿਆਰਥੀਆਂ ਨੂੰ ਬਹੁਤ ਸਾਰੇ ਖਿਤਾਬਾਂ ਨਾਲ ਨਵਾਜਿਆ ਗਿਆ। ਬਾਰ੍ਹਵੀਂ ਜਮਾਤ ਦੀਆਂ ਵਿਦਿਆਰਥਣਾਂ ਪਾਰੂਲ (ਆਰਟਸ) ਤੇ ਸੁਹਾਨੀ (ਸਾਇੰਸ) ਨੂੰ ਮਿਸ ਪੈਰਾਡਾਈਜ਼ ਦਾ ਤਾਜ਼ ਪਹਿਨਾਇਆ ਗਿਆ। ਇਸ਼ਾਂਤ ਬਤਰਾ (ਸਾਇੰਸ) ਤੇ ਅਜ਼ੀਜ਼ ਗੁਪਤਾ (ਆਰਟਸ) ਨੂੰ ਮਿਸਟਰ ਪੈਰਾਡਾਈਜ਼ ਦੇ ਖਿਤਾਬ ਨਾਲ ਨਵਾਜਿਆ ਗਿਆ। ਇਹ ਦਿਨ ਬੱਚਿਆਂ ਤੇ ਅਧਿਆਪਕਾਂ ਲਈ ਖੁਸ਼ੀਆਂ ਤੇ ਗਮ ਦੀਆਂ ਮਿਲੀਆਂ ਯਾਦਾਂ ਬਣ ਕੇ ਸਮਾਪਤ ਹੋਇਆ। ਫੇਅਰਵੈੱਲ ਕੇਕ ਕੱਟਿਆ ਗਿਆ ਤੇ ਸਭ ਨੇ ਇਸ ਦਾ ਆਨੰਦ ਮਾਣਿਆ। ਸਕੂਲ ਦੇ ਚੇਅਰਮੈਨ ਡਾ: ਅੰਮ੍ਰਿਤਪਾਲ ਸਿੰਘ ਕਾਲੇਕਾ, ਪ੍ਰਿੰਸੀਪਲ ਡਾ: ਪਰਮਿੰਦਰ ਕੌਰ ਤੇ ਸਮੂਹ ਸਟਾਫ਼ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਉਜਲੇ ਭਵਿੱਖ ਤੇ ਸਫ਼ਲਤਾ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

# ਜ਼ਿਲ੍ਹਾ ਪੱਧਰੀ ਕਰਾਟੇ ਮੁਕਾਬਲਿਆਂ 'ਚ ਮਾਡਲ ਸਕੂਲ ਕੁਲਰੀਆਂ ਨੇ ਜਿੱਤੇ ਗੋਲਡ ਮੈਡਲ



**ਬਰੇਟਾ (ਰੀਤਵਾਲ)**-ਸਿੱਖਿਆ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਰਾਣੀ ਲਕਸ਼ਮੀ ਬਾਈ ਸਵੈ-ਰੱਖਿਆ ਪ੍ਰੋਜੈਕਟ ਤਹਿਤ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਵਿੱਚ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਕੁਲਰੀਆਂ ਦੀਆਂ ਵਿਦਿਆਰਥਣਾਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਤਿੰਨ ਗੋਲਡ ਮੈਡਲ ਸਕੂਲ ਦੀ ਝੋਲੀ ਪਾਏ। ਜ਼ਿਲ੍ਹਾ ਪੱਧਰੀ ਕਰਾਟੇ ਮੁਕਾਬਲੇ, ਜੋ ਮੰਨੂਵਾਟਿਕਾ ਸਕੂਲ ਬੁਢਲਾਡਾ ਵਿਖੇ ਕਰਵਾਏ ਗਏ, ਵਿੱਚ ਸਰਕਾਰੀ ਮਾਡਲ ਸਕੂਲ ਕੁਲਰੀਆਂ ਦੀਆਂ 4 ਖਿਡਾਰਨਾਂ ਨੇ ਭਾਗ ਲਿਆ, ਜਿਨ੍ਹਾਂ ਵਿੱਚੋਂ ਤਿੰਨ ਖਿਡਾਰਨਾਂ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਵਿਦਿਆਰਥਣ ਮਨਪ੍ਰੀਤ ਕੌਰ ਨੇ-40 ਕਿਲੋਗ੍ਰਾਮ, ਸੁਮਨਪ੍ਰੀਤ ਕੌਰ-50 ਕਿਲੋਗ੍ਰਾਮ ਤੇ ਜਸਪ੍ਰੀਤ ਕੌਰ +50 ਕਿਲੋਗ੍ਰਾਮ ਭਾਰ ਵਿੱਚ ਖੇਡਦਿਆਂ ਗੋਲਡ ਮੈਡਲ ਹਾਸਲ ਕੀਤੇ। ਇਨ੍ਹਾਂ ਹੋਣਹਾਰ ਵਿਦਿਆਰਥਣਾਂ ਦਾ ਸਕੂਲ ਪੁੱਜਣ 'ਤੇ ਨਿੱਘਾ ਸਵਾਗਤ ਕੀਤਾ ਗਿਆ। ਵਿਦਿਆਰਥਣਾਂ ਨੇ ਜਿੱਤ ਦਾ ਸਿਹਰਾ ਆਪਣੇ ਕੋਚ ਅਮਨਦੀਪ ਸਿੰਘ ਸੰਧੂ, ਯਾਦਵਿੰਦਰ ਸਿੰਘ ਡੀ ਪੀ ਈ ਤੇ ਮਾਪਿਆਂ ਨੂੰ ਦਿੱਤਾ ਅਤੇ ਕਿਹਾ ਕਿ ਉਨ੍ਹਾਂ ਵੱਲੋਂ ਦਿੱਤੀ ਪ੍ਰੇਰਨਾ ਤੇ ਕਰਵਾਈ ਸਖਤ ਮਿਹਨਤ ਦੀ ਬਦੌਲਤ ਉਹ ਮੈਡਲ ਹਾਸਲ ਕਰਨ 'ਚ ਕਾਮਯਾਬ ਹੋਈਆਂ ਹਨ। ਵਿਦਿਆਰਥਣਾਂ ਦੀ ਇਸ ਜਿੱਤ 'ਤੇ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰ. ਸਿੱਖਿਆ) ਸ੍ਰ ਮੇਵਾ ਸਿੰਘ ਤੇ ਉਪ ਜ਼ਿਲ੍ਹਾ ਸਿੱਖਿਆ ਅਫਸਰ ਸ੍ਰੀ ਅਸ਼ੋਕ ਕੁਮਾਰ ਵੱਲੋਂ ਵਧਾਈ ਦਿੱਤੀ ਗਈ। ਸਕੂਲ ਚੇਅਰਮੈਨ ਬੰਤ ਸਿੰਘ ਨੇ ਕਿਹਾ ਕਿ ਧੀਆਂ ਦਾ ਅੱਗੇ ਵਧਣਾ ਹੀ ਮਜ਼ਬੂਤ ਸਮਾਜ ਦੀ ਨੀਂਹ ਹੈ ਤੇ ਇਨ੍ਹਾਂ ਧੀਆਂ ਨੇ ਆਪਣੇ ਮਾਤਾ-ਪਿਤਾ ਤੇ ਅਧਿਆਪਕਾਂ ਦਾ ਸਮਾਜ ਵਿੱਚ ਮਾਣ ਵਧਾਇਆ ਹੈ। ਸਕੂਲ ਪ੍ਰਿੰਸੀਪਲ ਨਰਸੀ ਸਿੰਘ ਨੇ ਕਿਹਾ ਕਿ ਤਿੰਨੋਂ ਵਿਦਿਆਰਥਣਾਂ 12ਵੀਂ ਸਾਇੰਸ ਸਟਰੀਮ ਵਿੱਚ ਪੜ੍ਹ ਰਹੀਆਂ ਹਨ ਤੇ ਉਸ ਨੇ ਆਪਣੀ ਇਸ ਪ੍ਰਾਪਤੀ ਨਾਲ ਪੜ੍ਹਾਈ ਤੇ ਖੇਡਾਂ ਵਿੱਚ ਸੰਤੁਲਨ ਦੀ ਇੱਕ ਵਿਲੱਖਣ ਉਦਾਹਰਨ ਪੇਸ਼ ਕੀਤੀ ਹੈ। ਇਸ ਮੌਕੇ ਸਕੂਲ ਮੈਨੇਜਮੈਂਟ ਕਮੇਟੀ ਮੈਂਬਰ ਜਲਵਿੰਦਰ ਸਿੰਘ, ਜਰਨੈਲ ਸਿੰਘ, ਜਗਮੇਲ ਸਿੰਘ ਬਲਾਕ ਸੰਮਤੀ ਚੇਅਰਮੈਨ ਤੇ ਸਕੂਲ ਸਟਾਫ ਨੇ ਵਿਦਿਆਰਥਣਾਂ ਨੂੰ ਵਧਾਈ ਦਿੱਤੀ ਅਤੇ ਚੰਗੇ ਭਵਿੱਖ ਦੀ ਕਾਮਨਾ ਕੀਤੀ।

## ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਦੀ ਮੀਟਿੰਗ



**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਦੀ ਮੀਟਿੰਗ ਮੇਜਰ ਸਿੰਘ ਦੂਲੋਵਾਲ ਦੀ ਪ੍ਰਧਾਨਗੀ ਹੇਠ ਇੱਕ ਅਹਿਮ ਮੀਟਿੰਗ ਸਥਾਨਕ ਪੈਨਸ਼ਨਰਜ਼ ਭਵਨ ਵਿਖੇ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਬਾਬੂ ਸਿੰਘ ਫਤਿਹਪੁਰ ਟੈਕਨੀਕਲ ਐਂਡ ਮਕੈਨੀਕਲ ਇੰਪਲਾਈਜ਼ ਯੂਨੀਅਨ ਦੇ ਪ੍ਰੈੱਸ ਸਕੱਤਰ ਪੰਜਾਬ ਨੇ ਦੱਸਿਆ ਕਿ ਕੇਂਦਰ ਤੇ ਰਾਜ ਸਰਕਾਰਾਂ ਦੀਆਂ ਮੁਲਾਜ਼ਮ ਮਾਰੂ ਨੀਤੀਆਂ ਖਿਲਾਫ ਪੰਜਾਬ ਮੁਲਾਜ਼ਮ ਸਾਂਝਾ ਫਰੰਟ ਦੇ ਸੱਦੇ 'ਤੇ 25 ਫਰਵਰੀ ਨੂੰ ਐੱਮ ਐੱਲ ਏ ਹਲਕਾ ਮਾਨਸਾ ਵਿਜੇ ਸਿੰਗਲਾ, ਹਲਕਾ ਬੁਢਲਾਡਾ ਬੁੱਧ ਰਾਮ ਤੇ ਸਰਦੂਲਗੜ੍ਹ ਤੋਂ ਵਿਧਾਇਕ ਐਡਵੋਕੇਟ ਗੁਰਪ੍ਰੀਤ ਬਣਾਂਵਾਲੀ ਦੇ ਘਰਾਂ ਦਾ ਘਿਰਾਓ ਕੀਤਾ ਜਾਵੇਗਾ। ਵਿਧਾਇਕ ਹਲਕਾ ਸਰਦੂਲਗੜ੍ਹ ਐਡਵੋਕੇਟ ਗੁਰਪ੍ਰੀਤ ਬਣਾਂਵਾਲੀ ਦੇ ਘਰ ਦਾ ਘਿਰਾਓ ਸਿਲਵਰ ਸਿਟੀ ਮਾਨਸਾ ਵਿਖੇ ਸਵੇਰੇ 10 ਵਜੇ ਸ਼ੁਰੂ ਹੋਵੇਗਾ। ਇਸ ਮੀਟਿੰਗ ਵਿੱਚ ਵੱਖ ਵੱਖ ਜਥੇਬੰਦੀਆਂ ਦੇ ਆਗੂ ਸਾਥੀ ਸਤਪਾਲ ਭੈਣੀ, ਰਾਜ ਕੁਮਾਰ ਰੰਗਾ, ਬਿੱਕਰ ਸਿੰਘ ਮਾਖਾ, ਜਗਦੇਵ ਸਿੰਘ ਘੁਰਕਣੀ, ਜਸਮੇਲ ਸਿੰਘ ਅਤਲਾ, ਹਰੀ ਸਿੰਘ ਸਹਾਰਨਾ, ਬੰਤ ਸਿੰਘ, ਮਨਿੰਦਰ ਸਿੰਘ, ਨਿਰਮਲ ਸਿੰਘ, ਦਰਸ਼ਨ ਸਿੰਘ ਨੰਗਲ, ਜੈਲਾ ਸਿੰਘ ਭੀਖੀ, ਗੁਰਸੇਵਕ ਸਿੰਘ ਭੀਖੀ ਤੇ ਗੁਰਜੰਟ ਸਿੰਘ ਖਾਲਸਾ ਹਾਜ਼ਰ ਸਨ।

# ਵੱਡੀ ਗਿਣਤੀ 'ਚ ਆਪ ਆਗੂ ਤੇ ਵਰਕਰ ਰੈਲੀ ਲਈ ਰਵਾਨਾ



**ਕੋਟ ਈਸੇ ਖਾਂ (ਅਰੋੜਾ)**-ਆਮ ਆਦਮੀ ਪਾਰਟੀ ਵੱਲੋਂ ਚੋਣਾਂ ਮੌਕੇ ਪੰਜਾਬ ਵਾਸੀਆਂ ਨਾਲ ਕੀਤੇ ਗਏ ਵਾਅਦੇ ਪੂਰੇ ਹੋ ਰਹੇ ਹਨ, ਜਿਸ ਤਹਿਤ ਗੋਇੰਦਵਾਲ ਸਾਹਿਬ ਵਿਖੇ ਥਰਮਲ ਪਾਵਰ ਪਲਾਂਟ ਜੋ ਕਿ ਪੰਜਾਬ ਸਰਕਾਰ ਵੱਲੋਂ ਖਰੀਦ ਕੀਤਾ ਗਿਆ ਹੈ, ਜਿਸ ਦਾ ਉਦਘਾਟਨ ਆਮ ਆਦਮੀ ਪਾਰਟੀ ਦੇ ਸੁਪਰੀਮੋ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕੀਤਾ ਜਾ ਰਿਹਾ ਹੈ ਤੇ ਲੋਕ ਅਰਪਿਤ ਕੀਤਾ ਜਾ ਰਿਹਾ ਹੈ ਤੇ ਬਾਅਦ ਵਿੱਚ ਇੱਕ ਰੈਲੀ ਦੇ ਰੂਪ ਵਿੱਚ ਲੋਕਾਂ ਨੂੰ ਸੰਬੋਧਨ ਕਰਨਗੇ। ਇਹ ਆਮ ਆਦਮੀ ਪਾਰਟੀ ਦੀ ਰੈਲੀ ਇਤਿਹਾਸਕ ਹੋਵੇਗੀ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਬਲਾਕ ਪ੍ਰਧਾਨ ਪ੍ਰਕਾਸ ਸਿੰਘ ਰਾਜਪੂਤ ਤੇ ਉਨ੍ਹਾਂ ਦੇ ਸਾਥੀਆਂ ਨੇ ਹਲਕਾ ਧਰਮਕੋਟ ਤੋਂ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਦੀ ਅਗਵਾਈ ਹੇਠ ਰੈਲੀ 'ਤੇ ਰਵਾਨਾ ਹੋਣ ਮੌਕੇ ਕੀਤਾ। ਇਸ ਮੌਕੇ ਕੌਂਸਲਰ ਗੁਰਪ੍ਰੀਤ ਸਿੰਘ ਸੋਨੂ ਸਿੱਧੂ, ਕੌਂਸਲਰ ਬਗੜ ਸਿੰਘ, ਮੱਖਣ ਸਿੰਘ, ਦੀਪਕ ਅਰੋੜਾ, ਹਰਜੀਤ ਸਿੰਘ, ਪਰਮਜੀਤ ਸਿੰਘ ਔਲਖ, ਸਤਿਨਾਮ ਸਿੰਘ ਜਾਣੀਆਂ ਕਾਕਾ ਟੈਲੀਕਾਮ, ਸਵਰਨ ਸਿੰਘ, ਸੁੱਚਾ ਸਿੰਘ, ਕੌਂਸਲਰ ਮੱਖਣ ਸਿੰਘ, ਰਣਜੀਤ ਸਿੰਘ, ਜੱਗਾ ਸਿੰਘ, ਪ੍ਰੇਮ ਕੁਮਾਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਆਪ ਵਰਕਰ ਹਾਜ਼ਰ ਸਨ।

## ਭਲਕੇ ਦਿੱਲੀ ਕੂਚ 'ਚ ਬੀਕੇਯੂ ਸਿੱਧੂਪੁਰ ਵੱਲੋਂ ਵੱਡੇ ਕਾਫਲੇ ਨਾਲ ਸ਼ਮੂਲੀਅਤ ਕੀਤੀ ਜਾਵੇਗੀ : ਬੱਗਾ



**ਸਮਰਾਲਾ (ਸੁਰਜੀਤ ਸਿੰਘ)**-ਬੀਕੇਯੂ ਸਿੱਧੂਪੁਰ ਵੱਲੋਂ ਸੁਪਿੰਦਰ ਸਿੰਘ ਬੱਗਾ ਜ਼ਿਲ੍ਹਾ ਪ੍ਰਧਾਨ ਲੁਧਿਆਣਾ ਦੀ ਅਗਵਾਈ ਵਿੱਚ ਜਥੇਬੰਦੀ ਦੇ ਅਹੁਦੇਦਾਰਾਂ ਗੁਰਦੀਪ ਸਿੰਘ ਬਰਮਾ, ਰਜਿੰਦਰ ਸਿੰਘ ਲੱਲ ਕਲਾਂ, ਹਰਜੀਤ ਸਿੰਘ ਲੋਪੋ ਵੱਲੋਂ ਜਥੇਬੰਦੀ ਦੀ ਮਜ਼ਬੂਤੀ ਲਈ ਪਿੰਡ ਕਕਰਾਲਾ ਖੁਰਦ ਦੀ ਪਿੰਡ ਪੱਧਰੀ ਇਕਾਈ ਦਾ ਗਠਨ ਕੀਤਾ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗੁਰਦੀਪ ਸਿੰਘ ਬਰਮਾ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਕਿਸਾਨੀ ਅੰਦੋਲਨ ਸਮੇਂ ਲਿਖਤ ਵਿੱਚ ਕਿਸਾਨ ਮੋਰਚੇ ਨੂੰ ਮੰਗਾਂ ਮੰਨਣ ਦੀ ਚਿੱਠੀ ਦਿੱਤੀ ਗਈ ਸੀ, ਪ੍ਰੰਤੂ ਏਨਾ ਸਮਾਂ ਬੀਤ ਜਾਣ ਉਪਰੰਤ ਵੀ ਕੇਂਦਰ ਸਰਕਾਰ ਵੱਲੋਂ ਉਹ ਲਿਖਤ ਵਿੱਚ ਮੰਨੀਆਂ ਹੋਈਆਂ ਮੰਗਾਂ ਨੂੰ ਅਮਲੀ ਜਾਮਾ ਨਹੀਂ ਪਹਿਨਾਇਆ ਗਿਆ ਅਤੇ ਬਿਜਲੀ ਸੋਧ ਬਿਲ ਨੂੰ ਨਾ ਲੈ ਕੇ ਆਉਣ ਦਾ ਵਾਅਦਾ ਕਰਨ ਉਪਰੰਤ ਕੇਂਦਰ ਸਰਕਾਰ ਵੱਲੋਂ ਉਸ ਨੂੰ ਲੁਕਮੇ ਢੰਗ ਨਾਲ ਰਾਜ ਸਰਕਾਰ ਰਾਹੀਂ ਲਾਗੂ ਕਰਨ ਦੀਆਂ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ। ਇਸ ਲਈ ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਕ ਭਾਰਤ ਤੇ ਕਿਸਾਨ ਮਜ਼ਦੂਰ ਮੋਰਚਾ ਵੱਲੋਂ 13 ਫਰਵਰੀ ਤੋਂ ਮੁੜ ਦਿੱਲੀ ਕੂਚ ਦਾ ਪ੍ਰੋਗਰਾਮ ਦਿੱਤਾ ਗਿਆ ਹੈ।

ਇਸ ਲਈ ਦਿੱਲੀ ਕਿਸਾਨੀ ਅੰਦੋਲਨ ਦੀਆਂ ਅਧੂਰੀਆਂ ਰਹਿੰਦੀਆਂ ਮੰਗਾਂ ਪੂਰੀਆਂ ਕਰਵਾਉਣ ਨੂੰ ਲੈ ਕੇ 13 ਫਰਵਰੀ ਨੂੰ ਲੱਖਾਂ ਕਿਸਾਨਾਂ ਵੱਲੋਂ ਹਜ਼ਾਰਾਂ ਟਰੈਕਟਰ ਟਰਾਲੀਆਂ ਨਾਲ ਦਿੱਲੀ ਲਈ ਕੂਚ ਕੀਤੀ ਜਾਵੇਗੀ।ਸੁਪਿੰਦਰ ਸਿੰਘ ਬੱਗਾ ਨੇ ਦੱਸਿਆ ਕਿ ਦਿੱਲੀ ਅੰਦੋਲਨ ਲਈ ਲੋਕਾਂ ਨੂੰ ਲਾਮਬੰਦ ਕਰਨ ਵਾਸਤੇ ਸਾਰੇ ਜ਼ਿਲ੍ਹ ਤੇ ਬਲਾਕਾਂ ਦੀ ਸੂਬਾ ਕਮੇਟੀ ਵੱਲੋਂ ਡਿਊਟੀ ਲਗਾਈ ਗਈ ਹੈ, ਜਿਨ੍ਹਾਂ ਵੱਲੋਂ ਪਿੰਡ ਪਿੰਡ ਵਿੱਚ ਟਰੈਕਟਰ ਮਾਰਚ ਤੇ ਝੰਡੇ ਮਾਰਚ ਕੀਤੇ ਜਾ ਰਹੇ ਹਨ ਅਤੇ ਹਰ ਇੱਕ ਬਲਾਕ ਵਿੱਚ ਪ੍ਰਚਾਰ ਲਈ ਲਗਾਤਾਰ ਜਥੇਬੰਦੀ ਵੱਲੋਂ ਗੱਡੀਆਂ ਰਾਹੀਂ ਸਪੀਕਰ ਲਗਾ ਕੇ ਦਿੱਲੀ ਮੋਰਚੇ ਦੀਆਂ ਮੰਗਾਂ ਸਬੰਧੀ ਦੱਸਿਆ ਜਾ ਰਿਹਾ ਅਤੇ ਲੋਕਾਂ ਨੂੰ ਲਾਮਬੰਦ ਕੀਤਾ ਜਾ ਰਿਹਾ ਹੈ।ਇਸ ਮੌਕੇ ਪਿੰਡ ਦੇ ਮੋਹਤਬਰ ਵਿਅਕਤੀਆਂ ਤੇ ਆਮ ਲੋਕਾਂ ਦੇ ਇਕੱਠ ਵਿੱਚ ਸਰਬਸੰਮਤੀ ਨਾਲ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੀ ਪਿੰਡ ਕਕਰਾਲਾ ਖੁਰਦ ਦੀ ਇਕਾਈ ਦਾ ਗਠਨ ਕੀਤਾ ਗਿਆ।

## ਮੁਫਤ ਮੈਡੀਕਲ ਤੇ ਕੈਂਸਰ ਚੈੱਕਅੱਪ ਕੈਂਪ 13 ਨੂੰ

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਵਰਲਡ ਕੈਂਸਰ ਕੇਅਰ ਸੁਸਾਇਟੀ ਦੇ ਪੰਜਾਬ ਚੈਪਟਰ ਦੇ ਡਾਇਰੈਕਟਰ ਡਾ. ਜਗਜੀਤ ਸਿੰਘ ਧੂਰੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਰਲਡ ਕੈਂਸਰ ਕੇਅਰ ਸੁਸਾਇਟੀ ਵੱਲੋਂ ਡਾ. ਕੁਲਵੰਤ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਲਗਾਏ ਜਾਂਦੇ ਮੁਫਤ ਕੈਂਸਰ ਅਵੇਅਰਨੈੱਸ ਤੇ ਚੈੱਕਅਪ ਕੈਂਪਾਂ ਦੀ ਲੜੀ ਤਹਿਤ 13 ਮਾਰਚ ਨੂੰ ਮਾਡਰਨ ਸੈਕੂਲਰ ਪਬਲਿਕ ਸਕੂਲ, ਦੌਲਤਪੁਰ ਰੋਡ, ਧੂਰੀ ਵਿਖੇ ਇਹ ਕੈਂਪ ਸਵੇਰੇ 10.00 ਵਜੇ ਸ਼ਾਮ 4.00 ਵਜੇ ਤੱਕ ਲੱਗੇਗਾ। ਉਨ੍ਹਾ ਕਿਹਾ ਕਿ ਇਸ ਕੈਂਪ ਵਿੱਚ ਡਾ. ਧਾਲੀਵਾਲ ਉਚੇਚੇ ਤੌਰ 'ਤੇ ਪਹੁੰਚ ਰਹੇ ਹਨ। ਇਸ ਕੈਂਪ ਦੌਰਾਨ ਵਰਲਡ ਕੈਂਸਰ ਕੇਅਰ ਸੁਸਾਇਟੀ ਦੀਆਂ ਪਹੁੰਚ ਰਹੀਆਂ ਬੱਸਾਂ ਵਿੱਚ ਮਾਹਰ ਡਾਕਟਰ ਤੇ ਅਤਿ ਆਧੁਨਿਕ ਉਪਕਰਨ ਮੌਜੂਦ ਹੋਣਗੇ। ਇਸ ਕੈਂਪ ਵਿੱਚ ਔਰਤਾਂ ਤੇ ਮਰਦਾਂ ਦੇ ਕੈਂਸਰ ਦੀ ਸਰੀਰਕ ਜਾਂਚ, ਔਰਤਾਂ ਦੇ ਛਾਤੀ ਦੇ ਕੈਂਸਰ ਦੀ ਜਾਂਚ ਲਈ ਮੈਮੋਗ੍ਰਾਫੀ ਟੈਸਟ, ਔਰਤਾਂ ਦੇ ਬੱਚੇਦਾਨੀ ਦੇ ਕੈਂਸਰ ਦੀ ਜਾਂਚ ਲਈ ਪੈਪ ਸਮੀਅਰ, ਮਰਦਾਂ ਦੇ ਗਦੂਦਾਂ ਦੇ ਕੈਂਸਰ ਲਈ ਪੀ.ਐੱਸ.ਏ. ਟੈਸਟ, ਔਰਤਾਂ ਤੇ ਮਰਦਾਂ ਦੇ ਮੂੰਹ ਦੇ ਕੈਂਸਰ ਦੀ ਜਾਂਚ, ਔਰਤਾਂ ਦੇ ਮਰਦਾਂ ਦੇ ਬਲੱਡ ਕੈਂਸਰ ਦੀ ਜਾਂਚ, ਕੈਂਸਰ ਦੇ ਮਰੀਜ਼ਾਂ ਦੇ ਇਲਾਜ ਲਈ ਸਹੀ ਸਲਾਹ ਅਤੇ ਆਮ ਬਿਮਾਰੀਆਂ ਸਬੰਧੀ ਸਿਹਤ ਲੋੜਵੰਦਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਜਾਣਗੀਆਂ।

## ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਦੀਆਂ ਸੂਬਾ ਪੱਧਰੀ ਖੇਡਾਂ 'ਚ ਕਾਜਲ ਤੇ ਸੁਮਨ ਨੇ ਦੂਜਾ ਸਥਾਨ ਜਿੱਤਿਆ



**ਜਲਾਲਾਬਾਦ (ਜੀਤ ਕੁਮਾਰ)**-ਬੀਤੇ ਦਿਨੀਂ ਰਾਜ ਪੱਧਰ ਦੀਆਂ ਵਿਸ਼ੇਸ਼ ਜ਼ਰੂਰਤਾਂ ਵਾਲੇ ਬੱਚਿਆਂ ਦੀਆਂ ਖੇਡਾਂ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਚੱਕ ਅਰਾਈਆਂ ਵਾਲਾ ਦੀਆਂ 2 ਵਿਦਿਆਰਥਣਾਂ ਕਾਜਲ ਤੇ ਸੁਮਨ ਨੇ ਕ੍ਰਮਵਾਰ 100 ਮੀਟਰ ਤੇ 50 ਮੀਟਰ ਦੌੜ ਵਿੱਚ ਦੂਸਰਾ ਸਥਾਨ ਹਾਸਲ ਕਰਕੇ ਨਾ ਕੇਵਲ ਆਪਣੇ ਸਕੂਲ, ਪਿੰਡ ਚੱਕ ਅਰਾਈਆਂਵਾਲਾ, ਆਪਣੇ ਬਲਾਕ ਜਲਾਲਾਬਾਦ 2 ਦਾ, ਸਗੋਂ ਫਾਜ਼ਿਲਕਾ ਜ਼ਿਲ੍ਹੇ ਦਾ ਵੀ ਨਾਮ ਰੋਸ਼ਨ ਕੀਤਾ। ਇਸ ਮੌਕੇ ਪਿੰਡ ਦੇ ਪਤਵੰਤੇ ਸੱਜਣ ਤੇ ਬੱਚਿਆਂ ਦੇ ਮਾਪੇ ਵੀ ਇਨ੍ਹਾਂ ਵਿਦਿਆਰਥਣਾਂ ਨੂੰ ਪੜ੍ਹਾਉਣ ਵਾਲੀ ਅਧਿਆਪਕਾ ਸੁਨੀਤਾ ਰਾਣੀ ਤੇ ਸਕੂਲ ਮੁਖੀ ਸ੍ਰੀ ਗੋਪਾਲ ਕ੍ਰਿਸ਼ਨ ਨੂੰ ਵਧਾਈਆਂ ਦਿੰਦੇ ਰਹੇ, ਜਿਸ ਤਰ੍ਹਾਂ ਇਨ੍ਹਾਂ ਬੱਚੀਆਂ ਨੇ ਲੜਕੇ ਤੇ ਲੜਕੀਆਂ ਦੇ ਕੰਬਾਇੰਡ ਮੁਕਾਬਲੇ ਵਿੱਚੋਂ ਜਿੱਤ ਪ੍ਰਾਪਤ ਕੀਤੀ, ਵਾਕਿਆ ਹੀ ਕਾਬਲੇ ਤਰੀਫ ਸੀ। ਇਸ ਮੌਕੇ ਬਲਾਕ ਜਲਾਲਾਬਾਦ 2 ਦੇ ਬੀਪੀਈਓ ਨਰਿੰਦਰ ਸਿੰਘ ਨੇ ਰਾਜ ਪੱਧਰ ਦੇ ਮੁਕਾਬਲਿਆਂ ਵਿੱਚ ਇਨ੍ਹਾਂ ਬੱਚਿਆਂ ਦੀ ਜਿੱਤ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਇਨ੍ਹਾਂ ਬੱਚਿਆਂ ਦੇ ਮਾਪਿਆਂ ਨੂੰ ਵੀ ਮੁਬਾਰਕਬਾਦ ਦਿੱਤੀ ਤੇ ਬਾਕੀ ਬੱਚਿਆਂ ਨੂੰ ਵੀ ਖੇਡਾਂ ਵਿੱਚ ਭਾਗ ਲੈਂਦੇ ਰਹਿਣ ਤੇ ਖੂਬ ਮਿਹਨਤ ਕਰਨ ਦਾ ਸੰਦੇਸ਼ ਦਿੱਤਾ। ਜ਼ਿਲ੍ਹਾ ਸਿੱਖਿਆ ਅਫ਼ਸਰ ਸ਼ਿਵਪਾਲ ਗੋਇਲ, ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਮੈਡਮ ਅੰਜੂ ਸੇਠੀ, ਦਰਸ਼ਨ ਵਰਮਾ, ਮੈਡਮ ਗੀਤਾਂ ਵੱਲੋਂ ਇਨ੍ਹਾਂ ਵਿਦਿਆਰਥੀਆਂ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ ਗਈਆਂ।

# ਗਾਇਕ ਮੇਜਰ ਮਹਿਰਮ ਦੀ ਅੰਤਮ ਅਰਦਾਸ 'ਤੇ ਵੱਖ-ਵੱਖ ਸ਼ਖਸੀਅਤਾਂ ਵੱਲੋਂ ਸ਼ਰਧਾਂਜਲੀਆਂ



**ਫਰੀਦਕੋਟ (ਐਲਿਗਜ਼ੈਂਡਰ ਡਿਸੂਜਾ)**-ਪੰਜਾਬੀ ਮਾਂ ਬੋਲੀ ਦੇ ਸੁਰੀਲੇ ਗਾਇਕ ਮੇਜਰ ਮਹਿਰਮ ਦੀ ਅੰਤਿਮ ਅਰਦਾਸ ਗੁਰਦੁਆਰਾ ਸ੍ਰੀ ਨਿਸ਼ਾਨ ਸਾਹਿਬ ਜਰਮਨ ਕਾਲੋਨੀ ਪੁਰਾਣਾ ਕੈਂਟ ਰੋਡ ਫਰੀਦਕੋਟ ਕੀਤੀ ਗਈ। ਅੰਤਿਮ ਅਰਦਾਸ ਵਿੱਚ ਸ਼ਾਮਲ ਵੱਡੀ ਗਿਣਤੀ ਵਿੱਚ ਕਲਾਕਾਰ, ਗੀਤਕਾਰ, ਸੰਗੀਤਕਾਰ, ਸ਼ਾਇਰ ਤੇ ਰਾਜਨੀਤਕ ਆਗੂਆਂ ਨੇ ਸ਼ਮੂਲੀਅਤ ਕੀਤੀ। ਇਸ ਸਮੇਂ ਭਾਈ ਸੁਖਵਿੰਦਰ ਸਿੰਘ ਦੇ ਜਥੇ ਵੱਲੋਂ ਕੀਰਤਨ ਕੀਤਾ ਗਿਆ। ਅਰਦਾਸ ਉਪਰੰਤ ਪ੍ਰਸਿੱਧ ਤੇ ਸੀਨੀਅਰ ਲੋਕ ਗਾਇਕ ਬਲਧੀਰ ਸਿੰਘ ਮਾਹਲਾ ਵੱਲੋਂ ਇਸ ਸੋਗਮਈ ਸਮੇਂ ਦੌਰਾਨ ਸੁਰੀਲੇ ਗਾਇਕ ਮੇਜਰ ਮਹਿਰਮ ਦੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਉਸ ਦੇ ਪਿਛੋਕੜ ਬਾਰੇ ਦੱਸਿਆ। ਇਸ ਉਪਰੰਤ ਮਨਜਿੰਦਰ ਗੋਲੀ ਫਰੀਦਕੋਟ ਨੇ ਦੁੱਖ ਵੰਡਾਉਣ ਆਏ ਸਮੂਹ ਕਲਾ ਪ੍ਰੇਮੀਆਂ ਦਾ ਸ਼ੁਕਰਾਨਾ ਕਰਦੇ ਹੋਏ ਕਿਹਾ ਕਿ ਮੇਜਰ ਮਹਿਰਮ ਹਮੇਸ਼ਾ ਸਾਡੇ ਅੰਗ ਸੰਗ ਰਹਿੰਦਾ ਸੀ। ਭਾਵੇਂ ਸਾਡੇ ਤੋਂ ਸਰੀਰਕ ਤੌਰ 'ਤੇ ਦੂਰ ਹੋ ਗਿਆ, ਪਰ ਅਸੀਂ ਉਸ ਦੇ ਨਾਮ ਨੂੰ ਸਦਾ ਜਿਉਂਦਾ ਰੱਖਾਂਗੇ। ਪੰਜਾਬੀ ਲੇਖਕ ਮੰਚ ਫਰੀਦਕੋਟ ਵੱਲੋਂ ਹਰ ਸਾਲ ਕਰਵਾਏ ਜਾ ਰਹੇ ਐਵਾਰਡ ਦੌਰਾਨ ਮੇਜਰ ਮਹਿਰਮ ਦੇ ਨਾਮ 'ਤੇ ਐਵਾਰਡ ਦੇਣ ਦਾ ਵੀ ਫੈਸਲਾ ਕੀਤਾ ਅਤੇ ਪ੍ਰਸਿੱਧ ਸ਼ਾਇਰ ਸੁਲੱਖਣ ਸਿੰਘ ਮਹਿੰਮੀ ਕੈਨੇਡਾ ਵੱਲੋਂ ਭੇਜੀ ਗਈ ਨਜ਼ਮ 'ਇੱਕ ਸੱਚਾ ਫਨਕਾਰ ਤੁਰ ਗਿਆ, ਰੋਂਦਾ ਛੱਡ ਪਰਿਵਾਰ ਤੁਰ ਗਿਆ' ਨਾਲ ਆਪਣੇ ਸੱਚੇ ਫਨਕਾਰ ਨੂੰ ਸ਼ਰਧਾਂਜਲੀ ਦਿੱਤੀ। ਇਸ ਸਮੇਂ ਆਰਟਿਸਟ ਵੈੱਲਫੇਅਰ ਸੁਸਾਇਟੀ ਪੰਜਾਬ ਭੋਲਾ ਯਮਲਾ ਨੇ ਮੇਜਰ ਮਹਿਰਮ ਦੇ ਨਾਮ 'ਤੇ ਸਟੇਟ ਐਵਾਰਡ ਸ਼ੁਰੂ ਕਰਨ ਦਾ ਐਲਾਨ ਕੀਤਾ। ਲੋਕ ਗਾਇਕ ਪਾਲ ਸਿੰਘ ਰਸੀਲਾ ਵੱਲੋਂ ਗੀਤਕਾਰ ਗੁਰਾਂਦਿੱਤਾ ਸੰਧੂ ਦੀ ਨਜ਼ਮ ਪੜ੍ਹ ਕੇ ਆਪਣੇ ਵਿੱਛੜੇ ਗਾਇਕ ਨੂੰ ਸ਼ਰਧਾਂਜਲੀ ਦਿੱਤੀ।

ਇਸ ਮੌਕੇ ਆਪਣੇ ਮਹਿਬੂਬ ਫਨਕਾਰ ਨੂੰ ਸਿਜਦਾ ਕਰਨ ਲਈ, ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਲੋਕ ਗਾਇਕ ਬਲਧੀਰ ਮਾਹਲਾ, ਹਰਿੰਦਰ ਸੰਧੂ, ਕੁਲਵਿੰਦਰ ਕੰਵਲ, ਭਿੰਦੇਸ਼ਾਹ, ਬਿਲਾ ਮਾਣੇਵਾਲੀਆ, ਸੰਗੀਤਕਾਰ ਰਵਿੰਦਰ ਟੀਨਾ, ਭੋਲਾ ਯਮਲਾ, ਪਾਲ ਰਸੀਲਾ, ਦਿਲਬਾਗ ਹੁੰਦਲ, ਕੁਲਦੀਪ ਕੰਡਿਆਰਾ, ਮੀਤ ਗੁਰਨਾਮ, ਦਿਲਬਾਗ ਬਾਗੂ, ਕੁਲਦੀਪ ਗੋਰਾ, ਗੁਰਸੇਵਕ ਮਾਨ, ਰਜਿੰਦਰ ਰਾਜਨ ਕੋਟਕਪੂਰਾ, ਤਾਰੀ ਗੋਲੇਵਾਲੀਆ, ਸੁਖਚੈਨ ਬਿੱਟਾ, ਰਾਜਿੰਦਰ ਨਾਗੀ, ਰਣਜੀਤ ਬਿੱਟਾ, ਰਾਜ ਗਿੱਲ ਭਾਣਾ, ਰਾਜ ਕੰਡਿਆਰਾ, ਚੰਨੀ ਘੁੱਦੂਵਾਲਾ, ਮੀਤ ਬਰਾੜ, ਕਾਕਾ ਨੂਰ, ਚਮਕੌਰ ਹੰਸ, ਗੀਤਕਾਰ ਜਸਵੰਤ ਬੋਪਾਰਾਏ, ਚਮਕੌਰ ਥਾਂਦੇਵਾਲਾ, ਕ੍ਰਿਸ਼ਨ ਮਿੱਡਾ, ਕੌਸ਼ਲ ਮੱਲ੍ਹਾ, ਰਾਜਨੀਤਕ ਆਗੂ ਗੁਰਦਿੱਤ ਸਿੰਘ ਸੇਖੋਂ ਐੱਮ ਐੱਲ ਏ ਫਰੀਦਕੋਟ, ਪਰਮਬੰਸ ਬੰਟੀ ਰੋਮਾਣਾ ਅਕਾਲੀ ਆਗੂ, ਗੁਲਸ਼ਨ ਗਰੋਵਰ, ਨਵਦੀਪ ਸਿੰਘ ਬੱਬੂ ਬਰਾੜ ਕਾਂਗਰਸ ਆਗੂ, ਹਰਚਰਨ ਸੰਧੂ ਸਾਬਕਾ ਸਰਪੰਚ, ਸ਼ੇਰ ਸਿੰਘ ਐਕਸ ਐੱਮ ਸੀ, ਜਤਿੰਦਰ ਜੋਤੀ ਚੇਅਰਮੈਨ, ਬੋਹੜ ਸਿੰਘ ਬਰਾੜ ਤੇ ਜਸਵੰਤ ਸਿੰਘ ਆਦਿ ਹਾਜ਼ਰ ਸਨ।

## ਐੱਨ ਆਰ ਆਈਜ਼ ਨਾਲ ਮਿਲਣੀ ਸਮਾਗਮ 16 ਨੂੰ

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪਹਿਲਕਦਮੀ 'ਤੇ ਰਾਜ ਭਰ ਵਿੱਚ ਪੰਜਾਬੀ ਐੱਨ.ਆਰ.ਆਈਜ਼ ਨਾਲ ਮਿਲਣੀ ਸਮਾਗਮਾਂ ਦੇ ਉਲੀਕੇ ਗਏ ਸਮਾਗਮਾਂ ਤਹਿਤ ਸੰਗਰੂਰ ਸਮੇਤ ਪੰਜਾਬ ਦੇ 8 ਜ਼ਿਲ੍ਹਿਆਂ ਦੇ ਪ੍ਰਵਾਸੀ ਭਾਰਤੀਆਂ ਨਾਲ ਮਿਲਣੀ ਪ੍ਰੋਗਰਾਮ 16 ਫਰਵਰੀ ਨੂੰ ਸਵੇਰੇ 11 ਵਜੇ ਸਪੈਂਗਲ ਸਟੋਨ ਧੂਰੀ ਵਿਖੇ ਕੀਤਾ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਦੱਸਿਆ ਕਿ ਇਨ੍ਹਾਂ ਮਿਲਣੀਆਂ ਦਾ ਉਦੇਸ਼ ਪ੍ਰਵਾਸੀ ਪੰਜਾਬੀ ਭਾਰਤੀਆਂ ਨੂੰ ਦਰਪੇਸ਼ ਮੁਸ਼ਕਲਾਂ ਤੇ ਸ਼ਿਕਾਇਤਾਂ ਦਾ ਢੁੱਕਵਾਂ ਹੱਲ ਕਰਨਾ ਹੈ। ਉਨ੍ਹਾ ਦੱਸਿਆ ਕਿ 16 ਫਰਵਰੀ ਨੂੰ ਕਰਵਾਏ ਜਾ ਰਹੇ ਐੱਨ.ਆਰ.ਆਈਜ਼ ਮਿਲਣੀ ਸਮਾਗਮ ਦਾ ਉਦਘਾਟਨ ਐੱਨ.ਆਰ.ਆਈ. ਮਾਮਲੇ ਵਿਭਾਗ ਪੰਜਾਬ ਦੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਕਰਨਗੇ। ਡਿਪਟੀ ਕਮਿਸ਼ਨਰ ਨੇ ਸੰਗਰੂਰ ਦੇ ਨਾਲ ਨਾਲ ਪਟਿਆਲਾ, ਬਰਨਾਲਾ, ਫਤਿਹਗੜ੍ਹ ਸਾਹਿਬ, ਮਲੇਰਕੋਟਲਾ, ਬਠਿੰਡਾ, ਲੁਧਿਆਣਾ ਤੇ ਮਾਨਸਾ ਜ਼ਿਲ੍ਹਿਆਂ ਨਾਲ ਸਬੰਧਤ ਪ੍ਰਵਾਸੀ ਪੰਜਾਬੀ ਭਾਰਤੀਆਂ ਨੂੰ ਇਸ ਮਿਲਣੀ ਸਮਾਗਮ ਵਿੱਚ ਵਧ ਚੜ੍ਹ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ।

# ਵਿਦਿਆਰਥੀਆਂ 'ਚ ਵਿਗਿਆਨਕ ਨਜ਼ਰੀਆ ਵਿਕਸਤ ਕਰਨ ਦੀ ਲੋੜ : ਡਾ. ਰਜਨੀਸ਼ ਗੁਪਤਾ

**ਸਨਮਾਨ ਸਮਾਗਮ ਮੌਕੇ 22 ਵਿਦਿਆਰਥੀਆਂ ਤੇ 55 ਦੇ ਕਰੀਬ ਅਧਿਆਪਕਾਂ ਨੂੰ ਕੀਤਾ ਸਨਮਾਨਤ**




**ਪਟਿਆਲਾ (ਭੁਪਿੰਦਰਜੀਤ ਮੌਲਵੀਵਾਲਾ)**

ਤਰਕਸ਼ੀਲ ਸੁਸਾਇਟੀ ਪੰਜਾਬ ਜ਼ੋਨ ਪਟਿਆਲਾ ਦੀ ਅਰਬਨ ਅਸਟੇਟ ਇਕਾਈ ਤੇ ਸ਼ਹੀਦ ਕਰਤਾਰ ਸਿੰਘ ਵੈੱਲਫੇਅਰ ਟਰੱਸਟ ਵੱਲੋਂ ਪ੍ਰਸਿੱਧ ਵਿਗਿਆਨੀ ਚਾਰਲਸ ਡਾਰਵਿਨ ਨੂੰ ਸਮਰਪਤ ਪੰਜਵੀਂ ਸੂਬਾਈ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਵਿੱਚ ਸਕੂਲ ਆਫ ਐਮੀਨੈਂਸ ਫੀਲਖਾਨਾ ਪਟਿਆਲਾ ਨੇ ਸਕੂਲ ਪੱਧਰ 'ਤੇ ਅਹਿਮ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਦਾ ਸਨਮਾਨ ਕਰਨ ਲਈ ਇੱਕ ਵਿਸ਼ੇਸ਼ ਸਨਮਾਨ ਸਮਾਗਮ ਸਕੂਲ ਦੇ ਸ਼ਾਸਤਰੀ ਹਾਲ ਵਿਖੇ ਕੀਤਾ ਗਿਆ। ਸਭ ਤੋਂ ਪਹਿਲਾਂ ਜ਼ੋਨ ਦੇ ਜਥੇਬੰਦਕ ਮੁਖੀ ਅਕਸ਼ੈ ਖਨੌਰੀ ਨੇ ਆਏ ਮਹਿਮਾਨਾਂ, ਪ੍ਰਿੰਸੀਪਲ, ਅਧਿਆਪਕਾਂ ਤੇ ਵਿਦਿਆਰਥੀਆਂ ਦਾ ਸਵਾਗਤ ਕੀਤਾ ਤੇ ਸੰਬੋਧਨ ਕਰਦਿਆਂ ਕਿਹਾ ਕਿ ਪਟਿਆਲਾ ਜ਼ੋਨ ਨੇ ਚੇਤਨਾ ਪਰਖ ਪ੍ਰੀਖਿਆ ਵਿੱਚ ਪੂਰੇ ਪੰਜਾਬ ਦੇ 36000 ਵਿਦਿਆਰਥੀਆਂ ਵਿੱਚੋਂ 5500 ਦੇ ਕਰੀਬ ਵਿਦਿਆਰਥੀਆਂ ਨੇ ਇਸ ਪ੍ਰੀਖਿਆ ਵਿੱਚ ਭਾਗ ਲਿਆ। ਪਟਿਆਲਾ ਜ਼ੋਨ ਦੇ 75 ਸਕੂਲਾਂ ਨੇ ਇਸ ਪ੍ਰੀਖਿਆ ਭਾਗ ਲਿਆ, ਜਿਸ ਵਿੱਚ ਫੀਲਖਾਨਾ ਸਕੂਲ ਦੇ 1100 ਵਿਦਿਆਰਥੀਆਂ ਨੇ ਭਾਗ ਲਿਆ। ਸਕੂਲ ਪ੍ਰਿੰਸੀਪਲ ਡਾ. ਰਜਨੀਸ਼ ਗੁਪਤਾ ਨੇ ਆਏ ਮਹਿਮਾਨਾਂ ਦਾ ਸਵਾਗਤ ਤੇ ਧੰਨਵਾਦ ਕਰਦੇ ਹੋਏ ਕਿਹਾ ਕਿ ਅੱਜ ਦੇ ਸਮੇਂ ਵਿੱਚ ਵਿਦਿਆਰਥੀਆਂ ਨੂੰ ਵਿਗਿਆਨਕ ਵਿਚਾਰਧਾਰਾ ਤੇ ਨਜ਼ਰੀਆ ਅਪਣਾਉਣ ਦੀ ਬਹੁਤ ਲੋੜ ਹੈ। ਡਾ. ਰਜਨੀਸ਼ ਗੁਪਤਾ ਨੇ ਤਰਕਸ਼ੀਲ ਸੁਸਾਇਟੀ ਵੱਲੋਂ ਕਰਵਾਈ ਜਾਂਦੀ ਚੇਤਨਾ ਪ੍ਰੀਖਿਆ ਦੀ ਸ਼ਲਾਘਾ ਕੀਤੀ। ਸਮਾਗਮ ਦੇ ਮੁੱਖ ਮਹਿਮਾਨ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਪਟਿਆਲਾ ਡਾ. ਰਵਿੰਦਰਪਾਲ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਵਿਦਿਆਰਥੀਆਂ ਨੂੰ ਚੰਗੇ ਸਾਹਿਤ ਤੇ ਚੰਗੇ ਸੱਭਿਆਚਾਰ ਨਾਲ ਜੁੜਨਾ ਚਾਹੀਦਾ ਹੈ। ਪਰਖ ਪ੍ਰੀਖਿਆ ਦਾ ਉਦੇਸ਼ ਵਿਦਿਆਰਥੀਆਂ ਦੀ ਸੋਚ ਵਿਗਿਆਬਕ ਬਣਾਉਣਾ ਤੇ ਸ਼ਹੀਦਾਂ ਦੀ ਵਿਚਾਰਧਾਰਾ ਬਾਰੇ ਜਾਣੂ ਕਰਵਾਉਣਾ ਹੈ। ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾਈ ਆਗੂ ਜਸਵੰਤ ਮੁਹਾਲੀ ਨੇ ਪਿਛਲੇ ਪੰਜ ਸਾਲਾਂ ਤੋਂ ਕਰਵਾਈ ਜਾ ਰਹੀ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਕਰਵਾਉਣ ਦੇ ਮਕਸਦ ਤੇ ਵਿਗਿਆਨਕ ਚੇਤਨਾ ਲਈ ਕੀਤੇ ਜਾ ਰਹੇ ਯਤਨਾਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਲੈਕਚਰਾਰ ਮਨੋਜ ਥਾਪਰ ਤੇ ਸੁਰਿੰਦਰਪਾਲ ਨੇ ਆਪਣੇ ਅਨੁਭਵ ਸਾਂਝੇ ਕੀਤੇ। ਸਕੂਲ ਪੱਧਰ 'ਤੇ ਛੇਵੀਂ ਤੋਂ ਬਾਰਵੀਂ ਜਮਾਤ ਵਿੱਚ ਅਹਿਮ ਸਥਾਨ ਹਾਸਲ ਕਰਨ ਵਾਲੇ ਮਿਡਲ ਗਰੁੱਪ ਦੇ 9 ਤੇ ਸੈਕੰਡਰੀ ਗਰੁੱਪ ਦੇ 12 ਵਿਦਿਆਰਥੀਆਂ ਨੂੰ ਸਨਮਾਨ ਪੱਤਰ ਸਮੇਤ ਦਸ ਆਈਟਮਾਂ ਦੇ ਕੇ ਸਨਮਾਨਤ ਕੀਤਾ ਗਿਆ। ਸਟੇਟ ਐਵਾਰਡੀ ਅਧਿਆਪਕ ਸ੍ਰ. ਪਰਗਟ ਸਿੰਘ ਦੀ ਅਗਵਾਈ ਹੇਠ ਵਿਦਿਆਰਥੀਆਂ ਵੱਲੋਂ ਇਨਕਲਾਬੀ ਗੀਤ ਪੇਸ਼ ਕੀਤੇ ਗਏ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਮਾਸਟਰ ਨਰਿੰਦਰਪਾਲ ਨੇ ਬਾਖੂਬੀ ਨਿਭਾਈ। ਇਸ ਚੇਤਨਾ ਪ੍ਰੀਖਿਆ ਵਿੱਚ ਸਹਿਯੋਗ ਕਰਨ ਵਾਲੇ 55 ਦੇ ਕਰੀਬ ਸਕੂਲ ਅਧਿਆਪਕਾਂ ਦਾ ਸਨਮਾਨ ਵੀ ਕੀਤਾ ਗਿਆ। ਇਸ ਦੌਰਾਨ ਵਿਦਿਆਰਥੀਆਂ ਵੱਲੋਂ ਪੋਸਟਰ ਪ੍ਰਦਰਸ਼ਨੀ ਵੀ ਲਗਾਈ ਗਈ। ਇਸ ਮੌਕੇ ਸੀਸਾ ਸਿੰਘ, ਰਮਨੀਕ ਸਿੰਘ, ਕੰਵਰਜੀਤ ਧਾਲੀਵਾਲ, ਧਰਮਿੰਦਰ ਸਿੰਘ, ਗੁਰਤੇਜ ਸਿੰਘ, ਗੁਰਮੇਲ ਸਿੰਘ, ਗੁਰਬਚਨ ਸਿੰਘ ਆਦਿ ਤਰਕਸ਼ੀਲ ਮੈਂਬਰ ਸ਼ਾਮਲ ਹੋਏ।

12-FEB-PAGE-8.qxd 2/11/2024 8:43 PM Page 1



# ਮੁਲਾਜ਼ਮ ਮੰਗਾਂ ਨੂੰ ਲੈ ਕੇ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਸ਼ਹਿਰ 'ਚ ਰੋਸ ਪ੍ਰਦਰਸ਼ਨ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**- ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਪੰਜਾਬ ਦੇ ਦਿੱਤੇ ਸੱਦੇ ਤਹਿਤ ਗੜ੍ਹਸ਼ੰਕਰ ਵਿਖੇ ਪੰਜਾਬ ਮੁਲਾਜ਼ਮ ਤੇ ਪੈਨਸ਼ਨ ਸਾਂਝਾ ਫਰੰਟ ਦੀਆਂ ਜਥੇਬੰਦੀਆਂ ਵਲੋਂ ਸਾਂਝੇ ਤੌਰ 'ਤੇ ਗਾਂਧੀ ਪਾਰਕ ਗੜ੍ਹਸ਼ੰਕਰ ਵਿਖੇ ਰੋਸ ਰੈਲੀ ਕਰਨ ਉਪਰੰਤ ਸ਼ਹਿਰ ਵਿੱਚ ਰੋਸ ਮਾਰਚ ਕਰਦਿਆਂ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਦੇ ਘਰ ਵੱਲ ਕੂਚ ਕਰਦਿਆਂ ਪੰਜਾਬ ਸਰਕਾਰ ਖਿਲਾਫ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਹਾਜ਼ਰ ਮੁਲਾਜ਼ਮਾਂ ਨੂੰ ਸੰਬੋਧਨ ਕਰਦਿਆਂ ਮੁਲਾਜ਼ਮ ਅਤੇ ਪੈਨਸ਼ਨ ਸਾਂਝਾ ਫਰੰਟ ਦੇ ਸੂਬਾ ਕਨਵੀਨਰ ਸਤੀਸ਼ ਰਾਣਾ, ਫਰੰਟ ਦੇ ਜ਼ਿਲ੍ਹਾ ਪ੍ਰਧਾਨ ਮੱਖਣ ਵਾਹਿਦਪੁਰੀ ਅਤੇ ਡੀ ਐਮ ਐਫ ਆਗੂ ਮੁਕੇਸ਼ ਗੁਜਰਾਤੀ ਤੇ ਸੁਖਦੇਵ ਡਾਨਸੀਵਾਲ, ਪੈਨਸ਼ਨਰ ਆਗੂ ਪ੍ਰਿੰਸੀਪਲ ਪਿਆਰਾ ਸਿੰਘ, ਜੰਗਲਾਤ ਵਰਕਰ ਆਗੂ ਅਮਰੀਕ ਸਿੰਘ, ਏਟਕ ਆਗੂ ਹਸ਼ਮਤ ਅਲੀ, ਆਂਗਣਵਾੜੀ ਆਗੂ ਬੀਬੀ ਸ਼ਰਮੀਲਾ ਰਾਣੀ, ਪੈਨਸ਼ਨਰ ਆਗੂ ਸਰੂਪ ਚੰਦ, ਬਲਵੰਤ ਰਾਮ ਅਤੇ ਜੀਤ ਜੀਤ ਰਾਮ ਬਗਵਾਈ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਵੱਲੋਂ ਸੱਤਾ ਵਿੱਚ ਆਉਣ ਤੋਂ ਪਹਿਲਾਂ ਮੁਲਾਜ਼ਮਾਂ ਨੂੰ ਦਿੱਤੀਆਂ ਗਰੰਟੀਆਂ ਪੂਰੀਆਂ ਨਹੀਂ ਕੀਤੀਆਂ ਜਾ ਰਹੀਆਂ, ਸਗੋਂ ਪਹਿਲਾਂ ਤੋਂ ਮਿਲ ਰਹੀਆਂ ਸਹੂਲਤਾਂ 'ਤੇ ਵੀ ਕੱਟ ਲਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਮਾਣਭੱਤਾ ਵਰਕਰਾਂ (ਮਿੱਡ ਡੇ ਮੀਲ ਵਰਕਰ, ਆਸ਼ਾ ਵਰਕਰ , ਆਂਗਣਵਾੜੀ, ਸਕੂਲਾਂ ਵਿੱਚ ਭਰਤੀ ਕੀਤੇ ਸਫਾਈ ਸੇਵਕ ਅਤੇ ਚੌਕੀਦਾਰ ਆਦਿ) ਉੱਤੇ ਪੰਜਾਬ ਤਨਖਾਹ ਕਮਿਸ਼ਨ ਦੀ ਘੱਟੋ ਘੱਟ ਤਨਖਾਹ ਲਾਗੂ ਕਰਨ, ਵੱਖ-ਵੱਖ ਕਿਸਮਾਂ ਦੇ ਕੱਚੇ ਅਤੇ ਆਊਟਸੋਰਸ ਮੁਲਾਜ਼ਮਾਂ ਨੂੰ ਪੱਕਾ ਕਰਨ, ਐਨ.ਪੀ.ਐਸ. ਰੱਦ ਕਰਕੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ, ਪਰਖ ਕਾਲ ਸੰਬੰਧੀ 15-01-2015 ਦਾ ਨੋਟੀਫਿਕੇਸ਼ਨ ਰੱਦ ਕਰਨ, 17 ਜੁਲਾਈ 2020 ਤੋਂ ਬਾਅਦ ਭਰਤੀ ਮੁਲਾਜ਼ਮਾਂ 'ਤੇ ਪੰਜਾਬ ਦੇ ਤਨਖਾਹ ਸਕੇਲ ਲਾਗੂ ਕਰਨ, ਬੰਦ ਕੀਤੇ ਗਏ ਪੇਂਡੂ ਤੇ ਬਾਰਡਰ ਏਰੀਆ ਭੱਤੇ ਸਮੇਤ ਸਮੁੱਚੇ 37 ਭੱਤੇ ਅਤੇ ਏ.ਸੀ.ਪੀ. ਬਹਾਲ ਕਰਨ, ਮਹਿੰਗਾਈ ਭੱਤੇ ਦੀਆਂ ਰੋਕੀਆਂ ਗਈਆਂ ਦੋ ਕਿਸ਼ਤਾਂ ਅਤੇ ਪਿਛਲੇ ਸਾਰੇ ਬਕਾਏ ਜਾਰੀ ਕਰਨ ਦੀਆਂ ਮੰਗਾਂ ਨੂੰ ਅਣਗੌਲਿਆਂ ਕਰ ਰਹੀ ਹੈ। ਇਸ ਖਿਲਾਫ ਮੁਲਾਜ਼ਮਾਂ ਵਿੱਚ ਰੋਸ ਦੀ ਲਹਿਰ ਹੈ ਜਿਸ ਦਾ ਪ੍ਰਗਟਾਵਾ ਹਾਜਰ ਮੁਲਾਜ਼ਮਾਂ ਨੇ ਜ਼ੋਰਦਾਰ ਨਾਅਰੇਬਾਜ਼ੀ ਕਰ ਕੇ ਕੀਤਾ। ਇਸ ਉਪਰੰਤ ਮੁਲਾਜ਼ਮ ਪੰਜਾਬ ਸਰਕਾਰ ਖਿਲਾਫ ਨਾਅਰੇਬਾਜ਼ੀ ਕਰਦਿਆਂ ਸ਼ਹਿਰ ਵਿੱਚ ਰੋਸ ਮਾਰਚ ਕਰਦੇ ਹੋਏ ਹਲਕਾ ਵਿਧਾਇਕ ਤੇ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕਿਸ਼ਨ ਸਿੰਘ ਰੌੜੀ ਦੀ ਰਿਹਾਇਸ਼ ਵੱਲ ਜਾ ਰਹੇ ਸਨ ਪਰ ਰਸਤੇ ਵਿੱਚ ਪਹੁੰਚ ਕੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਰੌੜੀ ਨੇ ਮੰਗ ਪੱਤਰ ਪ੍ਰਾਪਤ ਕੀਤਾ। ਇੱਥੇ ਡਿਪਟੀ ਸਪੀਕਰ ਵੱਲੋਂ ਮੁਲਾਜ਼ਮਾਂ ਦੀਆਂ ਮੰਗਾਂ ਨਾਲ ਸਹਿਮਤੀ ਪ੍ਰਗਟਾਈ ਗਈ ਅਤੇ ਇਹ ਮੰਗਾਂ ਪੰਜਾਬ ਸਰਕਾਰ ਤੱਕ ਭੇਜਦਿਆਂ ਹੱਲ ਕਰਾਉਣ ਦਾ ਵਿਸ਼ਵਾਸ਼ ਦਿਵਾਉਂਦਿਆ ਮੁੱਖ ਮੰਤਰੀ ਨਾਲ ਮੀਟਿੰਗ ਕਰਾਉਣ ਦਾ ਵਿਸ਼ਵਾਸ ਦਿਵਾਇਆ। ਇਸ ਸਮੇਂ ਵੱਖ ਵੱਖ ਜਥੇਬੰਦੀਆਂ ਦੇ ਆਗੂ ਬਲਵੀਰ ਖਾਨਪੁਰੀ, ਸਤਪਾਲ ਸਿੰਘ ਕਲੇਰ, ਸ਼ਾਮ ਸੁੰਦਰ, ਰਾਮਜੀ ਦਾਸ ਚੌਹਾਨ, ਹੰਸਰਾਜ ਗੜ੍ਹਸ਼ੰਕਰ, ਜਰਨੈਲ ਸਿੰਘ, ਨਰਿੰਦਰ ਜਨੋਹਾ, ਹਰਭਜਨ ਸਿੰਘ, ਸਤਪਾਲ ਮਨਹਾਸ, ਵਿਨੋਦ ਕੁਮਾਰ, ਸਤਪਾਲ ਲਾਠ, ਜੋਗਿੰਦਰ ਥਾਂਦੀ, ਰਮਨ ਕੁਮਾਰ ਗੁਰਨਾਮ ਸਿੰਘ ਹਾਜੀਪੁਰ, ਪਰਵੀਨ ਕੁਮਾਰ, ਗੁਰਮੀਤ, ਸ਼ਿੰਗਾਰਾ ਭੱਜਲ, ਜਗਦੀਸ਼ ਸਿੰਘ, ਪਰਮਜੀਤ ਪਠਲਾਵਾ, ਬਲਦੋਧਰ ਰਾਣਾ, ਸਤਪਾਲ ਮਿਨਹਾਸ, ਜਗਦੀਪ ਕੁਮਾਰ, ਮਨਜੀਤ ਬੰਗਾ ਗੁਰਮੇਲ ਸਿੰਘ, ਨਰਿੰਦਰ ਕੁਮਾਰ, ਸੰਦੀਪ ਕੁਮਾਰ, ਮਨਜੀਤ ਬਿੰਜੋ, ਨਿਰਮਲ ਕੌਰ, ਸ਼ਸ਼ੀ ਬਾਲਾ, ਊਸ਼ਾ ਰਾਣੀ, ਬਲਵਿੰਦਰ ਕੌਰ, ਕਮਲਾ ਦੇਵੀ, ਰਾਜ ਰਾਣੀ ਆਦਿ ਹਾਜ਼ਰ ਸਨ।

# 16 ਦੀ ਹੜਤਾਲ ਮੋਦੀ ਸਰਕਾਰ ਦੀਆਂ ਚੂਲਾਂ ਹਿਲਾ ਕੇ ਰੱਖ ਦੇਵੇਗੀ : ਆਗੂ

**ਨਵਾਂਸ਼ਹਿਰ (ਮਨੋਜ ਲਾਡੀ)**- ਰੇਹੜੀ ਵਰਕਰਜ਼ ਯੂਨੀਅਨ (ਇਫਟੂ) ਨਵਾਂਸ਼ਹਿਰ 16 ਫਰਵਰੀ ਦੇ ਭਾਰਤ ਬੰਦ ਵਿਚ ਮੁਕੰਮਲ ਹੜਤਾਲ ਕਰਕੇ ਲੰਗੜੋਆ ਬਾਈਪਾਸ 'ਤੇ ਕੀਤੀ ਜਾ ਰਹੀ ਵਿਸ਼ਾਲ ਰੈਲੀ ਵਿਚ ਸ਼ਾਮਲ ਹੋਵੇਗੀ। ਰੇਹੜੀ ਵਰਕਰਜ਼ ਯੂਨੀਅਨ ਦੇ ਪ੍ਰਧਾਨ ਹਰੇ ਰਾਮ ਅਤੇ ਪ੍ਰਧਾਨ ਹਰੀ ਲਾਲ ਨੇ ਕਿਹਾ ਕਿ 16 ਫਰਵਰੀ ਨੂੰ ਸੰਯੁਕਤ ਕਿਸਾਨ ਮੋਰਚਾ-ਟ੍ਰੇਡ ਯੂਨੀਅਨਾਂ ਵੱਲੋਂ ਕੀਤੀ ਜਾ ਰਹੀ ਹੜਤਾਲ ਨੂੰ ਕਾਮਯਾਬ ਕਰਨ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸ਼ਹਿਰਾਂ ਵਿੱਚ ਸਾਡੇ ਮੈਂਬਰ ਹੜਤਾਲ ਵਿੱਚ ਵਿਆਪਕ ਸ਼ਮੂਲੀਅਤ ਨੂੰ ਯਕੀਨੀ ਬਣਾਉਣ ਲਈ ਹੋਰ ਹੜਤਾਲੀ ਯੂਨੀਅਨਾਂ ਨਾਲ ਸਾਂਝੀਆਂ ਮੁਹਿੰਮਾਂ ਵਿੱਚ ਵੀ ਹਿੱਸਾ ਲੈਣਗੇ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਕਾਰਪੋਰੇਟਾਂ ਲਈ ਕੰਮ ਕਰ ਰਹੀ ਹੈ। ਛੋਟੇ ਅਤੇ ਦਰਮਿਆਨੇ ਵਪਾਰੀਆਂ ਨੂੰ ਤਬਾਹ ਕਰ ਰਹੀ ਹੈ। ਕਾਰਪੋਰੇਟਾਂ ਦੀ ਜਾਇਦਾਦ ਦਿਨ ਦੁੱਗਣੀ ਅਤੇ ਰਾਤ ਚੌਗਣੀ ਵਧ ਰਹੀ ਹੈ ਜਦਕਿ ਦੇਸ਼ ਦੀ ਜਨਤਾ ਬਰਬਾਦ ਹੋ ਰਹੀ ਹੈ। 4 ਲੇਬਰ ਕੋਡ ਲੇਬਰ ਵਿਰੋਧੀ ਹਨ ਅਤੇ ਇਸ ਨੂੰ ਰੱਦ ਕੀਤਾ ਜਾਣਾ ਚਾਹੀਦਾ ਹੈ। ਕੇਂਦਰ ਸਰਕਾਰ ਨੂੰ ਖੁਦ ਕਿਰਤ ਕਾਨੂੰਨ ਲਾਗੂ ਕਰਨੇ ਚਾਹੀਦੇ ਹਨ। ਉਨ੍ਹਾਂ ਆਖਿਆ ਕਿ ਇਫਟੂ ਨਾਲ ਜੁੜੀਆਂ ਉਸਾਰੀ ਮਜਦੂਰ ਯੂਨੀਅਨਾਂ ਨੇ 4 ਲੇਬਰ ਕੋਡਾਂ ਨੂੰ ਰੱਦ ਕਰਨ, ਸਾਰੇ ਨਿਰਮਾਣ ਮਜ਼ਦੂਰਾਂ ਲਈ ਲਾਜ਼ਮੀ ਰਜਿਸਟ੍ਰੇਸ਼ਨ ਅਤੇ ਪੈਨਸ਼ਨ, ਦੁਰਘਟਨਾ ਮੁਆਵਜ਼ਾ, ਈ ਐਸ ਆਈ ਅਤੇ ਪੀ ਐਫ, ਕੰਮ ਵਾਲੀ ਥਾਂ 'ਤੇ ਸੁਰੱਖਿਆ ਨਾਲ ਸਬੰਧਤ ਕਿਰਤ ਕਾਨੂੰਨਾਂ ਨੂੰ ਸਖਤੀ ਨਾਲ ਲਾਗੂ ਕਰਨ ਦੀ ਮੰਗ ਕੀਤੀ ਹੈ। ਆਗੂਆਂ ਕਿਹਾ ਕਿ 16 ਫਰਵਰੀ ਦੀ ਮੁਕੰਮਲ ਹੜਤਾਲ ਮੋਦੀ ਸਰਕਾਰ ਦੀਆਂ ਚੂਲਾਂ ਹਿਲਾ ਕੇ ਰੱਖ ਦੇਵੇਗੀ। ਇਸ ਮੌਕੇ ਗੋਪਾਲ, ਸਰਵੇਸ਼ ਗੁਪਤਾ, ਜੈ ਰਾਮ, ਘਨਈਆ ਕੁਮਾਰ ਆਗੂ ਵੀ ਮੌਜੂਦ ਸਨ।

# 16 ਦੇ ਭਾਰਤ ਬੰਦ ਲਈ ਪ ਸ ਸ ਫ ਵੱਲੋਂ ਜਾਗਰੂਕਤਾ ਮੁਹਿੰਮ ਜਾਰੀ



**ਜਲੰਧਰ (ਰਾਜੇਸ਼ ਥਾਪਾ)**- ਕੇਂਦਰੀ ਟ੍ਰੇਡ ਯੂਨੀਅਨਾਂ ਅਤੇ ਮੁਲਾਜ਼ਮ ਫੈਡਰੇਸ਼ਨਾਂ ਦੇ ਸੱਦੇ 'ਤੇ ਦੇਸ਼ ਅੰਦਰ 16 ਫਰਵਰੀ ਦੀ ਹੋ ਰਹੀ ਕੌਮੀ ਹੜਤਾਲ ਅਤੇ ਪੂਰਨ ਭਾਰਤ ਬੰਦ ਨੂੰ ਕਾਮਯਾਬ ਕਰਨ ਲਈ ਵੱਖ-ਵੱਖ ਕਿਸਾਨ, ਮਜ਼ਦੂਰ, ਸਨਅਤੀ ਮਜ਼ਦੂਰ ਅਤੇ ਮੁਲਾਜ਼ਮ ਜਥੇਬੰਦੀਆਂ ਸਮੇਤ ਹੋਰ ਜਨਤਕ ਜਥੇਬੰਦੀਆਂ ਵੱਲੋਂ ਲਗਾਤਾਰ ਮੁਹਿੰਮ ਚਲਾਈ ਹੋਈ ਹੈ। ਇਸ ਸੰਬੰਧੀ ਪ ਸ ਸ ਫ ਜ਼ਿਲ੍ਹਾ ਜਲੰਧਰ ਵਲੋਂ ਵੀ ਪ੍ਰਧਾਨ ਪੁਸਪਿੰਦਰ ਕੁਮਾਰ ਵਿਰਦੀ, ਜਨਰਲ ਸਕੱਤਰ ਨਿਰਮੋਲਕ ਹੀਰਾ, ਵਿੱਤ ਸਕੱਤਰ ਅਕਲ ਚੰਦ ਸਿੰਘ, ਸੂਬਾ ਕਮੇਟੀ ਮੈਂਬਰ ਕੁਲਦੀਪ ਵਾਲੀਆ ਅਤੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ ਦੀ ਅਗਵਾਈ ਵਿੱਚ ਲਗਾਤਾਰ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ। ਜਿਸ ਦੀ ਅਗਲੀ ਕੜੀ ਵਜੋਂ ਜ਼ਿਲ੍ਹਾ ਜਲੰਧਰ ਅੰਦਰ 16 ਫਰਵਰੀ ਦੀ ਹੜਤਾਲ ਦਾ ਜਾਇਜ਼ਾ ਲੈਣ ਲਈ 11 ਫਰਵਰੀ ਨੂੰ ਫਿਲੌਰ ਅਤੇ ਆਦਮਪੁਰ ਬਲਾਕ, 12 ਫਰਵਰੀ ਨੂੰ ਰੁੜਕਾ ਕਲਾਂ ਅਤੇ ਸ਼ਾਹਕੋਟ ਬਲਾਕ, 13 ਫਰਵਰੀ ਨੂੰ ਨੂਰਮਹਿਲ ਅਤੇ ਗੁਰਾਇਆ, 14 ਫਰਵਰੀ ਨੂੰ ਨਕੋਦਰ ਅਤੇ ਜਲੰਧਰ ਸ਼ਹਿਰ ਦੀਆਂ ਬਲਾਕ ਪੱਧਰੀ ਮੀਟਿੰਗਾਂ ਦੁਬਾਰਾ ਕਰਨ ਦਾ ਫੈਸਲਾ ਕੀਤਾ ਗਿਆ । ਇਸ ਸਬੰਧੀ ਜਾਣਕਾਰੀ ਦਿੰਦਿਆਂ ਪ ਸ ਸ ਫ ਦੇ ਆਗੂਆਂ ਨੇ ਦੱਸਿਆ ਕਿ ਇਨ੍ਹਾਂ ਮੀਟਿੰਗਾਂ ਵਿੱਚ ਪਿੰਡਾਂ ਵਿੱਚ 16 ਫਰਵਰੀ ਲਈ ਕੀਤੇ ਜਾ ਰਹੇ ਝੰਡੇ ਮਾਰਚ ਅਤੇ ਦੁਕਾਨਦਾਰਾਂ ਨੂੰ 16 ਫਰਵਰੀ ਨੂੰ ਭਾਰਤ ਬੰਦ ਲਈ ਸਹਿਯੋਗ ਕਰਨ ਦੀ ਅਪੀਲ ਸੰਬੰਧੀ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਆਗੂਆਂ ਦੱਸਿਆ ਕਿ ਕੇਂਦਰ ਦੀ ਮੋਦੀ ਸਰਕਾਰ ਅਤੇ ਰਾਜ ਸਰਕਾਰਾਂ ਵੱਲੋਂ ਨਿੱਜੀਕਰਨ, ਠੇਕੇਦਾਰੀ ਸਿਸਟਮ ਨੂੰ ਉਤਸ਼ਾਹਿਤ ਕਰਨ, ਨੌਜਵਾਨਾਂ ਤੋਂ ਰੋਜ਼ਗਾਰ ਦੇ ਮੌਕੇ ਖੋਹਣ ਅਤੇ ਪਬਲਿਕ ਅਦਾਰਿਆਂ ਨੂੰ ਕੌਡੀਆਂ ਦੇ ਭਾਅ ਕਾਰਪੋਰੇਟ ਘਰਾਣਿਆਂ ਨੂੰ ਵੇਚਣ ਵਿਰੁੱਧ ਕੀਤੀ ਜਾ ਰਹੀ ਹੈ। ਆਗੂਆਂ 16 ਫਰਵਰੀ ਦੀ ਕੌਮੀ ਹੜਤਾਲ ਅਤੇ ਭਾਰਤ ਬੰਦ ਦੇ ਮੁੱਦਿਆਂ ਦਾ ਜ਼ਿਕਰ ਕਰਦੇ ਹੋਏ ਦੱਸਿਆ ਕਿ ਐੱਫ ਆਰ ਡੀ ਏ ਬਿੱਲ ਰੱਦ ਕਰਨ, ਨਵੀਂ ਪੈਨਸ਼ਨ ਸਕੀਮ ਬੰਦ ਕਰਵਾ ਕੇ ਪੁਰਾਣੀ ਪੈਨਸ਼ਨ ਬਹਾਲ ਕਰਵਾਉਣ, ਸਾਰੀਆਂ ਫਸਲਾਂ 'ਤੇ ਐੱਮ ਐੱਸ ਪੀ ਦੀ ਗਾਰੰਟੀ ਦੇਣ, ਪਬਲਿਕ ਅਦਾਰਿਆਂ ਨੂੰ ਕਾਰਪੋਰੇਟ ਘਰਾਣਿਆਂ ਨੂੰ ਵੇਚਣ ਤੋਂ ਰੋਕਣ ਲਈ, ਟਰੇਡ ਯੂਨੀਅਨਾਂ ਅਧਿਕਾਰਾਂ ਦੀ ਬਹਾਲੀ ਲਈ, ਕਿਰਤ ਕਾਨੂੰਨਾਂ ਵਿੱਚ ਕੀਤੀਆਂ ਸੋਧਾਂ ਨੂੰ ਰੱਦ ਕਰਵਾਉਣ ਲਈ,ਹਰ ਪ੍ਰਕਾਰ ਦੇ ਕੱਚੇ ਮੁਲਾਜ਼ਮਾਂ ਨੂੰ ਰੈਗੂਲਰ ਕਰਵਾਉਣ ਲਈ, ਮਹਿੰਗਾਈ ਅਤੇ ਬੇਰੁਜ਼ਗਾਰੀ ਨੂੰ ਨੱਥ ਪਾਉਣ ਲਈ, ਪਬਲਿਕ ਵੰਡ ਪ੍ਰਣਾਲੀ ਨੂੰ ਵਧਾਉਣ ਅਤੇ ਬਚਾਉਣ ਲਈ,ਨਵੀਂ ਸਿੱਖਿਆ ਨੀਤੀ -2020,ਬਿਜਲੀ ਬਿੱਲ -2022,ਹਿੱਟ ਐਂਡ ਰਨ-ਕਾਲਾ ਕਾਨੂੰਨ ਨੂੰ ਤੁਰੰਤ ਰੱਦ ਕਰਵਾਉਣ ਲਈ, ਅੱਠਵੇਂ ਵੇਤਨ ਅਯੋਗ ਦੀ ਸਥਾਪਨਾ ਕਰਵਾਉਣ ਲਈ, ਹਰ ਪ੍ਰਕਾਰ ਦੇ ਮਜ਼ਦੂਰਾਂ ਦੀ ਦਿਹਾੜੀ 700 ਰੁਪਏ, ਮਨਰੇਗਾ ਕਾਮਿਆਂ ਨੂੰ ਪੂਰਾ ਸਾਲ ਕੰਮ ਦੇਣ ਲਈ, ਨਿੱਜੀਕਰਨ ਅਤੇ ਠੇਕੇਦਾਰੀ ਸਿਸਟਮ ਨੂੰ ਬੰਦ ਕਰਵਾਉਣ ਲਈ, ਛੇਵੇਂ ਪੇ ਕਮਿਸ਼ਨ ਦੇ 66 ਮਹੀਨਿਆਂ ਦੇ ਬਕਾਏ ਅਤੇ ਡੀ ਏ ਦੀਆਂ ਰਹਿੰਦੀਆਂ ਕਿਸ਼ਤਾਂ ਬਕਾਏ ਸਮੇਤ ਲੈਣ ਲਈ ਆਦਿ ਮੁੱਦਿਆਂ ਨੂੰ ਉਭਾਰਿਆ ਜਾਵੇਗਾ। ਇਸ ਸਮੇਂ ਹੋਰਨਾਂ ਤੋਂ ਇਲਾਵਾ ਕੁਲਦੀਪ ਸਿੰਘ ਕੌੜਾ, ਗੁਰਸੇਵ ਸਿੰਘ ਬਾਸੀ,ਰਤਨ ਸਿੰਘ, ਸੰਜੀਵ ਕੁਮਾਰ, ਅਸ਼ੋਕ ਕੁਮਾਰ, ਦੀਪਕ, ਬਲਕਾਰ ਸਿੰਘ, ਮੋਹਿਤ ਆਦਿ ਸਾਥੀ ਹਾਜ਼ਰ ਸਨ।

# ਦੋ ਨੌਜਵਾਨ ਨਸ਼ੀਲੇ ਪਦਾਰਥ ਸਮੇਤ ਕਾਬੂ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**- ਸੁਰਿੰਦਰ ਲਾਂਬਾ ਐਸ ਐਸ ਪੀ ਹੁਸ਼ਿਆਰਪੁਰ, ਸਰਬਜੀਤ ਸਿੰਘ ਬਾਹੀਆ ਐਸ ਪੀ (ਇਨਵੈਸਟੀਗੇਸ਼ਨ) ਦੀਆਂ ਹਦਾਇਤਾਂ ਅਨੁਸਾਰ ਭੈੜੇ ਪੁਰਸ਼ਾਂ, ਨਸ਼ੇ ਦੇ ਸਮੱਗਲਰਾਂ ਦੇ ਖਿਲਾਫ ਕੀਤੀ ਗਈ ਕਾਰਵਾਈ ਅਨੁਸਾਰ ਸਤੀਸ਼ ਕੁਮਾਰ ਉਪ ਕਪਤਾਨ ਪੁਲਸ ਸਬ ਡਵੀਜ਼ਨ ਗੜ੍ਹਸ਼ੰਕਰ, ਐਸ ਆਈ ਬਲਜਿੰਦਰ ਸਿੰਘ ਮੁੱਖ ਅਫਸਰ ਥਾਣਾ ਗੜ੍ਹਸ਼ੰਕਰ ਦੀ ਦੇਖ-ਰੇਖ ਹੇਠ ਇੰਸਪੈਕਟਰ ਕੁਲਦੀਪ ਸਿੰਘ ਨੇ ਸਮੇਤ ਸਾਥੀ ਕਰਮਚਾਰੀਆਂ ਦੇ ਗਸ਼ਤ ਵਾ ਚੈਕਿੰਗ ਭੈੜੇ ਸ਼ੱਕੀ ਪੁਰਸ਼ਾਂ ਅਤੇ ਚੈਕਿੰਗ ਹਰ ਤਰ੍ਹਾਂ ਦੇ ਵਹੀਕਲਜ਼ ਦੇ ਸੰਬੰਧ ਵਿੱਚ ਬਾਹੱਦ ਰਕਬਾ ਕੱਚਾ ਰਸਤਾ ਪਿੰਡ ਦੇਨੋਵਾਲ ਖੁਰਦ ਨੇੜੇ ਰੇਲਵੇ ਫਾਟਕ ਗੜ੍ਹਸ਼ੰਕਰ ਤੇ ਮੋਟਰਸਾਈਕਲ ਨੰਬਰ ਪੀ ਬੀ - 24 - ਈ - 3021 ਮਾਰਕਾ ਸਪਲੈਂਡਰ ਦੇ ਪਾਸ ਖੜ੍ਹੇ ਹਰੀਸ਼ ਪੁੱਤਰ ਅਸ਼ੋਕ ਕੁਮਾਰ ਵਾਸੀ ਪਿੰਡ ਬੌੜਾ ਥਾਣਾ ਗੜ੍ਹਸ਼ੰਕਰ ਨੂੰ ਕਾਬੂ ਕਰਕੇ ਉਸ ਦੇ ਕਬਜ਼ੇ ਵਿੱਚੋਂ ਨਸ਼ੀਲਾ ਪਦਾਰਥ 70 ਗ੍ਰਾਮ ਅਤੇ ਸੁਰਿੰਦਰ ਕੁਮਾਰ ਉਰਫ ਸ਼ਾਲੂ ਪੁੱਤਰ ਵਿਜੈ ਕੁਮਾਰ ਵਾਸੀ ਪਿੰਡ ਬੌੜਾ ਥਾਣਾ ਗੜ੍ਹਸ਼ੰਕਰ ਨੂੰ ਕਾਬੂ ਕਰਕੇ ਉਸ ਦੇ ਕਬਜ਼ੇ ਵਿੱਚੋਂ ਹੈਰੋਇਨ 20 ਗ੍ਰਾਮ ਬਰਾਮਦ ਕਰਕੇ ਉਕਤਾਨ ਖਿਲਾਫ ਥਾਣਾ ਗੜ੍ਹਸ਼ੰਕਰ ਵਿਖੇ ਮੁਕੱਦਮਾ ਦਰਜ ਰਜਿਸਟਰ ਕਰਕੇ ਅਗਲੀ ਕਾਰਵਾਈ ਅਮਲ ਵਿਚ ਲਿਆਂਦੀ। ਜਿਨ੍ਹਾਂ ਪਾਸੋਂ ਪੁੱਛਗਿੱਛ ਜਾਰੀ ਹੈ।

# ਰਾਜਾ ਨੇ ਗਊਸ਼ਾਲਾ ਵਾਸਤੇ 6 ਲੱਖ ਰੁਪਏ ਦਾ ਚੈੱਕ ਭੇਟ ਕੀਤਾ



**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ ਟਾਂਡਾ)**-ਗਊ ਮਾਤਾ ਦੀ ਸੇਵਾ ਉੱਤਮ ਸੇਵਾ ਹੈ ਅਤੇ ਇਸ ਵਾਸਤੇ ਸਾਨੂੰ ਆਪਣੀ ਇਸ ਜ਼ਿੰਦਗੀ ਚੋਂ ਵੱਧ ਤੋਂ ਵੱਧ ਸਮਾਂ ਕੱਢਣਾ ਚਾਹੀਦਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਸ੍ਰੀ ਗੋਬਿੰਦ ਗਊਸ਼ਾਲਾ ਦਾਰਾਪੁਰ ਟਾਂਡਾ ਵਿਖੇ ਹੋਏ ਇੱਕ ਸਮਾਗਮ ਦੌਰਾਨ ਕੀਤਾ। ਇਸ ਮੌਕੇ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਪੰਜਾਬ ਸਰਕਾਰ ਵੱਲੋਂ ਜਾਰੀ ਗਊਸ਼ਾਲਾ ਵਾਸਤੇ ਜਾਰੀ ਕੀਤਾ ਗਿਆ 6 ਲੱਖ ਰੁਪਏ ਦੀ ਰਾਸ਼ੀ ਦਾ ਚੈੱਕ ਗਊਸ਼ਾਲਾ ਦੇਪ੍ਰਧਾਨ ਹੀਰਾ ਲਾਲ ਤੇ ਹੋਰਨਾਂ ਸੇਵਾਦਾਰਾਂ ਨੂੰ ਭੇਟ ਕੀਤਾ।ਇਸ ਮੌਕੇ ਵਿਧਾਇਕ ਰਾਜਾ ਨੇ ਸੰਬੋਧਨ ਕਰਦਿਆਂ ਹੋਰ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਯੋਗ ਅਗਵਾਈ ਹੇਠ ਚੱਲ ਰਹੀ ਪੰਜਾਬ ਸਰਕਾਰ ਨੇ ਹਰੇਕ ਧਰਮ ਵਰਗ ਦੇ ਲੋਕਾਂ ਦਾ ਸਤਿਕਾਰ ਕਰਦੇ ਹੋਏ ਸਭਨਾਂ ਲਈ ਬੇਤਹਾਸ਼ਾ ਕਾਰਜ ਕੀਤੇ ਹਨ ਜਿਸ ਕਾਰਨ ਅੱਜ ਸੂਬੇ ਦਾ ਹਰੇਕ ਵਰਗ ਪੰਜਾਬ ਸਰਕਾਰ ਦਾ ਹਿੱਸਾ ਬਣ ਰਿਹਾ ਹੈ।ਇਸ ਮੌਕੇ ਉਨ੍ਹਾਂ ਗਊਸ਼ਾਲਾ ਦੇ ਪ੍ਰਬੰਧਕ ਸੇਵਾਦਾਰਾਂ ਦੀਆਂ ਮੁਸ਼ਕਲਾਂ ਸੁਣੀਆਂ ਤੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਦੇ ਧਿਆਨ ਹਿੱਤ ਲਿਆ ਕੇ ਹਰ ਸੂਬਾ ਸਰਕਾਰ ਵੱਲੋਂ ਗਊਸ਼ਾਲਾ ਫੰਡ ਦਾ ਇੰਤਜ਼ਾਮ ਕੀਤਾ ਜਾਵੇਗਾ। ਇਸ ਮੌਕੇ ਗਊਸ਼ਾਲਾ ਦੇ ਪ੍ਰਬੰਧਕ ਸੇਵਾਦਾਰਾਂ ਵੱਲੋਂ ਵਿਧਾਇਕ ਜਸਬੀਰ ਸਿੰਘ ਰਾਜਾ ਨੂੰ ਸਨਮਾਨਤ ਵੀ ਕੀਤਾ ਗਿਆ।ਇਸ ਮੌਕੇ ਮਾਤਾ ਸ਼ੀਲਾ ਪੁਰੀ, ਸਿਟੀ ਪ੍ਰਧਾਨ ਜਗਜੀਵਨ ਜੱਗੀ, ਬਲਾਕ ਪ੍ਰਧਾਨ ਕੇਸ਼ਵ ਸਿੰਘ ਸੈਣੀ, ਕੌਂਸਲਰ ਸੁਰਿੰਦਰਜੀਤ ਸਿੰਘ ਬਿੱਲੂ, ਵਿਕਾਸ ਮਦਾਨ, ਅਤਵਾਰ ਸਿੰਘ ਪਲਾ ਚੱਕ, ਪੰਡਿਤ ਦੇਵ ਸ਼ਰਮਾ, ਸੁਰਿੰਦਰ ਨਈਅਰ, ਪ੍ਰੇਮ ਪਡਵਾਲ, ਲੇਖ ਰਾਜ ਮਹਿਤਾ, ਨਵਨੀਤ ਬਹਿਲ, ਬੌਬੀ ਬਹਿਲ, ਸ਼ਾਮ ਲਾਲ ਭਾਟੀਆ, ਪਵਨ ਬਹਿਲ, ਪ੍ਰੇਮ ਜੈਨ, ਅਨਿਲ ਗੋਰਾ, ਵਿੱਕੀ ਮਹਿੰਦਰੂ, ਹੀਰਾਪੁਰੀ, ਨਵਜੋਤ ਸੈਣੀ, ਮੁਨੀਸ਼ ਸੋਂਧੀ, ਅਰਚਨਾ ਬਹਿਲ, ਹਿੰਦੂ ਸ਼ਰਮਾ, ਸੁਮਨ ਨਈਅਰ, ਲਾਲ ਚੰਦ, ਸ਼ਿਵ ਕਪੂਰ, ਅਵਤਾਰ ਸਿੰਘ ਤਾਰੀ ਆਦਿ ਵੀ ਹਾਜ਼ਰ ਸਨ।

# ਸੰਤ ਭਜਨ ਸਿੰਘ ਨਮਿਤ ਸ਼ਰਧਾਂਜਲੀ ਸਮਾਗਮ 'ਚ ਵੱਖ-ਵੱਖ ਡੇਰਿਆਂ ਤੋਂ ਸੰਤ-ਮਹਾਂਪੁਰਸ਼ ਪੁੱਜੇ



**ਬਹਿਰਾਮ (ਅਵਤਾਰ ਕਲੇਰ)**- ਤਪੱਸਵੀ ਸੰਤ ਭਜਨ ਸਿੰਘ ਨਮਿਤ ਸ਼ਰਧਾਂਜਲੀ ਸਮਾਗਮ ਸਿੱਧ ਬਾਬਾ ਬਾਲਕ ਨਾਥ ਮੰਦਰ ਲਲਵਾਨ ਵਿਖੇ ਕਰਵਾਇਆ ਗਿਆ। ਸ੍ਰੀ ਸੁਖਮਨੀ ਸਾਹਿਬ ਦੇ ਭੋਗ ਪੈਣ ਉਪਰੰਤ ਵੱਖ-ਵੱਖ ਡੇਰਿਆਂ ਤੋਂ ਆਏ ਸੰਤ ਮਹਾਂਪੁਰਸ਼ਾਂ ਨੇ ਜਿਥੇ ਕੀਰਤਨ ਕੀਤਾ ਉਥੇ ਉਨ੍ਹਾਂ ਸ਼ਰਧਾਜਲੀ ਭੇਟ ਵੀ ਕੀਤੀ। ਮੰਦਰ ਦੇ ਮੁੱਖ ਸੇਵਾਦਾਰ ਭਗਤ ਸੋਢੀ ਰਾਮ ਵਲੋਂ ਸੰਤ ਮਹਾਂਪੁਰਸ਼ਾਂ ਦਾ ਸਨਮਾਨ ਕੀਤਾ ਅਤੇ ਸਾਰੀਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸਾਈਂ ਉਮਰੇ ਸ਼ਾਹ ਕਾਦਰੀ ਗੱਦੀਨਸ਼ੀਨ ਰੌਜ਼ਾ ਸਰੀਫ ਮੰਢਾਲੀ, ਮੁੱਖ ਸੇਵਾਦਾਰ ਭਗਤ ਸੋਢੀ ਰਾਮ ਲਲਵਾਨ, ਹਲਕਾ ਵਿਧਾਇਕ ਰਾਜ ਕੁਮਾਰ ਚੱਬੇਵਾਲ, ਸੰਤ ਰਮੇਸ਼ ਦਾਸ ਡੇਰਾ ਸ਼ੇਰਪੁਰ ਢੱਕੋਂ, ਸੰਤ ਸਤਨਾਮ ਦਾਸ ਡੇਰਾ ਮਹਿਦੂਦ, ਬੀਬੀ ਮੀਨਾ ਦੇਵੀ ਡੇਰਾ ਰਤਨਪੁਰੀ ਜੇਜੋਂ, ਸੰਤ ਅਜੀਤ ਦਾਸ ਮਾਹਿਲ ਗਹਿਲਾ, ਸੰਤ ਜੀਤ ਸ਼ਾਹ ਡੇਰਾ ਰੁੜਕਾ ਕਲਾਂ, ਬਾਬਾ ਮੰਗਲ ਸਿੰਘ ਕੰਗਰੋੜ, ਕਲਾਕਾਰ ਬੂਟਾ ਮੁਹੰਮਦ, ਫਿਰੋਜ਼ ਖਾਨ, ਰਿੰਕੂ ਬਸਰਾ, ਡਾ.ਦਿਲਬਾਗ ਰਾਏ ਮਾਹਿਲਪੁਰ, ਡਾ.ਜਸਵੰਤ ਸਿੰਘ ਥਿੰਦ ਐਸ.ਐਮ.ਓ ਮਾਹਿਲਪੁਰ, ਡਾ.ਪ੍ਰਭ ਹੀਰ ਖਾਨਪੁਰ, ਜੈ ਭਗਵਾਨ ਦਿੱਲੀ, ਸ਼ਾਮ ਲਾਲ ਦਿੱਲੀ, ਮਨਜੀਤ ਸਿੰਘ ਰਿਹਾਣਾ ਜੱਟਾਂ, ਬਹਾਦਰ ਸਿੰਘ ਰਿਹਾਣਾ ਜੱਟਾਂ, ਨਛੱਤਰ ਸਿੰਘ ਬਹਿਰਾਮ, ਅਮਰਜੀਤ ਕੁਮਾਰ, ਕਰਮਜੀਤ ਸਿੰਘ ਕਰਨਾਣਾ, ਇੰਦਰਜੀਤ ਚੰਡੀਗੜ੍ਹ, ਜਗਵੰਤ ਸਿੰਘ ਮਜਾਰਾ ਡੀਂਗਰੀਆਂ, ਜਗਨ ਨਾਥ ਮਾਹਿਲਪੁਰ, ਠੇਕੇਦਾਰ ਗੁਰਨਾਮ ਗੜ੍ਹਸ਼ੰਕਰ, ਪ੍ਰੇਮ ਕਵਾਲ ਮਜਾਰੀ, ਠੇਕੇਦਾਰ ਲਖਵਿੰਦਰ ਸਿੰਘ ਬਹਿਰਾਮ, ਆਰ.ਜੋਗੀ ਕੰਗਰੋੜ, ਰਾਜਾ ਕੰਗਰੋੜ, ਯਸ਼ ਬਸਰਾ,ਕਿਸ਼ੋਰ ਬਸਰਾ,ਅਭੀਜੋਤ ਸਿੰਘ,ਕੁਲਵੰਤ ਰਾਏ, ਜੋਗਿੰਦਰ ਰਾਮ, ਮਨੋਹਰ ਡਾਨਸੀਵਾਲ, ਸਤਨਾਮ ਰਾਮ ਆਦਿ ਸੰਗਤਾਂ ਹਾਜ਼ਰ ਸਨ।

# ਰਿਆਤ ਬਾਹਰਾ ਡੈਂਟਲ ਕਾਲਜ ਤੇ ਹਸਪਤਾਲ ਵਿਖੇ ਐੱਫ ਡੀ ਪੀ



**ਕੁਰਾਲੀ (ਮੋਹਨ ਅਗਰਵਾਲ ਜੋਗਾ)**-ਰਿਆਤ ਬਾਹਰਾ ਡੈਂਟਲ ਕਾਲਜ ਅਤੇ ਹਸਪਤਾਲ (ਆਰਬੀਡੀਸੀਐਚ) ਵਿਖੇ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ (ਬੀਐਫਯੂਐਚਐਸ) ਦੁਆਰਾ ਪ੍ਰਦਾਨ ਸਹਾਇਤਾ ਦੇ ਨਾਲ ਈਬੀਐਸਸੀਓ ਸਿਖਲਾਈ ਸੈਸ਼ਨ 'ਤੇ ਫੈਕਲਟੀ ਵਿਕਾਸ ਪ੍ਰੋਗਰਾਮ ਆਯੋਜਨ ਕੀਤਾ ਗਿਆ। ਇਹ ਸਮਾਗਮ ਗਰੁੱਪ ਦੇ ਚੇਅਰਮੈਨ ਗੁਰਵਿੰਦਰ ਸਿੰਘ ਬਾਹਰਾ ਦੀ ਸਰਪ੍ਰਸਤੀ ਅਤੇ ਰਿਆਤ ਬਾਹਰਾ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਡਾ. ਪਰਵਿੰਦਰ ਸਿੰਘ ਦੀ ਪ੍ਰੇਰਨਾ ਹੇਠ ਕਰਵਾਇਆ ਗਿਆ। ਰਿਆਤ ਬਾਹਰਾ ਡੈਂਟਲ ਕਾਲਜ ਅਤੇ ਹਸਪਤਾਲ ਦੇ ਪ੍ਰਿੰਸੀਪਲ ਡਾ. ਅਕਸ਼ੈ ਕੁਮਾਰ ਸ਼ਰਮਾ ਦੇ ਯਤਨਾਂ ਸਦਕਾ ਅਤੇ ਨੋਡਲ ਅਫਸਰ ਡਾ. ਰੂਹੀ ਸੰਘਾ ਦੇ ਸਹਿਯੋਗ ਨਾਲ ਇਸ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਫੈਕਲਟੀ ਮੈਂਬਰਾਂ ਅਤੇ ਵਿਦਿਆਰਥੀਆਂ ਨੂੰ ਲਾਇਬ੍ਰੇਰੀ ਦੀਆਂ ਸਾਰੀਆਂ ਸਹੂਲਤਾਂ ਸੁਵਿਧਾਵਾਂ ਅਤੇ ਕਿਸੇ ਵੀ ਥਾਂ 'ਤੇ ਜਾ ਕੇ ਪ੍ਰਾਪਤ ਕਰਨ ਲਈ ਔਨਲਾਈਨ ਈ.ਬੀ.ਐੱਸ.ਸੀ.ਓ ਪਲੇਟਫਾਰਮ ਦੀ ਵਰਤੋਂ ਕਰਨ ਬਾਰੇ ਸਿੱਖਣ ਲਈ ਉਤਸ਼ਾਹਿਤ ਕੀਤਾ ਗਿਆ। ਇਹ ਸਹੂਲਤ ਫੈਕਲਟੀ ਅਤੇ ਵਿਦਿਆਰਥੀਆਂ ਦੇ ਲਾਭ ਲਈ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ ਦੁਆਰਾ ਪ੍ਰਦਾਨ ਕੀਤੀ ਜਾਂਦੀ ਹੈ। ਇਸ ਸਮਾਗਮ ਵਿਚ ਨਾਨ-ਟੀਚਿੰਗ ਅਧਿਆਪਨ ਸਟਾਫ ਨੂੰ ਵੀ ਸ਼ਾਮਲ ਕੀਤਾ ਗਿਆ ਸੀ ਤਾਂ ਜੋ ਉਹ ਔਨਲਾਈਨ ਲਾਇਬ੍ਰੇਰੀ ਸਰੋਤਾਂ ਦੀ ਵਰਤੋਂ ਨਾਲ ਸਬੰਧਤ ਆਪਣੀ ਸਮਰੱਥਾ ਨਿਰਮਾਣ ਨੂੰ ਵਧਾ ਸਕਣ। ਲਖਪਤ ਸਿੰਘ ਈ.ਬੀ.ਐੱਸ.ਸੀ.ਓ. ਦੇ ਮੁੱਖ ਦਫਤਰ, ਦਿੱਲੀ ਤੋਂ ਸਰੋਤ ਵਿਅਕਤੀ ਅਤੇ ਸਿਖਲਾਈ ਮੈਨੇਜਰ ਵਜੋਂ ਆਏ ਸਨ। ਉਸ ਨੇ ਈ.ਬੀ.ਐੱਸ.ਸੀ.ਓ. ਦੇ ਮੇਜ਼ਬਾਨਾਂ ਤੱਕ ਪਹੁੰਚ ਕਰਨ ਅਤੇ ਅਕਾਦਮਿਕ ਅਤੇ ਖੋਜ ਵਿੱਚ ਡਾਟਾ ਨੂੰ ਏਕੀਕ੍ਰਿਤ ਕਰਨ ਲਈ ਸਾਰੇ ਔਨਲਾਈਨ ਸਾਧਨਾਂ ਦੀ ਵਰਤੋਂ ਕਰਨ ਬਾਰੇ ਸਿਖਲਾਈ ਦਿੱਤੀ। ਡਾ. ਨੀਨਾ ਮਹਿਤਾ ਅਤੇ ਵਾਈਸ-ਪ੍ਰਿੰਸੀਪਲ ਡਾ. ਮਨਦੀਪ ਕੁਮਾਰ ਨੇ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਵਿਸ਼ੇਸ਼ ਮਹਿਮਾਨ ਨੂੰ ਪ੍ਰਸ਼ੰਸਾ ਦਾ ਚਿੰਨ੍ਹ ਭੇਟ ਕੀਤਾ।

# ਜ਼ਰੂਰਤਮੰਦ ਮਰੀਜ਼ ਦੇ ਇਲਾਜ ਲਈ ਵਿੱਤੀ ਮਦਦ ਤੇ ਵੀਲ੍ਹ ਚੇਅਰ ਭੇਟ



**ਅੱਡਾ ਸਰਾਂ , (ਕਾਜਲ )**- ਅੱਡਾ ਸਰਾਂ -ਬੁੱਲ੍ਹੋਵਾਲ ਇਲਾਕੇ ਵਿਚ ਮਾਨਵਤਾ ਦੀ ਸੇਵਾ ਦਾ ਮਿਸ਼ਨ ਚਲਾ ਰਹੀ ਸਮਾਜ ਸੇਵੀ ਸੰਸਥਾ ਸ੍ਰੀ ਗੁਰੂ ਨਾਨਕ ਦੇਵ ਜੀ ਚੈਰੀਟੇਬਲ ਸੋਸਾਇਟੀ ਬੂਰੇ ਰਾਜਪੂਤਾਂ ਵੱਲੋਂ ਪਿੰਡ ਖੜਿਆਲਾ ਸੈਣੀਆਂ ਵਾਸੀ ਜ਼ਰੂਰਤਮੰਦ ਮਰੀਜ਼ ਦੇ ਇਲਾਜ ਲਈ ਵਿੱਤੀ ਮਦਦ ਅਤੇ ਵੀਲ ਚੇਅਰ ਭੇਟ ਕੀਤੀ ਗਈ। ਤਰਸੇਮ ਸਿੰਘ ਨੂੰ ਮਦਦ ਭੇਟ ਕਰਦਿਆਂ ਪ੍ਰਧਾਨ ਸਰਪੰਚ ਜੋਗਾ ਸਿੰਘ ਸਰੋਆ ਨੇ ਆਖਿਆ ਕਿ ਸੋਸਾਇਟੀ ਵੱਲੋਂ ਇਸ ਮਰੀਜ਼ ਦੇ ਇਲਾਜ ਲਈ ਹਰ ਮਹੀਨੇ ਦਵਾਈਆਂ ਲਈ ਵਿੱਤੀ ਮਦਦ ਕੀਤੀ ਜਾਵੇਗੀ। ਉਨ੍ਹਾਂ ਆਖਿਆ ਕਿ ਸੋਸਾਇਟੀ ਵੱਲੋਂ ਸੰਗਤ ਦੇ ਸਹਿਯੋਗ ਨਾਲ ਇਲਾਕੇ ਵਿਚ ਮੁਫ਼ਤ ਐਂਬੂਲੈਂਸ ਸੇਵਾ ਦੇ ਨਾਲ ਨਾਲ ਜ਼ਰੂਰਤਮੰਦ ਮਰੀਜ਼ਾਂ ਦੇ ਇਲਾਜ ਲਈ ਉੱਦਮ ਕੀਤੇ ਜਾ ਰਹੇ ਹਨ। ਇਸ ਮੌਕੇ ਸਤਨਾਮ ਸਿੰਘ ਢਿੱਲੋਂ, ਜਨਕਜੀਤ ਸਿੰਘ ਢਿੱਲੋਂ, ਸੁਖਵੀਰ ਸਿੰਘ ਢਿੱਲੋਂ ਆਦਿ ਮੌਜੂਦ ਸਨ।

# ਸਰਕਾਰ ਆਪ ਕੇ ਦੁਆਰ ਤਹਿਤ 200 ਅਰਜ਼ੀਆਂ 'ਚੋਂ 175 ਦਾ ਮੌਕੇ 'ਤੇ ਨਿਪਟਾਰਾ : ਰਾਜਾ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ )**- ਪੰਜਾਬ ਸਰਕਾਰ ਵੱਲੋਂ ਸਰਕਾਰ ਆਪਕੇ ਦੁਆਰ ਤਹਿਤ ਲਗਾਏ ਜਾ ਰਹੇ ਸੁਵਿਧਾ ਕੈਂਪਾਂ ਦੀ ਲੜੀ ਤਹਿਤ ਅੱਜ ਪਿੰਡ ਖੁੱਡਾ, ਕੁਮਪੁਰ, ਟਿਲ੍ਹਵਾਲ ਅਤੇ ਜਕੋਵਾਲ ਵਿੱਚ ਕੈਂਪ ਲਗਾ ਕੇ ਲੋਕਾਂ ਨੂੰ ਵੱਖ-ਵੱਖ ਸੁਵਿਧਾਵਾਂ ਪ੍ਰਦਾਨ ਕੀਤੀਆਂ ਗਈਆਂ। ਇਨ੍ਹਾਂ ਕੈਂਪਾਂ ਦੌਰਾਨ ਅੱਜ ਆਮ ਆਦਮੀ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਤੇ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਅਤੇ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਕੋਮਲ ਮਿੱਤਲ ਨੇ ਵਿਸ਼ੇਸ਼ ਤੌਰ 'ਤੇ ਦੌਰਾ ਅਤੇ ਨਿਰੀਖਣ ਕਰਦਿਆਂ ਲਗਭਗ 11 ਵਿਭਾਗਾਂ ਨਾਲ ਅਫਸਰਾਂ ਨੂੰ ਲੋੜੀਂਦੀਆਂ ਹਦਾਇਤਾਂ ਜਾਰੀ ਕਰਨ ਦੇ ਨਾਲ ਆਮ ਲੋਕਾਂ ਦੀਆਂ ਕੰਮਾਂ ਪ੍ਰਤੀ ਅਰਜ਼ੀਆਂ ਪ੍ਰਾਪਤ ਕੀਤੀਆਂ। ਇਸ ਮੌਕੇ ਵਿਧਾਇਕ ਜਸਵੀਰ ਰਾਜਾ ਤੇ ਡੀ ਸੀ ਕੋਮਲ ਮਿੱਤਲ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਹੁਣ ਤੱਕ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਇਹ ਲਗਾਤਾਰ ਜਾਰੀ ਹਨ ਅਤੇ ਹਰੇਕ ਪਿੰਡ ਦੇ ਕੈਂਪ ਦੌਰਾਨ ਵੱਡੀ ਗਿਣਤੀ ਵਿੱਚ ਲੋਕ ਪਹੁੰਚ ਕਰਕੇ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ 44 ਸੇਵਾਵਾਂ ਪ੍ਰਾਪਤ ਕਰ ਰਹੇ ਹਨ। ਇਸ ਮੌਕੇ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਵੀ ਅਜਿਹੇ ਕੈਂਪ ਜਾਰੀ ਰਹਿਣਗੇ। ਇਸ ਮੌਕੇ ਐਸ.ਡੀ.ਐਮ ਟਾਂਡਾ ਵਿਓਮ ਭਾਰਦਵਾਜ ਨੇ ਦੱਸਿਆ ਅੱਜ ਦੇ ਕੈਂਪਾਂ ਦੌਰਾਨ ਪ੍ਰਾਪਤ ਹੋਈਆਂ 200 ਅਰਜ਼ੀਆਂ ਚੋਂ 175 ਅਰਜ਼ੀਆਂ ਦਾ ਮੌਕੇ 'ਤੇ ਹੀ ਨਿਪਟਾਰਾ ਕਰਕੇ ਲੋਕਾਂ ਨੂੰ ਸਹੂਲਤ ਪ੍ਰਦਾਨ ਕੀਤੀ ਗਈ। ਇਸ ਮੌਕੇ ਤਹਿਸੀਲਦਾਰ ਪ੍ਰਦੀਪ ਸਿੰਘ, ਬਲਾਕ ਪ੍ਰਧਾਨ ਕੇਸ਼ਵ ਸਿੰਘ ਸੈਣੀ, ਨਾਇਬ ਤਹਸੀਲਦਾਰ ਗੁਰਪ੍ਰੀਤ ਸਿੰਘ, ਸੀਨੀਅਰ ਮੈਡੀਕਲ ਅਫਸਰ ਡਾ.ਕਰਨ ਕੁਮਾਰ ਸੈਣੀ ਸਰਪੰਚ ਜਸਵੀਰ ਸਿੰਘ ਖੁੱਡਾ, ਸੰਮਤੀ ਮੈਂਬਰ ਰਤਨ ਸਿੰਘ ਖੁੱਡਾ, ਨਾਰਾਇਣ ਸਿੰਘ, ਸਾਬਕਾ ਬਲਾਕ ਸੰਮਤੀ ਮੈਂਬਰ ਅਸ਼ੋਕ ਸੈਣੀ, ਸੁਪਰਡੈਂਟ ਸੁਖਵਿੰਦਰ ਸਿੰਘ ਓਡਰਾ, ਰੀਡਰ ਨੀਰਜ ਕੁਮਾਰ, ਪ੍ਰਿਤਪਾਲ ਸਿੰਘ ਮਿੱਠਾ, ਨਵਜੋਤ ਸਿੰਘ ਸੈਣੀ, ਅਤਵਾਰ ਸਿੰਘ ,ਪਲਾਹ ਚੱਕ, ਹਰਬੰਸ ਸਿੰਘ ਖੁੱਡਾ, ਡਾ. ਕਰਨ ਵਿਰਕ, ਜਤਿੰਦਰ ਸਿੰਘ, ਸਰਪੰਚ ਜਰਨੈਲ ਸਿੰਘ ਕੁਰਾਲਾ ਆਦਿ ਵੀ ਹਾਜ਼ਰ ਸਨ।

# 42ਵਾਂ ਹਰੀ ਮਾਨਵ ਏਕਤਾ ਸੰਤ ਸੰਮੇਲਨ ਮਨਾਇਆ



**ਭੋਗਪੁਰ ( ਕੁਲਵੀਰ ਸਿੰਘ ਕਾਹਲੋਂ)**:- ਸੰਤ ਹਰੀ ਦਾਸ ਉਦਾਸੀਨ ਆਸ਼ਰਮ ਕੂਪੁਰ- ਢੇਪੁਰ ਅੱਡਾ ਕਠਾਰ ਵਿਖੇ ਵੱਖ-ਵੱਖ ਸੰਪਰਦਾਵਾਂ ਦੇ ਸੰਤ ਮਹਾਂਪੁਰਸ਼ਾਂ ਦੀ ਸ਼ਮੂਲੀਅਤ ਡੇਰਾ ਸੱਚਖੰਡ ਬੱਲਾਂ ਦੇ ਮੌਜੂਦਾ ਗੱਦੀਨਸ਼ੀਨ ਸੰਤ ਨਿਰੰਜਣ ਦਾਸ (ਚੇਅਰਮੈਨ ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ ਮੰਦਰ ਪਬਲਿਕ ਚੇਰੀਟੈਬਲ ਟਰੱਸਟ ਵਾਰਾਨਸੀ ਯੂ.ਪੀ), ਸੰਤ ਗੁਰਬਚਨ ਦਾਸ ਚੱਕਲਾਦੀਆਂ ਦੇ ਅਸ਼ੀਰਵਾਦ ਅਤੇ ਬ੍ਰਹਮਲੀਨ ਸੰਤ ਸੁਰਿੰਦਰ ਦਾਸ ਦੇ ਪੂਰਨਿਆਂ 'ਤੇ ਚੱਲਦਿਆਂ ਮੌਜੂਦਾ ਗੱਦਨਸ਼ੀਨ ਸੰਤ ਪ੍ਰਦੀਪ ਦਾਸ ਦੀ ਅਗਵਾਈ ਵਿੱਚ 42ਵਾਂ ਹਰੀ ਮਾਨਵ ਏਕਤਾ ਸੰਤ ਸੰਮੇਲਨ ਬੜੀ ਸ਼ਰਧਾ ਤੇ ਸਤਿਕਾਰ ਸਹਿਤ ਮਨਾਏ ਗਏ। ਇਸ ਮੌਕੇ ਗੁਰਬਾਣੀ ਦੇ ਪਾਠ ਦੇ ਭੋਗ ਪਾਏ ਜਾਣ ਤੇ ਸਰਬੱਤ ਦੇ ਭਲੇ ਦੀ ਅਰਦਾਸ ਉਪਰੰਤ ਸੰਤ ਸੰਮੇਲਨ ਮੌਕੇ ਵਿਸ਼ਾਲ ਕੀਰਤਨ ਦਰਬਾਰ ਸਜਾਏ ਗਏ ਜਿਸ ਵਿਚ ਭਾਈ ਹਰਪਾਲ ਸਿੰਘ ਵਿਰਦੀ ਜਲੰਧਰ, ਭਾਈ ਪਰਮਜੀਤ ਸਿੰਘ ਮਾਨਕਰਾਈ ਦੇ ਕੀਰਤਨੀ ਜਥੇ ਵਲੋਂ ਆਈਆਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਇਸ ਮੌਕੇ ਤੇ ਵੱਖ-ਵੱਖ ਰਾਜਾਂ ਤੋਂ ਆਏ ਹੋਏ ਵੱਖ-ਵੱਖ ਧਾਰਮਿਕ ਸੰਪਰਦਾਵਾਂ ਦੇ ਸੰਤ ਮਹਾਂਪੁਰਸ਼ਾਂ ਅਤੇ ਵੱਖ-ਵੱਖ ਸਿਆਸੀ ਅਤੇ ਸਮਾਜਿਕ ਪਾਰਟੀਆਂ ਦੇ ਆਗੂਆਂ ਵੱਲੋਂ ਸਮਾਗਮ 'ਚ ਆਪਣੀ ਹਾਜਰੀ ਲਗਵਾਈ ਅਤੇ ਸਮੁੱਚੀ ਮਾਨਵਤਾ ਨੂੰ ਏਕਤਾ, ਪ੍ਰੇਮ ਅਤੇ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ। ਸੰਤ ਪ੍ਰਦੀਪ ਦਾਸ ਵੱਲੋਂ ਸੰਤ ਨਿਰੰਜਣ ਦਾਸ ਪਾਸੋਂ ਆਏ ਹੋਏ ਸੰਤ ਮਹਾਂਪੁਰਸ਼ਾਂ, ਸਿਆਸੀ ਆਗੂਆਂ ਤੇ ਸੇਵਾਦਾਰਾਂ ਨੂੰ ਸਿਰੋਪਾਓ ਬਖਸ਼ਿਸ਼ ਕਰਵਾ ਕੇ ਸਨਮਾਨਤ ਕਰਵਾਇਆ ਗਿਆ । ਇਸ ਮੌਕੇ ਹੋਰਾਂ ਤੋਂ ਇਲਾਵਾ ਸੰਤ ਭੋਲਾ ਦਾਸ ਭਾਰ ਸਿੰਘ ਪੁਰ, ਸੰਤ ਗੁਰਬਚਨਦਾਸ ਚੱਕਲਾਦੀਆਂ, ਸੰਤ ਦੇਸਰਾਜ ਦਰਾਵਾਂ, ਸੰਤ ਇੰਦਰ ਦਾਸ ਮੇਘੋਵਾਲ ਗੰਜਿਆਂ, ਸੰਤ ਮਹਿੰਦਰ ਦਾਸ ਮੇਘੋਵਾਲ ਗੰਜਿਆਂ, ਸੰਤ ਕਸ਼ਮੀਰਾ ਸਿੰਘ, ਸੰਤ ਹਰਮੀਤ ਸਿੰਘ ਬਣ੍ਹਾ ਸਾਹਿਬ, ਸੰਤ ਹਰਜੀਤ ਕੌਰ, ਸੰਤ ਨਿਰਮਲ ਸਿੰਘ, ਸੰਤ ਟਹਿਲ ਦਾਸ , ਸੰਤ ਸਤਪਾਲ ਸਿੰਘ ਬਬੇਲੀ, ਸੰਤ ਹਰਚਰਨਦਾਸ ਸ਼ਾਮ ਚੌਰਾਸੀ, ਸੰਤ ਜਸਵੰਤ ਸਿੰਘ ਖੇੜੇ ਵਾਲੇ, ਸੰਤ ਜਗਤਾਰ ਸਿੰਘ ਕੋਟ ਫਤੂਹੀ, ਸੰਤ ਸਰਵਣ ਸਿੰਘ ਜੱਬੜ ਮਾਣਕੋ, ਸੰਤ ਬਲਵੰਤ ਸਿੰਘ ਡੀਂਗਰੀਆਂ, ਸੰਤ ਸ਼ਾਮ ਲਾਲ ਝੰਡੇਰਪੁਰ ਹਰਚਰਨ ਦਾਸ ਸ਼ਾਮਚੁਰਾਸੀ, ਸੰਤ ਮਹਿੰਦਰ ਦਾਸ ਮੇਘੋਵਾਲ, ਸੰਤ ਇੰਦਰ ਦਾਸ ਮੇਘੋਵਾਲ, ਸੰਤ ਰਮੇਸ਼ਵਰਾ ਨੰਦ ਲੁਧਿਆਣਾ, ਸੰਤ ਲਖਵਿੰਦਰ ਸਿੰਘ ਕਡਿਆਣਾ, ਸੰਤ ਲੇਖਰਾਜ ਨੂਰਪੁਰ, ਸੰਤ ਸਤਪਾਲ ਦਾਸ ਚਾਹੜਵਾਲਾ, ਸੰਤ ਸਰਵਣ ਸਿੰਘ ਜੱਬੜ ਮਾਣਕੋ ਵਾਲੇ, ਸੰਤ ਸੁਖਵਿੰਦਰ ਦਾਸ ਢੱਡੇ, ਕੈਲਾਸ਼ ਚੰਦਰ, ਡਾ. ਰਵਜੋਤ ਸਿੰਘ ਆਪ ਵਿਧਾਇਕ ਸ਼ਾਮ ਚੁਰਾਸੀ, ਆਦਮਪੁਰ ਤੋਂ ਕਾਂਗਰਸ ਪਾਰਟੀ ਦੇ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ, ਰਿਟਾ. ਤਹਿਸ਼ੀਲਦਾਰ ਮਨੋਹਰ ਲਾਲ ਸਰੋਆ, ਡਾ. ਜਗਦੀਸ਼ ਚੰਦਰ, ਮੋਹਣ ਲਾਲ, ਸਤੀਸ਼ ਕੁਮਾਰ ਸ਼ਾਮ ਚੁਰਾਸੀ ਮਲਜੀਤ ਬੱਲ, ਮਹਿੰਦਰ ਸੰਧੂ, ਸਤਪਾਲ ਸਿੰਘ, ਮਹਿੰਗਾ ਸਿੰਘ ਕਾਨੂੰਗੋ, ਕਿਸ਼ਨ ਦਾਸ ਮਹੇ, ਟੀ ਐਸ ਤੀਰ, ਮਨੋਹਰ ਲਾਲ ਬੈਂਸ, ਰਜੇਸ਼ ਕੁਮਾਰ ਏ ਐਸ ਆਈ, ਤਰਸੇਮ ਲਾਲ ਸਰੋਆ, ਮੋਹਣਜੀਤ ਹਰੀਪੁਰ, ਲਾਡੀ ਸਰਪੰਚ ਚੂਹੜਵਾਲੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ । ਸੰਤ ਪ੍ਰਦੀਪ ਦਾਸ ਅਤੇ ਮੁੱਖ ਸਹਿਯੋਗੀ ਪ੍ਰਵਾਸੀ ਭਾਰਤੀ ਰਾਮ ਕਿਸ਼ਨ ਮਹਿਮੀ ਵਲੋਂ ਆਏ ਹੋਏ ਸੰਤਾਂ ਮਹਾਂਪੁਰਸ਼ਾਂ ਅਤੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ।

# ਮਹਿੰਦਰਾ ਪਬਲਿਕ ਸਕੂਲ 'ਚ ਕਿੰਡਰਗਾਰਟਨ ਓਰੀਐਂਟੇਸ਼ਨ ਤੇ ਇਨਾਮ ਵੰਡ ਸਮਾਗਮ



**ਕਰਤਾਰਪੁਰ (ਹਰਮੇਸ਼ ਦੱਤ)**- ਮਹਿੰਦਰਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦਿਆਲਪੁਰ ਜ਼ਿਲ੍ਹਾ ਕਪੂਰਥਲਾ ਵਿਖੇ ਕਿੰਡਰਗਾਰਟਨ ਵਿੰਗ ਦੇ ਵਿਦਿਆਰਥੀਆਂ ਤੇ ਮਾਤਾ ਪਿਤਾ ਲਈ ਓਰੀਐਂਟੇਸ਼ਨ ਪ੍ਰੋਗਰਾਮ ਦਾ ਅਯੋਜਨ ਕੀਤਾ ਗਿਆ ਜਿਸ ਦਾ ਉਦੇਸ਼ ਸੀ ਮਾਤਾ ਪਿਤਾ ਨੂੰ ਵਿਦਿਆਰਥੀਆਂ ਬਾਰੇ ਜਾਣੂ ਕਰਾਉਣਾ ਤੇ ਉਨ੍ਹਾਂ ਅੰਦਰ ਛੁਪੇ ਹੁਨਰ ਨੂੰ ਕਿਵੇਂ ਬਾਹਰ ਲਿਆਂਦਾ ਜਾਵੇ। ਪ੍ਰੋਗਰਾਮ ਦੀ ਸ਼ੁਰੂਆਤ 'ਚ ਕੋਆਰਡੀਨੇਟਰ ਮੈਡਮ ਰਮਨਦੀਪ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਨਵੇਂ ਸੈਸ਼ਨ ਦੇ ਨਿਯਮਾਂ, ਸਕੂਲ ਵਿੱਚ ਕਰਵਾਈਆਂ ਜਾਂਦੀਆਂ ਗਤੀਵਿਧੀਆਂ, ਵਿਦਿਆਰਥੀਆਂ ਦੇ ਪਾਠਕ੍ਰਮ ਵਿੱਚ ਬਦਲਾਵ ਤੇ ਨਵੀਂ ਸਿੱਖਿਆ ਪ੍ਰਣਾਲੀ ਬਾਰੇ ਮਾਤਾ ਪਿਤਾ ਨੂੰ ਜਾਣਕਾਰੀ ਦਿੱਤੀ। ਸਕੂਲ ਸੰਚਾਲਕ ਮੈਡਮ ਮਹਿੰਦਰ ਕੌਰ ਪੱਡਾ ਵਿਸ਼ੇਸ਼ ਤੌਰ 'ਤੇ ਪਹੁੰਚੇ ਤੇ ਵਿਦਿਆਰਥੀਆਂ ਦੇ ਮਾਤਾ ਪਿਤਾ ਦਾ ਤਹਿ ਦਿਲੋਂ ਧੰਨਵਾਦ ਕੀਤਾ। ਸਮਾਗਮ ਦੇ ਅੰਤ ਵਿੱਚ ਸਕੂਲ ਮੈਨਜਮੈਂਟ ਵੱਲੋਂ ਪਹਿਲੀਆਂ ਪੁਜੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਮੈਡਲ ਅਤੇ ਸਰਟੀਫਿਕੇਟ ਦੇ ਕੇ ਨਿਵਾਜਿਆ ਗਿਆ।

# ਪੰਜਾਬ ਸਰਕਾਰ ਤੁਹਾਡੇ ਦੁਆਰ ਤਹਿਤ ਕੈਂਪ ਲਗਾਇਆ

**ਫਿਲੌਰ (ਨਿਰਮਲ)** - ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੇਖ-ਰੇਖ ਹੇਠ ਪੰਜਾਬ ਸਰਕਾਰ ਵੱਲੋਂ ਚਲਾਈ ਗਈ "ਪੰਜਾਬ ਸਰਕਾਰ ਤੁਹਾਡੇ ਦੁਆਰ ਸਕੀਮ" ਤਹਿਤ ਸ਼ਹਿਰ ਫਿਲੌਰ ਦੇ ਵਾਰਡ ਨੰਬਰ 3 ਤੇ 4 ਦੇ ਵਸਨੀਕਾਂ ਲਈ ਸਤਲੁਜ ਕਲੱਬ ਫਿਲੌਰ ਵਿਖੇ ਕੈਂਪ ਲਗਾਇਆ ਗਿਆ। ਕੈਂਪ ਦੌਰਾਨ ਆਮ ਆਦਮੀ ਪਾਰਟੀ ਹਲਕਾ ਫਿਲੌਰ ਦੇ ਇੰਚਾਰਜ ਪ੍ਰਿੰਸੀਪਲ ਪ੍ਰੇਮ ਕੁਮਾਰ ਨੇ ਹਾਜ਼ਰੀ ਲਗਵਾਈ ਅਤੇ ਅਤੇ ਲੋਕਾਂ ਨਾਲ ਮਿਲ ਕੇ "ਪੰਜਾਬ ਸਰਕਾਰ ਤੁਹਾਡੇ ਦੁਆਰ" ਸਕੀਮ ਅਧੀਨ 44 ਵੱਖ ਵੱਖ ਸਕੀਮਾਂ ਦਾ ਲਾਭ ਲੈਣ ਲਈ ਲੋਕਾਂ ਨੂੰ ਜਾਗਰੂਕ ਕੀਤਾ। ਉਨ੍ਹਾਂ ਕਿਹਾ ਕਿ ਆਪ ਸਰਕਾਰ ਨੇ ਆਮ ਲੋਕਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਇਨ੍ਹਾਂ ਕੈਂਪਾਂ ਦੀ ਸ਼ੁਰੂਆਤ ਕੀਤੀ ਹੈ ਤਾਂ ਜੋ ਲੋਕ ਹੋਣ ਵਾਲੇ ਕੰਮਾਂ ਨੂੰ 1 ਦਿਨ ਵਿਚ ਹੀ ਕਰਵਾ ਸਕਨ।

ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਆਮ ਲੋਕਾਂ ਦੀ ਸਰਕਾਰ ਹੈ, ਜੋ ਸੂਬਾ ਵਾਸੀਆਂ ਦੀ ਸੇਵਾ ਲਈ ਵਚਨਬੱਧ ਹੈ। ਇਸ ਮੌਕੇ ਨਾਇਬ ਤਹਿਸੀਲਦਾਰ ਸੁਨੀਤਾ ਖਿਲਨ, ਕੌਂਸਲਰ ਵੈਭਵ ਸ਼ਰਮਾ, ਕੌਂਸਲਰ ਸ਼ੰਕਰ ਸੰਧੂ, ਸੁਰਿੰਦਰ ਡਾਬਰ, ਹਰਕਮਲ ਸਿੰਘ ਬੇਗਮਪੁਰ, ਜਗਤਰਾਮ ਭੱਟੀ ਨਗਰ, ਸੰਤੋਖ ਸਿੰਘ ਗਿੱਲ, ਦੀਪਾ ਬਕਾਪੁਰ ਪੀ ਏ ਅਤੇ ਹੋਰ ਹਾਜ਼ਰ ਸਨ।

# ਕੈਂਪਾਂ ਮੌਕੇ ਲੋਕਾਂ ਦੀਆਂ ਮੁਸ਼ਕਲਾਂ ਦਾ ਕੀਤਾ ਜਾ ਰਿਹਾ ਹੱਲ : ਗਰਗ

**ਐਸ.ਏ.ਐਸ. ਨਗਰ (ਗੁਰਜੀਤ ਬਿੱਲਾ)**- ਪੰਜਾਬ ਸਰਕਾਰ ਵੱਲੋਂ ਆਮ ਲੋਕਾਂ ਦੀਆਂ ਸ਼ਿਕਾਇਤਾਂ ਦੇ ਤੁਰੰਤ ਨਿਪਟਾਰੇ ਅਤੇ ਵੱਖ-ਵੱਖ ਵਿਭਾਗਾਂ ਨਾਲ ਸਬੰਧਤ ਸੇਵਾਵਾਂ ਮੁਹੱਈਆ ਕਰਵਾਉਣ ਦੇ ਮਕਸਦ ਨਾਲ "ਆਪ ਦੀ ਸਰਕਾਰ ਆਪ ਦੇ ਦੁਆਰ" ਤਹਿਤ ਲਗਾਏ ਗਏ ਕੈਂਪਾਂ ਰਾਹੀਂ ਸਰਕਾਰ ਵੱਲੋਂ ਆਮ ਲੋਕਾਂ ਨਾਲ ਕੀਤਾ ਗਿਆ ਵਾਅਦਾ ਪੂਰਾ ਕਰਦੇ ਹੋਏ ਲੋਕਾਂ ਨੂੰ ਘਰ ਬੈਠੇ ਹੀ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਦਾ ਲਾਭ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਦਿੱਤਾ ਜਾ ਰਿਹਾ ਹੈ। ਮੋਹਾਲੀ ਸਬ ਡਵੀਜ਼ਨ ਵਿਖੇ ਪਿੰਡ ਅਲੀਪੁਰ, ਚਾਚੂ ਮਾਜਰਾ, ਰੁੜਕਾ ਅਤੇ ਨਡਿਆਲੀ ਵਿੱਚ ਲਾਏ ਕੈਂਪ ਵਿੱਚ ਵੱਡੀ ਗਿਣਤੀ ਵਿੱਚ ਨਾਗਰਿਕਾਂ ਨੇ ਵੱਖ-ਵੱਖ ਸੇਵਾਵਾਂ ਤਹਿਤ ਕੰਮ ਕਰਾਉਣ ਲਈ ਹਿੱਸਾ ਲਿਆ। ਇਹ ਜਾਣਕਾਰੀ ਦਿੰਦਿਆਂ ਉਪ ਮੰਡਲ ਮੋਹਾਲੀ ਦੀਪਾਂਕਰ ਗਰਗ ਨੇ ਦੱਸਿਆ ਕਿ ਇਨ੍ਹਾਂ ਕੈਂਪਾਂ ਦੌਰਾਨ ਸਰਕਾਰ ਵੱਖ-ਵੱਖ ਵਿਭਾਗਾਂ ਨਾਲ ਸਬੰਧਤ ਸ਼ਿਕਾਇਤਾਂ/ਮਾਮਲਿਆਂ ਦਾ ਮੌਕੇ 'ਤੇ ਹੀ ਨਿਪਟਾਰਾ ਕਰਕੇ ਲੋਕਾਂ ਦੇ ਲੰਬਿਤ ਪਏ ਕੰਮਾਂ ਨੂੰ ਪੂਰਾ ਕੀਤਾ ਗਿਆ। ਗਰਗ ਨੇ ਦੱਸਿਆ ਕਿ "ਆਪ ਦੀ ਸਰਕਾਰ ਆਪ ਦੇ ਦੁਆਰ" ਤਹਿਤ ਲਗਾਏ ਜਾ ਰਹੇ ਕੈਂਪਾਂ ਦਾ ਵੱਧ ਤੋਂ ਵੱਧ ਆਮ ਲੋਕਾਂ ਨੂੰ ਲਾਭ ਦੇਣ ਲਈ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਪ੍ਰਚਾਰ ਵੈਨਾਂ ਲੋਕਾਂ ਲਈ ਲਾਭਦਾਇਕ ਸਾਬਤ ਹੋ ਰਹੀਆਂ ਹਨ। ਲੋਕਾਂ ਦੇ ਕੰਮ ਮੌਕੇ 'ਤੇ ਹੀ ਬਿਨਾਂ ਕਿਸੇ ਦੇਰੀ ਦੇ ਤਸੱਲੀਬਖਸ਼ ਕੀਤੇ ਜਾ ਰਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਸਰਕਾਰ ਦੁਆਰਾ ਕੀਤਾ ਗਿਆ ਇਹ ਉਪਰਾਲਾ ਆਮ ਲੋਕਾਂ ਲਈ ਇਕ ਬਹੁਤ ਹੀ ਵੱਡੀ ਸੁਵਿਧਾ ਹੈ, ਜਿਸ ਨਾਲ ਹੁਣ ਲੋਕਾਂ ਦੀਆਂ ਸ਼ਿਕਾਇਤਾਂ/ਮਾਮਲਿਆਂ ਦਾ ਨਿਪਟਾਰਾ ਉਨਾਂ ਦੇ ਪਿੰਡ/ਘਰ ਵਿੱਚ ਹੀ ਕੀਤਾ ਜਾ ਰਿਹਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਵੱਖ-ਵੱਖ ਵਿਭਾਗਾਂ ਨਾਲ ਸਬੰਧਤ ਸੇਵਾਵਾਂ ਹਾਸਲ ਕਰਨ ਲਈ ਹੈਲਪ ਲਾਈਨ ਨੰਬਰ 1076 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ। ਇਨ੍ਹਾਂ ਕੈਂਪਾਂ ਵਿੱਚ ਜਨਮ ਸਰਟੀਫਿਕੇਟ, ਆਮਦਨ ਸਰਟੀਫਿਕੇਟ, ਰਿਹਾਇਸ਼ ਸਰਟੀਫਿਕੇਟ, ਅਨੁਸੂਚਿਤ ਅਤੇ ਪਛੜੀਆਂ ਸ਼੍ਰੇਣੀਆਂ ਦੇ ਸਰਟੀਫਿਕੇਟ, ਬੁਢਾਪਾ, ਦਿਵਯਾਂਗ ਅਤੇ ਆਸ਼ਰਿਤ ਪੈਨਸ਼ਨ, ਜਨਮ ਸਰਟੀਫਿਕੇਟ 'ਚ ਨਾਂ ਦੀ ਤਬਦੀਲੀ, ਬਿਜਲੀ ਦੇ ਬਿੱਲਾਂ ਦੇ ਭੁਗਤਾਨ, ਮਾਲ ਵਿਭਾਗ ਸਬੰਧੀ ਰਿਕਾਰਡ ਦੀ ਪੜਤਾਲ, ਵਿਆਹ ਦੀ ਰਜਿਸਟ੍ਰੇਸ਼ਨ, ਮੌਤ ਦੇ ਸਰਟੀਫਿਕੇਟ ਦੀਆਂ ਇਕ ਤੋਂ ਵੱਧ ਕਾਪੀਆਂ, ਪੇਂਡੂ ਖੇਤਰ ਸਰਟੀਫਿਕੇਟ, ਫਰਦ ਬਣਾਉਣੀ, ਸ਼ਗਨ ਸਕੀਮ, ਜ਼ਮੀਨ ਦੀ ਨਿਸ਼ਾਨਦੇਹੀ, ਐੱਨ.ਆਰ. ਆਈ. ਦੇ ਸਰਟੀਫਿਕੇਟਾਂ ਦੇ ਕਾਊਂਟਰ ਦਸਤਖ਼ਤ, ਪੁਲਸ ਕਲੀਅਰੈਂਸ ਸਰਟੀਫਿਕੇਟ ਦੇ ਕਾਊਂਟਰ ਦਸਤਖ਼ਤ, ਮੌਤ ਸਰਟੀਫਿਕੇਟ 'ਚ ਤਬਦੀਲੀ ਆਦਿ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।

# ਪੀ ਐੱਸ ਯੂ ਵੱਲੋਂ ਯੰਤਰ ਮੰਤਰ ਦਿੱਲੀ ਵਿਖੇ ਕਾਨਫਰੰਸ 'ਚ ਭਰਵੀਂ ਸ਼ਮੂਲੀਅਤ

## *ਨਵੀਂ ਸਿੱਖਿਆ ਨੀਤੀ ਰੱਦ ਕਰਨ ਦੀ ਮੰਗ*

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਸਟੂਡੈਂਟਸ ਯੂਨੀਅਨ ਵਲੋਂ ਦਿੱਲੀ ਯੰਤਰ ਮੰਤਰ ਵਿਖੇ ਕੁੱਲ ਹਿੰਦ ਸਿੱਖਿਆ ਅਧਿਕਾਰ ਮੰਚ ਵਲੋਂ ਨਵੀਂ ਸਿੱਖਿਆ ਨੀਤੀ ਖਿਲਾਫ ਕੀਤੀ ਗਈ ਕਾਨਫਰੰਸ ਵਿੱਚ ਸੈਂਕੜੇ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ।ਇਸ ਮੌਕੇ ਸੰਬੋਧਨ ਕਰਦਿਆਂ ਪੀ ਐੱਸ ਯੂ ਦੇ ਸੂਬਾ ਪ੍ਰਧਾਨ ਰਣਵੀਰ ਸਿੰਘ ਕੁਰੜ ਅਤੇ ਜਨਰਲ ਸਕੱਤਰ ਅਮਨਦੀਪ ਸਿੰਘ ਖਿਓਵਾਲੀ ਨੇ ਕਿਹਾ ਕਿ ਮੋਦੀ ਸਰਕਾਰ ਲਗਾਤਾਰ ਆਪਣੇ ਫਾਸ਼ੀਵਾਦੀ ਏਜੰਡੇ ਨੂੰ ਵਧਾ ਰਹੀ ਹੈ। ਹਰ ਖੇਤਰ 'ਚ ਰਾਜਾਂ ਦੇ ਅਧਿਕਾਰ ਕੁਚਲ ਕੇ ਕੇਂਦਰੀਕਰਨ ਨੂੰ ਬੜ੍ਹਾਵਾ ਦੇ ਰਹੀ ਹੈ। ਇਸੇ ਤਰਜ਼ 'ਤੇ ਉਨ੍ਹਾਂ ਨੇ ਸਿੱਖਿਆ ਦੇ ਖੇਤਰ ਵਿੱਚ ਵਿੱਦਿਅਕ ਅਦਾਰਿਆਂ ਤੋਂ ਪੂਰੀ ਤਰ੍ਹਾਂ ਹੱਥ ਖਿੱਚਣ ਲਈ ਇਸ ਨੂੰ ਪ੍ਰਾਈਵੇਟ ਹੱਥਾਂ 'ਚ ਪੂਰੀ ਤਰ੍ਹਾਂ ਦੇਣ ਲਈ ਨਵੀਂ ਸਿੱਖਿਆ ਨੀਤੀ ਲੈ ਕੇ ਆਈ ਹੈ।ਜਿਸ ਨਾਲ ਵਿੱਦਿਅਕ ਅਦਾਰੇ ਨਿੱਜੀ ਹੱਥਾਂ 'ਚ ਜਾਣੇ ਹਨ ਉੱਥੇ ਸਿੱਖਿਆ ਦਾ ਭਗਵਾਂਕਰਨ ਕੀਤਾ ਜਾ ਰਿਹਾ ਹੈ। ਇਤਿਹਾਸ ਨੂੰ ਦੁਬਾਰਾ ਲਿਖਣ ਦੀ ਕੋਸ਼ਿਸ਼ ਕੀਤੀ ਜਾ ਰਹੀ ਤਾਂ ਜੋ ਆਪਣੇ ਸਿਆਸੀ ਹਿੱਤਾਂ ਅਨੁਕੂਲ ਸਿੱਖਿਆ ਦਾ ਭਗਵਾਂਕਰਨ ਕੀਤਾ ਜਾ ਸਕੇ। ਮਿਥਿਹਾਸ ਨੂੰ ਇਤਿਹਾਸ ਬਣਾ ਕੇ ਪੇਸ਼ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀ ਹਨ। ਵਿਦਿਆਰਥੀ ਯੂਨੀਅਨ ਇਸ ਨੂੰ ਰੱਦ ਕਰਨ ਦੀ ਮੰਗ ਕਰਦੀ ਹੈ ਤੇ ਇਸ ਖਿਲਾਫ਼ ਹੋਣ ਵਾਲੇ ਸੰਘਰਸ਼ ਚ ਹਮੇਸ਼ਾ ਅੱਗੇ ਹੋ ਕੇ ਲੜੇਗੀ ਅਤੇ ਸਿੱਖਿਆ ਸੰਬੰਧੀ ਨੀਤੀ ਬਣਾਉਣ ਦਾ ਹੱਕ ਰਾਜਾਂ ਦਾ ਵਿਸ਼ਾ ਹੋਣਾ ਚਾਹੀਦਾ ਹੈ।

# ਵਿਧਾਇਕ ਤੇ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਕੋਠੀ ਤੱਕ ਰੋਸ ਮਾਰਚ ਕਰਕੇ ਨੂੰ ਸੌਂਪਿਆ ਮੰਗ ਪੱਤਰ



**ਅਨੰਦਪੁਰ ਸਾਹਿਬ ( ਅਰਵਿੰਦਰ ਸਿੰਘ ਬਿੰਦੀ)**- 9 ਫਰਵਰੀ ਨੂੰ ਮੁਲਾਜ਼ਮ ਤੇ ਪੈਨਸ਼ਨਰਾਂ ਦੇ ਸਾਂਝੇ ਫਰੰਟ ਪੰਜਾਬ ਦੀ ਜ਼ਿਲ੍ਹਾ ਰੋਪੜ ਦੀ ਅਨੰਦਪੁਰ ਸਾਹਿਬ ਤਹਿਸੀਲ ਦੇ ਵੱਖੋ ਵੱਖਰੇ ਵਿਭਾਗਾਂ ਦੇ ਕਰਮਚਾਰੀਆਂ ਅਤੇ ਪੈਨਸ਼ਨਰਾਂ ਨੇ ਸਰਵ ਸ੍ਰੀ ਰਾਧੇ ਸ਼ਿਆਮ ਕੋ ਕਨਵੀਨਰ, ਸੁਖਦੇਵ ਸਿੰਘ ਸੁਰਤਾਪੁਰੀ ਜ਼ਿਲ੍ਹਾ ਪ੍ਰਧਾਨ ਹਰੀ ਚੰਦ ਕਲਮਾ, ਦਵਿੰਦਰ ਨੰਗਲੀ, ਦਰਸ਼ਨ ਸਿੰਘ ਬੜਵਾ, ਹੁਸਨ ਚੰਦ ਮਾਣ, ਦੇਸਰਾਜ ਘਈ ਕਿਰਪਾਲ ਸਿੰਘ ਭੱਟੋਂ, ਰੁਲੀਆ ਰਾਮ, ਤਿਲਕ ਰਾਜ, ਬਲਵੀਰ ਸਿੰਘ, ਜਗਮੀਤ ਸਿੰਘ ਦੀ ਅਗਵਾਈ ਵਿੱਚ ਪਿੰਡ ਢੇਰ ਤੋਂ ਹਰਜੋਤ ਸਿੰਘ ਬੈਂਸ ਸਿੱਖਿਆ ਮੰਤਰੀ ਪੰਜਾਬ ਦੀ ਗੰਭੀਰਪੁਰ ਰਿਹਾਇਸ਼ ਤੱਕ ਜ਼ਬਰ ਦਸਤ ਰੋਸ ਮਾਰਚ ਕੀਤਾ। ਮਾਰਚ ਵਿੱਚ ਸ਼ਾਮਲ ਆਗੂਆਂ ਨੇ ਮੰਗ ਕੀਤੀ ਕਿ ਮੁਲਾਜ਼ਮਾਂ ਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ, ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਕਰਨਾ ਅਤੇ ਠੇਕੇਦਾਰਾਂ ਹੱਥ ਸੌਂਪਣਾ ਬੰਦ ਕੀਤਾ ਜਾਵੇ, ਪੈਨਸ਼ਨਰਾਂ ਦੀ ਪੈਨਸ਼ਨ 2:59 ਦੇ ਫਾਰਮੂਲੇ ਨਾਲ ਸੋਧ ਕੇ ਫਿਕਸ ਕੀਤੀ ਜਾਵੇ, ਮੁਲਾਜ਼ਮਾਂ ਤੇ ਪੈਨਸ਼ਨਰ ਦਾ ਮਹਿੰਗਾਈ ਭੱਤਾ 46% ਫਿਕਸ ਕਰਕੇ ਏਰੀਅਰ ਜਾਰੀ ਕੀਤਾ ਜਾਵੇ,ਸਰਕਾਰੀ ਅਦਾਰਿਆਂ ਦਾ ਨਿਜੀਕਰਨ ਬੰਦ ਕੀਤਾ ਜਾਵੇ, ਠੇਕੇਦਾਰੀ ਆਊਟਸੋਰਸਿੰਗ, ਪ੍ਰਾਈਵੇਟੇਸ਼ਨ ਰਾਹੀਂ ਸਰਕਾਰੀ ਅਦਾਰਿਆਂ ਵਿੱਚ ਕੰਮ ਕਰਦੇ ਕਾਮਿਆਂ ਨੂੰ ਪੱਕਾ ਕੀਤਾ ਜਾਵੇ, ਭਵਿੱਖ ਵਿਚ ਪੱਕੀ ਭਰਤੀ ਕੀਤੀ ਜਾਵੇ। ਤਿੰਨ ਸਾਲ ਦਾ ਪ੍ਰਵੇਸ਼ਨਲ ਸਮਾਂ ਸਮੇਤ ਪੂਰੀ ਤਨਖਾਹ ਕੀਤਾ ਜਾਵੇ, ਮੁਲਾਜ਼ਮਾਂ ਦੇ ਬੰਦ ਕੀਤੇ 37 ਭੱਤੇ ਬਹਾਲ ਕੀਤੇ ਜਾਣ,6ਵੇਂ ਤਨਖਾਹ ਕਮਿਸ਼ਨ ਦਾ ਏਰੀਅਰ ਜਾਰੀ ਕੀਤਾ ਜਾਵੇ ਆਦਿ ਮੰਗਾਂ ਦੀ ਪੂਰਤੀ ਕਰਨ ਦੀ ਮੰਗ ਕੀਤੀ। ਇਨ੍ਹਾਂ ਤਮਾਮ ਮੰਗਾਂ ਦੀ ਪ੍ਰਾਪਤੀ ਲਈ 9 ਫਰਬਰੀ ਨੂੰ ਅਨੰਦਪੁਰ ਸਾਹਿਬ ਦੇ ਹਲਕਾ ਵਿਧਾਇਕ ਅਤੇ ਪੰਜਾਬ ਸਰਕਾਰ ਦੇ ਸਿਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਕੋਠੀ ਤੱਕ ਮਾਰਚ ਕਰਕੇ ਨੋਟਿਸ ਦਿੱਤਾ, ਅਤੇ 22 ਫਰਬਰੀ ਨੂੰ ਚਮਕੌਰ ਸਾਹਿਬ ਦੇ ਹਲਕਾ ਵਿਧਾਇਕ ਡਾ ਚਰਨਜੀਤ ਸਿੰਘ ਚੰਨੀ ਦੀ ਰਿਹਾਇਸ਼ ਮੋਰਿੰਡਾ ਤੱਕ ਰੋਸ ਮਾਰਚ ਕਰਕੇ ਨੋਟਿਸ ਦਿੱਤਾ ਜਾਵੇਗਾ। 16 ਫਰਵਰੀ ਦੀ ਦੇਸ਼ ਵਿਆਪੀ ਹੜਤਾਲ ਨੂੰ ਰੋਪੜ ਜ਼ਿਲ੍ਹੇ ਵਿੱਚ ਲਾਗੂ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਇਸ ਮੌਕੇ ਸਰਵ ਸ੍ਰੀ ਨੰਦ ਲਾਲ, ਕਰਮ ਸਿੰਘ ਜੇਤੇਵਾਲ, ਗੁਰਜੀਤ ਸਿੰਘ, ਬਖਤਾਵਰ ਸਿੰਘ ਬਨੀ, ਬਲਵੀਰ ਸਿੰਘ ਸੈਣੀ, ਅਮਰੀਕ ਸਿੰਘ ਸਮੀਰੋਵਾਲ, ਸੁਖਦੇਵ ਸਿੰਘ, ਮੋਹਣ ਸਿੰਘ ਮੈਡਲੇ ਯੂਨੀਅਨ, ਤਰਸੇਮ ਭਨਾਮ,ਜਗਤਾਰ ਸਿੰਘ ਜੇਤੇਵਾਲ, ਗੱਜਣ ਸਿੰਘ ਬੇਲਾ,ਮਦਨ ਲਾਲ ਸਿਧੂ,ਜਸਵਿੰਦਰ ਪਾਲ ਕਾਂਗੜ,ਪ੍ਰਿੰਸੀਪਲ ਨਰੰਜਣ ਰਾਣਾ ,ਕਰਮ ਚੰਦ ਗਨਾਰੂ, ਮਾਇਆ ਈਸ਼ਵਰ ਦੱਤ ਆਦਿ ਆਗੂਆਂ ਨੇ ਸ਼ਾਮਲ ਹੋਕੇ ਜ਼ਬਰਦਸਤ ਰੋਸ ਦਾ ਪ੍ਰਗਟਾਵਾ ਕੀਤਾ।

12-FEB-PAGE-9.qxd 2/11/2024 8:43 PM Page 1



# ਮਨਰੇਗਾ ਲੇਬਰ ਮੂਵਮੈਂਟ ਵੱਲੋਂ ਮੁਜ਼ਾਹਰਾ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ )**- ਲੋਕਪਾਲ ਨੂੰ ਅਲੱਗ ਦਫਤਰ ਮੁਹੱਈਆ ਨਾ ਕਰਵਾ ਕੇ ਪੰਜਾਬ ਸਰਕਾਰ ਮਨਰੇਗਾ ਦੇ ਕੰਮਾਂ ਵਿਚ ਫੈਲੀਆਂ ਬੇਨਿਯਮੀਆਂ ਅਤੇ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਦੀ ਥਾਂ ਉਤਸ਼ਾਹਤ ਕਰਨ ਵਿਚ ਭੂਮਿਕਾ ਨਿਭਾ ਕੇ ਮਨਰੇਗਾ ਵਰਕਰਾਂ ਅਤੇ ਮੇਟਾਂ ਨਾਲ ਭੇਦਭਾਵ ਕਰ ਰਹੀ ਹੈ।

ਮਨਰੇਗਾ ਲੇਬਰ ਮੂਵਮੈਂਟ ਵਲੋਂ ਮਨਰੇਗਾ ਮੇਟਾਂ ਅਤੇ ਵਰਕਰਾਂ ਨਾਲ ਕੀਤੇ ਜਾ ਰਹੇ ਸੰਵਿਧਾਨਕ ਵਿਤਕਰਿਆਂ ਨੂੰ ਲੈ ਕੇ ਇਕ ਮੀਟਿੰਗ ਮੂਵਮੈਂਟ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਅਤੇ ਬਲਾਕ 1 ਦੀ ਪ੍ਰਧਾਨ ਗੁਰਬਖਸ਼ ਕੌਰ ਦੀ ਪ੍ਰਧਾਨਗੀ ਵਿਚ ਹੋਈ, ਜਿਸ ਪੰਜਾਬ ਸਰਕਾਰ ਵਲੋਂ ਮਨਰੇਗਾ ਐਕਟ 2005 ਨੂੰ ਲਾਗੂ ਕਰਨ ਪ੍ਰਤੀ ਆਨਾਕਾਨੀ ਕਰਨੀ ਤੇ ਨਾ ਰੁਚੀ ਵਿਖਾਉਣ ਨੂੰ ਲੈ ਕੇ ਮੁਜ਼ਾਹਰਾ ਕੀਤਾ ਤੇ ਕਿਹਾ ਕਿ ਪੰਜਾਬ ਸਰਕਾਰ ਐਕਟ ਨੂੰ ਅਮਲੀ ਜਾਮਾ ਨਾ ਪਹਿਨਾ ਕੇ ਗੈਰ ਸੰਵਿਧਾਨਕ ਕੰਮਾਂ ਨੂੰ ਉਤਸ਼ਾਹਤ ਕਰ ਰਹੀ ਹੈ। ਧੀਮਾਨ ਨੇ ਕਿਹਾ ਕਿ ਮਨਰੇਗਾ ਲੋਕਪਾਲ ਨੂੰ ਸਰਕਾਰੀ ਤੇ ਨਿਰਪੱਖ ਕੰਮ ਕਰਨ ਲਈ ਦਫਤਰ ਨਾ ਮੁਹੱਈਆ ਕਰਵਾਉਣਾ



ਅਪਣੇ ਆਪ ਵਿਚ ਇਨਸਾਫ ਨੂੰ ਕੁਚਲਣ ਦੇ ਬਰਾਬਰ ਹੈ। ਮਨਰੇਗਾ ਦੇ ਕੰਮਾਂ ਵਿਚ ਲੋਕਪਾਲ ਦੀ ਭੂਮਿਕਾ ਅਹਿਮ ਹੈ ਤੇ ਉਸ ਨੂੰ ਅਣਗੌਲਿਆਂ ਕਰਨਾ ਪੂਰੀ ਤਰ੍ਹਾਂ ਗੈਰ ਸੰਵਿਧਾਨਕ ਹੈ। ਹੈਰਾਨੀ ਦੀ ਗੱਲ ਹੈ ਕਿ ਜ਼ਿਲੇ ਵਿਚ ਮਨਰੇਗਾ ਲੋਕਪਾਲ ਦਾ ਕੋਈ ਦਫਤਰ ਹੀ ਨਹੀਂ ਹੈ ਤੇ ਨਾ ਉਨ੍ਹਾਂ ਦਾ ਕੋਈ ਬੋਰਡ ਲੱਗਾ ਹੋਇਆ ਹੈ। ਜਦੋਂ ਕਿ ਉਹ ਬੜੀ ਮਿਹਨਤ ਨਾਲ ਸਰਦੀਆਂ ਦੇ ਦਿਨਾਂ ਵਿਚ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਦੇ ਦਫਤਰ ਦੇ ਬਾਹਰ ਬਣੀ ਸ਼ੈਡ ਵਿਚ ਬੈਠ ਕੇ ਹੀ ਮਨਰੇਗਾ ਵਰਕਰਾਂ ਨੂੰ ਇਨਸਾਫ ਦੇ ਰਹੇ ਹਨ। ਜਦੋਂ ਕਿ ਲੋਕਪਾਲ ਆਪਣੀ ਡਿਊਟੀ ਬੜੇ ਇਮਾਨਦਾਰੀ ਢੰਗ ਨਾਲ ਨਿਭਾ ਰਹੇ ਹਨ। ਅਜਿਹੇ ਅਧਿਕਾਰੀਆਂ ਨੂੰ ਦਫਤਰ ਨਾ ਦੇਣਾ ਨਿਰਾਸ਼ਾ ਪੈਦਾ ਕਰਨੀ ਹੈ।

ਹੁਸ਼ਿਆਰਪੁਰ ਬਲਾਕ 1, 2 ਅਤੇ ਬਲਾਕ ਭੂੰਗਾ ਨੂੰ ਇਕ ਹੀ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਚਲਾ ਰਹੇ ਹਨ। ਸਵਾਲ ਇਹ ਵੀ ਪੈਦਾ ਹੁੰਦਾ ਹੈ ਕਿ ਇਕ ਹੀ ਅਧਿਕਾਰੀ ਲਗਭਗ 550 ਦੇ ਕਰੀਬ ਪਿੰਡਾਂ ਦਾ ਕੰਮ ਕਿਵੇਂ ਵੇਖ ਸਕਦਾ ਹੈ। ਧੀਮਾਨ ਨੇ ਕਿਹਾ ਕਿ ਅਗਰ ਲੋਕਪਾਲ ਮਨਰੇਗਾ ਨੂੰ ਸਹੀ ਅਤੇ ਸਮੇਂ ਸਿਰ ਦਫਤਰ ਮੁਹੱਈਆ ਨਹੀਂ ਕਰਵਾਇਆ ਤਾਂ ਉਹ ਮਾਨਯੋਗ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਨੂੰ ਚਲ ਰਹੀ ਪਟੀਸ਼ਨ ਨਾਲ ਅਰਜ਼ੀ ਦਾਇਰ ਕਰਨਗੇ ਤਾਂ ਕਿ ਮਨਰੇਗਾ ਦੇ ਕੰਮਾਂ ਵਿਚ ਪਾਰਦਰਸ਼ਤਾ ਕਾਇਮ ਹੋ ਸਕੇ। ਇਸ ਮੌਕੇ ਮੇਟ ਬਲਰਾਜ ਕੁਮਾਰ, ਵਾਸਦੇਵ, ਕਮਲਜੀਤ ਕੌਰ ਡਡਿਆਣਾ ਖੁਰਦ, ਸੁਰਿੰਦਰ ਕੌਰ, ਬਲਵਿੰਦਰ ਕੌਰ, ਮਨਜੀਤ ਕੌਰ, ਸੁਦੇਸ਼ ਹਾਜ਼ਰ ਸਨ।

# 85 ਕਿਲੋਮੀਟਰ ਦੂਰ ਬਣੇ ਪ੍ਰੀਖਿਆ ਕੇਂਦਰ ਦਾ ਮਾਪਿਆਂ, ਵਿਦਿਆਰਥੀਆਂ ਤੇ ਅਧਿਆਪਕਾਂ ਵੱਲੋਂ ਤਿੱਖਾ ਵਿਰੋਧ

## ਆਰ ਓ ਚੰਡੀਗੜ੍ਹ ਤੋਂ ਪ੍ਰੀਖਿਆ ਕੇਂਦਰ ਬਦਲਣ ਦੀ ਮੰਗ

**ਟਾਂਡਾ ਉੜਮੁੜ (ਉਂਕਾਰ ਸਿੰਘ, ਜਸਵਿੰਦਰ ਸੰਧੂ )**- ਬਲਾਕ ਟਾਂਡਾ ਨਾਲ ਸੰਬੰਧਤ ਤਕਰੀਬਨ 8 ਸੀ ਬੀ ਐਸ ਈ ਸਕੂਲਾਂ ਦਾ ਦਸਵੀਂ ਕਲਾਸ ਦਾ ਪ੍ਰੀਖਿਆ ਕੇਂਦਰ ਤਕਰੀਬਨ 85 ਕਿਲੋਮੀਟਰ ਦੂਰ ਬਣਾਏ ਜਾਣ ਦਾ ਇਨ੍ਹਾਂ ਸਕੂਲਾਂ ਦੇ ਵਿਦਿਆਰਥੀਆਂ ਅਧਿਆਪਕਾਂ ਅਤੇ ਮਾਪਿਆਂ ਵੱਲੋਂ ਤਿੱਖਾ ਵਿਰੋਧ ਕੀਤਾ ਜਾ ਰਿਹਾ ਹੈ।ਇਸ ਸਬੰਧੀ ਮਾਪਿਆਂ ਵੱਲੋਂ ਸੀ ਬੀ ਐਸ ਸੀ ਦੇ ਚੇਅਰਮੈਨ ਅਤੇ ਆਰ ਓ ਚੰਡੀਗੜ੍ਹ ਤੋ ਮੰਗ ਕੀਤੀ ਗਈ ਹੈ ਕਿ ਉਹ ਤੁਰੰਤ ਪ੍ਰੀਖਿਆ ਕੇਂਦਰ 10 ਕਿਲੋਮੀਟਰ ਦੇ ਦਾਇਰੇ ਵਿੱਚ ਬਣਾਉਣ। ਇਸ ਸਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਪ੍ਰਾਈਵੇਟ ਸਕੂਲ ਫੈਡਰੇਸ਼ਨ ਜ਼ਿਲ੍ਹਾ ਹੁਸ਼ਿਆਰਪੁਰ ਦੇ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਅਤੇ ਕੋਰ ਕਮੇਟੀ ਮੈਂਬਰ ਰਜਿੰਦਰ ਸਿੰਘ ਮਾਰਸ਼ਲ ਨੇ ਦੱਸਿਆ ਕਿ ਇਸ ਵਾਰ ਦਸਵੀਂ ਕਲਾਸ ਦੇ ਪਹਿਲਾਂ ਬਣਾਏ ਗਏ ਪ੍ਰੀਖਿਆ ਕੇਂਦਰ ਨੂੰ ਅਗਿਆਤ ਕਾਰਨਾਂ ਕਰਕੇ ਰੱਦ ਕਰਕੇ ਤਕਰੀਬਨ ਬਲਾਕ ਟਾਂਡਾ ਦੇ ਅੱਠ ਸਕੂਲਾਂ ਦਾ ਪ੍ਰੀਖਿਆ ਕੇਂਦਰ ਗੜ੍ਹਸ਼ੰਕਰ ਦੇ ਨਜ਼ਦੀਕ ਪੈਂਦੇ ਇੱਕ ਪ੍ਰਾਈਵੇਟ ਸਕੂਲ ਵਿੱਚ ਬਣਾ ਦਿੱਤਾ ਗਿਆ ਹੈ ਜੋ ਕਿ ਵੱਖ-ਵੱਖ ਸਕੂਲਾਂ ਤੋਂ 80 ਤੋਂ 90 ਕਿਲੋਮੀਟਰ ਦੂਰ ਹੈ। ਇਸ ਸਥਿਤੀ ਵਿੱਚ ਵਿਦਿਆਰਥੀਆਂ ਨੂੰ ਪ੍ਰੀਖਿਆ ਲਈ ਉਥੇ ਪਹੁੰਚਾਇਆ ਜਾਣਾ ਸੰਭਵ ਨਹੀਂ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਆਰ ਓ ਚੰਡੀਗੜ੍ਹ ਨੂੰ ਮੇਲ ਰਾਹੀਂ ਸੂਚਿਤ ਕਰ ਦਿੱਤਾ ਗਿਆ ਹੈ ਪਰੰਤੂ ਉਨ੍ਹਾਂ ਵੱਲੋਂ ਇਸ ਸਬੰਧੀ ਅਜੇ ਕੋਈ ਵੀ ਯੋਗ ਕਾਰਵਾਈ ਨਹੀਂ ਕੀਤੀ ਗਈ ਜਿਸ ਕਾਰਨ ਸਕੂਲ ਪ੍ਰਬੰਧਕ, ਮਾਪੇ, ਅਧਿਆਪਕ ਅਤੇ ਵਿਦਿਆਰਥੀ ਭਾਰੀ ਮਾਨਸਿਕ ਤਨਾਅ ਵਿੱਚੋਂ ਨਿਕਲ ਰਹੇ ਹਨ। ਸੁਖਵਿੰਦਰ ਸਿੰਘ ਅਰੋੜਾ ਅਤੇ ਰਜਿੰਦਰ ਸਿੰਘ ਮਾਰਸਲ ਨੇ ਸਬੰਧਤ ਅਧਿਕਾਰੀਆਂ ਤੋਂ ਤੁਰੰਤ ਮੰਗ ਕੀਤੀ ਹੈ ਕਿ ਉਹ ਕਿਸੇ ਨਜ਼ਦੀਕੀ ਸਕੂਲ ਨੂੰ ਪ੍ਰੀਖਿਆ ਕੇਂਦਰ ਬਣਾ ਕੇ ਵਿਦਿਆਰਥੀਆਂ ਨੂੰ ਮਾਨਸਿਕ ਤਨਾਅ ਤੋਂ ਮੁਕਤ ਕਰਨ ਇਸ ਮੌਕੇ ਸਕੂਲਾਂ ਦੇ ਵਿਦਿਆਰਥੀ ਤੇ ਅਧਿਆਪਕ ਤੇ ਮਾਪੇ ਵੱਡੀ ਗਿਣਤੀ ਵਿੱਚ ਹਾਜ਼ਰ ਸਨ।



## ਓਮ ਪ੍ਰਕਾਸ਼ ਕਾਲਜ 'ਚ ਸਲਾਨਾ ਖੇਡਾਂ

**ਕਰਤਾਰਪੁਰ (ਹਰਮੇਸ਼ ਦੱਤ)**- ਓਮ ਪ੍ਰਕਾਸ਼ ਮੈਮੋਰੀਅਲ ਇੰਸਟੀਚਿਊਟ ਆਫ ਐਜੂਕੇਸ਼ਨ ਦਿਆਲਪੁਰ ਜ਼ਿਲ੍ਹਾ ਕਪੂਰਥਲਾ ਵਿਖੇ ਸਲਾਨਾ ਖੇਡ ਮੇਲਾ ਪ੍ਰਿੰਸੀਪਲ ਡਾ. ਵਿਨੋਦ ਕੁਮਾਰ ਦੀ ਦੇਖ ਰੇਖ ਕਰਵਾਇਆ ਗਿਆ। ਕਾਲਜ ਵਿਦਿਆਰਥੀਆਂ ਨੇ ਵੱਖ-ਵੱਖ ਖੇਡਾਂ ਵਿੱਚ ਭਾਗ ਲਿਆ ਜਿਵੇਂ ਦੌੜਾ, ਖੋ-ਖੋ, ਸ਼ਾਟਪੁੱਟ, ਡਿਸਕਸ , ਨੇਜਾ ਸੁੱਟਣਾ, ਨਿੰਬੂ ਰੇਸ ਅਤੇ ਮਿਊਜ਼ੀਕਲ ਚੇਅਰ ਖੇਡਾਂ ਕਰਵਾਈਆਂ ਗਈਆਂ। ਲੜਕਿਆਂ ਚੋਂ ਬੈਸਟ ਅਥਲੀਟ ਸਰਬਜੀਤ ਸਿੰਘ ਅਤੇ ਲੜਕੀਆਂ ਚੋਂ ਬੈਸਟ ਅਥਲੀਟ ਸੋਨੀਆ ਚੁਣੀ ਗਈ। ਪ੍ਰਿੰਸੀਪਲ ਡਾ੍ਹ ਵਿਨੋਦ ਕੁਮਾਰ ਨੇ ਵਿਦਿਆਰਥੀਆ ਨੂੰ ਖੇਡਾਂ ਦੀ ਮਹੱਤਤਾ ਬਾਰੇ ਚਾਨਣਾ ਪਾਇਆ। ਇਸ ਮੌਕੇ ਪ੍ਰਿੰਸੀਪਲ ਡਾ. ਵਿਨੋਦ ਕੁਮਾਰ, ਪ੍ਰੋ ਰਣਜੀਤ ਬੈਂਸ, ਪ੍ਰੋ ਗਗਨਦੀਪ ਸਿੰਘ, ਪ੍ਰੋ ਗੁਰਜੀਤ ਰਾਣੀ, ਪ੍ਰੋ ਬਿਮਲ ਕੌਰ, ਸੁਪਰਡੈਂਟ ਹਰਮੀਤ ਸਿੰਘ, ਲਾਇਬ੍ਰੇਰੀਅਨ ਬਲਵਿੰਦਰ ਸਿੰਘ ਅਤੇ ਕਾਲਜ ਵਿਦਿਆਰਥੀ ਹਾਜ਼ਰ ਸਨ।



## ਫੌਜੀ ਸੋਹਣ ਸਿੰਘ ਰੌਲੀ ਨੂੰ ਗਹਿਰਾ ਸਦਮਾ, ਜਵਾਨ ਪੁੱਤਰ ਦੀ ਮੌਤ

**ਨੂਰਪੁਰ ਬੇਦੀ** : ਸਾਬਕਾ ਫੌਜੀ ਸੋਹਣ ਸਿੰਘ ਵਾਸੀ ਰੌਲੀ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਿਆ ਜਦੋਂ ਉਨ੍ਹਾਂ ਦੇ ਸਪੁੱਤਰ ਸੁਖਵਿੰਦਰ ਸਿੰਘ 48 ਬੀਤੇ ਕੱਲ੍ਹ ਅਕਾਲ ਚਲਾਣਾ ਕਰ ਗਏ। ਅੱਜ ਉਨ੍ਹਾਂ ਦਾ ਅੰਤਿਮ ਸੰਸਕਾਰ ਪਿੰਡ ਦੇ ਸ਼ਮਸ਼ਾਨਘਾਟ ਵਿੱਚ ਕਰ ਦਿੱਤਾ ਗਿਆ। ਇਸ ਮੌਕੇ ਸੋਹਣ ਸਿੰਘ ਦੇ ਪਰਵਾਰ ਨਾਲ ਵੱਖ ਵੱਖ ਆਗੂਆਂ, ਸਮਾਜ ਸੇਵੀਆਂ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਕਾਮਰੇਡ ਸੁਰਜੀਤ ਸਿੰਘ ਢੇਰ, ਦਿਲਬਾਗ ਸਿੰਘ ਮਾਨ ਵਾਸੀ ਯੂ ਐਸ ਏ, ਬਲਵਿੰਦਰ ਸਿੰਘ ਵਾਸੀ ਯੂ ਐਸ ਏ, ਸਤਨਾਮ ਸਿੰਘ ਢਾਡਾ, ਸੁਲਤਾਨ ਸਿੰਘ ਚੰਡੇਸਰ, ਬਾਬਾ ਬਲਜੀਤ ਸਿੰਘ ਢੇਰ, ਜਗਤਾਰ ਸਿੰਘ, ਜਗੀਰ ਸਿੰਘ ਰੌਲੀ, ਹਰਪਾਲ ਸਿੰਘ ਨੰਗਲੀ, ਬਰਜਿੰਦਰ ਸਿੰਘ ਡੋਡ, ਕੁਲਦੀਪ ਸਿੰਘ ਰੌਲੀ ਨੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ। ਸੁਖਵਿੰਦਰ ਸਿੰਘ ਆਪਣੇ ਪਿੱਛੇ ਆਪਣੇ ਪਿਤਾ ਤੋਂ ਇਲਾਵਾ ਵਿਧਵਾ ਪਤਨੀ ਤੇ ਇੱਕ ਪੁੱਤਰ ਛੱਡ ਗਿਆ।

## ਸ਼ਿਵਰਾਤਰੀ ਦੀਆਂ ਪ੍ਰਭਾਤ ਫੇਰੀਆਂ ਅੱਜ ਤੋਂ

**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**-ਨੂਰਮਹਿਲ ਸ਼ਹਿਰ ਵਿੱਚ ਹਰ ਸਾਲ ਦੀ ਤਰ੍ਹਾ ਇਸ ਸਾਲ ਵੀ ਮਨਾਏ ਜਾ ਰਹੇ ਸ਼ਿਵਰਾਤਰੀ ਮਹਾਂਉਤਸਵ ਨੂੰ ਦੇਖਦਿਆਂ ਸ਼ਹਿਰ, ਇਲਾਕੇ ਅਤੇ ਦੇਸ਼ਾਂ-ਵਿਦੇਸ਼ਾਂ ਵਿੱਚ ਸ਼ਿਵਰਾਤਰੀ ਮਹਾਂਉਤਸਵ ਨੂੰ ਮਨਾਉਣ ਲਈ ਸ਼ਿਵ ਭਗਤਾਂ ਵਿੱਚ ਖਾਸਾ ਉਤਸ਼ਾਹ ਪਾਇਆ ਜਾ ਰਿਹਾ ਹੈ। ਇਸ ਸਬੰਧੀ ਮੰਦਰ ਸ੍ਰੀ ਬਾਬਾ ਭੂਤਨਾਥ ਅਤੇ ਗਊਸ਼ਾਲਾ ਕਮੇਟੀ ਨੂਰਮਹਿਲ ਦੇ ਪ੍ਰਧਾਨ ਰਾਜ ਕੁਮਾਰ ਮੈਹਨ ਅਤੇ ਪ੍ਰੈਸ ਸਕੱਤਰ ਰਜਿੰਦਰ ਕਾਲੜਾ ਨੇ ਦੱਸਿਆ ਕਿ ਸ਼ਿਵ ਭਗਤਾਂ ਦੇ ਸਹਿਯੋਗ ਨਾਲ ਇਸ ਸਾਲ ਸ਼ਿਵਰਾਤਰੀ ਮਹਾਂਉਤਸਵ 12 ਫਰਵਰੀ ਤੋਂ ਲੈ ਕੇ 10 ਮਾਰਚ ਤੱਕ ਧੂਮਧਾਮ ਨਾਲ ਮਨਾਇਆ ਜਾਵੇਗਾ ਜਿਸ ਦੀਆਂ ਤਿਆਰੀਆਂ ਲਗਭਗ ਮੁਕੰਮਲ ਕਰ ਲਈਆਂ ਗਈਆਂ ਹਨ। ਇਸ ਸਬੰਧੀ ਮੰਦਰ ਕਮੇਟੀ ਵੱਲੋਂ ਪ੍ਰਭਾਤ ਫੇਰੀਆਂ 12 ਫਰਵਰੀ ਤੋਂ ਸ਼ੁਰੂ ਹੋ ਕੇ ਸ਼ਿਵਰਾਤਰੀ ਵਾਲੇ ਦਿਨ 8 ਮਾਰਚ ਤੱਕ ਕੱਢੀਆਂ ਜਾ ਰਹੀਆਂ ਇਹ ਪ੍ਰਭਾਤ ਫੇਰੀਆਂ ਰੋਜ਼ਾਨਾ ਸਵੇਰੇ 5 ਵਜੇ ਮੰਦਰ ਦੇਵੀ ਸਥਾਨ ਤੋਂ ਚੱਲ ਕੇ ਸ਼ਹਿਰ ਦੀ ਪਰਿਕਰਮਾ ਕਰਦੀਆਂ ਹੋਈਆਂ ਮੰਦਰ ਸ੍ਰੀ ਬਾਬਾ ਭੂਤਨਾਥ ਨੂਰਮਹਿਲ ਵਿਖੇ ਸਮਾਪਤ ਹੋਣਗੀਆਂ ਅਤੇ ਮੰਦਰ ਵਿਖੇ ਭਗਤਾਂ ਲਈ ਸਵੇਰ ਦੇ ਲੰਗਰ ਦਾ ਪ੍ਰਬੰਧ ਵੀ ਕੀਤਾ ਜਾਵੇਗਾ।

## ਮਹਾਨ ਨਗਰ ਕੀਰਤਨ ਦਾ ਪੋਸਟਰ ਜਾਰੀ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ )**-ਸ੍ਰੀ ਗੁਰੂ ਰਵਿਦਾਸ ਜੀ ਦੇ 647 ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਪਿੰਡ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਜਪੁਰ-ਸ਼ਾਲਾਪੁਰ ਵੱਲੋਂ 18 ਫਰਵਰੀ ਨੂੰ ਸਜਾਏ ਜਾ ਰਹੇ ਮਹਾਨ ਨਗਰ ਕੀਰਤਨ ਦਾ ਪ੍ਰਬੰਧਕ ਸੇਵਾਦਾਰਾਂ ਵੱਲੋਂ ਪੋਸਟਰ ਜਾਰੀ ਕੀਤਾ ਗਿਆ। ਪ੍ਰਬੰਧਕ ਸੇਵਾਦਾਰ ਵਿਨੋਦ ਭਰਮੋਤਾ, ਬਲਦੇਵ ਰਾਜ, ਰਣਜੀਤ ਸਿੰਘ ਰਾਜਪੁਰ, ਕਰਨੈਲ ਸਿੰਘ, ਅਨੂਪ ਸਿੰਘ, ਰਜਿੰਦਰ ਸਿੰਘ, ਓਕਾਰ ਸਿੰਘ, ਗੁਰਪ੍ਰੀਤ ਸਿੰਘ, ਮੋਨੂ ਭਰਮੋਤਾ, ਰਮਨ ਰਾਜਪੁਰੀਆ, ਆਕਾਸ਼ ਰਾਜਪੁਰ, ਅੰਮ੍ਰਿਤ ਸਿੰਘ, ਬਲਵਿੰਦਰ ਸਿੰਘ, ਨੀਰਜ ਕੁਮਾਰ, ਰਾਹੁਲ ਤੇ ਜਿੰਮੀ ਭਰਮੋਤਾ ਨੇ ਇਸ ਮੌਕੇ ਦੱਸਿਆ ਕਿ ਸਾਂਝੀ ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੋਸਾਇਟੀ ਅਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਤੇ ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਨਗਰ ਕੀਰਤਨ ਸਜਾਇਆ ਜਾ ਰਿਹਾਹੈ। ਪ੍ਰਬੰਧਕ ਸੇਵਾਦਾਰਾਂ ਨੇ ਦੱਸਿਆ ਕਿ 18 ਫਰਵਰੀ ਨੂੰ ਸਭ ਤੋਂ ਪਹਿਲਾਂ ਸਵੇਰੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕੀਤੇ ਜਾਣਗੇ।

## ਐੱਸ ਡੀ ਕਾਲਜ ਲੜਕੀਆਂ ਵਿਖੇ ਰਚਨਾਤਮਕ ਲੇਖਣ ਮੁਕਾਬਲੇ

**ਜਲੰਧਰ (ਇਕਬਾਲ ਸਿੰਘ ਉਭੀ)**-ਸਥਾਨਕ ਪੀ.ਸੀ.ਐਮ.ਐਸ.ਡੀ. ਕਾਲਜ ਲੜਕੀਆਂ ਵਿਖੇ ਅੰਗਰੇਜ਼ੀ ਵਿਭਾਗ ਦੀ ਇੰਗਲਿਸ਼ ਲਿਟਰੇਰੀ ਸੋਸਾਇਟੀ ਨੇ ਰਚਨਾਤਮਕ ਲੇਖਣ ਮੁਕਾਬਲਾ ਕਰਵਾਇਆ । ਇਸ ਮੌਕੇ ਵਿਦਿਆਰਥੀਆਂ ਨੇ ਵਿਲੱਖਣ ਦ੍ਰਿਸ਼ਟੀਕੋਣਾਂ ਅਤੇ ਰਚਨਾਤਮਕ ਆਵਾਜ਼ਾਂ ਦਾ ਪ੍ਰਦਰਸ਼ਨ ਕੀਤਾ ਜੋ ਥੀਮਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਨੂੰ ਦਰਸਾਉਂਦੇ ਹਨ। ਅਕਾਦਮਿਕ ਚੁਣੌਤੀਆਂ ਤੋਂ ਲੈ ਕੇ ਕਲਾਤਮਕ ਪ੍ਰਗਟਾਵੇ ਤੱਕ, ਗਤੀਵਿਧੀ ਨੇ ਕਾਲਜ ਕਮਿਊਨਿਟੀ ਦੇ ਅੰਦਰ ਪ੍ਰਤਿਭਾ ਦੀ ਅਮੀਰ ਵਿਭਿੰਨਤਾ ਦੀ ਉਦਾਹਰਨ ਦਿੱਤੀ। ਬੀ.ਏ ਸਮੈਸਟਰ ਛੇਵੇਂ ਦੀ ਕ੍ਰਿਸ਼ਮਾ ਨੇ ਪਹਿਲਾ ਸਥਾਨ, ਬੀ.ਏ ਸਮੈਸਟਰ ਦੂਜੇ ਦੀ ਮਹਿਕ ਨੇ ਦੂਜਾ ਸਥਾਨ ਅਤੇ ਬੀ.ਏ ਸਮੈਸਟਰ ਦੂਜੇ ਦੀ ਸੋਨੀਆ ਨੇ ਤੀਜਾ ਸਥਾਨ ਹਾਸਲ ਕੀਤਾ।ਇਸ ਮੌਕੇ ਪ੍ਰਧਾਨ ਨਰੇਸ਼ ਬੁਧੀਆ, ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ, ਕਮੇਟੀ ਦੇ ਹੋਰ ਮੈਂਬਰਾਂ ਅਤੇ ਪ੍ਰਿੰਸੀਪਲ ਨੇ ਵਿਭਾਗ ਅਤੇ ਮੁਖੀ ਉਜਲਾ ਦਾਦਾ ਜੋਸ਼ੀ ਦੀ ਸ਼ਲਾਘਾ ਕੀਤੀ। ਇਸ ਮੌਕੇ ਮੈਂਬਰ ਆਬਰੂ ਸ਼ਰਮਾ, ਗੁਰਜੀਤ ਕੌਰ ਅਤੇ ਡਾ. ਇੰਦੂ ਤਿਆਗੀ ਤੇ ਹੋਰ ਮੈਂਬਰ ਹਾਜ਼ਰ ਸਨ।

## ਵਿਦਿਆਰਥੀ ਆਪਣੇ ਮਾਪਿਆਂ ਤੇ ਅਧਿਆਪਕਾਂ ਤੋਂ ਆਸ਼ੀਰਵਾਦ ਲੈਣ : ਸੰਗੀਤਾ ਚੋਪੜਾ

**ਜਲੰਧਰ (ਇਕਬਾਲ ਸਿੰਘ ਉਭੀ)** ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ, ਮਾਨ ਨਗਰ, ਜਲੰਧਰ ਦੇ ਵਿਦਿਆਰਥੀਆਂ ਨੇ ਸੇਂਟ ਸੋਲਜਰ ਗਰੁੱਪ ਆਫ ਇੰਸਟੀਚਿਊਸ਼ਨਜ ਦੇ ਮੁੱਖ ਦਫਤਰ ਵਿਖੇ "ਵੈਲੇਨਟਾਈਨ ਡੇ" ਮਨਾਇਆ। ਇਸ ਮੌਕੇ ਕੁੜੀਆਂ ਲਾਲ ਰੰਗ ਦੀਆਂ ਪਹਿਨਾਈਆਂ ਫਰੌਕ 'ਚ ਕੁੜੀਆਂ ਪਰੀਆਂ ਵਾਂਗ ਲੱਗ ਰਹੀਆਂ ਸੀ ਅਤੇ ਮੁੰਡੇ ਰਾਜਕੁਮਾਰ ਵਾਂਗ ਲੱਗ ਰਹੇ ਸਨ। ਸੇਂਟ ਸੋਲਜਰ ਗਰੁੱਪ ਦੇ ਚੇਅਰਮੈਨ ਅਨਿਲ ਚੋਪੜਾ ਅਤੇ ਵਾਈਸ ਚੇਅਰਪਰਸਨ ਸੰਗੀਤਾ ਚੋਪੜਾ ਨੇ ਵਿਦਿਆਰਥੀਆਂ ਨੂੰ ਇਸ ਦਿਨ ਦੀ ਮਹੱਤਤਾ ਅਤੇ ਇਕੱਠੇ ਹੋਣ ਦਾ ਮੂਲ ਕਾਰਨ ਦੱਸਿਆ ਕਿ ਇਹ ਦਿਨ ਉਨ੍ਹਾਂ ਦੇ ਸਭ ਤੋਂ ਪਿਆਰੇ ਵਿਅਕਤੀਆਂ ਨੂੰ ਸਮਰਪਿਤ ਹੈ ਜਿਵੇਂ ਕਿ ਉਹਨਾਂ ਦੇ ਮਾਤਾ-ਪਿਤਾ, ਭਰਾਵਾਂ-ਭੈਣਾਂ ਅਤੇ ਅਧਿਆਪਕਾਂ ਨਾਲ ਮਿਲ ਕੇ ਅਤੇ ਉਨ੍ਹਾਂ ਤੋਂ ਆਸ਼ੀਰਵਾਦ ਅਤੇ ਧੰਨਵਾਦ ਕਰਨ ਦਾ ਦਿਨ ਹੈ, ਕਿਉਂਕਿ ਅੱਜ ਅਸੀਂ ਜੋ ਕੁਝ ਵੀ ਹਾਂ, ਉਨ੍ਹਾਂ ਦੁਆਰਾ ਦਿੱਤੇ ਗਏ ਗਿਆਨ ਅਤੇ ਨਿਰਸਵਾਰਥ ਪਿਆਰ ਕਾਰਨ ਹਾਂ। ਗਰੁੱਪ ਚੇਅਰਮੈਨ ਅਨਿਲ ਚੋਪੜਾ ਅਤੇ ਵਾਈਸ ਚੇਅਰਪਰਸਨ ਸੰਗੀਤਾ ਚੋਪੜਾ ਨੇ ਵਿਦਿਆਰਥੀਆਂ ਨੂੰ ਟੌਫੀਆਂ, ਚਾਕਲੇਟ ਆਦਿ ਤੋਹਫੇ ਵੰਡ ਕੇ ਵਿਦਿਆਰਥੀਆਂ ਨੂੰ ਆਪਣੇ ਮਾਪਿਆਂ ਅਤੇ ਅਧਿਆਪਕਾਂ ਦਾ ਨਾਮ ਰੌਸ਼ਨ ਕਰਨ ਲਈ ਪ੍ਰੇਰਿਤ ਕੀਤਾ।

## ਲੋਕਾਂ ਨੂੰ ਪ੍ਰਸ਼ਾਸਨਿਕ ਸੇਵਾਵਾਂ ਮੁਹੱਈਆ ਕਰਵਾਉਣ ਲਈ ਸਰਕਾਰ ਵਚਨਬੱਧ : ਹਿਮਾਂਸ਼ੂ ਗੁਪਤਾ

**ਡੇਰਾਬਸੀ (ਗੁਰਜੀਤ ਬਿੱਲਾ)** 'ਆਪ ਦੀ ਸਰਕਾਰ, ਆਪ ਦੇ ਦੁਆਰ' ਮੁਹਿੰਮ ਦੇ ਸਾਰਥਕ ਨਤੀਜੇ ਪ੍ਰਾਪਤ ਹੋ ਰਹੇ ਹਨ। ਇਸ ਮੁਹਿੰਮ ਤਹਿਤ ਆਮ ਲੋਕਾਂ ਨੂੰ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਲੋਕ ਭਲਾਈ ਸਕੀਮਾਂ ਦੀਆਂ ਸੇਵਾਵਾਂ ਮੁਹੱਈਆ ਕਰਵਾਉਣ ਲਈ ਅੱਜ ਸਬ ਡੇਰਾਬਸੀ ਦੇ ਪਿੰਡ ਸਾਰੰਗਪੁਰ, ਵਾਰਡ ਨੰਬਰ 12, 14 ਪਿੰਡ ਹੰਸਾਲਾ ਅਤੇ ਫਤਿਹਪੁਰ ਜੱਟਾਂ ਵਿਖੇ ਵਿਸ਼ੇਸ਼ ਕੈਂਪ ਲਗਾਏ ਗਏ। ਇਸ ਦੌਰਾਨ ਐੱਸ ਡੀ ਐੱਮ ਹਿਮਾਂਸ਼ੂ ਗੁਪਤਾ ਨੇ ਕੈਂਪਾਂ ਦਾ ਨਿਰੀਖਣ ਕੀਤਾ ਅਤੇ ਮੌਕੇ ਲੋਕਾਂ ਦੀਆਂ ਸ਼ਿਕਾਇਤਾਂ ਸੁਣੀਆਂ। ਉਹਨਾਂ ਕਿਹਾ ਕਿ ਇਹਨਾਂ ਸ਼ਿਕਾਇਤਾਂ ਦਾ ਸਮਾਂਬੱਧ ਨਿਪਟਾਰਾ ਕੀਤਾ ਜਾਵੇਗਾ।

## ਵਿਦੇਸ਼ੀਂ ਜਾ ਰਹੇ ਨੌਜਵਾਨਾਂ ਨਾਲ ਪਿੰਡਾਂ ਦੇ ਪਿੰਡ ਖਾਲੀ ਹੋਣੇ ਗੰਭੀਰ ਚਿੰਤਾ ਦਾ ਵਿਸ਼ਾ : ਕੁਸ਼ਲਪਾਲ ਸਿੰਘ ਮਾਨ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਅਕਾਲੀ ਭਾਜਪਾ, ਕਾਂਗਰਸ ਅਤੇ ਆਮ ਆਦਮੀ ਪਾਰਟੀ ਦੀਆਂ ਗਲਤ ਨੀਤੀਆਂ ਕਾਰਨ ਨੌਜਵਾਨ ਡਾਰਾਂ ਬੰਨ੍ਹ ਕੇ ਵਿਦੇਸ਼ ਜਾ ਰਹੇ ਹਨ ਜਿਸ ਨਾਲ ਪੰਜਾਬ ਦੇ ਪਿੰਡਾਂ ਦੇ ਪਿੰਡ ਖਾਲੀ ਹੋ ਰਹੇ ਹਨ ਜੋ ਕਿ ਗੰਭੀਰ ਚਿੰਤਾ ਦਾ ਵਿਸ਼ਾ ਹੈ। ਇਸ ਨੂੰ ਠੱਲ੍ਹ ਪਾਉਣ ਦਾ ਇੱਕੋ ਇੱਕ ਤਰੀਕਾ ਸਿਮਰਨਜੀਤ ਸਿੰਘ ਮਾਨ ਮੈਂਬਰ ਪਾਰਲੀਮੈਂਟ ਦੀ ਅਗਵਾਈ ਹੇਠ ਸਰਕਾਰ ਬਣਾਉਣ ਨਾਲ ਹੀ ਸੰਭਵ ਹੈ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕੁਸ਼ਲਪਾਲ ਸਿੰਘ ਮਾਨ ਕੌਮੀ ਜਨਰਲ ਸਕੱਤਰ ਅਤੇ ਪਾਰਲੀਮੈਂਟ ਹਲਕਾ ਅਨੰਦਪੁਰ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਉਮੀਦਵਾਰ ਨੇ ਪਿੰਡ ਬੀਰਮਪੁਰ ਵਿਖੇ ਅਰਵਿੰਦਰ ਸਿੰਘ ਤੇ ਹਰਜਿੰਦਰ ਕੌਰ ਸੈਣੀ ਵਲੋਂ ਰੱਖੀ ਇੱਕ ਵਿਸ਼ੇਸ਼ ਮੀਟਿੰਗ ਦੌਰਾਨ ਕੀਤਾ। ਉਨ੍ਹਾਂ ਇਸ ਸਮੇਂ ਕਿਹਾ ਕਿ ਜਿੱਥੇ ਸਾਡੇ 46 ਲੱਖ ਤੋਂ ਵੀ ਵੱਧ ਨੌਜਵਾਨ ਬੇਰੁਜ਼ਗਾਰੀ ਦੇ ਆਲਮ ਵਿੱਚ ਦੇਸ਼ ਅੰਦਰ ਤੇ ਵਿਦੇਸ਼ਾਂ ਵਿੱਚ ਧੱਕੇ ਖਾਣ ਨੂੰ ਮਜਬੂਰ ਹਨ ਉੱਥੇ 1966 ਵਿੱਚ ਹੋਏ ਗਰੀਨ ਰੈਵੂਲੇਸ਼ਨ ਨਾਲ ਵੀ ਸਾਡੇ ਕਿਸਾਨਾਂ ਦਾ ਬੋਝ ਹਲਕਾ ਨਹੀਂ ਹੋਇਆ। ਉਲਟਾ ਉਨ੍ਹਾਂ ਨੂੰ ਕਰਜ਼ਿਆਂ ਵਿੱਚ ਡੁੱਬੇ ਹੋਣ ਕਾਰਨ ਖੁਦਕੁਸ਼ੀਆਂ ਦਾ ਰਾਹ ਚੁਣਨਾ ਪਿਆ। ਇਨ੍ਹਾਂ ਸਭ ਲਈ ਸਾਡੀਆਂ ਪਿਛਲੀਆਂ ਸਰਕਾਰਾਂ ਜ਼ਿੰਮੇਵਾਰ ਹਨ। ਇਸ ਸਮੇਂ ਗੁਰਨਾਮ ਸਿੰਘ ਸਿੰਗੜੀਵਾਲਾ ਜ਼ਿਲ੍ਹਾ ਜਨਰਲ ਸਕੱਤਰ ਨੇ ਕਿਹਾ ਕਿ ਜਿਹੜੀਆਂ ਸਰਕਾਰਾਂ ਦਿੱਲੀ ਤੋਂ ਚਲਦੀਆਂ ਹਨ ਉਹ ਪੰਜਾਬ ਦੇ ਲੋਕਾਂ ਦੇ ਹੱਕਾਂ ਦੀ ਰਾਖੀ ਨਹੀਂ ਕਰ ਸਕਦੀਆਂ। ਇਸ ਸਮੇਂ ਪਰਮਜੀਤ ਸਿੰਘ ਮੇਗੋਵਾਲ ਦੁਆਬਾ, ਬਲਵੀਰ ਸਿੰਘ ਬਸਰਾ, ਬਹਾਦਰ ਸਿੰਘ ਖਾਨਪੁਰ, ਸੁਖਦੇਵ ਸਿੰਘ ਕਾਹਰੀ, ਹਰਜਿੰਦਰ ਕੌਰ ਸੈਣੀ ਗੜ੍ਹਸ਼ੰਕਰ, ਬੀਬੀ ਕੁਲਵਿੰਦਰ ਕੌਰ ਗੋਸਲਾਂ, ਬਾਬਾ ਜਸਵੀਰ ਸਿੰਘ, ਬਲਕਾਰ ਸਿੰਘ ਬਾਗੀ, ਕਮਲਪ੍ਰੀਤ ਕੌਰ, ਸੂਬੇਦਾਰ ਦਵਿੰਦਰ ਸਿੰਘ ਸਰਾਂ, ਪਰਮਿੰਦਰ ਸਿੰਘ ਬੀਰਮਪੁਰ, ਗੁਰਦਿਆਲ ਸਿੰਘ, ਬੀਬੀ ਸੁਰਿੰਦਰ ਕੌਰ ਮੈਂਬਰ ਪੰਚਾਇਤ, ਪਵਨਪ੍ਰੀਤ ਸਿੰਘ ਢੋਲੇਵਾਲਾ, ਕੁਲਦੀਪ ਸਿੰਘ ਬੰਟੀ ਗੜ੍ਹਸ਼ੰਕਰ, ਗੁਰਿੰਦਰ ਸਿੰਘ ਮੁਗਲ ਮਾਜਰੀ, ਗੁਰਪ੍ਰੀਤ ਸਿੰਘ ਭਾਟੀਆ, ਮਨਜੀਤ ਸਿੰਘ ਨਵਾਂਸ਼ਹਿਰ ਆਦਿ ਹਾਜ਼ਰ ਸਨ।

## ਰਿਆਤ ਬਾਹਰਾ ਇੰਟਰਨੈਸ਼ਨਲ ਸਕੂਲ 'ਚ ਪੋਸਟਰ ਮੇਕਿੰਗ ਮੁਕਾਬਲੇ

**ਹੁਸ਼ਿਆਰਪੁਰ (ਬਲਬੀਰ ਸਿੰਘ ਸੈਣੀ)**-ਰਿਜਨਲ ਟਰਾਂਸਪੋਰਟ ਅਥਾਰਟੀ ਦੇ ਸਹਿਯੋਗ ਨਾਲ ਸੜਕ ਸੁਰੱਖਿਆ ਸਪਤਾਹ ਤਹਿਤ ਰਿਆਤ ਬਾਹਰਾ ਇੰਟਰਨੈਸ਼ਨਲ ਸਕੂਲ ਵਿਖੇ ਪੋਸਟਰ ਮੇਕਿੰਗ ਮੁਕਾਬਲਾ ਕਰਵਾਇਆ ਗਿਆ। ਇਸ ਮੁਕਾਬਲੇ ਵਿੱਚ 6ਵੀਂ ਤੋਂ 11ਵੀਂ ਜਮਾਤ ਤੱਕ ਦੇ 200 ਦੇ ਕਰੀਬ ਬੱਚਿਆਂ ਨੇ ਭਾਗ ਲਿਆ। ਇਹ ਪ੍ਰੋਗਰਾਮ ਸਕੂਲ ਦੇ ਕੈਂਪਸ ਡਾਇਰੈਕਟਰ ਡਾ. ਚੰਦਰ ਮੋਹਨ, ਪ੍ਰਿੰਸੀਪਲ ਡਾ. ਹਰਦੀਪ ਸਿੰਘ, ਦਾਖਲਾ ਸੈੱਲ ਮੁਖੀ ਡਾ. ਕੁਲਦੀਪ ਕੌਰ ਦੀ ਦੇਖ-ਰੇਖ ਹੇਠ ਕਰਵਾਇਆ ਗਿਆ । ਇਸ ਮੁਕਾਬਲੇ ਤਹਿਤ ਬੱਚਿਆਂ ਨੇ ਟ੍ਰੈਫਿਕ ਸੰਕੇਤਾਂ ਅਤੇ ਟ੍ਰੈਫਿਕ ਨਿਯਮਾਂ ਬਾਰੇ ਆਪਣੀ ਰਚਨਾਤਮਕਤਾ ਦਾ ਪ੍ਰਦਰਸ਼ਨ ਕੀਤਾ ਅਤੇ ਸੁੰਦਰ ਪੋਸਟਰ ਬਣਾ ਕੇ ਉਨ੍ਹਾਂ ਬਾਰੇ ਜਾਣਕਾਰੀ ਦਿੱਤੀ। ਇਸ ਮੁਕਾਬਲੇ ਦਾ ਨਤੀਜਾ 13 ਫਰਵਰੀ ਨੂੰ ਐਲਾਨਿਆ ਜਾਵੇਗਾ। ਪ੍ਰੋਗਰਾਮ ਬਾਰੇ ਜਾਣਕਾਰੀ ਦਿੰਦਿਆਂ ਡਾ. ਵਾਲੀਆ ਨੇ ਦੱਸਿਆ ਕਿ ਅਜਿਹੇ ਮੁਕਾਬਲਿਆਂ ਰਾਹੀਂ ਬੱਚੇ ਸੜਕ ਸੁਰੱਖਿਆ ਪ੍ਰਤੀ ਵੀ ਜਾਗਰੂਕ ਹੋਣਗੇ। ਡਾ. ਹਰਦੀਪ ਸਿੰਘ ਨੇ ਕਿਹਾ ਕਿ ਰਿਆਤ ਬਾਹਰਾ ਆਉਣ ਵਾਲੇ ਸਮੇਂ ਵਿੱਚ ਸਕੂਲ ਵਿੱਚ ਅਜਿਹੇ ਹੋਰ ਮੁਕਾਬਲੇ ਕਰਵਾਏਗਾ । ਇਸ ਮੌਕੇ ਸਟਾਫ ਮੈਂਬਰ ਵੀ ਹਾਜ਼ਰ ਸਨ।

## ਹਮਸਫ਼ਰ ਯੂਥ ਕਲੱਬ ਵੱਲੋਂ ਰੈੱਡ ਕਰਾਸ ਡੀਫ਼ ਤੇ ਡੰਬ ਸਕੂਲ 'ਚ ਚਿੱਤਰਕਲਾ ਮੁਕਾਬਲੇ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਅੰਤਰਰਾਸ਼ਟਰੀ ਕੈਂਸਰ ਦਿਵਸ ਨੂੰ ਸਮਰਪਤ ਹਮਸਫ਼ਰ ਯੂਥ ਕਲੱਬ ਵੱਲੋਂ ਡੀਫ਼ ਤੇ ਡੰਬ ਸਕੂਲ ਵਿਚ ਚਿੱਤਰਕਲਾ ਮੁਕਾਬਲੇ ਕਰਵਾਏ। ਜਿਸ ਵਿੱਚ ਪਹਿਲੀ ਤੋਂ ਬਾਰ੍ਹਵੀਂ ਕਲਾਸ ਦੇ ਵਿਦਿਆਰਥੀਆਂ ਨੇ ਚਿੱਤਰਕਾਰੀ ਦੌਰਾਨ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਮੁੱਖ ਮਹਿਮਾਨ ਵਜੋਂ ਇੰਡੀਅਨ ਰੈੱਡ ਕਰਾਸ ਸੁਸਾਇਟੀ ਜਲੰਧਰ ਸਾਬਕਾ ਤਹਿਸੀਲਦਾਰ ਇੰਦਰਦੇਵ ਸਿੰਘ ਮਿਨਹਾਸ ਸਕੱਤਰ ਇੰਡੀਅਨ ਰੈੱਡ ਕਰਾਸ ਸੁਸਾਇਟੀ ਜਲੰਧਰ ਅਤੇ ਡਾਕਟਰ ਅਰੁਣ ਕੁਮਾਰ ਬੀ ਏ ਐਮ ਐਸ ਸੀ ਸੀ ਪੀ ਟੀ ਕੇਰਲਾ ਆਯੁਰਵੈਦਿਕ ਜੁਆਇੰਟਜ਼ ਤੇ ਪੰਚਕਰਮਾ ਮਾਹਰ ਹਮਸਫ਼ਰ ਯੂਥ ਕਲੱਬ ਪ੍ਰਧਾਨ ਰੋਹਿਤ ਭਾਟੀਆ ਡਾਇਰੈਕਟਰ ਪੂਨਮ ਭਾਟੀਆ ਦੁਬਾਰਾ ਵਿਦਿਆਰਥੀਆਂ ਦੀ ਚਿੱਤਰਕਲਾ ਮੁਕਾਬਲੇ ਦਾ ਰਿਜ਼ਲਟ ਕੱਢਿਆ ਗਿਆ। ਜਿਸ ਵਿੱਚ ਸੀਨੀਅਰ ਕੈਟਾਗਰੀ ਵਿਚ ਜਸ਼ਨਪ੍ਰੀਤ ਕੌਰ ਪਹਿਲਾ, ਮੀਨਾਕਸ਼ੀ ਦੂਸਰੇ, ਵਿਸ਼ਾਲ ਤੀਸਰੇ, ਵਰੁਣ ਚੌਥੇ, ਸਪਨਾ ਪੰਜਵੇਂ ਸਥਾਨ 'ਤੇ ਰਹੀ ਅਤੇ ਜੂਨੀਅਰ ਕੈਟਾਗਰੀ ਵਿਚ ਅੰਸ਼ ਮਿਸ਼ਰਾ, ਅਭੇ ਕਾਰਤਿਕ ਗੌਰਵ ਨੇ ਜੂਨੀਅਰ ਕੈਟਾਗਰੀ ਦਾ ਚਿੱਤਰਕਲਾ ਮੁਕਾਬਲਾਂ ਜਿੱਤਿਆ। ਇਸ ਮੌਕੇ ਸਕੱਤਰ ਇੰਦਰਦੇਵ ਸਿੰਘ ਨੇ ਦੱਸਿਆ ਕਿ ਹਮਸਫ਼ਰ ਯੂਥ ਕਲੱਬ ਵੱਲੋਂ ਇਨ੍ਹਾਂ ਡੀਫ਼ ਤੇ ਡੰਬ ਬੱਚਿਆਂ ਲਈ ਬਹੁਤ ਹੀ ਸ਼ਲਾਘਾਯੋਗ ਕਾਰਜ ਕੀਤਾ ਗਿਆ। ਡਾਕਟਰ ਅਰੁਨ ਅਤੇ ਰੈੱਡ ਕਰਾਸ ਡੈਫ ਤੇ ਡੰਬ ਸਕੂਲ ਦੇ ਪ੍ਰਿੰਸੀਪਲ ਪੁਸ਼ਪਿੰਦਰ ਸ਼ਰਮਾ ਨੇ ਦੱਸਿਆ ਕਿ ਇਹ ਬੱਚੇ ਸੁਣ ਤੇ ਬੋਲ ਨਹੀਂ ਸਕਦੇ, ਇਸ ਲਈ ਚਿੱਤਰਕਲਾ ਪੇਂਟਿੰਗ ਦੁਆਰਾ ਆਪਣੇ ਮਨ ਦੀਆਂ ਭਾਵਨਾਵਾਂ ਨੂੰ ਜ਼ਾਹਰ ਕਰਨ ਦਾ ਹਮਸਫ਼ਰ ਯੂਥ ਕਲੱਬ ਵੱਲੋਂ ਬਹੁਤ ਹੀ ਮਹਾਨ ਕਾਰਜ ਸਿਰਜਿਆ ਗਿਆ। ਇਸ ਮੌਕੇ ਹਮਸਫ਼ਰ ਯੂਥ ਕਲੱਬ ਦੇ ਸੀਨੀਅਰ ਆਗੂ ਰੋਹਿਤ ਭਾਟੀਆ ਪੂਨਮ ਭਾਟੀਆ ਡਾਕਟਰ ਅਰੁਣ ਹਰਿੰਦਰ ਕੁਮਾਰ ਰੈੱਡ ਕਰਾਸ ਸਕੂਲ ਦੇ ਪ੍ਰਿੰਸੀਪਲ ਪੁਸ਼ਪਿੰਦਰ ਸ਼ਰਮਾ ਇੰਡੀਅਨ ਰੈੱਡ ਕਰਾਸ ਸੁਸਾਇਟੀ ਦੇ ਸੱਕਤਰ ਸਾਬਕਾ ਤਹਿਸੀਲਦਾਰ ਇੰਦਰਦੇਵ ਸਿੰਘ ਮਿਨਹਾਸ ਅਧਿਆਪਕ ਦੀਪਤੀ ਰਮਨਦੀਪ ਕੌਰ ਸੁਰਿੰਦਰ ਪ੍ਰੇਸ਼ਰ ਸ਼ਕੁੰਤਲਾ ਕੰਚਨ ਸ਼ਰਮਾ ਰਜਿੰਦਰ ਕੌਰ ਆਦਿ ਅਨੇਕਾਂ ਹੋਰ ਪਤਵੰਤੇ ਸੱਜਣ ਮੌਜੂਦ ਹਨ।



## ਬਿਨਾਂ ਕਿਸੇ ਲਾਲਚ ਦੇ ਮਰੀਜ਼ਾਂ ਦਾ ਇਲਾਜ ਕਰਵਾਉਣਾ ਵਾਹਿਗੁਰੂ ਦੇ ਸਿਮਰਨ ਬਰਾਬਰ : ਸੰਤ ਗੁਰਦਿਆਲ ਸਿੰਘ



**ਟਾਂਡਾ ਉੜਮੁੜ (ਉਂਕਾਰ ਸਿੰਘ, ਜਸਵਿੰਦਰ ਸੰਧੂ )**- ਸੰਤ ਬਾਬਾ ਗੁਰਦਿਆਲ ਸਿੰਘ ਦੀ ਰਹਿਨੁਮਾਈ ਹੇਠ ਬੈਸਟ ਕਰਮਾਂ ਚੈਰਿਟੀ ਕੈਨੇਡਾ ਅਤੇ ਰੋਟਰੀ ਕਲੱਬ ਟਾਂਡਾ ਦੇ ਸਹਿਯੋਗ ਨਾਲ ਬਾਬਾ ਬਲਵੰਤ ਸਿੰਘ ਮੈਮੋਰੀਅਲ ਚੈਰੀਟੇਬਲ ਹਸਪਤਾਲ ਦਾਰਾਪੁਰ ਟਾਂਡਾ ਵਿਖੇ ਲਗਾਏ ਗਏ ਅੱਖਾਂ ਦੀ ਸਰਜਰੀ ਅਤੇ ਹਾਰਟ ਚੈੱਕਅਪ ਦੇ ਮੈਗਾ ਕੈਂਪ ਦੌਰਾਨ ਪਾਏ ਗਏ ਅੱਖਾਂ ਦੇ ਅਪਰੇਸਨ ਵਾਲੇ ਸੈਂਕੜੇ ਮਰੀਜਾਂ ਦੀਆਂ ਅੱਖਾਂ ਦੇ ਆਪ੍ਰੇਸਨ ਕਰਕੇ ਉਨ੍ਹਾਂ ਦੇ ਤੰਦਰੁਸਤ ਹੋਣ ਤੇ ਹਸਪਤਾਲ ਮੈਨੇਜਮੈਂਟ ਕਮੇਟੀ ਵੱਲੋਂ ਉਨ੍ਹਾਂ ਨੂੰ ਵਿਦਾਇਗੀ ਦੇਣ ਸੰਬੰਧੀ ਇੱਕ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸੰਤ ਬਾਬਾ ਗੁਰਦਿਆਲ ਸਿੰਘ ਜੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਮੌਕੇ ਸੰਤ ਬਾਬਾ ਗੁਰਦਿਆਲ ਸਿੰਘ ਨੇ ਅੱਖਾਂ ਦੇ ਮਰੀਜਾਂ ਨੂੰ ਉਨ੍ਹਾਂ ਦੇ ਹੋਏ ਸਫਲ ਅਪ੍ਰੇਸ਼ਨ ਦੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਬਾਬਾ ਬਲਵੰਤ ਸਿੰਘ ਚੈਰੀਟੇਬਲ ਹਸਪਤਾਲ ਨੇ ਕੋਈ ਵੀ ਕੁਦਰਤੀ ਆਫਤ ਆਉਣ ਤੇ ਹਮੇਸ਼ਾ ਇਲਾਕੇ ਦੇ ਲੋਕਾਂ ਦੀ ਪੂਰੀ ਤਨਦੇਹੀ ਨਾਲ ਸੇਵਾ ਕੀਤੀ ਹੈ। ਰੋਟਰੀ ਕਲੱਬ ਟਾਂਡਾ ਦੇ ਪ੍ਰਧਾਨ ਦੀਪਕ ਬਹਿਲ ਨੇ ਬਾਬਾ ਬਲਵੰਤ ਸਿੰਘ ਹਸਪਤਾਲ ਦੇ ਸਮੂਹ ਡਾਕਟਰਾਂ ਅਤੇ ਸਮੂਹ ਸਟਾਫ ਵੱਲੋਂ ਮਰੀਜਾਂ ਦੀ ਨਿਸਕਾਮ ਭਾਵਨਾ ਨਾਲ ਕੀਤੀ ਜਾ ਰਹੀ ਸੇਵਾ ਦੀ ਪ੍ਰਸ਼ੰਸਾ ਕੀਤੀ। ਇਸ ਮੌਕੇ ਸੰਤ ਬਾਬਾ ਗੁਰਦਿਆਲ ਸਿੰਘ ਨੇ ਅਮਰੀਕਾ ਤੋਂ ਆਏ ਅੱਖਾਂ ਦੇ ਮਾਹਿਰ ਡਾ. ਪੁਨੀਤ ਰਾਜ ਸਿੰਘ ਅਤੇ ਹਾਰਟ ਦੇ ਸਪੈਸਲਿਸਟ ਡਾ. ਅਮਰਜੋਤ ਸਿੰਘ ਮਾਨ ਦਾ ਇਸ ਕੈਂਪ ਵਿੱਚ ਆ ਕੇ ਮਰੀਜਾਂ ਦਾ ਨਿਸਕਾਮ ਭਾਵਨਾ ਨਾਲ ਸੇਵਾ ਕਰਨ ਤੇ ਧੰਨਵਾਦ ਕੀਤਾ। ਇਸ ਮੌਕੇ ਪ੍ਰੋਫੈਸਰ ਮਨਪ੍ਰੀਤ ਕੌਰ, ਜਥੇਦਾਰ ਹਰਮੇਲ ਪ੍ਰਕਾਸ਼ ਸਿੰਘ, ਡਾ. ਨਛੱਤਰ ਸਿੰਘ, ਡਾ. ਦਵਿੰਦਰ ਸਿੰਘ, ਡਾ. ਵਿਨੋਦ ਸਰੀਨ, ਡਾ. ਪ੍ਰੀਤ ਪਾਲ ਸਿੰਘ, ਡਾ. ਆਸੂ ਸਰਮਾ, ਡਾ. ਸਤਪਾਲ ਸਿੰਘ, ਬਲਵਿੰਦਰ ਸਿੰਘ, ਅਸਵਨੀ ਕੁਮਾਰ, ਦਲਜੀਤ ਕੌਰ, ਰਜਨੀਤ ਕੌਰ, ਜਸਵਿੰਦਰ ਕੌਰ ਮੁਬਾਰਕ, ਬਲਜੀਤ ਕੌਰ ਅਤੇ ਰੋਟਰੀ ਕਲੱਬ ਮੈਂਬਰਾਂ ਤੋਂ ਇਲਾਵਾ ਹੋਰ ਹਾਜ਼ਰ ਸਨ।

## ਰਾਣੂੰ ਯਾਦਗਾਰੀ ਟਰੱਸਟ ਸਕੂਲ ਸਿੱਖਿਆ ਬੋਰਡ ਦੇ ਮੇਵਾ ਗਿੱਲ ਚੇਅਰਮੈਨ ਤੇ ਜਰਨੈਲ ਚੁੰਨੀ ਪ੍ਰਧਾਨ ਚੁਣੇ

**ਮੋਹਾਲੀ (ਗੁਰਜੀਤ ਬਿੱਲਾ)**-ਕਰਤਾਰ ਸਿੰਘ ਰਾਣੂੰ ਯਾਦਗਾਰੀ ਟਰੱਸਟ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਵਿਸ਼ੇਸ ਮੀਟਿੰਗ ਸ੍ਰੀਮਤੀ ਕੰਵਲਜੀਤ ਕੌਰ ਗਿੱਲ ਦੀ ਪ੍ਰਧਾਨਗੀ ਹੇਠ ਹੋਈ, ਜਿਸ 'ਚ ਸਰਬਸੰਮਤੀ ਨਾਲ ਮੇਵਾ ਸਿੰਘ ਗਿੱਲ ਨੂੰ ਚੇਅਰਮੈਨ ਅਤੇ ਜਰਨੈਲ ਸਿੰਘ ਚੁੰਨੀ ਨੂੰ ਪ੍ਰਧਾਨ ਚੁਣਿਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਨਵੇ ਚੁਣੇ ਗਏ ਜਨਰਲ ਸਕੱਤਰ ਕਮਿੱਕਰ ਸਿੰਘ ਗਿੱਲ ਨੇ ਦੱਸਿਆ ਕਿ ਟਰੱਸਟ ਵੱਲੋਂ ਫੈਸਲਾ ਕੀਤਾ ਗਿਆ ਕਿ ਅਪ੍ਰੈਲ 2024 ਦੀਆਂ ਦਸਵੀਂ ਅਤੇ ਬਾਰ੍ਹਵੀਂ ਸ੍ਰੇਣੀ ਦੀਆਂ ਪ੍ਰੀਖਿਆਵਾਂ 'ਚ ਸਿੱਖਿਆ ਬੋਰਡ ਦੇ ਮੁਲਾਜਮਾਂ ਦੇ ਬੱਚਿਆਂ 'ਚੋਂ ਪਹਿਲੇ ਤਿੰਨ ਅਸਥਾਨ ਪ੍ਰਾਪਤ ਕਰਨ ਵਾਲੇ ਬੱਚਿਆਂ ਤਮਗਿਆਂ ਨਾਲ ਸਨਮਾਨਿਤ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਟਰੱਸਟ ਦੀ ਸਰਬਸੰਮਤੀ ਨਾਲ ਚੋਣ ਹੋਈ ਜਿਸ ਵਿੱਚ ਮੇਵਾ ਸਿੰਘ ਗਿੱਲ ਨੂੰ ਚੇਅਰਮੈਨ ਅਤੇ ਜਰਨੈਲ ਸਿੰਘ ਚੁੰਨੀ ਨੂੰ ਪ੍ਰਧਾਨ ਚੁਣਿਆ ਗਿਆ। ਇਸ ਤੋਂ ਇਲਾਵਾ ਹਰਬੰਸ ਬਾਗੜੀ ਨੂੰ ਸਰਪਰਸ਼ਤ, ਸ੍ਰੀਮਤੀ ਅਮਰਜੀਤ ਕੌਰ ਨੂੰ ਮੁੱਖ ਸਲਾਹਕਾਰ, ਐਮ ਪੀ ਸ਼ਰਮਾ ਨੂੰ ਸਲਾਹਕਾਰ, ਹਰਦਮਨ ਸਿੰਘ ਨੂੰ ਸੀਨੀਅਰ ਮੀਤ ਪ੍ਰਧਾਨ, ਬਲਵੰਤ ਸਿੰਘ ਅਤੇ ਬਲਵਿੰਦਰ ਸਿੰਘ ਚਨਾਰਥਲ ਨੂੰ ਮੀਤ ਪ੍ਰਧਾਨ, ਕਮਿੱਕਰ ਸਿੰਘ ਗਿੱਲ ਨੂੰ ਜਨਰਲ ਸਕੱਤਰ, ਜਰਨੈਲ ਸਿੰਘ ਦੁੱਗਾਂ ਨੂੰ ਸਕੱਤਰ, ਹਰਬੰਸ ਸਿੰਘ ਨੂੰ ਵਿੱਤ ਸਕੱਤਰ, ਸੁਖਚੈਨ ਸਿੰਘ ਸੈਣੀ ਨੂੰ ਸੰਗਠਨ ਸਕੱਤਰ, ਭਗਵੰਤ ਸਿੰਘ ਬੇਦੀ ਨੂੰ ਪ੍ਰੈਸ ਸਕੱਤਰ, ਜਗਤਾਰ ਸਿੰਘ ਨੂੰ ਸੰਯੁਕਤ ਸਕੱਤਰ ਅਤੇ ਸਿਕੰਦਰ ਸਿੰਘ ਨੂੰ ਦਫਤਰ ਸਕੱਤਰ ਚੁਣਿਆ ਗਿਆ।

## ਅਕਾਲੀ ਦਲ ਵੱਲੋਂ ਪੰਜਾਬ ਬਚਾਓ ਯਾਤਰਾ ਦਾ ਲੋਕਾਂ 'ਚ ਉਤਸ਼ਾਹ

**ਸ਼ੁਤ੍ਰਾਣਾ ਕਾਠਗੜ੍ਹ ( ਸੁਖਜੀਤ ਭਾਟੀਆ)**- ਸ਼੍ਰੋਮਣੀ ਅਕਾਲੀ ਦਲ (ਬਾਦਲ) ਵੱਲੋਂ ਪੰਜਾਬ ਵਿੱਚ ਸ਼ੁਰੂ ਕੀਤੀ ਗਈ 'ਪੰਜਾਬ ਬਚਾਓ ਯਾਤਰਾ' ਜਿੱਥੇ ਪੰਜਾਬੀਆਂ ਵਿੱਚ ਉਤਸ਼ਾਹ ਪੈਦਾ ਕਰ ਰਹੀ ਹੈ ਉੱਥੇ ਹੀ ਇਸ ਯਾਤਰਾ ਨਾਲ ਲੋਕਾਂ ਵਿੱਚ ਨਵੀਂ ਚੇਤਨਾ ਵੀ ਪੈਦਾ ਹੋ ਰਹੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਾਠਗੜ੍ਹ ਵਿਖੇ ਬੀਤੇ ਕਈ ਦਿਨਾਂ ਤੋਂ ਬਿਮਾਰ ਚੱਲ ਰਹੇ ਪੱਤਰਕਾਰ ਸੁਭਾਸ਼ ਭਾਟੀਆ ਦੀ ਸਿਹਤ ਦਾ ਹਾਲ ਜਾਨਣ ਲਈ ਉਨ੍ਹਾਂ ਦੇ ਗ੍ਰਹਿ ਵਿਖੇ ਪਹੁੰਚੇ ਹਲਕਾ ਸਨੌਰ ਤੋਂ ਵਿਧਾਇਕ ਹਰਿੰਦਰਪਾਲ ਸਿੰਘ ਚੰਦੂ ਮਾਜਰਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੌਜੂਦਾ ਆਪ ਸਰਕਾਰ ਦਾ ਧਿਆਨ ਸਿਰਫ ਬਦਲਾਖੋਰੀ 'ਤੇ ਹੀ ਲੱਗਾ ਹੋਇਆ ਹੈ ਅਤੇ ਜੋ ਵਾਅਦੇ ਚੋਣਾਂ ਦੌਰਾਨ ਕੀਤੇ ਸਨ ਉਨ੍ਹਾਂ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਆਪ ਸਰਕਾਰ ਅਕਾਲੀਆਂ ਨੂੰ ਬਦਨਾਮ ਕਰਨ ਲਈ ਝੂਠੇ ਪਰਚੇ ਦਰਜ ਕਰਕੇ ਜੇਲਾਂ ਵਿੱਚ ਡੱਕ ਰਹੀ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਵੱਲੋਂ ਸ਼ੁਰੂ ਕੀਤੀ ਗਈ 'ਪੰਜਾਬ ਬਚਾਓ ਯਾਤਰਾ' ਦਾ ਮਕਸਦ ਪੰਜਾਬ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਨੂੰ ਲੋਕਾਂ ਦੀ ਕਚਹਿਰੀ ਵਿੱਚ ਉਜਾਗਰ ਕਰਨਾ ਹੈ। ਉਹਨਾਂ ਕਿਹਾ ਕਿ ਸ੍ਰੋਮਣੀ ਅਕਾਲੀ ਦਲ ਦੀ ਪਾਰਟੀ ਹੀ ਇੱਕ ਅਜਿਹੀ ਪਾਰਟੀ ਹੈ ਜੋ ਹਰ ਵਰਕਰ, ਆਗੂ ਤੇ ਵੋਟਰ ਦਾ ਸਤਿਕਾਰ ਕਰਦੀ ਹੈ ਤੇ ਪੰਜਾਬ ਦੀ ਅਸਲ ਹਿਤੈਸ਼ੀ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਅਕਾਲੀ ਦਲ ਤੇ ਬਸਪਾ ਗੱਠਜੋੜ ਪੰਜਾਬ ਦੀਆਂ ਸਾਰੀਆਂ ਸੀਟਾਂ 'ਤੇ ਜਿੱਤ ਪ੍ਰਾਪਤ ਕਰੇਗਾ। ਇਸ ਮੌਕੇ ਉਨਾਂ ਦੇ ਨਾਲ ਅਕਾਲੀ ਆਗੂ ਦਲਜੀਤ ਸਿੰਘ ਮਾਣੇਵਾਲ, ਸੁਰਜੀਤ ਕੋਹਲੀ ਆਦਿ ਵੀ ਮੌਜੂਦ ਸਨ।



## ਪਿੰਡ ਜੌਹਲਾਂ 'ਚ ਸਲਾਨਾ ਬਰਸੀ ਸਮਾਗਮ ਕਰਵਾਏ

**ਜਲੰਧਰ (ਇਕਬਾਲ ਸਿੰਘ ਉਭੀ)**- ਸਥਾਨਕ ਰਾਮਾਂਮੰਡੀ ਤੋਂ ਹੁਸ਼ਿਆਰਪੁਰ ਮਾਰਗ 'ਤੇ ਸਥਿਤ ਗੁਰਦੁਆਰਾ ਸੰਤ ਸਾਗਰ ਚਾਹ ਵਾਲਾ ਪਿੰਡ ਜੌਹਲਾਂ ਵਿਖੇ ਸ੍ਰੀਮਾਨ ਸੰਤ ਬਾਬਾ ਕਪੂਰ ਸਿੰਘ ਨਿਰਬਾਣ ਦੀ ਯਾਦ ਵਿੱਚ ਮੌਜੂਦਾ ਮੁਖੀ ਸੰਤ ਬਾਬਾ ਹਰਜਿੰਦਰ ਸਿੰਘ ਜੀ ਦੀ ਦੇਖ ਰੇਖ ਹੇਠ 108ਵਾਂ ਗੁਰਮਤਿ ਸਮਾਗਮ ਕਰਵਾਇਆ ਗਿਆ । ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਉਪਰੰਤ ਪੰਥ ਪ੍ਰਸਿੱਧ ਕੀਰਤਨੀ ਜਥਿਆਂ, ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਭਾਈ ਰਵਿੰਦਰ ਸਿੰਘ , ਭਾਈ ਹਰਜੋਤ ਸਿੰਘ ਜ਼ਖਮੀ, ਭਾਈ ਸਰਬਜੀਤ ਸਿੰਘ ਪਟਨਾ ਸਾਹਿਬ ਵਾਲੇ, ਭਾਈ ਸ਼ਮਸ਼ੇਰ ਸਿੰਘ ਅਤੇ ਭਾਈ ਜਗਜੀਵਨ ਸਿੰਘ ਸਮੇਤ ਹੋਰ ਰਾਗੀ ਸਿੰਘਾਂ ਵਲੋਂ ਗੁਰਬਾਣੀ ਦਾ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਿਆ। ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਪਹੁੰਚੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਗਿਆਨੀ ਬਲਜੀਤ ਸਿੰਘ ਨੇ ਗੁਰਮਤਿ ਵਿਚਾਰਾਂ ਕਰਦੇ ਹੋਏ ਸੰਤ ਬਾਬਾ ਕਪੂਰ ਸਿੰਘ ਨਿਰਬਾਣ ਦੇ ਜੀਵਨ ਬਾਰੇ ਚਾਨਣਾ ਪਾਇਆ ਅਤੇ ਸੰਗਤਾਂ ਨੂੰ ਬਾਬਾ ਜੀ ਦੇ ਦਰਸਾਏ ਮਾਰਗ 'ਤੇ ਚੱਲਣ ਲਈ ਪ੍ਰੇਰਿਆ। ਪੰਥ ਪ੍ਰਸਿੱਧ ਬੁਲਾਰੇ ਭਾਈ ਭਗਵਾਨ ਸਿੰਘ ਜੌਹਲ ਨੇ ਵੀ ਇਸ ਡੇਰੇ ਵਿਚ ਹੋ ਰਹੇ ਸਲਾਨਾ ਸਮਾਗਮਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਪ੍ਰੋ. ਮਨਜਿੰਦਰ ਸਿੰਘ ਜੌਹਲ ਨੇ ਮੰਚ ਸੰਚਾਲਕ ਦੀ ਭੂਮਿਕਾ ਬਾਖੂਬੀ ਨਿਭਾਉਂਦੇ ਹੋਏ ਇਸ ਸਮਾਗਮ ਬਾਰੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਮੌਕੇ ਸੰਤ ਤੇਜਾ ਸਿੰਘ ਜੀ, ਡਾ. ਸੰਤ ਸਤਵੰਤ ਸਿੰਘ, ਸੰਤ ਕਸ਼ਮੀਰ ਸਿੰਘ ਕੋਟ ਫਤੂਹੀ, ਸੰਤ ਗੁਰਨਾਮ ਸਿੰਘ ਡਲੀ ਵਾਲੇ, ਸੰਤ ਗੁਰਚਰਨ ਸਿੰਘ ਬੱਦੋ, ਸੰਤ ਸਤਨਾਮ ਸਿੰਘ ਸਮਰਾਵਾਂ, ਗਿਆਨੀ ਪਰਮਜੀਤ ਸਿੰਘ ਮਾਡਲ ਟਾਊਨ ਵਾਲਿਆਂ ਸਮੇਤ ਹੋਰ ਸੰਤ ਮਹਾਂਪੁਰਖ ਅਤੇ ਭਾਰੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ। ਇਸੇ ਤਰ੍ਹਾ ਪਿੰਡ ਜੌਹਲਾਂ ਵਿਖੇ ਹੀ ਗੁਰਦੁਆਰਾ ਸੰਤ ਬਾਬਾ ਗੋਪਾਲ ਸਿੰਘ ਜੌਹਲਾਂ ਵਿਖੇ ਸੰਤ ਬਾਬਾ ਗੋਪਾਲ ਸਿੰਘ ਦੇ ਬਰਸੀ ਸਮਾਗਮ ਕਰਵਾਏ ਗਏ। ਇਸ ਸਮਾਗਮ ਬਾਰੇ ਜਾਣਕਾਰੀ ਦਿੰਦਿਆਂ ਗੁਰੁਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਗੁਰਦੀਪ ਸਿੰਘ ਹੈਪੀ ਨੇ ਦੱਸਿਆ ਕਿ ਇਹ ਸਮਾਗਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਸ੍ਰੀਮਾਨ 108 ਸੰਤ ਬਾਬਾ ਜੀਤ ਸਿੰਘ ਮੁਖੀ ਨਿਰਮਲ ਕੁਟੀਆ ਜੌਹਲਾਂ ਵਾਲਿਆਂ ਦੀ ਦੇਖ-ਰੇਖ ਹੇਠ ਕਰਵਾਇਆ ਗਿਆ। ਉਨ੍ਹਾਂ ਦੱਸਿਆ ਕਿ ਇਸ ਮੌਕੇ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਅਤੇ ਰਾਗੀ ਸਿੰਘਾਂ ਵਲੋਂ ਗੁਰਬਾਣੀ ਦਾ ਕੀਰਤਨ ਕਰਕੇ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਿਆ ਗਿਆ। ਇਸ ਮੌਕੇ ਸੰਤ ਬਾਬਾ ਜੀਤ ਸਿੰਘ ਨੇ ਗੁਰਮਤਿ ਵਿਚਾਰਾਂ ਕਰਦੇ ਹੋਏ ਬਾਬਾ ਗੋਪਾਲ ਸਿੰਘ ਦੇ ਜੀਵਨ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਅਤੇ ਨੌਜਵਾਨ ਪੀੜ੍ਹੀ ਨੂੰ ਬਾਬਾ ਜੀ ਦੇ ਦਰਸਾਏ ਮਾਰਗ ਤੇ ਚੱਲਣ ਲਈ ਪ੍ਰੇਰਿਆ। ਇਸ ਉਪਰੰਤ ਗੁਰੂ ਕੇ ਅਤੁੱਟ ਲੰਗਰ ਵਰਤਾਏ ਗਏ।



## ਗੈਰ-ਭਾਜਪਾਈ ਰਾਜ ਵਾਲੇ ਸੂਬਿਆਂ ਨਾਲ ਵਿਤਕਰੇ ਦੀ ਨਿਖੇਧੀ





**ਸ਼ਾਹਕੋਟ (ਗਿਆਨ ਸੈਦਪੁਰੀ)**- ਕੁੱਲ ਹਿੰਦ ਕਿਸਾਨ ਸਭਾ ਤਹਿਸੀਲ ਸ਼ਾਹਕੋਟ ਦੇ ਆਗੂਆਂ ਕਾਮਰੇਡ ਬਚਿੱਤਰ ਸਿੰਘ ਤੱਗੜ, ਵਰਿੰਦਰਪਾਲ ਕਾਲਾ ਅਤੇ ਕੇਵਲ ਸਿੰਘ ਦਾਨੇਵਾਲ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਕੇਂਦਰ ਸਰਕਾਰ ਦਾ ਗੈਰ ਭਾਜਪਾ ਰਾਜ ਵਾਲੇ ਸੂਬਿਆਂ ਨਾਲ ਵਿਤਕਰੇ ਵਾਲਾ ਰਵੱਈਆ ਸਖਤ ਨਿੰਦਣਯੋਗ ਹੈ। ਇਸ ਵਿਤਕਰੇ ਵਿਰੁੱਧ ਮੁਲਕ ਭਰ ਵਿੱਚ ਰੋਸ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਕੇਂਦਰ ਸਰਕਾਰ ਵੱਲੋਂ ਸੂਬਿਆਂ ਨੂੰ ਗਵਰਨਰਾਂ ਰਾਹੀ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਪੂਰੇ ਭਾਰਤ ਵਿੱਚ ਕੇਰਲਾ ਦੇ ਖੱਬੇ ਜਮਹੂਰੀ ਮੋਰਚੇ ਦੀ ਸਰਕਾਰ ਦੀ ਕਾਰਗੁਜ਼ਾਰੀ ਸਭ ਤੋਂ ਵਧੀਆ ਹੈ। ਇਸੇ ਕਰਕੇ ਕੇਰਲਾ ਸਰਕਾਰ ਮੋਦੀ ਸਰਕਾਰ ਦੀਆਂ ਅੱਖਾਂ ਵਿੱਚ ਰੜਕਦੀ ਹੈ। ਗੈਰ ਭਾਜਪਾਈ ਸੱਤਾ ਵਾਲੇ ਤੇ ਖਾਸ ਕਰਕੇ ਕਮਿਊਨਿਸਟ ਰਾਜ ਵਾਲੇ ਕੇਰਲਾ ਨਾਲ ਵਿਤਕਰੇ ਦੀ ਮਿਸਾਲ ਦਿੰਦਿਆਂ ਕਿਸਾਨ ਆਗੂਆਂ ਨੇ ਦੱਸਿਆ ਕਿ ਕੇਂਦਰ ਸਰਕਾਰ ਨੇ ਜਿੱਥੇ ਕੇਰਲਾ ਨੂੰ ਉੱਨੀ ਹਜ਼ਾਰ ਕਰੋੜ ਰੁਪਏ ਜਾਰੀ ਕੀਤੇ ਉੱਥੇ ਉੱਤਰ ਪ੍ਰਦੇਸ਼ ਨੂੰ ਦੋ ਲੱਖ ਚਾਲੀ ਹਜ਼ਾਰ ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ। ਉਨ੍ਹਾਂ ਦੱਸਿਆ ਕਿ ਉੱਤਰ ਪ੍ਰਦੇਸ਼ ਕੇਰਲਾ ਨਾਲੋਂ ਛੇ ਗੁਣਾ ਵੱਡਾ ਹੈ। ਇਸ ਅਨੁਪਾਤ ਨਾਲ ਯੂ.ਪੀ ਨੂੰ ਇੱਕ ਲੱਖ ਚੌਦਾਂ ਹਜ਼ਾਰ ਕਰੋੜ ਰੁਪਏ ਦੇਣੇ ਬਣਦੇ ਸਨ। ਇਸ ਨਾਲੋਂ ਦੁੱਗਣੀ ਰਕਮ ਜਾਰੀ ਕਰ ਕੇ ਮੋਦੀ ਸਰਕਾਰ ਦੇ ਵਿਤਕਰੇ ਦਾ ਵਿਕਰਾਲ ਰੂਪ ਸਾਹਮਣੇ ਆਇਆ ਹੈ। ਇਸ ਦੇ ਨਾਲ ਹੀ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਰਾਹੀਂ ਵਿਰੋਧੀਆਂ ਨੂੰ ਤੰਗ ਕੀਤਾ ਜਾ ਰਿਹਾ ਹੈ। ਮੋਦੀ ਸਰਕਾਰ ਦੇਸ਼ ਅੰਦਰ ਫੈਡਰਲ ਢਾਂਚੇ ਨੂੰ ਤਬਾਹ ਕਰਨ ਦੇ ਰਾਹ ਤੁਰੀ ਹੋਈ ਹੈ।

## ਸ਼ਰਾਬ ਦੀਆਂ 14 ਪੇਟੀਆਂ ਸਮੇਤ ਦੋ ਗ੍ਰਿਫ਼ਤਾਰ

**ਜਲੰਧਰ, ( ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)** - ਪੁਲਸ ਕਮਿਸ਼ਨਰ ਸਵਪਨ ਸ਼ਰਮਾ ਦੀ ਅਗਵਾਈ ਹੇਠ ਜਲੰਧਰ ਕਮਿਸ਼ਨਰੇਟ ਪੁਲਸ ਨੇ ਸ਼ਰਾਬ ਦੀ ਤਸਕਰੀ ਕਰਨ ਵਾਲੇ ਇੱਕ ਰੈਕੇਟ ਦਾ ਪਰਦਾਫਾਸ਼ ਕਰਦਿਆਂ ਦੋ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਪਾਸੋਂ 14 ਪੇਟੀਆਂ ਸ਼ਰਾਬ ਬਰਾਮਦ ਕੀਤੀ ਹੈ।

ਇਸ ਸਬੰਧੀ ਪੁਲਸ ਕਮਿਸ਼ਨਰ ਨੇ ਦੱਸਿਆ ਕਿ ਉਨ੍ਹਾਂ ਨੂੰ ਇਤਲਾਹ ਮਿਲੀ ਸੀ ਕਿ ਸ਼ਹਿਰ ਵਿੱਚ ਸ਼ਰਾਬ ਦੀ ਤਸਕਰੀ ਕਰਨ ਵਾਲਾ ਗਰੋਹ ਸਰਗਰਮ ਹੈ। ਉਨ੍ਹਾਂ ਦੱਸਿਆ ਕਿ ਸੂਚਨਾ ਦੇ ਆਧਾਰ 'ਤੇ ਪੁਲਸ ਪਾਰਟੀ ਨੇ ਬਸ਼ੀਰਪੁਰਾ ਦੇ ਮੇਨ ਬਜ਼ਾਰ ਕੋਲ ਇੱਕ ਹੁੰਡਈ ਸੈਂਟਰੋ ਨੂੰ ਰਜਿਸਟ੍ਰੇਸ਼ਨ ਨੰਬਰ ਪੀ.ਬੀ.08 ਏ.ਯੂ.4295 ਰੋਕ ਕੇ ਚੈੱਕ ਕੀਤਾ। ਸਵਪਨ ਸ਼ਰਮਾ ਨੇ ਦੱਸਿਆ ਕਿ ਪੁਲਸ ਨੇ ਕਾਰ ਦੀ ਤਲਾਸ਼ੀ ਦੌਰਾਨ ਕਾਰ ਵਿੱਚੋ 14 ਪੇਟੀਆਂ ਪੰਜਾਬ ਦੀ ਸਰਾਬ ਦੀਆਂ ਬਰਾਮਦ ਕੀਤੀਆਂ। ਪੁਲਸ ਨੇ ਤੁਰੰਤ ਕਾਰ ਵਿਚ ਸਵਾਰ ਵਰਿੰਦਰ ਕੁਮਾਰ ਪੁੱਤਰ ਕਾਂਤਾ ਪਰਸਾਦ ਵਾਸੀ ਮਕਾਨ ਨੰ: 128 ਕਮਲ ਵਿਹਾਰ ਬਸ਼ੀਰਪੁਰਾ ਜਲੰਧਰ ਅਤੇ ਨਰੇਸ਼ ਕੁਮਾਰ ਪੁੱਤਰ ਰਾਮ ਅਵਤਾਰ ਵਾਸੀ ਗੁਰੂ ਨਾਨਕਪੁਰਾ ਜਲੰਧਰ ਨੂੰ ਕਾਬੂ ਕਰ ਲਿਆ। ਉਨ੍ਹਾਂ ਦੱਸਿਆ ਕਿ ਤਫਤੀਸ਼ ਦੌਰਾਨ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਇੱਕ ਹੋਰ ਮੁਲਜ਼ਮ ਬਲਦੇਵ ਸਿੰਘ ਪੁੱਤਰ ਰਤਨ ਲਾਲ ਵਾਸੀ ਕਮਲ ਵਿਹਾਰ ਜਲੰਧਰ ਵੀ ਸ਼ਾਮਲ ਸੀ। ਮੁਲਜ਼ਮਾਂ ਖਿਲਾਫ ਥਾਣਾ ਰਾਮਾ ਮੰਡੀ ਜਲੰਧਰ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ। ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਵਰਿੰਦਰ ਖਿਲਾਫ ਪਹਿਲਾਂ ਹੀ ਐਕਸਾਈਜ਼ ਐਕਟ ਤਹਿਤ 24 ਮੁਕੱਦਮੇ ਦਰਜ ਹਨ ਜਦਕਿ ਨਰੇਸ਼ ਕੁਮਾਰ ਦਾ ਕੋਈ ਅਪਰਾਧਕ ਰਿਕਾਰਡ ਨਹੀਂ ਮਿਲਿਆ ਹੈ।

## ਪੈਨਸ਼ਨਰਾਂ ਵੱਲੋਂ 16 ਦੇ ਭਾਰਤ ਬੰਦ 'ਚ ਸ਼ਾਮਲ ਹੋਣ ਦਾ ਐਲਾਨ



**ਖਰੜ (ਹਰਨਾਮ ਸਿੰਘ ਡੱਲਾ)**- ਪੈਨਸ਼ਨਰਜ਼ ਭਲਾਈ ਸੰਸਥਾ ਖਰੜ ਦੀ ਮੀਟਿੰਗ ਗੁਰਦੁਆਰਾ ਸਾਹਿਬ ਦਸਮੇਸ਼ ਨਗਰ ਵਿਖੇ ਸਾਥੀ ਰਾਮ ਕਿਸ਼ਨ ਧੁੰਨਕੀਆ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਮਿਤੀ 16 ਫਰਵਰੀ ਨੂੰ ਭਾਰਤ ਬੰਦ ਦੇ ਅੰਦੋਲਨ ਵਿਚ ਹਿੱਸਾ ਲੈਣ ਲਈ ਕਿਹਾ ਗਿਆ। ਇਸ ਉਪਰੰਤ ਪੈਨਸ਼ਨਰਾਂ ਦੀਆਂ ਮੰਗਾਂ ਜੋ ਕਿ ਪਿਛਲੇ ਲੰਮੇ ਸਮੇਂ ਤੋਂ ਲਮਕ ਰਹੀਆਂ ਹਨ ਅਤੇ ਸਰਕਾਰ ਵਲੋਂ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ, ਇਸ ਦੀ ਸਖਤ ਸ਼ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ ਅਤੇ ਸੰਘਰਸ਼ ਹੋਰ ਤੇਜ਼ ਕਰਨ ਲਈ ਕਿਹਾ ਗਿਆ। ਮੀਟਿੰਗ ਸਮੇਂ ਸੀਨੀਅਰ ਸਿਟੀਜ਼ਨਾਂ ਨੇ ਸੰਸਥਾ ਦੇ ਧਿਆਨ ਵਿੱਚ ਲਿਆਂਦਾ ਕਿ ਉਨ੍ਹਾਂ ਨੂੰ ਕਈ ਮਹੀਨਿਆਂ ਤੋਂ ਬੁਢਾਪਾ ਪੈਨਸ਼ਨ ਨਹੀਂ ਮਿਲ ਰਹੀ, ਪੈਨਸ਼ਨਰਜ਼ ਦਾ ਛੇਵੇਂ ਪੇ ਕਮਿਸ਼ਨ ਦਾ ਬਣਦਾ ਏਰੀਅਰ ਇਕ ਕਿਸ਼ਤ ਵਿਚ ਰਿਟਾਇਰੀਜ਼ ਨੂੰ ਪਹਿਲ ਦੇ ਅਧਾਰ 'ਤੇ ਦਿੱਤਾ ਜਾਵੇ ਕਿਉਂਕਿ ਬਹੁਤ ਗਿਣਤੀ ਵਿਚ ਰਿਟਾਇਰੀਜ਼ ਇੰਤਜ਼ਾਰ ਕਰਦੇ ਹੋਏ ਰੱਬ ਨੂੰ ਪਿਆਰੇ ਹੋ ਚੁੱਕੇ ਹਨ। ਮੀਟਿੰਗ ਵਿੱਚ ਕੁਰਾਲੀ ਦੇ ਅਹੁਦੇਦਾਰਾਂ ਨੇ ਵੀ ਉਚੇਚੇ ਤੌਰ 'ਤੇ ਹਾਜ਼ਰੀ ਭਰੀ। ਇਸ ਸਮੇਂ ਸੁਖਦੀਪ ਸਿੰਘ ਜੋ ਕਿ ਸੰਸਥਾ ਦੇ ਚੇਅਰਮੈਨ ਦੀ ਸੇਵਾ ਨਿਭਾ ਰਹੇ ਸਨ ਅਤੇ ਹੁਣ ਭਲਾਈ ਸੰਸਥਾ ਮੁਹਾਲੀ ਦੇ ਜ਼ਿਲ੍ਹਾ ਪ੍ਰਧਾਨ ਹਨ, ਨੂੰ ਸਨਮਾਨਤ ਕਰਦੇ ਹੋਏ ਇਨ੍ਹਾਂ ਦੀ ਥਾਂ ਜੁਗਿੰਦਰ ਸਿੰਘ ਮਾਨਖੇੜੀ ਨੂੰ ਚੇਅਰਮੈਨ ਅਤੇ ਦਰਸ਼ਨ ਸਿੰਘ ਨੂੰ ਸੀਨੀਅਰ ਮੀਤ ਪ੍ਰਧਾਨ ਦੇ ਅਹੁਦੇਦਾਰ ਚੁਣਿਆ ਗਿਆ। ਮੀਟਿੰਗ ਵਿੱਚ ਰਣਧੀਰ ਸਿੰਘ ਪ੍ਰਧਾਨ ਕੁਰਾਲੀ, ਸਵਰਨ ਸਿੰਘ ਜਨਰਲ ਸਕੱਤਰ, ਗੁਣਵੰਤ ਸਿੰਘ ਵਿੱਤ ਸਕੱਤਰ, ਮਹਿੰਦਰ ਸਿੰਘ ਖੋਖਰ ਸਹਾਇਕ ਵਿੱਤ ਸਕੱਤਰ, ਧਰਮ ਸਿੰਘ, ਰਣਧੀਰ ਸਿੰਘ ਕੁਰਾਲੀ ਅਤੇ ਹੋਰ ਮੈਂਬਰ ਹਾਜ਼ਰ ਸਨ।

## ਟ੍ਰੇਨਿੰਗ ਮੰਡਲ ਬੱਸੀ ਜਾਨਾ 'ਚ 54ਵਾਂ ਤੇ 55ਵਾਂ ਇੰਡਕਸ਼ਨ ਕੋਰਸ ਦਾ ਸਮਾਪਤੀ ਸਮਾਰੋਹ

**ਹੁਸ਼ਿਆਰਪੁਰ (ਓ ਪੀ ਰਾਣਾ )**-ਟ੍ਰੇਨਿੰਗ ਮੰਡਲ ਬੱਸੀ ਜਾਨਾ ਹੁਸ਼ਿਆਰਪੁਰ ਵਿਖੇ 54ਵੇਂ (29 ਔਰਤ ਵਣ ਗਾਰਡ) ਅਤੇ 55ਵੇਂ (40 ਪੁਰਸ਼ ਵਣ ਗਾਰਡ) ਦਾ ਇੰਡਕਸ਼ਨ ਕੋਰਸ ਸਮਾਪਤੀ ਸਮਾਰੋਹ ਕਰਵਾਇਆ ਗਿਆ। ਇਸ ਦੌਰਾਨ ਪ੍ਰੀਖਿਆ ਦੇ ਨਤੀਜਿਆ ਦੀ ਘੋਸ਼ਣਾ ਵਧੀਕ ਮੁੱਖ ਸਕੱਤਰ ਵਣ ਵਿਭਾਗ ਵਿਕਾਸ ਗਰਗ ਵਲੋਂ ਅਤੇ ਹੋਰ ਅਧਿਕਾਰੀਆਂ ਦੀ ਮੌਜੂਦਗੀ ਵਿਚ ਕੀਤੀ ਗਈ। ਇਸ ਕੋਰਸ ਵਿਚ ਵਣ ਗਾਰਡ ਸਿਖਿਆਰਥੀਆਂ ਨੂੰ ਵਿਸ਼ਿਆਂ ਦੇ ਮਾਹਰਾਂ ਵਲੋਂ ਵਣ ਅਤੇ ਜੰਗਲੀ ਜੀਵਾਂ ਦੀ ਸੁਰੱਖਿਆ, ਫਾਰੈਸਟਰੀ, ਇੰਜੀਨੀਅਰਿੰਗ ਅਤੇ ਡਿਊਟੀ ਦੌਰਾਨ ਕੰਮ ਆਉਣ ਵਾਲੇ ਵੱਖ-ਵੱਖ ਵਿਸ਼ਿਆਂ ਸਬੰਧੀ ਲਿਖਤੀ ਅਤੇ ਪ੍ਰੈਕਟੀਕਲ ਜਾਣਕਾਰੀ ਦਿੱਤੀ ਗਈ। ਇਸ ਦੇ ਨਾਲ-ਨਾਲ ਉਨ੍ਹਾਂ ਨੂੰ ਸਰੀਰਕ ਤੰਦਰੁਸਤੀ ਅਤੇ ਅਨੁਸ਼ਾਸਨ ਵਿਚ ਰਹਿਣ ਦੀ ਵੀ ਟ੍ਰੇਨਿੰਗ ਦਿੱਤੀ ਗਈ। ਜਿਸ ਵਿਚ ਉਨ੍ਹਾਂ ਨੂੰ ਰੋਜ਼ਾਨਾ ਸਵੇਰੇ ਪੀ.ਟੀ ਡਰਿੱਲ ਅਤੇ ਸ਼ਾਮ ਨੂੰ ਖੇਡਾਂ ਕਰਵਾਈਆਂ ਗਈਆਂ। ਟ੍ਰੇਨਿੰਗ ਕੋਰਸ ਦੌਰਾਨ ਸਿਖਿਆਰਥੀਆਂ ਨੂੰ ਵੱਖ-ਵੱਖ ਥਾਵਾਂ ਦੇ ਪੰਜਾਬ ਅਤੇ ਪੰਜਾਬ ਤੋਂ ਬਾਹਰ ਟੂਰ ਕਰਵਾਏ ਗਏ, ਜਿਸ ਵਿਚ ਹੁਸ਼ਿਆਰਪੁਰ, ਢੋਲਬਾਹਾ, ਮਹਿੰਗਰੋਵਾਲ, ਤਲਵਾੜਾ, ਐਸ.ਐਫ.ਆਰ.ਆਈ ਲਾਡੋਵਾਲ ਲੁਧਿਆਣਾ, ਛੱਤਬੀੜ ਜੂ ਆਦਿ ਅਤੇ ਪੰਜਾਬ ਤੋਂ ਬਾਹਰ ਐਫ.ਆਰ.ਆਈ ਦੇਹਰਾਦੂਨ, ਰਾਜਾ ਜੀ ਨੈਸ਼ਨਲ ਪਾਰਕ ਦੇਹਰਾਦੂਨ, ਹਰਿਦੁਆਰ ਅਤੇ ਗਗਰੇਟ ਕੱਥਾ ਫੈਕਟਰੀ ਆਦਿ ਵਿਚ ਵੀ ਟੂਰ ਕਰਵਾਏ ਗਏ। ਕੋਰਸ ਦੇ ਆਖਰੀ ਦਿਨ ਸਿਖਿਆਰਥੀਆਂ ਦੀ ਲਿਖਤੀ ਪ੍ਰੀਖਿਆ ਲਈ ਗਈ ਅਤੇ ਖੇਡ ਮੁਕਾਬਲੇ ਕਰਵਾਏ ਗਏ। ਇਸ ਮੌਕੇ ਪ੍ਰਧਾਨ ਮੁੱਖ ਵਣਪਾਲ (ਹੋਫ) ਆਰ.ਕੇ ਮਿਸ਼ਰਾ, ਚੀਫ ਕੰਜ਼ਰਵੇਟਰ ਆਫ਼ ਫੋਰੈਸਟ (ਪਲੇਨਜ਼) ਐਨ.ਐਸ ਰੰਧਾਵਾ, ਚੀਫ਼ ਕੰਜ਼ਰਵੇਟਰ ਆਫ਼ ਫੋਰੈਸਟ ਬਸੰਤਾ ਰਾਜਕੁਮਾਰ, ਕੰਜ਼ਰਵੇਟਰ ਸੰਜੀਵ ਬਾਂਸਲ, ਵਣਪਾਲ ਖੋਜ ਅਤੇ ਸਿਖਲਾਈ ਸਰਕਲ ਐਸ.ਐਫ.ਆਰ.ਆਈ ਲਾਡੋਵਾਲ ਸਤਨਾਮ ਸਿੰਘ, ਐਸ.ਐਸ.ਪੀ ਸੁਰੇਂਦਰ ਲਾਂਬਾ, ਵਣ ਮੰਡਲ ਅਫ਼ਸਰ ਰਾਜੇਸ਼ ਕੁਮਾਰ, ਵਣ ਮੰਡਲ ਅਫ਼ਸਰ ਨਲਿਨ ਯਾਦਵ, ਵਣ ਰੇਂਜਰ ਕੋਰਸ ਇੰਚਾਰਜ ਲਾਡੋਵਾਲ ਲੁਧਿਆਣਾ ਜਸਵਿੰਦਰ ਸਿੰਘ, ਰੇਂਜ ਅਫ਼ਸਰ ਅਮਰਿੰਦਰ ਸਿੰਘ, ਵਣ ਰੇਂਜ ਅਫ਼ਸਰ ਕੋਰਸ ਇੰਚਾਰਜ ਹੁਸ਼ਿਆਰਪੁਰ, ਗੁਰਦੀਪ ਸਿੰਘ ਸਮੇਤ ਸਮੂਹ ਸਟਾਫ਼ ਮੌਜੂਦ ਸਨ।

# 'ਮੰਗ ਮੰਗ ਕੇ ਦੇਖ ਲਿਆ, ਹੁਣ ਜ਼ੋਰ ਅਜ਼ਮਾ ਕੇ ਦੇਖਾਂਗੇ...!'



**ਸਮਰਾਲਾ (ਸੁਰਜੀਤ ਸਿੰਘ)**-ਪਹਿਲਾਂ ਅਕਾਲੀ ਸਰਕਾਰ, ਫੇਰ ਕਾਂਗਰਸ ਦੀ ਸਰਕਾਰ ਤੇ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਆਈ। ਸਾਰਿਆਂ ਨੇ ਪੈਨਸ਼ਨਰਾਂ ਦੀਆਂ ਮੰਗਾਂ ਤੇ ਸੰਘਰਸ਼ਾਂ ਨੂੰ ਲਾਰਿਆਂ ਵਿੱਚ ਹੀ ਕੱਢ ਦਿੱਤਾ। ਕਿਸੇ ਵੀ ਸਰਕਾਰ ਨੇ ਨਾ ਤਾਂ ਪੈਨਸ਼ਨਰਾਂ ਦੀ ਬਾਂਹ ਫੜੀ ਤੇ ਨਾ ਹੀ ਸਰਕਾਰਾਂ ਨੇ ਜੂਝਦੇ ਲੋਕਾਂ ਨੂੰ ਲੜ ਹੀ ਫੜਾਇਆ। ਇਹ ਵਿਚਾਰ ਇੱਥੇ ਪਾਵਰਕਾਮ ਦੀ ਪੈਨਸ਼ਨਰਜ਼ ਐਸੋਸੀਏਸ਼ਨ ਮੰਡਲ ਸਮਰਾਲਾ ਦੇ ਪ੍ਰਧਾਨ ਸਿਕੰਦਰ ਸਿੰਘ ਨੇ ਮਹੀਨਾਵਾਰ ਮੀਟਿੰਗ ਹਿੱਤ ਇਕੱਤਰ ਹੋਏ ਸੇਵਾ ਮੁਕਤ ਬਿਜਲੀ ਕਾਮਿਆਂ ਨੂੰ ਸੰਬੋਧਨ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾ ਕਿਹਾ ਕਿ ਲੰਮੇਂ ਸਮੇਂ ਤੋਂ ਸੰਘਰਸ਼ ਕਰਦੇ ਲੋਕਾਂ ਨੇ ਸਰਕਾਰਾਂ ਤੋਂ ਮੰਗ ਮੰਗ ਕੇ ਦੇਖ ਲਿਆ, ਹੁਣ ਸਰਕਾਰ ਦੇ ਖਿਲਾਫ ਜ਼ੋਰ ਅਜ਼ਮਾ ਕੇ ਦੇਖਣ ਦੀ ਤਿਆਰੀ ਹੈ। ਉਨ੍ਹਾ ਸਮੂਹ ਸੰਘਰਸ਼ਸ਼ੀਲ ਲੋਕਾਂ ਤੇ ਜਥੇਬੰਦੀਆਂ ਨੂੰ ਇੱਕ ਪਲੇਟਫਾਰਮ 'ਤੇ ਇਕੱਠੇ ਹੋ ਕੇ ਮਜ਼ਬੂਤੀ ਨਾਲ ਸਰਕਾਰ ਤੇ ਸਥਾਪਤੀ ਵਿਰੁੱਧ ਲਾਮਬੰਦ ਹੋਣ ਦਾ ਸੱਦਾ ਦਿੱਤਾ। ਉਨ੍ਹਾ ਕਿਹਾ ਕਿ ਸਰਕਾਰ ਦੇ ਕਾਗਜ਼ੀ ਬਿਆਨਾਂ ਨਾਲ ਨਾ ਤਾਂ ਲੋਕਾਂ ਦਾ ਢਿੱਡ ਭਰਦਾ ਹੈ ਤੇ ਨੇ ਹੀ ਉਨ੍ਹਾਂ ਦੇ ਹਿੱਤਾਂ ਦੀ ਪੂਰਤੀ ਹੀ ਹੁੰਦੀ ਹੈ। ਉਨ੍ਹਾ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਸਰਕਾਰ ਜਿੰਨਾ ਜ਼ੋਰ ਪ੍ਰਚਾਰ 'ਤੇ ਲਾ ਰਹੀ ਹੈ, ਅਮਲੀ ਰੂਪ ਵਿੱਚ ਉਨ੍ਹਾਂ ਦੀ ਕਾਮਯਾਬੀ ਲੋਕਾਂ ਨੂੰ ਕਿਧਰੇ ਵੀ ਨਜ਼ਰ ਨਹੀਂ ਆਉਂਦੀ।

ਉਨ੍ਹਾਂ ਪਾਵਰਕੌਮ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀ ਤਨਖਾਹ ਦੋ ਕਿਸ਼ਤਾਂ ਵਿੱਚ ਦੇਣ 'ਤੇ ਕਿਹਾ ਕਿ ਸਰਕਾਰ ਦੇ ਅਪਣਾ ਖਜ਼ਾਨਾ ਭਰਪੂਰ ਹੋਣ ਦੇ ਦਾਅਵੇ ਖੋਖਲੇ ਸਾਬਿਤ ਹੋਏ। ਉਨ੍ਹਾ ਕਿਹਾ ਕਿ ਬਿਜਲੀ ਕਾਮੇ ਹੁਣ ਆਰ-ਪਾਰ ਦੀ ਲੜਾਈ ਦਾ ਅਹਿਦ ਕਰ ਚੁੱਕੇ ਹਨ। ਉਨ੍ਹਾ ਚੇਤਾਵਨੀ ਦਿੱਤੀ ਕਿ ਅਜਿਹਾ ਸੰਘਰਸ਼ ਵਿੱਢਿਆ ਜਾਵੇਗਾ ਕਿ ਸਰਕਾਰ ਦੀਆਂ ਗੋਡਣੀਆਂ ਲਵਾ ਕੇ ਛੱਡਾਂਗੇ। ਇਸ ਤੋਂ ਇਲਾਵਾ ਮੀਟਿੰਗ ਵਿੱਚ ਪੈਨਸ਼ਨਰਾਂ ਦੀਆਂ ਭਖਦੀਆਂ ਮੰਗਾਂ, ਮਸਲਿਆਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਦੇ ਅਰੰਭ ਵਿੱਚ ਇੰਜ. ਮੇਲ ਸਿੰਘ ਜੇ. ਈ. ਚੜੀ (ਖਮਾਣੋਂ) ਬੇਵਕਤੀ ਮੌਤ 'ਤੇ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਦਿੱਤੀ ਗਈ, 15 ਫਰਵਰੀ ਦੇ ਧਰਨੇ ਲਈ ਤਿਆਰੀਆਂ ਪੂਰੀਆਂ ਕੀਤੀਆਂ ਗਈਆਂ, ਜਿਸ ਵਿੱਚ ਪਹਿਲਾਂ ਦੀ ਤਰ੍ਹਾਂ ਦੋ ਵੱਡੀਆਂ ਬੱਸਾਂ, ਇਕ ਕਟਾਣੀ ਕਲਾਂ ਤੇ ਇਕ ਮਾਛੀਵਾੜਾ ਸਾਹਿਬ ਤੋਂ ਸਵੇਰੇ 8.30 ਵਜੇ 15 ਫਰਵਰੀ ਨੂੰ ਚੱਲਣਗੀਆਂ।

ਉਨ੍ਹਾ 16 ਫਰਵਰੀ ਦੇ ਭਾਰਤ ਬੰਦ ਦੀ ਪੁਰਜ਼ੋਰ ਹਮਾਇਤ ਕੀਤੀ ਤੇ ਭਰਵੀਂ ਸ਼ਮੂਲੀਅਤ ਕਰਨ ਦਾ ਫੈਸਲਾ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਨ ਵਾਲਿਆਂ ਵਿੱਚ ਇੰਜ. ਭਰਪੂਰ ਸਿੰਘ ਮਾਂਗਟ ਸਰਕਲ ਪ੍ਰਧਾਨ, ਇੰਜ. ਪ੍ਰੇਮ ਸਿੰਘ ਸਾਬਕਾ ਐੱਸ.ਡੀ.ਓ. ਸੀਨੀਅਰ ਮੀਤ ਪ੍ਰਧਾਨ, ਇੰਜ. ਜੁਗਲ ਕਿਸ਼ੋਰ ਸਾਹਨੀ ਮੀਤ ਸਕੱਤਰ, ਜਗਤਾਰ ਸਿੰਘ ਪ੍ਰੈੱਸ ਸਕੱਤਰ, ਦਰਸ਼ਨ ਸਿੰਘ ਖਜ਼ਾਨਚੀ, ਪ੍ਰੇਮ ਕੁਮਾਰ ਸਰਕਲ ਆਗੂ, ਅਮਰਜੀਤ ਸਿੰਘ ਚਹਿਲਾ, ਭੁਪਿੰਦਰਪਾਲ ਚਹਿਲਾ, ਮਹੇਸ਼ ਕੁਮਾਰ ਖਮਾਣੋਂ, ਮੋਹਣ ਸਿੰਘ ਕਟਾਣੀ ਕਲਾਂ, ਹਰਪਾਲ ਸਿੰਘ ਸਿਹਾਲਾ, ਜਸਵੰਤ ਸਿੰਘ ਢੰਡਾ, ਅਮਰਜੀਤ ਸਿੰਘ ਮਾਛੀਵਾੜਾ ਆਦਿ ਨੇ ਪੈਨਸ਼ਨਰਾਂ ਨੂੰ ਸੰਬੋਧਨ ਕੀਤਾ। ਪ੍ਰੈੱਸ ਸਕੱਤਰ ਦੀ ਭੂਮਿਕਾ ਇੰਜ. ਸੁਖਦਰਸ਼ਨ ਸਿੰਘ ਮੰਡਲ ਸਕੱਤਰ ਨੇ ਬਾਖੂਬੀ ਨਿਭਾਈ। ਸਿਕੰਦਰ ਸਿੰਘ ਮੰਡਲ ਪ੍ਰਧਾਨ ਨੇ ਮੀਟਿੰਗ ਵਿੱਚ ਸ਼ਾਮਲ ਪੈਨਸ਼ਨਰਾਂ ਨੂੰ 15 ਫਰਵਰੀ ਦੇ ਧਰਨੇ ਵਿੱਚ ਵੱਧ ਚੜ੍ਹ ਕੇ ਸ਼ਾਮਲ ਹੋਣ ਲਈ ਅਪੀਲ ਕੀਤੀ ਤੇ ਆਏ ਸਾਥੀਆਂ ਦਾ ਧੰਨਵਾਦ ਕੀਤਾ।

# ਸਰਕਾਰੀ ਸਮਾਰਟ ਸਕੂਲ ਸਹਿਜੜਾ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਬਣਿਆ ਏਅਰ ਕੰਡੀਸ਼ਨ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸਹਿਜੜਾ ਵਿਖੇ ਸਮੂਹ ਨਗਰ ਨਿਵਾਸੀਆਂ, ਮੈਨੇਜਮੈਂਟ ਕਮੇਟੀ ਵੱਲੋਂ ਸਾਂਝੇ ਤੌਰ 'ਤੇ ਸਕੂਲ ਦੇ ਸਾਰੇ ਕਲਾਸ ਰੂਮਾਂ ਵਿੱਚ ਏ ਸੀ ਲਗਾਉਣ ਦਾ ਉਦਘਾਟਨ ਕੀਤਾ ਗਿਆ।ਇਸ ਸਮੇਂ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀਮਤੀ ਸਰੋਜ ਰਾਣੀ, ਸ੍ਰੀਮਤੀ ਮਨਜੀਤ ਕੌਰ, ਰਾਜੇਸ਼ ਮੈਨਨ, ਮੁੱਖ ਅਧਿਆਪਕ ਕੁਲਦੀਪ ਸਿੰਘ ਕਮਲ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।ਸਕੂਲ ਵਿੱਚ ਏ ਸੀ ਲਗਾਉਣ ਦੀ ਸੇਵਾ ਪ੍ਰਕਾਸ਼ ਸਿੰਘ ਕੈਨੇਡੀਅਨ, ਚਮਕੌਰ ਸਿੰਘ ਆਸਟ੍ਰੇਲੀਆ ਪ੍ਰਸ਼ੋਤਮ ਸਿੰਘ ਮੈਂਬਰ, ਅਮਰਜੀਤ ਸਿੰਘ ਭੋਲਾ, ਸੰਦੀਪ ਕੌਰ ਕੈਨੇਡਾ ਸਵ: ਕੰਵਰ ਲਾਲ ਪੰਡਿਤ ਡੇਅਰੀ ਵਾਲੇ ਤੇ ਜਥੇਦਾਰ ਦਲੀਪ ਸਿੰਘ ਸਹਿਜੜਾ ਦੇ ਪਰਿਵਾਰ ਵੱਲੋਂ ਕਰਵਾਈ ਗਈ।ਸਕੂਲ ਇੰਚਾਰਜ ਡਾ: ਪ੍ਰਗਟ ਸਿੰਘ ਟਿਵਾਣਾ ਨੇ ਅਧਿਕਾਰੀ ਸਾਹਿਬਾਨ ਪਿੰਡ ਦੇ ਪੰਤਵੰਤੇ ਸੱਜਣਾਂ ਤੇ ਦਾਨੀ ਸੱਜਣਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ, ਜਿਨ੍ਹਾਂ ਨੇ ਆਪਣੀ ਨੇਕ ਕਮਾਈ ਵਿੱਚੋਂ ਦਸਵੰਧ ਕੱਢਦਿਆਂ ਸਰਕਾਰੀ ਹਾਈ ਸਕੂਲ ਸਹਿਜੜਾ ਦੇ ਕਮਰਿਆਂ ਨੂੰ ਏਅਰ ਕੰਡੀਸ਼ਨ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ।ਇਸ ਸਮੇਂ ਜ਼ਿਲ੍ਹਾ ਸਿੱਖਿਆ ਅਫਸਰ ਸ੍ਰੀਮਤੀ ਸਰੋਜ ਰਾਣੀ ਨੇ ਪਿੰਡ ਦੇ ਦਾਨੀ ਸੱਜਣਾਂ ਦੇ ਉੱਦਮ ਦੀ ਸ਼ਲਾਘਾ ਕਰਦਿਆਂ ਅਪਣੇ ਵੱਲੋਂ ਬੱਚਿਆਂ ਦੀ ਸਰਵਪੱਖੀ ਵਿਕਾਸ ਲਈ ਵਚਨਬੱਧਤਾ ਦੁਹਰਾਈ।ਮਾਸਟਰ ਗੁਰਦੇਵ ਸਿੰਘ ਨੇ ਕਿਹਾ ਕਿ ਬੱਚਿਆਂ ਨੂੰ ਸਕੂਲ ਵਿੱਚ ਵਧੀਆ ਸਹੂਲਤ ਦੇਣ ਦਾ ਮੰਤਵ ਬੱਚਿਆਂ ਨੂੰ ਚੰਗੀ ਸਿੱਖਿਆ ਕੇ ਵੱਡੇ ਅਹੁਦਿਆਂ 'ਤੇ ਪਹੁੰਚਾਉਣਾ ਹੈ, ਤਾਂ ਜੋ ਉਹ ਆਪਣਾ ਵਧੀਆ ਕੈਰੀਅਰ ਬਣਾ ਕੇ ਪਿੰਡ ਦਾ ਨਾਂਅ ਰੋਸ਼ਨ ਕਰ ਸਕਣ।ਇਸ ਸਮੇਂ ਕਾਮਰੇਡ ਰਮੇਸ਼ ਮਿੱਤਲ, ਜਰਨੈਲ ਸਿੰਘ, ਜਸਵੀਰ ਸਿੰਘ ਸਾਬਕਾ ਪੰਚ, ਚਮਕੌਰ ਸਿੰਘ, ਜਸਪਾਲ ਸਿੰਘ, ਜਸਵਿੰਦਰ ਸਿੰਘ, ਸੁਖਵਿੰਦਰ ਸਿੰਘ ਸੋਖੀ, ਨੇਕ ਦਰਸ਼ਨ ਸਿੰਘ, ਮਨਜੀਤ ਸਿੰਘ, ਮਾਸਟਰ ਦਰਸ਼ਨ ਸਿੰਘ, ਸੁਖਮਿੰਦਰ ਸਿੰਘ, ਮਨਦੀਪ ਸਿੰਘ, ਰਮਨਦੀਪ ਸਿੰਘ, ਕਿਰਨਦੀਪ ਕੌਰ, ਹਰਜੀਤ ਕੌਰ, ਕਮਲਜੀਤ ਕੌਰ, ਪਰਮਜੀਤ ਕੌਰ ਆਦਿ ਹਾਜ਼ਰ ਸਨ।

## ਵਿਦਿਆਰਥਣਾਂ ਨੂੰ ਕਿੱਟਾਂ ਵੰਡੀਆਂ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਤੇ ਹੋਰ ਸਹੂਲਤਾਂ ਦੇਣ ਦੇ ਉਦੇਸ਼ ਨਾਲ ਸ਼ੁਰੂ ਕੀਤੀਆਂ ਸਕੀਮਾਂ ਤਹਿਤ ਅੱਜ ਐਡਵੋਕੇਟ ਰਜਨੀਸ਼ ਦਹੀਆ ਐੱਮ ਐੱਲ ਏ ਹਲਕਾ ਫਿਰੋਜ਼ਪੁਰ ਦਿਹਾਤੀ ਦੇ ਦਿਸ਼ਾ ਨਿਰਦੇਸ਼ਾਂ 'ਤੇ ਸਰਕਾਰੀ ਸਮਾਰਟ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਮਮਦੋਟ ਵਿਖੇ ਵਿਦਿਆਰਥਣਾਂ ਨੂੰ ਲੋੜੀਂਦੀਆਂ ਕਿੱਟਾਂ ਵੰਡੀਆਂ ਗਈਆਂ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਆਮ ਆਦਮੀ ਪਾਰਟੀ ਦੇ ਜ਼ਿਲਾ ਫਿਰੋਜ਼ਪੁਰ ਦੇ ਅਬਜ਼ਰਵਰ ਬਲਰਾਜ ਸਿੰਘ ਸੰਧੂ ਤੇ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਜਸਬੀਰ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਪ੍ਰਾਪਤ ਕਰ ਰਹੇ ਵਿਦਿਆਰਥੀ ਤੇ ਵਿਦਿਆਰਥਣਾਂ ਨੂੰ ਮਿਆਰੀ ਸਿੱਖਿਆ ਦੇ ਹਰ ਤਰ੍ਹਾਂ ਦੇ ਮੌਕੇ ਉਪਲਬਧ ਕਰਾਉਣ ਵਾਸਤੇ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਬਹੁਤ ਜਲਦ ਇੱਥੇ ਸਕੂਲ ਆਫ ਐਮੀਨੈਂਸ ਦੀ ਬਿਲਡਿੰਗ ਵੀ ਬਣਨੀ ਸ਼ੁਰੂ ਹੋ ਜਾਵੇਗੀ।ਇਸ ਮੌਕੇ ਸਕੂਲ ਪ੍ਰਿੰਸੀਪਲ ਰਬੀਨਾ ਚੋਪੜਾ ਨੇ ਸਕੂਲੀ ਵਿਦਿਆਰਥੀਆਂ ਤੇ ਵਿਦਿਆਰਥਣਾਂ ਨੂੰ ਮਿਆਰੀ ਸਿੱਖਿਆ ਉਪਲਬਧ ਕਰਾਉਣ ਵਾਸਤੇ ਪੰਜਾਬ ਸਰਕਾਰ ਵੱਲੋਂ ਕੀਤੇ ਯਤਨਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਸੰਜੀਵ ਕੁਮਾਰ ਚਿੰਟੂ ਧਵਨ ਬਲਾਕ ਪ੍ਰਧਾਨ ਸ਼ਹਿਰੀ, ਜਸਬੀਰ ਸਿੰਘ ਮੈਂਬਰ ਸਕੂਲ ਮੈਨੇਜਮੈਂਟ ਕਮੇਟੀ, ਸੀਨੀਅਰ ਆਗੂ ਦਲਜੀਤ ਸਿੰਘ ਜੋਸਨ, ਅਧਿਆਪਕਾ ਹੀਰਾ ਦੇਵੀ, ਅਜੇ ਕੁਮਾਰ ਰਵਿੰਦਰ ਸਿੰਘ ਕਮਲ ਸਰ ਤੇ ਰਾਜੇਸ਼ ਜੈਨ ਹਾਜ਼ਰ ਸਨ।

## ਬਾਬਾ ਮੋਤੀ ਰਾਮ ਮਹਿਰਾ ਜੀ ਦਾ ਜਨਮ ਦਿਹਾੜਾ ਸ਼ਰਧਾਪੂਰਵਕ ਮਨਾਇਆ, 16 ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਅਮਰ ਸ਼ਹੀਦ ਬਾਬਾ ਮੋਤੀ ਰਾਮ ਜੀ ਮਹਿਰਾ ਚੈਰੀਟੇਬਲ ਟਰੱਸਟ ਸ੍ਰੀ ਫਤਿਹਗੜ੍ਹ ਵੱਲੋਂ ਬਾਬਾ ਮੋਤੀ ਰਾਮ ਜੀ ਮਹਿਰਾ ਜੀ ਦਾ ਜਨਮ ਦਿਹਾੜਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ ਹੇਠ ਸ੍ਰ: ਨਿਰਮਲ ਸਿੰਘ ਐੱਸ ਐੱਸ ਚੇਅਰਮੈਨ ਦੀ ਅਗਵਾਈ ਵਿੱਚ ਸ਼ਰਧਾ ਪੂਰਵਕ ਤੇ ਗੁਰਮਰਿਆਦਾ ਅਨੁਸਾਰ ਮਨਾਇਆ ਗਿਆ।ਇਸ ਮੌਕੇ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।ਉਪਰੰਤ ਭਾਈ ਹਰਵਿੰਦਰ ਸਿੰਘ ਤੇ ਕਥਾਵਾਚਕ ਭਾਈ ਅਵਤਾਰ ਸਿੰਘ ਆਲਮਗੀਰ ਵਾਲੇ ਤੇ ਢਾਡੀ ਭਾਈ ਮਹਿੰਦਰ ਸਿੰਘ ਜੋਸ਼ੀਲਾ ਨੇ ਸੰਗਤਾਂ ਨੂੰ ਗੁਰੂ ਇਤਿਹਾਸ ਨਾਲ ਜੋੜਿਆ ਅਤੇ ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਜੀ ਦੇ ਇਤਿਹਾਸ ਬਾਰੇ ਵੀ ਸੰਗਤਾਂ ਨੂੰ ਜਾਣੂੰ ਕਰਵਾਇਆ।ਇਸ ਮੌਕੇ ਅੰਮ੍ਰਿਤ ਸੰਚਾਰ ਵੀ ਹੋਇਆ, ਜਿੱਥੇ 16 ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ।ਟਰੱਸਟ ਦੇ ਚੇਅਰਮੈਨ ਨਿਰਮਲ ਸਿੰਘ ਐੱਸ ਐੱਸ ਨੇ ਆਈ ਸੰਗਤ ਦਾ ਧੰਨਵਾਦ ਕੀਤਾ।ਇਸ ਮੌਕੇ ਗੁਰੂ ਦਾ ਲੰਗਰ ਅਤੁੱਟ ਵਰਤਿਆ। ਇਸ ਮੌਕੇ ਗੁਰਦੀਪ ਸਿੰਘ ਸੂਬੇਦਾਰ ਪਠਾਨਕੋਟ, ਸੁਖਦੇਵ ਸਿੰਘ ਰਾਜ, ਨਿਰਮਲ ਸਿੰਘ ਮੀਨੀਆ, ਸ੍ਰੀ ਜੈਕ੍ਰਿਸ਼ਨ, ਬਲਦੇਵ ਸਿੰਘ ਦੁਸਾਂਝ, ਰਾਜਕੁਮਾਰ ਪਾਤੜਾਂ, ਨਵਜੋਤ ਸਿੰਘ ਮੇਨੈਜਰ, ਅਮੀ ਚੰਦ ਮਾਛੀਵਾੜਾ, ਗੁਰਦੇਵ ਸਿੰਘ, ਜਸਪਾਲ ਸਿੰਘ ਕਲੌਂਦੀ, ਤਾਰਾ ਸਿੰਘ ਈਸੜੂ, ਬਲਵੀਰ ਸਿੰਘ, ਸੁਰਜੀਤ ਸਿੰਘ ਆਦਿ ਹਾਜ਼ਰ ਸਨ।

## ਕਾਤਰਾਂ

### 500 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਗੁਰਪ੍ਰੀਤ ਸਿੰਘ ਪੀਪੀਐੱਸ, ਐੱਸਪੀ, ਐੱਸਟੀਐੱਫ ਫਿਰੋਜ਼ਪੁਰ ਰੇਂਜ ਦੇ ਦਿਸ਼ਾ-ਨਿਰਦੇਸ਼ਾਂ ਤੇ ਰਾਕੇਸ਼ ਕੁਮਾਰ ਪੀਪੀਐੱਸ, ਡੀਐੱਸਪੀ, ਐੱਸਟੀਐੱਫ ਫਿਰੋਜ਼ਪੁਰ ਰੇਂਜ ਦੀ ਯੋਗ ਅਗਵਾਈ ਹੇਠ ਏਐੱਸਆਈ ਸਤਪਾਲ ਐੱਸਟੀਐੱਫ ਫਿਰੋਜ਼ਪੁਰ ਰੇਂਜ ਵੱਲੋਂ ਸਮੇਤ ਸਾਥੀ ਕਰਮਚਾਰੀਆਂ ਦੇ ਪ੍ਰੇਮ ਸਿੰਘ ਪੁੱਤਰ ਪੰਜੂ ਸਿੰਘ ਪੁੱਤਰ ਬਹਾਲ ਸਿੰਘ ਵਾਸੀ ਮਹਿਮੂਦ ਕੇ ਮਹਿਲ ਹਿਠਾੜ੍ਹ (ਮੱਬੋ ਕੇ) ਥਾਣਾ ਮਮਦੋਟ ਪਾਸੋਂ 500 ਗ੍ਰਾਮ ਹੈਰੋਇਨ ਸਮੇਤ ਮੋਟਰਸਾਈਕਲ ਬਰਾਮਦ ਹੋਣ 'ਤੇ ਇਸਦੇ ਖਿਲਾਫ ਮੁਕੱਦਮਾ ਮੋਹਾਲੀ ਵਿਖੇ ਦਰਜ ਕੀਤਾ ਗਿਆ ਹੈ।ਮੁਕੱਦਮੇ ਦੀ ਤਫਤੀਸ਼ ਜਾਰੀ ਹੈ, ਮੁਕੱਦਮੇ ਦੌਰਾਨ ਤਫਤੀਸ਼ ਬੈਕਵਰਡ ਤੇ ਫਾਰਵਰਡ ਲਿਕਜ਼ ਟ੍ਰੇਸ ਕੀਤੇ ਜਾ ਰਹੇ ਹਨ।ਮੁਲਜ਼ਮ ਨੂੰ ਅਦਾਲਤ ਵਿਖੇ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕਰਕੇ ਪੁੱਛਗਿੱਛ ਕੀਤੀ ਜਾਵੇਗੀ।

### ਮਾਡਰਨ ਕਾਲਜ ਬੀਰ ਕਲਾਂ ਦਾ ਬੀ. ਏ. ਸਮੈਸਟਰ ਚੌਥਾ ਦਾ ਨਤੀਜਾ ਸ਼ਾਨਦਾਰ



**ਚੀਮਾ ਮੰਡੀ (ਰਵਿੰਦਰ ਚੀਮਾ)**-ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਘੋਸ਼ਿਤ ਬੀ. ਏ. ਸਾਲ ਦੂਜਾ ਸਮੈਸਟਰ ਚੌਥਾ ਦੇ ਨਤੀਜਿਆਂ ਵਿੱਚ ਮਾਡਰਨ ਕਾਲਜ ਬੀਰ ਕਲਾਂ ਦਾ ਨਤੀਜਾ ਸ਼ਾਨਦਾਰ ਰਿਹਾ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਕਾਲਜ ਦੇ ਪ੍ਰਿੰਸੀਪਲ ਡਾ. ਵੀ. ਕੇ. ਰਾਏ ਨੇ ਦੱਸਿਆ ਕਿ ਪਹਿਲੇ ਪੰਜ ਸਥਾਨਾਂ ਵਿੱਚੋਂ ਵਿਦਿਆਰਥਣ ਸੁਖਦੀਪ ਕੌਰ ਨੇ 400 ਅੰਕ ਪ੍ਰਾਪਤ ਕਰ ਕੇ ਪਹਿਲਾ, ਸ਼ਿਵ ਦੀਪ ਬਾਵਾ ਨੇ 399 ਅੰਕ ਲੈ ਕੇ ਦੂਜਾ ਤੇ ਖੁਸ਼ੀ ਰਾਣੀ ਨੇ 373 ਅੰਕ ਪ੍ਰਾਪਤ ਕਰਕੇ ਤੀਜਾ, ਹਰਪ੍ਰੀਤ ਕੌਰ ਨੇ 371 ਅੰਕ ਹਾਸਲ ਕਰਕੇ ਚੌਥਾ ਤੇ ਰਮਨਦੀਪ ਸਿੰਘ ਨੇ 358 ਅੰਕਾਂ ਨਾਲ ਪੰਜਵਾਂ ਸਥਾਨ ਪ੍ਰਾਪਤ ਕੀਤਾ। ਇਨ੍ਹਾਂ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਾਪਤੀ 'ਤੇ ਸੰਸਥਾ ਦੇ ਚੇਅਰਮੈਨ ਰਵਿੰਦਰ ਬਾਂਸਲ ਨੇ ਸਮੂਹ ਸਟਾਫ ਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਚੰਗੇ ਭਵਿੱਖ ਲਈ ਕਾਮਨਾ ਕੀਤੀ।

### ਮੇਨ ਬਾਜ਼ਾਰ 'ਚ ਦੁਕਾਨ ਦਾ ਸ਼ਟਰ ਤੋੜ ਕੇ ਚੋਰਾਂ ਨਕਦੀ ਲੁੱਟੀ

**ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ)**-ਸ਼ਹਿਰ ਅੰਦਰ ਲੁੱਟਾਂ ਖੋਹਾਂ ਤੇ ਚੋਰੀਆਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਪੁਲਸ ਪ੍ਰਸ਼ਾਸਨ ਇਨ੍ਹਾਂ ਚੋਰਾਂ ਨੂੰ ਫੜਨ ਵਿੱਚ ਨਾਕਾਮ ਸਾਬਿਤ ਹੋ ਰਹੀ ਹੈ ਤੇ ਚੋਰ ਲੁਟੇਰੇ ਬੇਖੌਫ ਹੋ ਕੇ ਆਏ ਦਿਨ ਘਟਨਾਵਾਂ ਨੂੰ ਅੰਜਾਮ ਦੇ ਰਹੇ ਹਨ ਤੇ ਸ਼ਹਿਰ ਵਾਸੀ ਸਹਿਮ ਦੇ ਮਾਹੌਲ ਵਿੱਚ ਜੀ ਰਹੇ ਹਨ। ਸ਼ਹਿਰ ਦੇ ਮੇਨ ਬਾਜ਼ਾਰ 'ਚ ਸਥਿਤ ਰਾਜੀਵ ਜਨਰਲ ਸਟੋਰ 'ਚੋਂ ਸ਼ਟਰ ਦੇ ਤਾਲੇ ਤੋੜ ਕੇ 40 ਹਜ਼ਾਰ ਰੁਪਏ ਦੇ ਨਵੇਂ ਨੋਟਾਂ ਦੇ ਹਾਰ ਤੇ 10 ਹਜ਼ਾਰ ਰੁਪਏ ਦੀ ਨਕਦੀ ਚੋਰ ਚੋਰੀ ਕਰਕੇ ਲੈ ਗਏ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਦੁਕਾਨ ਦੇ ਮਾਲਿਕ ਰਾਜੀਵ ਗਲਹੋਤਰਾ ਨੇ ਦੱਸਿਆ ਕਿ ਇਸ ਚੋਰੀ ਸਬੰਧੀ ਪੁਲਸ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਪੀੜਤ ਰਾਜੀਵ ਗਲਹੋਤਰਾ ਨੇ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਚੋਰਾਂ ਨੂੰ ਫੜ ਕੇ ਉਸ ਕੋਲੋਂ ਪੈਸੇ ਬਰਾਮਦ ਕਰਕੇ ਉਸ ਨੂੰ ਵਾਪਸ ਦਿੱਤੇ ਜਾਣ।

### ਸੰਤ ਤੇਜਾ ਸਿੰਘ ਯਾਦਗਾਰੀ ਲਾਇਬ੍ਰੇਰੀ ਜਲਦ ਕਰਾਂਗੇ ਲੋਕਾਂ ਦੇ ਸਪੁਰਦ : ਲਵਦੀਪ ਸ਼ਰਮਾ



**ਚੀਮਾ ਮੰਡੀ (ਰਵਿੰਦਰ ਚੀਮਾ)**-ਸੇਵਾ ਸੁਸਾਇਟੀ ਚੀਮਾ ਮੰਡੀ ਵੱਲੋਂ ਸਥਾਨਕ ਬਿੱਘੂ ਪੱਤੀ ਧਰਮਸ਼ਾਲਾ ਵਿਖੇ ਤਿਆਰ ਕੀਤੀ ਜਾ ਰਹੀ ਲਾਇਬ੍ਰੇਰੀ ਲਗਪਗ ਮੁਕੰਮਲ ਹੋ ਗਈ ਹੈ। ਸੁਸਾਇਟੀ ਦੇ ਚੇਅਰਮੈਨ ਪ੍ਰੋ. ਲਵਦੀਪ ਸ਼ਰਮਾ ਨੇ ਦੱਸਿਆ ਕਿ ਆਮ ਜਨਤਾ ਦੇ ਸਹਿਯੋਗ ਨਾਲ ਤਿਆਰ ਕੀਤੀ ਗਈ ਇਸ ਲਾਇਬ੍ਰੇਰੀ ਨੂੰ ਜਲਦੀ ਹੀ ਆਮ ਲੋਕਾਂ ਦੇ ਸਪੁਰਦ ਕਰ ਦਿੱਤਾ ਜਾਵੇਗਾ। ਪ੍ਰੋ. ਸ਼ਰਮਾ ਨੇ ਦੱਸਿਆ ਕਿ 5 ਲੱਖ ਰੁਪਏ ਦੇ ਕਰੀਬ ਦੀ ਲਾਗਤ ਨਾਲ ਤਿਆਰ ਹੋਈ ਇਸ ਲਾਇਬ੍ਰੇਰੀ ਦੇ ਮੁਕੰਮਲ ਹੋਣ 'ਤੇ ਸੁਸਾਇਟੀ ਦੇ ਸਾਰੇ ਮੈਂਬਰ ਬਹੁਤ ਖੁਸ਼ ਤੇ ਸੰਤੁਸ਼ਟ ਮਹਿਸੂਸ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਇਹ ਲਾਇਬ੍ਰੇਰੀ ਬਣਾਉਣ ਦਾ ਮਕਸਦ ਨੌਜਵਾਨਾਂ ਵਿੱਚ ਸਾਹਿਤ ਪੜ੍ਹਨ ਦੀ ਘਟ ਰਹੀ ਰੁਚੀ ਨੂੰ ਪ੍ਰਫੁਲਤ ਕਰਨਾ ਤੇ ਪਿੰਡਾਂ ਦੇ ਨੌਜਵਾਨਾਂ ਲਈ ਸਰਕਾਰੀ ਨੌਕਰੀਆਂ ਦੇ ਮੁਕਾਬਲੇ ਦੇ ਇਮਤਿਹਾਨਾਂ ਲਈ ਕਿਤਾਬਾਂ ਮੁਹੱਈਆ ਕਰਵਾਉਣਾ ਅਤੇ ਸੇਧ ਦੇਣਾ ਹੈ। ਸ਼ਰਮਾ ਨੇ ਦੱਸਿਆ ਕਿ ਉਨ੍ਹਾਂ ਦੀ ਟੀਮ ਨੇ ਕਿਤਾਬਾਂ ਦੀ ਚੋਣ ਵੇਲੇ ਮਾਤ ਭਾਸ਼ਾ ਨੂੰ ਪਹਿਲ ਦਿੱਤੀ ਹੈ ਤੇ ਇਹ ਕੋਸ਼ਿਸ਼ ਕੀਤੀ ਹੈ ਕਿ ਇਸ ਲਾਇਬ੍ਰੇਰੀ ਦੇ ਰੈਕਾਂ ਵਿੱਚ ਵਿਸ਼ਵ ਭਰ ਦਾ ਬਿਹਤਰੀਨ ਸਾਹਿਤ ਵੀ ਸਜਾਇਆ ਜਾਵੇ, ਜੋ ਵੱਖ ਵੱਖ ਵਿਦਵਾਨਾਂ ਵੱਲੋਂ ਪੰਜਾਬੀ 'ਚ ਅਨੁਵਾਦ ਕੀਤਾ ਗਿਆ ਹੈ। ਪ੍ਰੋ. ਸ਼ਰਮਾ ਨੇ ਦੱਸਿਆ ਕਿ ਜਲਦੀ ਹੀ ਕਿਸੇ ਨਾਮਵਰ ਹਸਤੀ ਤੋਂ ਸਮਾਂ ਲੈ ਕੇ ਇਸ ਲਾਇਬ੍ਰੇਰੀ ਦਾ ਰਸਮੀ ਉਦਘਾਟਨ ਕਰ ਦਿੱਤਾ ਜਾਵੇਗਾ। ਇਸ ਮੌਕੇ ਜਗਦੀਪ ਪਟਵਾਰੀ, ਮਾਸਟਰ ਗੁਰਦੀਪ ਸਿੰਘ, ਪ੍ਰੋ. ਜਗਪਾਲ ਮਾਨ, ਅਜੈਪਾਲ ਗੋਲਡੀ, ਮਨਪ੍ਰੀਤ ਚੀਮਾ, ਦਵਿੰਦਰ ਚੀਮਾ, ਜਗਦੀਪ ਬਾਤਿਸ਼, ਅਮਰਜੀਤ ਚੀਮਾ ਆਦਿ ਹਾਜ਼ਰ ਸਨ।

# ਦੇਸ਼ ਭਗਤ ਕਾਲਜ ਵੱਲੋਂ ਜਹਾਂਗੀਰ 'ਚ ਐੱਨ ਐੱਸ ਐੱਸ ਕੈਂਪ ਸੰਪੰਨ

■ ਪਰਮਵੀਰ ਸਿੰਘ ਤੇ ਸੰਦੀਪ ਕੌਰ ਨੂੰ ਬੈਸਟ ਵਲੰਟੀਅਰਜ਼ ਐਲਾਨਿਆ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਦੇਸ਼ ਭਗਤ ਬੀ. ਐੱਡ ਕਾਲਜ ਬਰੜਵਾਲ ਵੱਲੋਂ ਪਿੰਡ ਜਹਾਂਗੀਰ ਵਿਖੇ ਲਗਾਏ ਐੱਨ. ਐੱਸ. ਐੱਸ. ਕੈਂਪ ਦੇ ਆਖਰੀ ਦਿਨ ਬਲੱਡ ਬੈਂਕ ਸਿਵਲ ਹਸਪਤਾਲ ਸੰਗਰੂਰ ਦੀ ਸਹਾਇਤਾ ਦੇ ਨਾਲ ਖੂਨਦਾਨ ਕੈਂਪ ਲਗਾਇਆ ਗਿਆ। ਕੈਂਪ ਦੌਰਾਨ ਪਿੰਡ ਵਾਸੀਆਂ ਤੇ ਐੱਨ. ਐੱਸ. ਐੱਸ. ਵਲੰਟੀਅਰਾਂ ਵੱਲੋਂ ਖੂਨ ਦਾਨ ਕੀਤਾ ਗਿਆ।ਪਿੰਡ ਦੇ ਸਰਪੰਚ ਵੱਲੋਂ ਖੂਨ ਦਾਨ ਕਰਨ ਵਾਲਿਆਂ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੇ ਹੋਰ ਸਮਾਜ ਭਲਾਈ ਕੰਮਾਂ ਵਿੱਚ ਨੌਜਵਾਨਾਂ ਨੂੰ ਹਮੇਸ਼ਾ ਅੱਗੇ ਰਹਿਣਾ ਚਾਹੀਦਾ ਹੈ।ਇਸ ਤੋਂ ਬਾਅਦ ਉਨ੍ਹਾਂ ਨੇ ਸਮੂਹ ਖੂਨਦਾਨ ਕਰਨ ਵਾਲਿਆਂ ਨੂੰ ਮੈਡਲ ਤੇ ਪੌਦਾ ਭੇਟ ਕੀਤਾ।ਦਿਨ ਦੇ ਦੂਸਰੇ ਸੈਸ਼ਨ ਦੌਰਾਨ ਸਮਾਪਤੀ ਸਮਾਰੋਹ ਵਿੱਚ ਦੇਸ਼ ਭਗਤ ਕਾਲਜ ਦੇ ਟਰੱਸਟੀ ਸਕੱਤਰ ਬਲਵੰਤ ਸਿੰਘ ਮੀਮਸਾ, ਜਤਿੰਦਰ ਸਿੰਘ ਸੋਨੀ ਮੰਡੇਰ, ਡਾ. ਸੁਖਵਿੰਦਰ ਸਿੰਘ ਧਾਂਦਰਾ, ਦੇਸ਼ ਭਗਤ ਕਾਲਜ ਦੇ ਪ੍ਰਿੰਸੀਪਲ ਡਾ. ਬਲਬੀਰ ਸਿੰਘ, ਵਾਇਸ ਪ੍ਰਿੰਸੀਪਲ ਡਾ. ਅਮ੍ਰਿਤ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਜਹਾਂਗੀਰ ਦੇ ਇੰਚਾਰਜ ਹਰਦੀਪ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਐੱਨ. ਐੱਸ. ਐੱਸ. ਵਲੰਟੀਅਰ ਸ਼ਾਹਿਦਾ ਨੇ ਸੱਤ ਰੋਜ਼ਾ ਕੈਂਪ ਦੌਰਾਨ ਹੋਏ ਕੰਮਾਂ 'ਤੇ ਚਾਨਣਾ ਪਾਇਆ। ਪਰਮਵੀਰ ਸਿੰਘ ਤੇ ਸੰਦੀਪ ਕੌਰ ਨੂੰ ਬੈਸਟ ਵਲੰਟੀਅਰਜ਼ ਐਲਾਨਿਆ ਗਿਆ।ਟਰੱਸਟ ਦੇ ਸਕੱਤਰ ਬਲਵੰਤ ਸਿੰਘ ਰੰਧਾਵਾ ਨੇ ਵਲੰਟੀਅਰਜ਼ ਦੀ ਦੀ ਹੌਸਲਾ ਅਫ਼ਜ਼ਾਈ ਕੀਤੀ ਤੇ ਸਾਰੇ ਵਲੰਟੀਅਰਜ਼ ਨੂੰ ਟ੍ਰਾਫ਼ੀ ਦੇ ਕੇ ਸਨਮਾਨਿਆ।ਅੰਤ ਵਿੱਚ ਕਾਲਜ ਪ੍ਰਿੰਸੀਪਲ ਡਾ. ਕਵਿਤਾ ਮਿੱਤਲ ਨੇ ਆਏ ਮਹਿਮਾਨਾਂ, ਪਿੰਡ ਦੀ ਪੰਚਾਇਤ ਤੇ ਸਕੂਲ ਪ੍ਰਬੰਧਕਾਂ ਦਾ ਐੱਨ.ਐੱਸ.ਐੱਸ. ਕੈਂਪ ਨੂੰ ਨੇਪਰੇ ਚੜ੍ਹਾਉਣ ਲਈ ਤਹਿ ਦਿਲੋਂ ਧੰਨਵਾਦ ਕੀਤਾ।

# ਬਲੌਜ਼ਮਜ਼ ਕਾਨਵੈਂਟ ਦੇ ਵਿਦਿਆਰਥੀ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਹੋਏ ਨਤਮਸਤਕ



**ਜਗਰਾਉਂ (ਸੰਜੀਵ ਅਰੋੜਾ, ਅਮਿਤ ਖੰਨਾ)**-ਬਲੌਜ਼ਮਜ਼ ਕਾਨਵੈਂਟ ਸਕੂਲ ਦੇ ਦਸਵੀਂ ਅਤੇ ਬਾਰਵੀਂ ਜਮਾਤ ਦੇ ਵਿਦਿਆਰਥੀ ਆਪਣੇ ਆਉਣ ਵਾਲੇ ਦਿਨਾਂ ਵਿੱਚ ਬੋਰਡ ਦੇ ਹੋ ਰਹੇ ਸਲਾਨਾ ਇਮਤਿਹਾਨਾਂ ਵਿੱਚ ਚੰਗੇ ਅੰਕਾਂ ਦੀ ਪ੍ਰਾਪਤੀ ਲਈ ਹਰ ਵਰੇ ਦੀ ਤਰ੍ਹਾਂ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਗੁਰੂ ਸਾਹਿਬ ਦਾ ਅਸ਼ੀਰਵਾਦ ਲੈਣ ਪਹੁੰਚੇ ਅਤੇ ਉਨ੍ਹਾਂ ਉੱਥੇ ਅਰਦਾਸ ਜੋਦੜੀ ਕੀਤੀ ਕਿ ਬੋਰਡ ਦੇ ਇਮਤਿਹਾਨਾਂ 'ਚ ਹਰ ਵਿਦਿਆਰਥੀ ਆਪਣੀ ਕੀਤੀ ਹੋਈ ਮਿਹਨਤ ਨੂੰ ਜ਼ਰੂਰ ਸਫਲਾ ਕਰੇ। ਸਕੂਲ ਦਾ ਸਮੁੱਚਾ ਸਟਾਫ ਵੀ ਉਥੇ ਨਤਮਸਤਕ ਹੋਇਆ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ: ਅਮਰਜੀਤ ਕੌਰ ਨਾਜ਼ ਨੇ ਗੁਰੂ ਸਾਹਿਬ ਦਾ ਸ਼ੁਕਰਾਨਾ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੀਆਂ ਅਪਾਰ ਬਖਸ਼ਿਸ਼ਾਂ ਸਦਕਾ ਅਸੀਂ ਹਰ ਵਰੇ ਆਪਣੇ ਨਤੀਜਿਆਂ 'ਚ ਇਕ ਮੀਲ ਪੱਥਰ ਗੱਡਦੇ ਹਾਂ। ਅਸੀਂ ਉਸ ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਇਸ ਵਾਰ ਵੀ ਬੱਚਿਆਂ ਦੀ ਕੀਤੀ ਮਿਹਨਤ ਜ਼ਰੂਰ ਰੰਗ ਲੈ ਕੇ ਆਵੇ ਤਾਂ ਜੋ ਉਨ੍ਹਾਂ ਦੇ ਮਾਪਿਆਂ ਦੇ ਦੇਖੇ ਹੋਏ ਸੁਪਨੇ ਸਾਕਾਰ ਹੋ ਸਕਣ। ਮਿਹਨਤ ਦੇ ਨਾਲ-ਨਾਲ ਪ੍ਰਮਾਤਮਾ ਦੀਆਂ ਬਖਸ਼ਿਸ਼ਾਂ ਵੀ ਜ਼ਰੂਰੀ ਹੁੰਦੀਆਂ ਹਨ, ਜੋ ਹਰ ਇੱਕ ਇਨਸਾਨ ਨੂੰ ਜੀਵਨ ਵਿੱਚ ਉਸ ਮੁਕਾਮ 'ਤੇ ਪਹੁੰਚਾ ਦਿੰਦੀਆਂ ਹਨ, ਜਿੱਥੇ ਉਸ ਨੇ ਕਦੇ ਆਸ ਵੀ ਨਹੀਂ ਕੀਤੀ ਹੁੰਦੀ। ਇਸ ਮੌਕੇ ਸਕੂਲ ਦੇ ਪ੍ਰੈਜ਼ੀਡੈਂਟ ਮਨਪ੍ਰੀਤ ਸਿੰਘ ਬਰਾੜ ਨੇ ਵੀ ਪ੍ਰਮਾਤਮਾ ਦਾ ਸ਼ੁਕਰਾਨਾ ਕਰਦੇ ਹੋਏ ਸਮੁੱਚੀ ਮਨੁੱਖਤਾ ਦਾ ਭਲਾ ਮੰਗਿਆ।

## ਹੈਵਨ ਬਿਊਟੀ ਤੇ ਵੈੱਲਨੇਸ ਸਕੂਲ ਫਰੀਦਕੋਟ ਵੱਲੋਂ ਸੈਮੀਨਾਰ



**ਫਰੀਦਕੋਟ (ਐਲਿਗਜ਼ੈਂਡਰ ਡਿਸੂਜਾ)**-ਸਥਾਨਕ ਹੈਵਨ ਬਿਊਟੀ ਤੇ ਵੈੱਲਨੇਸ ਸਕੂਲ ਵੱਲੋਂ ਇੱਕ ਸੈਮੀਨਾਰ ਕੀਤਾ ਗਿਆ, ਜਿਸ ਵਿੱਚ ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ ਜੈਤੋ ਦੇ 9ਵੀਂ ਤੋਂ 12ਵੀਂ ਕਲਾਸਾਂ ਦੇ ਵਿਦਿਆਰਥੀਆਂ ਤੇ ਸਰਕਾਰੀ ਅਧਿਆਪਕ ਰਾਜਵੀਰ ਕੌਰ ਧਾਲੀਵਾਲ ਦੁਆਰਾ ਹੈਵਨ ਬਿਊਟੀ ਅਤੇ ਵੈੱਲਨੇਸ ਸਕੂਲ ਦਾ ਦੌਰਾ ਕੀਤਾ।ਇਹ ਪ੍ਰੋਗਰਾਮ ਨਵਦੀਪ ਕੌਰ ਮਾਹਲਾ ਸੈਂਟਰ ਹੈੱਡ ਮੈਨੇਜਰ ਤੇ ਪ੍ਰਬੰਧ ਨਿਦੇਸ਼ਕ ਸ੍ਰੀ ਪਵਨ ਮਨਚੰਦਾ ਦੀ ਰਹਿਨੁਮਾਈ ਹੇਠ ਆਪਣੇ ਸਕੂਲ ਦੇ ਮਹਰਾਂ ਵੱਲੋਂ ਵਿਦਿਆਰਥੀਆਂ ਨੂੰ ਸੁੰਦਰਤਾ ਸ਼ੈਲੀ ਬਾਰੇ ਜਾਣਕਾਰੀ ਦਿੱਤੀ ਗਈ।ਇਸ ਮੌਕੇ ਮੈਨੇਜਿੰਗ ਡਾਇਰੈਕਟਰ ਸ੍ਰੀ ਪਵਨ ਮਨਚੰਦਾ ਨੇ ਵਿਦਿਆਰਥੀਆਂ ਨਾਲ ਕਿੱਤਾ ਮੁਖੀ ਕੰਮ ਤੇ ਪੜ੍ਹਾਈ ਬਾਰੇ ਚਰਚਾ ਕੀਤੀ ਤੇ ਸਕੂਲ ਅਧਿਆਪਕਾਂ ਤੇ ਵਿਦਿਆਰਥੀਆਂ ਦਾ ਅਕੈਡਮੀ ਪੁੱਜਣ 'ਤੇ ਧੰਨਵਾਦ ਕੀਤਾ।ਇਸ ਮੌਕੇ ਨਵਦੀਪ ਕੌਰ ਮਾਹਲਾ ਸੈਂਟਰ ਹੈੱਡ ਮੈਨੇਜਰ ਨੇ ਫੇਸ਼ੀਅਲ ਤੇ ਨੇਲ ਐਕਸਟੈਸ਼ਨ ਦੀ ਮੁਹਾਰਤ ਬਾਰੇ ਆਪਣੇ ਤਜਰਬੇ ਸਾਂਝੇ ਕੀਤੇ ਤੇ ਵਿਦਿਆਰਥੀਆਂ ਨੂੰ ਪੜ੍ਹਾਈ ਤੋਂ ਬਾਅਦ ਆਪਣੇ ਪੈਰਾਂ ਸਿਰ ਖੜ੍ਹੇ ਹੋਣ ਲਈ ਇਸ ਤਰ੍ਹਾਂ ਦੇ ਕੋਰਸ ਕਰਨ ਲਈ ਪ੍ਰੇਰਿਤ ਕੀਤਾ।ਇਸ ਤੋਂ ਇਲਾਵਾ ਹੇਅਰ ਐਕਸਪਰਟ ਸਨਮਦੀਪ ਸਿੰਘ ਤੇ ਹਰਫੂਲ ਸਿੰਘ ਦੁਆਰਾ ਹੇਅਰ ਸਪਾ, ਪਰਮਿੰਦਰ ਕੌਰ (ਨੇਲ ਟੈਕਨੀਸ਼ੀਅਨ) ਦੁਆਰਾ ਨੇਲ ਐਕਸਟੈਂਸ਼ਨ, ਮੇਕਅੱਪ ਮਾਹਿਰ ਸੁਖਵੀਰ ਕੌਰ ਨੇ ਪਾਰਟੀ ਮੇਕਅੱਪ, ਅਲੀਸ਼ਾ ਮੈਮ ਦੁਆਰਾ ਹਾਈਡਰਾ ਫੇਸ਼ੀਅਲ ਡੈਮੋ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ।

## ਸਮਾਜ ਸੇਵੀ ਸੰਸਥਾ ਹੈਲਪਿੰਗ ਹੈਂਡ ਵੱਲੋਂ ਨਵੀਂ ਐਂਬੂਲੈਂਸ ਸੇਵਾ ਸ਼ੁਰੂ



**ਜਗਰਾਉਂ (ਸੰਜੀਵ ਅਰੋੜਾ, ਅਮਿਤ ਖੰਨਾ)**-ਜਗਰਾਉਂ ਦੀ ਪ੍ਰਸਿੱਧ ਸਮਾਜ ਸੇਵੀ ਸੰਸਥਾ ਹੈਲਪਿੰਗ ਹੈਂਡ ਜਗਰਾਉਂ ਵੱਲੋਂ ਨਵੀਂ ਐਂਬੂਲੈਂਸ ਦੀ ਸੇਵਾ ਸ਼ੁਰੂ ਕੀਤੀ ਗਈ। ਐਂਬੂਲੈਂਸ ਨੂੰ ਜਗਰਾਉਂ ਸ਼ਹਿਰ ਵਾਸੀਆਂ ਨੂੰ ਸਮਰਪਤ ਕਰਨ ਲਈ ਹੈਲਪਿੰਗ ਹੈਂਡ ਜਗਰਾਉਂ ਵੱਲੋਂ ਗਊਸ਼ਾਲਾ ਵਿਖੇ ਸਾਦਾ ਤੇ ਪ੍ਰਭਵਸ਼ਾਲੀ ਸਮਾਗਮ ਰੱਖਿਆ ਗਿਆ, ਜਿਸ 'ਚ ਮਨੁੱਖਤਾ ਦੀ ਸੇਵਾ ਸਭ ਤੋਂ ਵੱਡੀ ਸੇਵਾ ਦੇ ਮੁਖੀ ਗੁਰਪ੍ਰੀਤ ਸਿੰਘ ਮਿੰਟੂ ਵਿਸ਼ੇਸ਼ ਤੌਰ 'ਤੇ ਪਹੁੰਚੇ ਤੇ ਐਂਬੂਲੈਂਸ ਨੂੰ ਝੰਡੀ ਦੇ ਕੇ ਰਵਾਨਾ ਕੀਤਾ। ਇਸ ਮੌਕੇ ਗੁਰਪ੍ਰੀਤ ਸਿੰਘ ਮਿੰਟੂ ਨੇ ਹੈਲਪਿੰਗ ਹੈਂਡ ਸੰਸਥਾ ਦੀ ਸ਼ਲਾਘਾ ਕਰਦੇ ਆਖਿਆ ਕਿ ਸਾਡਾ ਵੀਰ ਓਮੇਸ਼ ਛਾਬੜਾ ਜਗਰਾਉਂ 'ਚ ਵਧੀਆ ਸੇਵਾਵਾਂ ਨਿਭਾਅ ਰਿਹਾ ਹੈ। ਉਨ੍ਹਾਂ ਓਮੇਸ਼ ਛਾਬੜਾ ਵੱਲੋਂ ਸਮਾਜ ਸੇਵਾ ਦੇ ਖੇਤਰ 'ਚ ਕੀਤੇ ਕਾਰਜਾਂ ਦਾ ਜ਼ਿਕਰ ਵੀ ਕੀਤਾ। ਇਸ ਮੌਕੇ ਹੈਲਪਿੰਗ ਹੈਂਡ ਸੰਸਥਾ ਦੇ ਮੁਖੀ ਓਮੇਸ਼ ਛਾਬੜਾ ਨੇ ਦੱਸਿਆ ਕਿ ਸਾਡੀ ਸੰਸਥਾ ਪਿੱਛਲੇ 6 ਸਾਲਾਂ ਤੋਂ ਜਗਰਾਉਂ 'ਚ ਮੁਫ਼ਤ ਐਂਬੂਲੈਂਸ ਦੀ ਸੇਵਾ ਕਰ ਰਹੀ ਹੈ। ਐਂਬੂਲੈਂਸ ਪੁਰਾਣੀ ਹੋਣ ਕਾਰਨ ਸੰਸਥਾ ਵੱਲੋਂ ਨਵੀਂ ਐਂਬੂਲੈਂਸ ਲਿਆਂਦੀ ਗਈ, ਜਿਹੜੀ ਕਿ ਜਗਰਾਉਂ ਸ਼ਹਿਰ 'ਚ ਬਿਲਕੁਲ ਮੁਫ਼ਤ ਹੈ। ਉਨ੍ਹਾਂ ਦੱਸਿਆ ਕਿ ਸਾਡੀ ਸੰਸਥਾ ਹਰ ਇਕ ਲੋੜਵੰਦ ਪਰਿਵਾਰ ਦੀ ਮਦਦ ਕਰਦੀ ਹੈ। ਇਸ ਮੌਕੇ ਪ੍ਰਧਾਨ ਨਵੀਨ ਗੋਇਲ, ਮੋਹਿਤ ਗੋਇਲ, ਤੀਰਥ ਸਿੰਗਲਾ, ਰਮੇਸ਼, ਸੋਨੂੰ, ਲੱਕੀ ਗਰੇਵਾਲ, ਪ੍ਰਦੀਪ, ਤਰਨਪ੍ਰੀਤ ਸਿੰਘ, ਨਿਰੰਜਣ ਸਿੰਘ ਤੇ ਹਾਕਮ ਸਿੰਘ ਆਦਿ ਹਾਜ਼ਰ ਸਨ।

# ਅਨਾਜ ਮੰਡੀ ਦੀ ਚੋਣ ਲਈ ਕਰਮਜੀਤ ਸਿੰਘ ਅਲਹੌਰਾਂ ਨੂੰ ਐਲਾਨਿਆ ਉਮੀਦਵਾਰ

■ ਦੇਵ ਮਾਨ ਵੱਲੋਂ ਸਾਰੇ ਆੜ੍ਹਤੀਆ ਭਾਈਚਾਰੇ ਨੂੰ ਸਰਬਸੰਮਤੀ ਨਾਲ ਚੋਣ ਦੀ ਅਪੀਲ



**ਨਾਭਾ (ਵਰਿੰਦਰ ਵਰਮਾ)**-ਸਾਰੇ ਆੜ੍ਹਤੀਆਂ ਭਰਾਵਾਂ ਨੂੰ ਰਲ ਮਿਲ ਕੇ ਨਵੀਂ ਅਨਾਜ ਮੰਡੀ ਦਾ ਪ੍ਰਧਾਨ ਸਰਬਸੰਮਤੀ ਨਾਲ ਬਣਾਉਣਾ ਚਾਹੀਦਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਨ ਸਭਾ ਨਾਭਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਅਨਾਜ ਮੰਡੀ ਵਿਖੇ ਕਰਮਜੀਤ ਸਿੰਘ ਅਲਹੌਰਾਂ ਦੇ ਹੱਕ ਵਿੱਚ ਆੜ੍ਹਤੀਆਂ ਦੀ ਮੀਟਿੰਗ ਉਪਰੰਤ ਕੀਤਾ।ਉਨ੍ਹਾਂ ਕਿਹਾ ਸਰਕਾਰ ਸਾਰੇ ਵਪਾਰਿਕ ਅਦਾਰਿਆਂ ਦਾ ਸਹਿਯੋਗ ਕਰ ਰਹੀ ਹੈ, ਇਸ ਲਈ ਨਾਭਾ ਅਨਾਜ ਮੰਡੀ ਦੀ ਹੋਣ ਵਾਲੀ ਚੋਣ ਵਿੱਚ ਸਰਬਸੰਮਤੀ ਨਾਲ ਪ੍ਰਧਾਨ ਦੀ ਚੋਣ ਕਰਨੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਮੰਡੀ ਵਿੱਚ ਹੋਣ ਵਾਲੇ ਸਾਰੇ ਕੰਮਾਂ ਵਿੱਚ ਸਹਿਯੋਗ ਦਿੱਤਾ ਜਾਵੇਗਾ।ਇਸ ਮੌਕੇ ਵਿਧਾਇਕ ਦੇਵ ਮਾਨ ਵੱਲੋਂ ਕਰਮਜੀਤ ਸਿੰਘ ਅਲਹੌਰਾਂ ਨੂੰ ਉਮੀਦਵਾਰ ਐਲਾਨਿਆ। ਉਨ੍ਹਾਂ ਨੇ ਸਾਰੇ ਆੜ੍ਹਤੀਆਂ ਨੂੰ ਕਰਮਜੀਤ ਸਿੰਘ ਅਲਹੌਰਾਂ ਦਾ ਸਹਿਯੋਗ ਕਰਨ ਲਈ ਕਿਹਾ।ਉਨ੍ਹਾਂ ਕਿਹਾ ਕਿ ਹਰੇਕ ਸਾਲ ਨਵਾਂ ਪ੍ਰਧਾਨ ਚੁਣ ਕੇ ਸਾਰਿਆਂ ਨੂੰ ਮੌਕਾ ਦੇਣ ਚਾਹੀਦਾ ਹੈ।ਇਸ ਵਾਰ ਸਾਰੇ ਆੜ੍ਹਤੀਆਂ ਭਰਾਵਾਂ ਨੂੰ ਕਰਮਜੀਤ ਸਿੰਘ ਅਲਹੌਰਾਂ ਦਾ ਸਾਥ ਦੇਣ ਚਾਹੀਦਾ ਹੈ।ਇਸ ਮੌਕੇ ਉਨ੍ਹਾਂ ਦੇ ਨਾਲ ਸੁਰਿੰਦਰ ਗੁਪਤਾ ਪ੍ਰਧਾਨ, ਇਛੇਮਾਨ ਸਿੰਘ ਭੋਜੋਮਾਜਰੀ ਸਾਬਕਾ ਪ੍ਰਧਾਨ, ਕਰਮ ਚੰਦ, ਸੁਖਵੰਤ ਸਿੰਘ ਕੌਲ, ਸੰਜੀਵ ਸਿਲਪਾ ਮਿੱਤਲ, ਦਰਸ਼ਨ ਅਰੋੜਾ, ਹਰਬੰਸ ਸਿੰਘ, ਸੁਨੀਲ ਕੁਮਾਰ, ਨਿਤਿਨ ਕੁਮਾਰ, ਰੇਸ਼ਮ ਸਿੰਘ, ਸਿਕੰਦਰ ਢੀਂਡਸਾ, ਰਾਜ ਕੁਮਾਰ, ਗੁਲਸ਼ਨ ਬਾਂਸਲ, ਰਮਨ ਜਿੰਦਲ ਭੋਲਾ, ਸੰਦੀਪ ਸੰਧੂ, ਦੀਪਕ ਗਰਗ, ਯਸ਼ਪਾਲ, ਵਿਨੈ ਗੁਪਤਾ, ਅਜੀਤ ਕੁਮਾਰ, ਪ੍ਰੇਮ ਚੰਦ ਰੋਹਟਾ, ਕਰਨ ਪਾਲੀਆ, ਮੇਜਰ ਸਿੰਘ, ਰਵੀ ਨਾਭਾ ਤੇ ਹੋਰ ਆਹੁਦੇਦਾਰਾਂ ਮੌਜੂਦ ਸਨ।

## ਡਰੀਮ ਬਿਲਡਰਜ਼ ਨੇ ਪਿਉ-ਧੀ ਦਾ ਲਵਾਇਆ ਕੈਨੇਡਾ ਵਿਜ਼ਟਰ ਵੀਜ਼ਾ



**ਬਾਘਾ ਪੁਰਾਣਾ (ਮਨੀ ਸਿਗਲਾ)**-ਸਥਾਨਕ ਮੁੱਖ ਬੱਸ ਸਟੈਂਡ ਦੇ ਸਾਹਮਣੇ ਵਾਲੀ ਗਲੀ ਵਿੱਚ ਸਥਿਤ ਡਰੀਮ ਬਿਲਡਰਜ਼ ਸੰਸਥਾ, ਜੋ ਕਿ ਆਈਲਟਸ ਤੇ ਇਮੀਗ੍ਰੇਸ਼ਨ ਦੇ ਖੇਤਰ ਵਿੱਚ ਭਰੋਸੇਮੰਦ ਸੇਵਾਵਾਂ ਨਿਭਾਅ ਰਹੀ ਹੈ, ਨੇ ਨੌਜਵਾਨ ਲੜਕੀ ਲਵਲੀਨ ਕੌਰ ਤੇ ਉਸ ਦੇ ਪਿਤਾ ਸੁਰਿੰਦਰ ਸਿੰਘ ਨਾਗੀ ਵਾਸੀ ਬਾਘਾ ਪੁਰਾਣਾ (ਮੋਗਾ) ਦਾ ਇਕੱਠਿਆਂ ਦਾ 10 ਸਾਲਾਂ ਦਾ ਕੈਨੇਡਾ ਦਾ ਵਿਜ਼ਟਰ ਵੀਜ਼ਾ ਬਹੁਤ ਹੀ ਘੱਟ ਸਮੇਂ ਵਿੱਚ ਲਗਵਾ ਕੇ ਦਿੱਤਾ ਹੈ।ਇਸ ਮੌਕੇ ਐੱਮ ਡੀ ਨਵਜੋਤ ਸਿੰਘ ਬਰਾੜ ਨੇ ਕੈਨੇਡਾ ਵਿਜ਼ਟਰ ਵੀਜ਼ੇ ਦੀ ਕਾਪੀ ਸੌਂਪਦਿਆਂ ਵਧਾਈ ਦਿੱਤੀ। ਉਨ੍ਹਾ ਦੱਸਿਆ ਕਿ ਸਾਡੀ ਸੰਸਥਾ ਕੈਨੇਡਾ ਵਿਜ਼ਟਰ ਵੀਜ਼ੇ ਲਗਾਉਣ ਵਿੱਚ ਮੋਹਰੀ ਸੰਸਥਾ ਬਣ ਚੁੱਕੀ ਹੈ, ਕਿਉਂਕਿ ਅਸੀਂ ਲੋਕਾਂ ਨੂੰ ਗੁੰਮਰਾਹ ਨਹੀਂ ਕਰਦੇ ਤੇ ਫਾਈਲ ਬਿਲਕੁਲ ਪਾਰਦਰਸ਼ੀ ਢੰਗ ਨਾਲ ਅਪਲਾਈ ਕਰਦੇ ਹਾਂ ਜਿਸ ਕਰਕੇ ਵੀਜ਼ਾ ਅਸਾਨੀ ਨਾਲ ਪ੍ਰਾਪਤ ਹੁੰਦਾ ਹੈ।ਉਨ੍ਹਾ ਦੱਸਿਆ ਕਿ ਸੰਸਥਾ ਕੈਨੇਡਾ ਦੇ ਹਰੇਕ ਪ੍ਰਕਾਰ ਦੇ ਵੀਜ਼ਜ਼ ਲਗਵਾ ਰਹੀ ਹੈ। ਉਨ੍ਹਾ ਦੱਸਿਆ ਕਿ ਕੈਨੇਡਾ ਵਿਜ਼ਟਰ ਵੀਜ਼ਾ ਅਪਲਾਈ ਕਰਨ ਦਾ ਹੁਣ ਬਹੁਤ ਵਧੀਆ ਸਮਾਂ ਹੈ ਤੇ ਸੰਸਥਾ ਪੈਕੇਜ ਕਰਕੇ ਸਾਰੇ ਪੈਸੇ ਵੀਜ਼ਾ ਆਉਣ ਤੋਂ ਬਾਅਦ ਲੈਂਦੀ ਹੈ।

# ਸਿੱਧੂਪੁਰ ਵੱਲੋਂ ਬਾਠ ਇਕਾਈ ਦੀ ਚੋਣ, ਜੁਗਰਾਜ ਸਿੰਘ ਬਣੇ ਪ੍ਰਧਾਨ

**13 ਤੋਂ ਦਿੱਲੀ ਪੱਕੇ ਮੋਰਚੇ ਦੀਆਂ ਤਿਆਰੀਆਂ ਲਈ ਮੀਟਿੰਗਾਂ ਜਾਰੀ**



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**

13 ਫਰਵਰੀ ਤੋਂ ਦਿੱਲੀ ਵਿਖੇ ਲੱਗ ਰਹੇ ਪੱਕੇ ਕਿਸਾਨ ਮੋਰਚੇ ਦੀਆਂ ਤਿਆਰੀਆਂ ਨੂੰ ਲੈ ਕੇ ਭਾਕਿਯੂ (ਏਕਤਾ) ਸਿੱਧੂਪੁਰ ਵੱਲੋਂ ਪਿੰਡਾਂ ਵਿੱਚ ਮੀਟਿੰਗਾਂ ਕਰਕੇ ਕਿਸਾਨਾਂ ਨੂੰ ਲਾਮਬੰਦ ਕੀਤਾ ਜਾ ਰਿਹਾ ਹੈ। ਇਸੇ ਤਹਿਤ ਨੇੜਲੇ ਪਿੰਡ ਬਾਠ ਵਿਖੇ ਬਲਾਕ ਦੇ ਸੀਨੀਅਰ ਮੀਤ ਪ੍ਰਧਾਨ ਹਰਨੇਕ ਸਿੰਘ ਲਹਿਰਾ ਮੁਹੱਬਤ ਤੇ ਖਜ਼ਾਨਚੀ ਬਲਵੀਰ ਸਿੰਘ ਲਹਿਰਾ ਮੁਹੱਬਤ ਦੀ ਅਗਵਾਈ ਵਿੱਚ ਹੋਈ ਮੀਟਿੰਗ ਦੌਰਾਨ ਦਿੱਲੀ ਅੰਦੋਲਨ ਨੂੰ ਸਫਲ ਬਣਾਉਣ ਦੀ ਅਪੀਲ ਕਰਦਿਆਂ ਕਿਸਾਨਾਂ ਨੂੰ ਸਰਕਾਰ ਦੀਆਂ ਗਲਤ ਨੀਤੀਆਂ ਬਾਰੇ ਜਾਣੂ ਕਰਵਾਇਆ ਗਿਆ। ਇਸੇ ਦੌਰਾਨ ਸਾਰਿਆਂ ਦੀ ਸਹਿਮਤੀ ਨਾਲ ਪਿੰਡ ਬਾਠ ਇਕਾਈ ਦੀ ਚੋਣ ਵੀ ਕੀਤੀ ਗਈ, ਜਿਸ ਵਿੱਚ ਜੁਗਰਾਜ ਸਿੰਘ ਨੂੰ ਪ੍ਰਧਾਨ, ਦਿਆਲ ਸਿੰਘ ਸੀਨੀਅਰ ਮੀਤ ਪ੍ਰਧਾਨ, ਸਮਸ਼ੇਰ ਸਿੰਘ ਮੀਤ ਪ੍ਰਧਾਨ, ਸੁਖਦੀਪ ਸਿੰਘ ਜਰਨਲ ਸਕੱਤਰ, ਖੇਤਾ ਸਿੰਘ ਖਜ਼ਾਨਚੀ, ਨਰਿੰਦਰ ਸਿੰਘ ਨਿੰਮਾ ਪ੍ਰੈੱਸ ਸਕੱਤਰ, ਅਜੈਬ ਸਿੰਘ 'ਭੱਟੀ' ਪ੍ਰਚਾਰ ਸਕੱਤਰ ਤੇ ਸਵਰਨ ਸਿੰਘ ਨੂੰ ਸਲਾਹਕਾਰ ਚੁਣਿਆ ਗਿਆ। ਇਸ ਮੌਕੇ ਜਥੇਬੰਦੀ ਦੇ ਮੈਂਬਰਜ਼ ਜਸਕਰਨ ਸਿੰਘ 'ਬੱਬੀ', ਗੁਰਨਾਮ ਸਿੰਘ 'ਭੁੱਲਰ', ਬਲਵਿੰਦਰ ਸਿੰਘ 'ਬਿੱਕੀ', ਬੂਟਾ ਸਿੰਘ, ਅਜੀਤ ਸਿੰਘ 'ਭੁੱਲਰ', ਗੁਰਨੈਬ ਸਿੰਘ, ਕਾਲਾ ਸਿੰਘ, ਭੋਲਾ ਸਿੰਘ, ਜਗਜੀਤ ਸਿੰਘ, ਗੁਰਪ੍ਰੀਤ ਸਿੰਘ, ਭੋਲੂ ਸਿੰਘ, ਦਰਸ਼ਨ ਸਿੰਘ ਅਤੇ ਹਰਵਿੰਦਰ ਸਿੰਘ ਸਮੇਤ ਹੋਰ ਕਿਸਾਨ ਹਾਜ਼ਰ ਸਨ।

# 'ਆਪ ਦੀ ਸਰਕਾਰ, ਆਪ ਦੇ ਦੁਆਰ' ਤਹਿਤ ਪੰਜਾਵਾ 'ਚ ਵਿਸ਼ੇਸ਼ ਕੈਂਪ



**ਲੰਬੀ/ਮਲੋਟ (ਗੁਰਮੀਤ ਸਿੰਘ ਮੱਕੜ)**-ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਦਿਨੋਂ ਦਿਨ ਪੂਰਾ ਕੀਤਾ ਜਾ ਰਿਹਾ ਹੈ। ਇਸੇ ਲੜੀ ਤਹਿਤ ਹਲਕਾ ਲੰਬੀ ਦੇ ਪਿੰਡ ਪੰਜਾਵਾ ਵਿਖੇ 'ਆਪ ਦੀ ਸਰਕਾਰ, ਆਪ ਦੇ ਦੁਆਰ' ਮੁਹਿੰਮ ਤਹਿਤ ਵਿਸ਼ੇਸ਼ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਕੈਂਪ ਦੀ ਪ੍ਰਧਾਨਗੀ ਸ. ਗੁਰਮੀਤ ਸਿੰਘ ਖੁੱਡੀਆਂ ਖੇਤੀਬਾੜੀ, ਪਸ਼ੂ ਪਾਲਣ ਤੇ ਡੇਅਰੀ ਵਿਕਾਸ ਮੰਤਰੀ ਨੇ ਕੀਤੀ ਤੇ ਪਿੰਡ ਵਾਸੀਆਂ ਦੀ ਸਮੱਸਿਆਵਾਂ ਸੁਣ ਕੇ ਮੌਕੇ 'ਤੇ ਹੀ ਹੱਲ ਕੀਤਾ। ਇਸ ਕੈਂਪ ਦੌਰਾਨ ਸ. ਖੁੱਡੀਆਂ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਾਰੇ ਰਾਜ ਵਿੱਚ ਇਹ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ। ਉਨ੍ਹਾਂ ਪੰਜਾਬ ਸਰਕਾਰ ਦੇ ਇਸ ਕੰਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਨਾਲ ਲੋਕਾਂ ਨੂੰ ਸਰਕਾਰੀ ਦਫਤਰਾਂ ਵਿਚ ਚੱਕਰ ਨਹੀਂ ਲਗਾਉਣੇ ਪੈਂਦੇ, ਬਲਕਿ ਅਧਿਕਾਰੀ ਤੇ ਕਰਮਚਾਰੀ ਖੁੱਦ ਚੱਲ ਕੇ ਲੋਕਾਂ ਤੱਕ ਪਹੁੰਚ ਕਰਕੇ ਉਨ੍ਹਾਂ ਦੀਆਂ ਮੁਸ਼ਕਲਾਂ ਦਾ ਨਿਪਟਾਰਾ ਕਰ ਰਹੇ ਹਨ। ਉਨ੍ਹਾ ਕਿਹਾ ਕਿ ਇਨ੍ਹਾਂ ਵਿਸ਼ੇਸ਼ ਕੈਂਪਾਂ ਵਿਚ ਵੱਖ-ਵੱਖ ਤਰ੍ਹਾਂ ਦੀਆਂ ਸੇਵਾਵਾਂ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਹਨ ਤੇ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ 1076 ਨੰਬਰ ਬਾਰੇ ਜਾਣਕਾਰੀ ਦਿੱਤੀ ਗਈ। ਉਨ੍ਹਾਂ ਕਿਹਾ ਕਿ ਕੋਈ ਵੀ ਵਿਅਕਤੀ ਇਸ ਨੰਬਰ 'ਤੇ ਰਾਬਤਾ ਕਰਕੇ ਆਪਣੀ ਸਮੱਸਿਆ ਦਾ ਹੱਲ ਕਰ ਸਕਦਾ ਹੈ। ਇਸ ਕੈਂਪ ਦੌਰਾਨ ਪਿੰਡ ਵਾਸੀਆਂ ਦੀਆਂ ਰਾਸ਼ਨ ਕਾਰਡ, ਪਿੰਡ ਵਿੱਚ ਨਵਾਂ ਟਰਾਂਸਫਾਰਮਰ, ਪਿੰਡ ਵਿੱਚ ਗਲੀਆਂ ਦਾ ਨਵੀਨੀਕਰਨ, ਮਕਾਨ, ਮਗਨਰੇਗਾ ਨਾਲ ਸਬੰਧਤ ਸਮੱਸਿਆਵਾਂ ਨੂੰ ਸੁਣਿਆ ਤੇ ਮੌਕੇ 'ਤੇ ਹੱਲ ਵੀ ਕੀਤਾ ਗਿਆ। ਕੈਂਪ ਦੌਰਾਨ ਖੁਸ਼ਵੀਰ ਮਾਨ ਸਹਿਣਾ ਖੇੜਾ ਨੇ ਸਟੇਜ ਦੀ ਭੂਮੀਕਾ ਨਿਭਾਈ।

## ਡੀ ਏ ਵੀ ਕਾਲਜ ਵਿਖੇ 'ਸਰਹੱਦਾਂ ਹੋਰ ਵੀ ਨੇ' ਦੀ ਪੇਸ਼ਕਾਰੀ



**ਮਲੋਟ (ਗੁਰਮੀਤ ਸਿੰਘ ਮੱਕੜ)**-ਸਥਾਨਕ ਡੀ.ਏ.ਵੀ. ਕਾਲਜ ਵਿਖੇ ਪ੍ਰਿੰਸੀਪਲ ਸੁਭਾਸ਼ ਗੁਪਤਾ ਦੀ ਅਗਵਾਈ ਵਿੱਚ ਯੂਥ ਵੈੱਲਫੇਅਰ ਵਿਭਾਗ ਦੇ ਇੰਚਾਰਜ ਡਾ. ਮੁਕਤਾ ਮੁਟਨੇਜਾ ਤੇ ਸਹਿ ਇੰਚਾਰਜ ਮੈਡਮ ਰਿਪੂ ਦੇ ਦਿਸ਼ਾਂ ਨਿਰਦੇਸ਼ਾਂ ਹੇਠ ਬਸੰਤ ਉਤਸਵ ਮੌਕੇ ਨਸ਼ਿਆਂ ਖਿਲਾਫ਼ ਇੱਕ ਪੰਜਾਬੀ ਨਾਟਕ 'ਸਰਹੱਦਾਂ ਹੋਰ ਵੀ ਨੇ' ਦਾ ਆਯੋਜਨ ਕੀਤਾ ਗਿਆ, ਜਿਸ ਦੇ ਨਿਰਦੇਸ਼ਕ ਸ੍ਰੀ ਗੌਰਵ ਭਠੇਜਾ ਤੇ ਲੇਖਕ ਸ੍ਰੀ ਸੁਰਿੰਦਰ ਨਰੂਲਾ ਸਨ। ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਦੇ ਤੌਰ 'ਤੇ ਮਲੋਟ ਸ਼ਹਿਰ ਦੇ ਐੱਸ.ਡੀ.ਐੱਮ. ਡਾ. ਸੰਜੀਵ ਕੁਮਾਰ ਤੇ ਉਨ੍ਹਾਂ ਦੇ ਨਾਲ ਪਲੇਅ ਹਾਊਸ ਦੇ ਪ੍ਰਧਾਨ ਰਾਜ ਰੱਸੇਵੱਟ ਤੇ ਮਨੋਜ ਅਸੀਜਾ ਉਚੇਚੇ ਤੌਰ 'ਤੇ ਸ਼ਾਮਲ ਹੋਏ। ਸਭ ਤੋਂ ਪਹਿਲਾਂ ਕਾਲਜ ਦੇ ਪ੍ਰਿੰਸੀਪਲ ਸੁਭਾਸ਼ ਗੁਪਤਾ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ। ਇਸ ਤੋਂ ਬਾਅਦ ਨਾਟਕ ਦੀ ਪੇਸ਼ਕਸ਼ ਕੀਤੀ ਗਈ। ਇਸ ਨਾਟਕ ਦਾ ਜ਼ਰੀਏ ਦਰਸਾਇਆ ਗਿਆ ਕਿ ਦੇਸ਼ਾਂ ਦੀਆਂ ਸਰਹੱਦਾਂ ਤੋਂ ਇਲਾਵਾ ਸਮਾਜ ਵਿੱਚ ਨਸ਼ੇ ਦੀ ਬੁਰਾਈ ਵੀ ਇੱਕ ਸਰਹੱਦ ਬਣ ਚੁੱਕੀ ਹੈ, ਜਿਸ ਨੂੰ ਸਾਰੇ ਨੌਜਵਾਨ ਮਿਲ ਕੇ ਸਿਰ ਤੇ ਕਫ਼ਨ ਬੰਨ੍ਹ ਕੇ ਜਿੱਤ ਸਕਦੇ ਹਨ। ਨਾਟਕ ਦੇ ਸਾਰੇ ਕਿਰਦਾਰਾਂ ਨੇ ਆਪਣੇ ਆਪਣੇ ਰੋਲ ਨੂੰ ਬਾਖੂਬੀ ਨਿਭਾਇਆ। ਨਾਟਕ ਦੀ ਪੂਰੀ ਟੀਮ ਨੂੰ ਐਸ.ਡੀ.ਐਮ. ਵੱਲੋਂ ਸਨਮਾਨਤ ਵੀ ਕੀਤਾ ਗਿਆ। ਅਖੀਰ ਵਿੱਚ ਵਿਦਿਆਰਥੀਆਂ ਨੇ ਪਤੰਗਬਾਜ਼ੀ ਦਾ ਵੀ ਖੂਬ ਆਨੰਦ ਮਾਣਿਆ। ਇਸ ਮੌਕੇ ਕਾਲਜ ਦਾ ਸਮੂਹ ਸਟਾਫ਼ ਹਾਜ਼ਰ ਸੀ।

# ਤਖ਼ਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਐਕਟ ਨਾਲ ਛੇੜਛਾੜ ਬਰਦਾਸ਼ਤ ਨਹੀਂ : ਜਥੇਦਾਰ ਬਘੌਰਾ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਗੁਰਦੁਆਰਾ ਬੋਰਡ ਵਿੱਚ ਸਰਕਾਰ ਵੱਲੋਂ ਸਿੱਖ ਸੰਸਥਾਵਾਂ ਦੇ ਮੈਂਬਰਾਂ ਦੀ ਗਿਣਤੀ ਘਟਾਉਣ ਦੀ ਕਾਰਵਾਈ ਦਾ ਗੰਭੀਰ ਨੋਟਿਸ ਲੈਂਦਿਆਂ ਜਥੇਦਾਰ ਸੁਖਜੀਤ ਸਿੰਘ ਬਘੌਰਾ ਪ੍ਰੈੱਸ ਸਕੱਤਰ ਭਾਰਤੀ ਕਿਸਾਨ ਯੂਨੀਅਨ ਪੰਜਾਬ ਨੇ ਕਿਹਾ ਕਿ ਇਹ ਬਹੁਤ ਹੀ ਦੁੱਖਦਾਈ ਤੇ ਨਿੰਦਣਯੋਗ ਹੈ।ਉਨ੍ਹਾਂ ਇਸ ਮਾਮਲੇ ਨੂੰ ਲੈ ਕੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਸ੍ਰੀ ਏਕਨਾਥ ਸ਼ਿੰਦੇ ਨੂੰ ਪੱਤਰ ਲਿਖ ਕੇ ਸਖ਼ਤ ਇਤਰਾਜ਼ ਪ੍ਰਗਟ ਕੀਤਾ ਹੈ ਤੇ ਮਾਮਲੇ ਦੀ ਗੰਭੀਰਤਾ ਨੂੰ ਵੇਖਦਿਆਂ ਮੁਲਾਕਾਤ ਲਈ ਸਮਾਂ ਮੰਗਿਆ ਹੈ। ਉਨ੍ਹਾ ਕਿਹਾ ਕਿ ਮਹਾਰਾਸ਼ਟਰ ਸਰਕਾਰ ਦੇ ਮੰਤਰੀ ਮੰਡਲ ਵੱਲੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਦੇ ਐਕਟ ਵਿੱਚ ਮਨਮਰਜ਼ੀ ਦੀ ਸੋਧ ਸਿੱਖ ਗੁਰਦੁਆਰਾ ਪ੍ਰਬੰਧਾਂ ਵਿੱਚ ਸਿੱਧੀ ਦਖਲਅੰਦਾਜ਼ੀ ਹੈ।ਉਨ੍ਹਾਂ ਕਿਹਾ ਕਿ ਨਾਂਦੇੜ ਗੁਰਦੁਆਰਾ ਬੋਰਡ ਵਿੱਚ ਸਿੱਖ ਸੰਸਥਾਵਾਂ ਦੇ ਮੈਂਬਰਾਂ ਦੀ ਨੁਮਾਇੰਦਗੀ ਦਾ ਮੰਤਵ ਤਖ਼ਤ ਸਾਹਿਬ, ਸਬੰਧਤ ਸਿੱਖ ਗੁਰਧਾਮਾਂ ਦੀ ਮਰਿਆਦਾ ਦੇ ਮੱਦੇਨਜ਼ਰ ਬੋਰਡ ਦੇ ਕੰਮਕਾਜ ਨੂੰ ਪਾਰਦਰਸ਼ੀ ਤੇ ਧਾਰਮਿਕ ਢੰਗ ਨਾਲ ਯਕੀਨੀ ਬਣਾਉਣਾ ਹੈ। ਉਨ੍ਹਾਂ ਚਿੰਤਾ ਜ਼ਾਹਰ ਕੀਤੀ ਕਿ ਐਕਟ ਵਿੱਚ ਕੋਈ ਵੀ ਵਿਗਾੜ ਇਸ ਭਾਵਨਾ ਨੂੰ ਠੇਸ ਪਹੁੰਚਾਏਗਾ। ਉਨ੍ਹਾਂ ਕਿਹਾ ਕਿ ਮਹਾਰਾਸ਼ਟਰ ਸਰਕਾਰ ਦਾ ਗੁਰਦੁਆਰਾ ਬੋਰਡ ਵਿੱਚ ਸਰਕਾਰੀ ਨਾਮਜ਼ਦ ਮੈਂਬਰਾਂ ਦੀ ਗਿਣਤੀ ਵਧਾਉਣ ਅਤੇ ਸਿੱਖ ਸੰਸਥਾਵਾਂ ਦੇ ਮੈਂਬਰਾਂ ਨੂੰ ਘਟਾਉਣ ਦਾ ਫੈਸਲਾ ਸਿੱਖ ਗੁਰਧਾਮਾਂ 'ਤੇ ਸਿੱਧਾ ਕਬਜ਼ਾ ਕਰਨ ਦੀ ਕਾਰਵਾਈ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਸਰਕਾਰ ਨੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧਕੀ ਬੋਰਡ ਵਿੱਚ ਅਜਿਹੀ ਸੋਧ ਦਾ ਪ੍ਰਸਤਾਵ ਪੇਸ਼ ਕਰਨ ਤੋਂ ਪਹਿਲਾਂ ਸਿੱਖਾਂ ਦੀਆਂ ਨੁਮਾਇੰਦਾ ਸੰਸਥਾਵਾਂ ਤੇ ਜਥੇਬੰਦੀਆਂ ਨਾਲ ਕੋਈ ਅਗਾਊਂ ਸਲਾਹ-ਮਸ਼ਵਰਾ ਨਹੀਂ ਕੀਤਾ।ਜਥੇਦਾਰ ਬਘੌਰਾ ਨੇ ਮੁੱਖ ਮੰਤਰੀ ਸ੍ਰੀ ਏਕਨਾਥ ਸ਼ਿੰਦੇ ਨੂੰ ਅਪੀਲ ਕੀਤੀ ਕਿ ਉਹ ਸਿੱਖ ਗੁਰਧਾਮਾਂ ਦੇ ਪ੍ਰਬੰਧਾਂ ਵਿੱਚ ਸਰਕਾਰੀ ਪ੍ਰਭਾਵ ਵਧਾਉਣ ਵਾਲੀਆਂ ਕਾਰਵਾਈਆਂ ਨੂੰ ਤੁਰੰਤ ਬੰਦ ਕਰਨ ਤੇ ਸ੍ਰੀ ਹਜ਼ੂਰ ਸਾਹਿਬ ਗੁਰਦੁਆਰਾ ਬੋਰਡ ਨਾਲ ਸਬੰਧਤ ਐਕਟ 1956 ਨੂੰ ਤੋੜਨ ਦੀ ਕਾਰਵਾਈ ਨੂੰ ਤੁਰੰਤ ਰੋਕਣ। ਉਨ੍ਹਾਂ ਕਿਹਾ ਕਿ ਨਾਂਦੇੜ ਗੁਰਦੁਆਰਾ ਬੋਰਡ ਵਿੱਚ ਪਹਿਲਾਂ ਵਾਂਗ ਸਿੱਖ ਸੰਸਥਾਵਾਂ ਦੇ ਨੁਮਾਇੰਦਿਆਂ ਦੀ ਸ਼ਮੂਲੀਅਤ ਯਕੀਨੀ ਬਣਾਈ ਜਾਵੇ।ਉਨ੍ਹਾਂ ਕਿਹਾ ਕਿ ਇਸ ਸੋਧ ਨੂੰ ਲੈ ਕੇ ਸਮੁੱਚੇ ਸਿੱਖ ਜਗਤ ਅੰਦਰ ਵੱਡੇ ਰੋਸ ਦੀ ਲਹਿਰ ਹੈ, ਜਿਸ ਦਾ ਪ੍ਰਗਟਾਵਾ ਸੰਗਤਾਂ ਵੱਲੋਂ ਸ਼੍ਰੋਮਣੀ ਕਮੇਟੀ ਨਾਲ ਸੰਪਰਕ ਕਰਕੇ ਕੀਤਾ ਜਾ ਰਿਹਾ ਹੈ। ਮਹਾਰਾਸ਼ਟਰ ਦੀਆਂ ਸੰਗਤਾਂ ਵੱਲੋਂ ਵੀ ਇਸ ਨੂੰ ਲੈ ਕੇ ਸਖ਼ਤ ਇਤਰਾਜ਼ ਪ੍ਰਗਟਾਏ ਜਾ ਰਹੇ ਹਨ। ਇਸ ਮੌਕੇ ਉਨ੍ਹਾ ਨਾਲ ਹਰਬੰਸ ਸਿੰਘ ਦਦਹੇੜਾ, ਗੁਰਜੰਟ ਸਿੰਘ, ਗੁਰਜਿੰਦਰ ਸਿੰਘ ਗਜੂਮਾਜਰਾ ਆਦਿ ਹਾਜ਼ਰ ਸਨ।

# 16 ਦੇ ਭਾਰਤ ਬੰਦ ਸੰਬੰਧੀ ਜਨਤਕ ਜਥੇਬੰਦੀਆਂ ਵੱਲੋਂ ਪਿੰਡਾਂ 'ਚ ਝੰਡਾ ਮਾਰਚ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**

ਸੰਯੁਕਤ ਕਿਸਾਨ ਮੋਰਚਾ, ਟਰੇਡ ਯੂਨੀਅਨਾਂ, ਮਜ਼ਦੂਰਾਂ, ਛੋਟੇ ਦੁਕਾਨਦਾਰਾਂ, ਟਰੱਕ, ਟੈਕਸੀ ਯੂਨੀਅਨਾਂ ਤੇ ਹੋਰ ਜਨਤਕ ਜਥੇਬੰਦੀਆਂ ਵੱਲੋਂ 16 ਫਰਵਰੀ ਭਾਰਤ ਬੰਦ ਦੇ ਸੱਦੇ ਨੂੰ ਕਾਮਯਾਬ ਕਰਨ ਲਈ ਬਲਾਕ ਮਹਿਲ ਕਲਾਂ ਦੇ ਵੱਖ ਵੱਖ ਪਿੰਡਾਂ ਵਿੱਚ ਝੰਡਾ ਮਾਰਚ ਕੀਤਾ ਗਿਆ। ਸਥਾਨਕ ਦਾਣਾ ਮੰਡੀ 'ਚ ਜਨਤਕ ਜਥੇਬੰਦੀਆਂ ਦੇ ਕਾਫਲੇ ਵੱਲੋਂ ਪਹਿਲਾਂ ਮਹਿਲ ਕਲਾਂ ਬੱਸ ਸਟੈਂਡ, ਮੁੱਖ ਬਜ਼ਾਰ 'ਚ ਝੰਡਾ ਮਾਰਚ ਕਰਕੇ ਲੋਕਾਂ ਨੂੰ ਲਾਮਬੰਦ ਹੋਣ ਦੀ ਅਪੀਲ ਕੀਤੀ। ਉਪਰੰਤ ਇਹ ਕਾਫਲਾ ਚਾਰੇ ਦਿਸ਼ਾਵਾਂ ਵੱਲ ਵੱਖ ਪਿੰਡਾਂ ਲਈ ਰਵਾਨਾ ਹੋਇਆ। ਇਸ ਮੌਕੇ ਬੋਲਦਿਆਂ ਆਗੂਆਂ ਨੇ ਕਿਹਾ ਅਜ਼ਾਦੀ ਦੇ 76 ਸਾਲਾਂ ਦੇ ਲੰਮੇ ਅਰਸੇ ਬਾਅਦ ਵੀ ਦੇਸ਼ ਦੇ ਕਰੋੜਾਂ ਲੋਕ ਗਰੀਬੀ ਦੀ ਰੇਖਾ ਤੋਂ ਥੱਲੇ ਜੀਵਨ ਬਸਰ ਕਰ ਰਹੇ ਹਨ। ਬੇਸ਼ੱਕ ਬਦਲ ਬਦਲ ਕੇ ਸਰਕਾਰਾਂ ਗਰੀਬ ਲੋਕਾਂ ਨਾਲ ਝੂਠੇ ਵਾਅਦੇ ਕਰਕੇ ਰਾਜ ਸੱਤਾ 'ਤੇ ਕਾਬਜ਼ ਹੋ ਜਾਂਦੀਆਂ ਹਨ, ਪਰ ਇਨ੍ਹਾਂ ਲੁਟੇਰੀਆਂ ਹਾਕਮ ਜਮਾਤਾਂ ਦਾ ਖਾਸਾ ਇੱਕੋ ਹੈ, ਜੋ ਸਿਰਫ ਤੇ ਸਿਰਫ ਲੁਟੇਰੀਆਂ ਜਮਾਤਾਂ ਦਾ ਪੱਖ ਹੀ ਪੂਰਦੀਆਂ ਆ ਰਹੀਆਂ ਹਨ, ਜਿਸ ਕਾਰਨ ਗਰੀਬ ਲੋਕ ਨਰਕ ਭਰੀ ਜ਼ਿੰਦਗੀ ਜੀਣ ਲਈ ਮਜਬੂਰ ਹਨ। ਅਮੀਰੀ, ਗਰੀਬੀ ਦਾ ਪਾੜਾ ਜਿਉਂ ਦੀ ਤਿਉਂ ਬਰਕਰਾਰ ਹੈ। ਇਸ ਤੋਂ ਹੋਰ ਮਾੜਾ ਪੱਖ ਇਹ ਹੈ ਕਿ ਮੋਦੀ ਤੇ ਭਾਜਪਾ, ਕੱਟੜ ਹਿੰਦੂ ਜਥੇਬੰਦੀਆਂ, ਆਰ.ਐੱਸ.ਐੱਸ. ਦੀਆਂ ਫਿਰਕੂ ਨੀਤੀਆਂ ਨੂੰ ਲਾਗੂ ਕਰ ਕੇ, ਘੱਟ ਗਿਣਤੀ, ਮੁਸਲਮਾਨ, ਦਲਿਤਾਂ ਤੇ ਮਾਰੂ ਹੱਲਾ ਬੋਲ ਕੇ ਲੋਕਾਂ ਦੀ ਅਵਾਜ਼ ਨੂੰ ਬੰਦ ਕਰਨ ਲਈ ਧਾਰਾ 295ਏ ਤਹਿਤ ਪਰਚੇ ਦਰਜ ਕਰ ਬੇਕਸੂਰ ਲੋਕਾਂ ਨੂੰ ਜੇਲ੍ਹਾਂ ਵਿੱਚ ਤੁੰਨਿਆ ਜਾ ਰਿਹਾ ਹੈ। ਇਨ੍ਹਾਂ ਉਕਤ ਨੀਤੀਆਂ ਖਿਲਾਫ ਸਮੁੱਚੇ ਲੁੱਟੇ ਜਾ ਰਹੇ ਮਿਹਨਤਕਸ਼ ਲੋਕਾਂ ਵੱਲੋਂ 16 ਫਰਵਰੀ ਨੂੰ ਭਾਰਤ ਬੰਦ ਕਰ ਕੇ ਇਨ੍ਹਾਂ ਲੋਕਾਂ ਨੂੰ ਮਾਰਨ ਵਾਲੀਆਂ ਨੀਤੀਆਂ ਦਾ ਵਿਰੋਧ ਕੀਤਾ ਜਾਵੇਗਾ। ਇਸ ਮਾਰਚ ਵਿੱਚ ਜਗਰਾਜ ਸਿੰਘ ਹਰਦਾਸਪੁਰਾ, ਗੁਰਦੇਵ ਸਿੰਘ ਮਾਂਗੇਵਾਲ ਡਕੌਂਦਾ ਧਨੇਰ, ਅਮਰਜੀਤ ਕੁੱਕੂ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ ਪੰਜਾਬ, ਅਮਰਜੀਤ ਮਹਿਲ ਖੁਰਦ ਬੀ ਕੇ ਯੂ ਡਕੌਂਦਾ, ਮਾ: ਦਰਸ਼ਨ ਸਿੰਘ ਪੰਡੋਰੀ ਪੈਨਸਨਰ ਐਸੋਸੀਏਸ਼ਨ, ਭੋਲਾ ਸਿੰਘ ਕਲਾਲਮਾਜਰਾ ਦਿਹਾਤੀ ਮਜ਼ਦੂਰ ਸਭਾ, ਖੁਸ਼ੀਆ ਸਿੰਘ ਏਟਕ, ਨਾਨਕ ਸਿੰਘ ਅਮਲਾ ਸਿੰਘ ਵਾਲਾ, ਪਰਮਜੀਤ ਸਿੰਘ, ਮਹਿੰਦਰ ਸਿੰਘ ਬੀ ਕੇ ਯੂ ਕਾਦੀਆਂ, ਦੀ ਅਗਵਾਈ ਵਿੱਚ ਪਿੰਡ ਪਿੰਡ ਪ੍ਰਚਾਰ ਕੀਤਾ ਗਿਆ।

## ਸੰਕਲਪ ਸੁਸਾਇਟੀ ਨੇ ਬੱਚਿਆਂ ਦੇ ਨੱਕ, ਕੰਨ, ਗਲੇ ਤੇ ਅੱਖਾਂ ਦੀ ਜਾਂਚ ਕਰਾਈ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪਰਮਜੀਤ ਸਿੰਘ, ਪੂਜਾ, ਚਾਵਲਾ)**-ਸਮਾਜ ਸੇਵੀ ਸੰਸਥਾ ਸੰਕਲਪ ਐਜੂਕੇਸ਼ਨਲ ਵੈੱਲਫੇਅਰ ਸੁਸਾਇਟੀ ਵੱਲੋਂ ਸਥਾਨਕ ਬਠਿੰਡਾ ਰੋਡ ਸਥਿਤ ਸਰਕਾਰੀ ਹਸਪਤਾਲ ਵਿਖੇ 1 ਸਾਲ ਤੋਂ 10 ਸਾਲ ਤੱਕ ਦੇ 50 ਬੱਚਿਆਂ ਦੀਆਂ ਅੱਖਾਂ, ਨੱਕ, ਕੰਨ ਤੇ ਗਲੇ ਦਾ ਮੁਫ਼ਤ ਜਾਂਚ ਕੈਂਪ ਲਾਇਆ ਗਿਆ।ਸੰਸਥਾ ਦੇ ਸੰਸਥਾਪਕ ਪ੍ਰਧਾਨ ਨਰਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਨਰੋਏ ਸਿਹਤ ਸਮਾਜ ਦੀ ਸਿਰਜਣਾ ਨੂੰ ਮੁੱਖ ਰੱਖਦਿਆਂ ਚਲਾਏ ਇਸ ਪ੍ਰਾਜੈਕਟ ਦਾ ਆਗਾਜ਼ ਕੀਤਾ ਗਿਆ ਹੈ।ਚੇਅਰਪਰਸਨ ਕੁਲਵਿੰਦਰ ਕੌਰ ਦੀ ਅਗਵਾਈ ਹੇਠ ਲੱਗੇ ਇਸ ਕੈਂਪ ਵਿੱਚ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਚੱਕਬੀੜ ਸਰਕਾਰ ਦੇ 50 ਬੱਚਿਆਂ ਦਾ ਨਿਰੀਖਣ ਕੀਤਾ ਗਿਆ।ਕੈਂਪ ਮੌਕੇ ਅੱਖਾਂ ਦੇ ਰੋਗਾਂ ਦੇ ਮਾਹਰ ਡਾਕਟਰ ਹਰਸ਼ਪ੍ਰੀਤ ਕੌਰ ਮਹਿੰਦਰਾ ਤੇ ਨੱਕ, ਕੰਨ ਤੇ ਗਲੇ ਦੇ ਰੋਗਾਂ ਦੇ ਮਾਹਰ ਡਾਕਟਰ ਗੁਰਮੀਤ ਕੌਰ ਭੰਡਾਰੀ ਨੇ ਬੱਚਿਆਂ ਦੀ ਜਾਂਚ ਕੀਤੀ।ਬੱਚਿਆਂ ਨੂੰ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਚੱਕਬੀੜ ਸਰਕਾਰ ਤੋਂ ਲਿਜਾਣ ਤੇ ਛੱਡਣ ਦੀ ਜ਼ਿੰਮੇਵਾਰੀ ਬਾਖੂਬੀ ਨਿਭਾਈ।ਇਸ ਮੌਕੇ ਸਾਰੇ ਬੱਚਿਆਂ ਨੂੰ ਕਾਪੀਆਂ-ਪੈਨਸਿਲਾਂ ਤੇ ਬਿਸਕੁਟ ਵੰਡੇ ਗਏ।ਕੈਂਪ ਨੂੰ ਸਿਰੇ ਚਾੜ੍ਹਨ ਬਦਲੇ ਪ੍ਰਧਾਨ ਨਰਿੰਦਰ ਸਿੰਘ ਸੰਧੂ ਨੇ ਸਿਵਲ ਸਰਜਨ ਡਾਕਟਰ ਨਵਜੋਤ ਕੌਰ, ਸੀਨੀਅਰ ਮੈਡੀਕਲ ਅਫਸਰ ਡਾਕਟਰ ਆਲਮਜੀਤ ਸਿੰਘ ਢਿੱਲੋਂ, ਪ੍ਰਿੰਸੀਪਲ ਮੈਡਮ ਪੁਸ਼ਪਾ ਰਾਣੀ, ਅਰਸ਼ਨੂਰ ਸਿੰਘ ਬਰਾੜ (ਅਰਸ਼ ਮੋਟਰਜ਼), ਮੈਡਮ ਆਰਤੀ ਮਿੱਡਾ (ਫਾਰਮੇਸੀ ਅਫਸਰ), ਵਲੰਟੀਅਰ ਰਾਜਵਿੰਦਰ ਸਿੰਘ, ਡੀ. ਐੱਮ ਵਰਿੰਦਰ ਸਿੰਘ, ਸਕੂਲ ਅਧਿਆਪਕ ਮੈਡਮ ਕਾਂਤਾ ਰਾਣੀ, ਮੈਡਮ ਪਰਮਜੀਤ ਕੌਰ, ਗੁਰਪ੍ਰੀਤ ਸਿੰਘ ਬਰਾੜ ਸੰਗਰਾਣਾ, ਗੁਰਚਰਨ ਸਿੰਘ (ਕਾਕਾ), ਅਵਤਾਰ ਸਿੰਘ ਮੱਲਣ, ਕੰਵਰਜੀਤ ਸਿੰਘ ਉੜਾਂਗ, ਹਰਜੀਤ ਸਿੰਘ, ਸਤਵੰਤ ਸਿੰਘ ਸਦਰਵਾਲਾ, ਮੈਡਮ ਮਨਜੀਤ ਕੌਰ, ਬਲਜਿੰਦਰ ਸਿੰਘ, ਲਖਬੀਰ ਸਿੰਘ ਤੇ ਭਵਕੀਰਤ ਸਿੰਘ ਸੰਧੂ ਆਦਿ ਦਾ ਧੰਨਵਾਦ ਕੀਤਾ।

12-FEB-PAGE-11-Majha-24.qxd 2/11/2024 8:42 PM Page 1



## ਧਰਤੀ ਹੇਠਲੇ ਪਾਣੀ ਦੀ ਸੰਭਾਲ ਤੇ ਸੁਚੱਜੀ ਵਰਤੋਂ ਸਭ ਤੋਂ ਜ਼ਰੂਰੀ: ਈ ਟੀ ਓ



**ਟਾਂਗਰਾ (ਲਾਡੀ ਮੱਲ੍ਹੀ)**- ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਸਰਕਾਰ ਵਲੋਂ ਲੋਕਾਂ ਨੂੰ ਘਰਾਂ ਦੇ ਨਜ਼ਦੀਕ ਹੀ ਸਰਕਾਰੀ ਸਹੂਲਤਾਂ ਮੁਹੱਈਆ ਕਰਵਾਉਣ ਅਤੇ ਦਫ਼ਤਰੀ ਚੱਕਰਾਂ ਤੋਂ ਛੁਟਕਾਰੇ ਦੇ ਉਦੇਸ਼ ਨਾਲ ਹੇਠਲੇ ਪੱਧਰ ਦੇ ਲੋਕਾਂ ਤੱਕ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣ ਦਾ ਯਤਨ ਕੈਂਪਾਂ ਰਾਹੀਂ ਕੀਤਾ ਜਾ ਰਿਹਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਰਭਜਨ ਸਿੰਘ ਈਟੀਓ ਕੈਬਨਿਟ ਮੰਤਰੀ ਪੰਜਾਬ ਨੇ ਬਲਾਕ ਤਰਸਿੱਕਾ ਦੇ ਪਿੰਡ ਬੇਰੀਆਂ ਵਾਲਾ ਵਿਖੇ ਇਕ ਕੈਂਪ ਦੇ ਨਿਰੀਖਣ ਮੌਕੇ ਕੀਤਾ। ਉਨ੍ਹਾਂ ਕਿਹਾ ਕਿ ਇਨ੍ਹਾਂ ਕੈਂਪਾਂ ਵਿੱਚ ਲੋਕਾਂ ਨੂੰ 43 ਤਰ੍ਹਾਂ ਦੀਆਂ ਸੇਵਾਵਾਂ ਮੌਕੇ 'ਤੇ ਹੀ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਇਸ ਮੌਕੇ ਉਨ੍ਹਾਂ ਨੇ ਬਹੁਤ ਬਰੀਕੀ ਨਾਲ ਸਾਰੇ ਬੂਥਾਂ 'ਤੇ ਜਾ ਕੇ ਅਧਿਕਾਰੀਆਂ ਕੋਲੋਂ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸੇਵਾਵਾਂ ਦੀ ਜਾਣਕਾਰੀ ਹਾਸਲ ਕੀਤੀ ਅਤੇ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਮਹਿਕਮੇ ਦੇ ਅਧਿਕਾਰੀਆਂ ਨੂੰ ਵਿਸ਼ੇਸ਼ ਤੌਰ 'ਤੇ ਹਦਾਇਤਾਂ ਦਿੱਤੀਆਂ ਕਿ ਪਾਣੀ ਦੀ ਫਾਲਤੂ ਵਰਤੋਂ ਰੋਕਣ ਲਈ ਸਥਾਈ ਬੰਦੋਬਸਤ ਕਰਨ। ਉਨ੍ਹਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਵੀ ਪਾਣੀ ਦੀ ਠੀਕ ਵਰਤੋਂ ਲਈ ਅੱਗੇ ਆਉਣ। ਅਗਰ ਪਾਣੀ ਨਾ ਰਿਹਾ ਤਾਂ ਸਾਡੀਆਂ ਕੋਠੀਆਂ, ਕਾਰਾਂ, ਜ਼ਮੀਨਾਂ ਤੇ ਹੋਰ ਜਾਇਦਾਦਾਂ ਕਿਸ ਕੰਮ ਦੀਆਂ? ਅਗਰ ਅਸੀਂ ਧਰਤੀ ਹੇਠਲੇ ਪਾਣੀ ਦੀ ਸੰਭਾਲ ਸਮਾਂ ਰਹਿੰਦਿਆਂ ਨਾ ਕੀਤੀ ਤਾਂ ਸਾਨੂੰ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਕਦੇ ਮਾਫ ਨਹੀਂ ਕਰਨਗੀਆਂ। ਉਨ੍ਹਾਂ ਕਿਹਾ ਕਿ ਇਨ੍ਹਾਂ ਕੈਂਪਾਂ ਦਾ ਮੁੱਖ ਉਦੇਸ਼ ਲੋਕਾਂ ਦੇ ਸਮੇਂ ਅਤੇ ਪੈਸੇ ਦੀ ਬੱਚਤ ਕਰਨਾ ਹੈ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਆਮ ਲੋਕਾਂ ਦੀ ਸਰਕਾਰ ਹੈ ਅਤੇ ਲੋਕਾਂ ਨੂੰ ਕਿਸੇ ਕਿਸਮ ਦੀ ਮੁਸ਼ਕਿਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਇਨ੍ਹਾਂ ਕੈਂਪਾਂ ਵਿੱਚ ਪਹੁੰਚ ਕੇ ਵੱਧ ਤੋਂ ਵੱਧ ਫਾਇਦਾ ਉਠਾਉਣ। ਇਸ ਮੌਕੇ ਗੁਰਮੁੱਖ ਸਿੰਘ ਸਰਜਾ, ਭੁਪਿੰਦਰ ਸਿੰਘ ਰਮਾਣਾਚੱਕ, ਪਰਮਿੰਦਰ ਸਿੰਘ ਡੇਹਰੀਵਾਲ, ਹਰਪਾਲ ਸਿੰਘ ਰਮਾਣਾਚੱਕ, ਨਿਰਮਲ ਸਿੰਘ ਬੇਰੀਆਂਵਾਲਾ, ਭਗਵਾਨ ਸਿੰਘ, ਗੁਰਮੇਲ ਸਿੰਘ, ਬਲਜਿੰਦਰ ਸਿੰਘ, ਹਰਨੇਕ ਸਿੰਘ ਸਾਰੇ ਬੇਰੀਆਂਵਾਲਾ, ਸਵਿੰਦਰ ਸਿੰਘ ਮੁੱਛਲ, ਤਜਿੰਦਰ ਸਿੰਘ ਡੇਹਰੀਵਾਲ ਅਤੇ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ।

## ਵੀ ਆਈ ਨੇ ਪੰਜਾਬ 'ਚ ਨੈੱਟਵਰਕ ਸਮਰਥਾ ਵਧਾਈ

**ਜਲੰਧਰ** : ਪਿਛਲੇ 2-3 ਮਹੀਨਿਆਂ ਵਿੱਚ ਵੀ. ਆਈ. ਨੇ ਆਪਣੇ ਨੈੱਟਵਰਕ ਨੂੰ ਵਧਾਉਣ ਲਈ ਪੰਜਾਬ ਵਿੱਚ 1200+ ਸਾਈਟਾਂ 'ਤੇ ਐਲਟੀਈ 1800 ਵਿੱਚ ਸਪੈਕਟ੍ਰਮ ਬੈਂਡਵਿਡਥ ਨੂੰ 10 ਮੈਗਾਹਰਟਜ਼ ਤੋਂ 15 ਮੈਗਾਹਰਟਜ਼ ਵਿਚ 10 ਮੈਗਾਹਰਟਜ਼ ਤੋਂ 20 ਮੈਗਾਹਰਟਜ਼ ਤੱਕ ਕਪੈਸਟੀ ਨੂੰ ਅੱਪਗ੍ਰੇਡ ਕੀਤਾ ਹੈ। ਇਸ ਨਾਲ ਵੀ. ਆਈ ਗਾਹਕ ਉੱਚ ਡਾਊਨਲੋਡ ਅਤੇ ਅਪਲੋਡ ਸਪੀਡ ਦਾ ਅਨੁਭਵ ਕਰ ਸਕਦੇ ਹਨ। ਦੀਪਕ ਰਾਵ, ਕਲਸਟਰ ਬਿਜ਼ਨਸ ਹੈੱਡ-ਪੰਜਾਬ, ਐੱਚ. ਪੀ. ਅਤੇ ਜੇ. ਐਂਡ. ਕੇ, ਵੋਡਾਫੋਨ ਆਇਡੀਆ ਨੇ ਕਿਹਾ ਕਿ ਵੀ ਆਈ ਵਿੱਚ ਸਾਡੀ ਸਰਵਉੱਚ ਵਚਨਬੱਧਤਾ ਹਰੇਕ ਭਾਰਤੀ ਨੂੰ ਵਧੀਆ ਕੱਲ ਬਣਾਉਣ ਲਈ ਕੁਨੈਕਟ ਕਰਨ ਅਤੇ ਪ੍ਰੇਰਿਤ ਕਰਨ ਦੇ ਲਈ ਵਿਸ਼ਵ ਪੱਧਰ ਡਿਜੀਟਲ ਅਨੁਭਵ ਪ੍ਰਦਾਨ ਕਰਨਾ ਹੈ। ਇਸ ਦ੍ਰਿਸ਼ਟੀਕੋਣ ਦੇ ਨਾਲ ਸਾਡੀ ਕੋਸ਼ਿਸ਼ ਹੈ ਕਿ ਅਸੀਂ ਆਪਣੀਆਂ ਸੇਵਾਵਾਂ ਨੂੰ ਲਗਾਤਾਰ ਅੱਪਗ੍ਰੇਡ ਕਰੀਏ ਤਾਂ ਕਿ ਗਾਹਕਾਂ ਦੀਆਂ ਵਧ ਰਹੀਆਂ ਜ਼ਰੂਰਤਾਂ ਨੂੰ ਪੂਰਾ ਕੀਤਾ ਜਾ ਸਕੇ।

## ਕਾਰ ਦਰੱਖਤ 'ਚ ਵੱਜਣ ਕਾਰਨ ਨੌਜਵਾਨ ਦੀ ਮੌਤ



**ਗੁਰਦਾਸਪੁਰ (ਦਿਨੇਸ਼ ਕੁਮਾਰ)**-ਦੀਨਾਨਗਰ ਤੋਂ ਬਹਿਰਾਮਪੁਰ ਰੋਡ ਉੱਤੇ ਇਕ ਕਾਰ ਦਾ ਅਚਾਨਕ ਸੰਤੁਲਨ ਵਿਗੜਨ ਕਾਰਨ ਸੜਕ ਕਿਨਾਰੇ ਲੱਗੇ ਕਿੱਕਰ ਦੇ ਦਰੱਖਤ ਵਿੱਚ ਵੱਜਣ ਕਾਰਨ ਕਾਰ ਸਵਾਰ ਨੌਜਵਾਨ ਦੀ ਮੌਤ ਹੋ ਗਈ। ਮ੍ਰਿਤਕ ਨੌਜਵਾਨ ਦੀ ਪਹਿਚਾਣ ਸ਼ੁਭਮ ਸੈਣੀ ਵਾਸੀ ਦੋਦਵਾਂ ਦੇ ਰੂਪ ਵਿੱਚ ਹੋਈ ਹੈ। ਦੁਰਘਟਨਾ ਇੰਨੀ ਜ਼ਬਰਦਸਤ ਸੀ ਕਿ ਕਾਰ ਦੇ ਪਰਖਚੇ ਉੱਡ ਗਏ। ਜਾਣਕਾਰੀ ਅਨੁਸਾਰ ਮ੍ਰਿਤਕ ਦੀਨਾਨਗਰ ਤੋਂ ਰਾਤ ਕਰੀਬ 2 ਵਜੇ ਆਪਣੀ ਕਾਰ ਵਿੱਚ ਕਿਸੇ ਪ੍ਰੋਗਰਾਮ ਤੋਂ ਆਪਣੇ ਪਿੰਡ ਦੋਦਵਾਂ (ਬਹਿਰਾਮਪੁਰ) ਨੂੰ ਘਰ ਵਾਪਸ ਜਾ ਰਿਹਾ ਸੀ। ਜਦੋਂ ਦੀਨਾਨਗਰ ਤੋਂ ਥੋੜੀ ਦੂਰ ਤਾਰਾ ਗਰੁੱਪ ਦੇ ਨਜ਼ਦੀਕ ਪਹੁੰਚਿਆ ਤਾਂ ਅਚਾਨਕ ਕਾਰ ਦਾ ਸੰਤੁਲਨ ਵਿਗੜ ਗਿਆ ਜਿਸ ਕਾਰਨ ਕਾਰ ਅੱਗੇ ਮੋੜ ਹੋਣ ਕਾਰਨ ਸਿੱਧੀ ਸੜਕ ਕਿਨਾਰੇ ਲੱਗੇ ਕਿੱਕਰ ਦੇ ਦਰੱਖਤ ਵਿੱਚ ਵੱਜ ਗਈ। ਮੌਕੇ ਤੋਂ ਮਿਲੀ ਜਾਣਕਾਰੀ ਅਨੁਸਾਰ ਇਹ ਨੌਜਵਾਨ ਇਕੱਲਾ ਹੀ ਕਾਰ ਵਿੱਚ ਸਵਾਰ ਸੀ ਅਤੇ ਜ਼ਖ਼ਮੀ ਹਾਲਤ ਵਿੱਚ ਕਾਰ ਵਿੱਚ ਹੀ ਰਾਤ ਪਿਆ ਰਿਹਾ। ਸਵੇਰੇ ਲੋਕ ਜਦੋਂ ਸੜਕ ਕਿਨਾਰੇ ਲੰਘ ਰਹੇ ਸਨ ਤਾਂ ਟੁੱਟੀ ਹੋਈ ਗੱਡੀ ਨੂੰ ਵੇਖ ਕੇ ਲੋਕਾਂ ਨੇ ਨੇੜੇ ਜਾ ਕੇ ਵੇਖਿਆ ਤਾਂ ਕਾਰ 'ਚ ਇਕ ਜ਼ਖ਼ਮੀ ਨੌਜਵਾਨ ਪਿਆ ਸੀ ਜਿਸ ਨੂੰ ਕਾਰ ਦੀਆਂ ਖਿੜਕੀਆਂ ਤੋੜ ਕੇ ਬਾਹਰ ਕੱਢਿਆ ਅਤੇ ਤੁਰੰਤ ਨੇੜਲੇ ਹਸਪਤਾਲ ਪਹੁੰਚਾਇਆ ਲੇਕਿਨ ਡਾਕਟਰਾਂ ਵੱਲੋਂ ਨੌਜਵਾਨ ਨੂੰ ਮ੍ਰਿਤਕ ਐਲਾਨ ਕਰ ਦਿੱਤਾ ਗਿਆ।

## ਹਾਲੇ ਵੀ ਕਈ ਮਰਦ ਔਰਤ ਨੂੰ ਪੈਰ ਦੀ ਜੁੱਤੀ ਸਮਝਦੇ: ਰੁਪਿੰਦਰ ਕੌਰ ਮਾੜੀਮੇਘਾ





**ਜਲੰਧਰ (ਨਜ਼ਸ)**—ਪੰਜਾਬ ਇਸਤਰੀ ਸਭਾ ਜਲੰਧਰ ਦੀ ਮੀਟਿੰਗ ਪਿੰਡ ਧਨਾਲ ਕਲਾਂ ਵਿਖੇ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪੰਜਾਬ ਇਸਤਰੀ ਸਭਾ ਦੀ ਸੂਬਾਈ ਸੀਨੀਅਰ ਮੀਤ ਪ੍ਰਧਾਨ ਰੁਪਿੰਦਰ ਕੌਰ ਮਾੜੀਮੇਘਾ ਨੇ ਕਿਹਾ ਕਿ ਔਰਤਾਂ ਦੀ ਜਥੇਬੰਦੀ ਇਸ ਲਈ ਜ਼ਰੂਰੀ ਹੈ ਕਿਉਂਕਿ ਸਮਾਜ ਵਿੱਚ ਮਰਦ ਪ੍ਰਧਾਨ ਸਮਾਜ ਨੇ ਔਰਤ ਜਾਤ 'ਤੇ ਘੋਰ ਜ਼ੁਲਮ ਕੀਤੇ ਹਨ। ਹਾਲੇ ਵੀ ਕਈ ਮਰਦ ਔਰਤ ਨੂੰ ਪੈਰ ਦੀ ਜੁੱਤੀ ਸਮਝਦੇ ਹਨ। ਉਸ ਨੂੰ ਘਰ ਦੀ ਚਾਰਦਿਵਾਰੀ ਵਿੱਚ ਕੈਦ ਰੱਖਣਾ ਚਾਹੁੰਦੇ ਹਨ।

ਸਮਾਜ ਦੀ ਅੱਧੀ ਆਬਾਦੀ ਨੂੰ ਸਮਾਜ ਵਿੱਚ ਖੁੱਲ੍ਹ ਕੇ ਵਿਚਰਣ ਦਾ ਅਧਿਕਾਰ ਨਹੀਂ ਭਾਵ ਉਹ ਵਿੱਦਿਆ ਪ੍ਰਾਪਤ ਨਹੀਂ ਕਰ ਸਕਦੀ। ਸੋਚੋ ਅਜਿਹਾ ਸਮਾਜ ਕਿਸ ਤਰ੍ਹਾਂ ਖੁਸ਼ਹਾਲ ਹੋ ਸਕਦਾ ਹੈ।

ਔਰਤਾਂ ਦੀ ਖੁਸ਼ਹਾਲੀ ਲਈ ਸੰਘਰਸ਼ ਕਰਨ ਵਾਸਤੇ ਪੰਜਾਬ ਇਸਤਰੀ ਸਭਾ ਜਥੇਬੰਦੀ ਕਾਇਮ ਕਰਨੀ ਅਤੀ ਜ਼ਰੂਰੀ ਹੈ। ਮਾੜੀਮੇਘਾ ਨੇ ਕਿਹਾ ਕਿ ਔਰਤਾਂ ਨੂੰ ਮਹਿੰਗਾਈ, ਬੇਰੁਜ਼ਗਾਰੀ ਤੇ ਅਨਪੜ੍ਹਤਾ ਜ਼ਿਆਦਾ ਤੰਗ ਕਰਦੀ ਹੈ ਕਿਉਂਕਿ ਔਰਤ ਇੱਕ ਮਾਂ ਹੈ। ਬੱਚਿਆਂ ਨੇ ਔਰਤਾਂ ਕੋਲੋਂ ਖੁਰਾਕ ਮੰਗਣੀ ਹੈ।

ਜਦੋਂ ਰਸੋਈ ਵਿੱਚ ਆਟਾ, ਦਾਲ, ਲੂਣ, ਹਲਦੀ ਨਹੀਂ ਤੇ ਉਹ ਕਿਥੋਂ ਪ੍ਰਵਾਰ ਨੂੰ ਖੁਰਾਕ ਦੇਵੇ। ਇਸ ਲਈ ਨਵਾਂ ਨਰੋਆ ਸਮਾਜ ਸਿਰਜਣ ਵਾਸਤੇ ਹਰੇਕ ਲੜਕੀ ਭਾਵੇਂ ਪੜ੍ਹੀ ਹੈ ਜਾਂ ਅਨਪੜ੍ਹ ਉਸ ਨੂੰ ਉਸ ਦੀ ਯੋਗਤਾ ਮੁਤਾਬਿਕ ਰੁਜ਼ਗਾਰ ਦਿੱਤਾ ਜਾਵੇ, 10+2 ਤੱਕ ਹਰ ਲੜਕੀ ਨੂੰ ਵਿੱਦਿਆ ਮੁਫਤ ਤੇ ਲਾਜ਼ਮੀ ਦਿੱਤੀ ਜਾਵੇ।

ਮੀਟਿੰਗ ਨੂੰ ਪੰਜਾਬ ਇਸਤਰੀ ਸਭਾ ਦੀ ਪ੍ਰਮੁੱਖ ਆਗੂ ਸੰਤੋਸ਼ ਬਰਾੜ, ਹਰਬੰਸ ਕੌਰ, ਕਮਲਾ ਦੇਵੀ, ਰਾਜ ਰਾਣੀ ਤੇ ਰਾਜ ਅਰੋੜਾ ਨੇ ਵੀ ਸੰਬੋਧਨ ਕੀਤਾ।

## ਗੁ: ਮੱਲ ਅਖਾੜਾ ਸਾਹਿਬ ਪਾ: ਛੇਵੀਂ ਵਿਖੇ ਦਸਮ ਪਾਤਸ਼ਾਹ ਦੀਆਂ ਬਾਣੀਆਂ ਦਾ ਪਾਠ ਆਰੰਭ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਗੁਰੂ ਨਾਨਕ ਨਾਮ ਲੇਵਾ ਸੰਗਤਾਂ ਲਈ ਬੇਅੰਤ ਖੁਸ਼ੀ ਵਾਲੀ ਗੱਲ ਹੈ ਕਿ ਗੁ: ਮੱਲ ਅਖਾੜਾ ਪਾ: ਛੇਵੀਂ ਵਿਖੇ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ 96 ਕਰੋੜੀ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ, ਬੀਬੀ ਪਰਮਜੀਤ ਕੌਰ ਪਿੰਕੀ ਚਰਨ ਕੰਵਲ ਸੁਸਾਇਟੀ ਬੀਬੀਆਂ ਸ੍ਰੀ ਦਰਬਾਰ ਸਾਹਿਬ, ਬੀਬੀ ਗੁਰਚਰਨ ਕੌਰ, ਬੀਬੀ ਤੇਜ ਕੌਰ ਦੀ ਪ੍ਰੇਰਨਾ ਸਦਕਾ ਸ਼ਹੀਦ ਅਕਾਲੀ ਬਾਬਾ ਫੂਲਾ ਸਿੰਘ ਜੀ ਦੀ ਦੂਜੀ ਸ਼ਹੀਦੀ ਸ਼ਤਾਬਦੀ ਦੇ ਸੰਪੂਰਨਤਾ ਸਮਾਗਮਾਂ ਨੂੰ ਸਮਰਪਿਤ ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ ਬਾਣੀਆਂ ਦੇ ਪਾਠ ਜਾਪ ਅਰੰਭ ਕੀਤੇ ਗਏ ਹਨ, ਸੰਗਤਾਂ ਵਿੱਚ ਇਸ ਸਬੰਧੀ ਭਾਰੀ ਉਤਸ਼ਾਹ ਸ਼ਰਧਾ ਤੇ ਚਾਅ ਹੈ।

ਅੰਮ੍ਰਿਤਸਰ ਦੀਆਂ ਸਮੂਹ ਨਾਮ ਸਿਮਰਨ ਸੇਵਾ ਸੁਸਾਇਟੀਆਂ ਵੱਲੋਂ ਲਗਾਤਾਰ ਸੁਖਮਨੀ ਸਾਹਿਬ ਦੇ ਪਾਠ ਤੇ ਕੀਰਤਨ ਨਿਰੰਤਰ ਚਲ ਰਹੇ ਹਨ।

ਮਾਤਾ ਸੁੰਦਰ ਕੌਰ ਜੀ ਸੁਖਮਨੀ ਸੇਵਾ ਸੁਸਾਇਟੀ ਦੀ ਮੁਖੀ ਬੀਬੀ ਗੁਰਮੀਤ ਕੌਰ ਅਤੇ ਇਸਤਰੀ ਸਤਿਸੰਗ ਸਭਾ ਅਤੇ ਸੁਖਮਨੀ ਸੇਵਾ ਸੁਸਾਇਟੀ ਗੁ: ਗੁਰੂ ਤੇਗ਼ ਬਹਾਦਰ ਜੀ ਈਸਟ ਮੋਹਨ ਨਗਰ ਦੀ ਮੁਖੀ ਬੀਬੀ ਸੁਖਜੀਤ ਕੌਰ ਦੀ ਅਗਵਾਈ ਵਿੱਚ ਬੀਬੀਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਅਤੇ ਸੁਖਮਨੀ ਸਾਹਿਬ ਦੇ ਪਾਠ ਅਤੇ ਗੁਰਬਾਣੀ ਸ਼ਬਦਾਂ ਨਾਲ ਗੁਰਮਹਿਮਾ ਗਾਇਨ ਕੀਤੀ।

## ਅੱਜ ਕਾਹਨੂੰਵਾਨ ਤੋਂ ਰਵਾਨਾ ਹੋਵੇਗੀ ਤੀਰਥ ਯਾਤਰਾ ਲਈ ਵਿਸ਼ੇਸ਼ ਬੱਸ: ਸੇਖਵਾਂ



**ਗੁਰਦਾਸਪੁਰ, (ਦਿਨੇਸ਼ ਕੁਮਾਰ)**-ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਤੀਰਥ ਯਾਤਰਾ ਯੋਜਨਾ ਤਹਿਤ 12 ਫਰਵਰੀ ਤੋਂ ਕਾਹਨੂੰਵਾਨ ਤੋਂ ਧਾਰਮਿਕ ਅਸਥਾਨ ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਅਤੇ ਅੰਮ੍ਰਿਤਸਰ ਵਿਖੇ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਵਿਸ਼ੇਸ਼ ਬੱਸ ਰਵਾਨਾ ਹੋਵੇਗੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਦੱਸਿਆ ਕਿ ਵਿਧਾਨ ਸਭਾ ਹਲਕਾ ਕਾਦੀਆਂ ਦੇ ਨਗਰ ਕਾਹਨੂੰਵਾਨ ਤੋਂ ਇਹ ਯਾਤਰੂ ਬੱਸ ਸਵੇਰੇ 9:00 ਵਜੇ ਰਵਾਨਾ ਹੋਵੇਗੀ ਅਤੇ ਇਸ ਬੱਸ ਵਿੱਚ ਕੁੱਲ 43 ਯਾਤਰੂ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਨੂੰ ਜਾਣਗੇ। ਉਨ੍ਹਾਂ ਕਿਹਾ ਕਿ 12 ਫਰਵਰੀ ਨੂੰ ਦੁਪਹਿਰ ਵੇਲੇ ਇਹ ਬੱਸ ਯਾਤਰਾ ਤਲਵੰਡੀ ਸਾਬੋ ਵਿਖੇ ਪਹੁੰਚੇਗੀ ਜਿਥੇ ਸੰਗਤਾਂ ਵੱਲੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਰਾਤ ਦਾ ਠਹਿਰਾਅ ਤਲਵੰਡੀ ਸਾਬੋ ਵਿਖੇ ਹੀ ਹੋਵੇਗਾ ਅਤੇ ਅਗਲੇ ਦਿਨ ਯਤਰਾ ਸ੍ਰੀ ਅੰਮ੍ਰਿਤਸਰ ਵਿਖੇ ਸ੍ਰੀ ਦਰਬਾਰ ਦੇ ਦਰਸ਼ਨਾਂ ਲਈ ਰਵਾਨਾ ਹੋਵੇਗੀ ਜਿਥੋਂ ਦਰਸ਼ਨ ਕਰਕੇ ਸੰਗਤਾਂ ਸ਼ਾਮ ਨੂੰ ਵਾਪਸ ਕਾਹਨੂੰਵਾਨ ਪਹੁੰਚ ਜਾਣਗੀਆਂ। ਸੇਖਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹਰੇਕ ਹਲਕੇ ਵਿੱਚੋਂ ਵਿਸ਼ੇਸ਼ ਬੱਸਾਂ ਰਾਹੀਂ ਸ਼ਰਧਾਲੂਆਂ ਨੂੰ ਵੱਖ-ਵੱਖ ਤੀਰਥ ਅਸਥਾਨਾਂ ਦੇ ਦਰਸ਼ਨ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਇਹ ਇੱਕ ਅਗਾਂਹਵਧੂ ਉਪਰਾਲਾ ਹੈ ਜਿਸ ਨੂੰ ਸੂਬੇ ਭਰ ਵਿੱਚੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਜਿਹੜੇ ਲੋਕ ਕਿਸੇ ਕਾਰਨਾਂ ਕਰਕੇ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਤੋਂ ਵਾਂਝੇ ਰਹਿ ਜਾਂਦੇ ਸਨ ਉਨ੍ਹਾਂ ਲਈ ਇਹ ਯੋਜਨਾ ਵਰਦਾਨ ਸਾਬਤ ਹੋ ਰਹੀ ਹੈ।

## ਬਾਬਾ ਲਖਮੀ ਦਾਸ ਦਾ ਜਨਮ ਦਿਹਾੜਾ 14 ਨੂੰ ਮਨਾਇਆ ਜਾਵੇਗਾ: ਰਜਿੰਦਰ ਬੇਦੀ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਦਸ ਡੋਗਰਾ ਮਾਰਗ ਸਥਿਤ ਗੁਰਦੁਆਰਾ ਬਾਬਾ ਸ੍ਰੀ ਚੰਦ ਟਰੱਸਟ ਡੇਰਾ ਬਾਬਾ ਨਾਨਕ ਦੇ ਚੇਅਰਮੈਨ ਐੱਨਆਰਆਈ ਬਾਬਾ ਰਜਿੰਦਰ ਸਿੰਘ ਬੇਦੀ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੁਰਦੁਆਰਾ ਬਾਬਾ ਸ੍ਰੀ ਚੰਦ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਬਾਬਾ ਲਖਮੀ ਦਾਸ ਜੀ ਦਾ ਜਨਮ ਦਿਹਾੜਾ 14 ਫਰਵਰੀ ਦਿਨ ਬੁੱਧਵਾਰ ਨੂੰ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਜਾਵੇਗਾ। ਇਸ ਮੌਕੇ 12 ਫਰਵਰੀ ਨੂੰ ਸ੍ਰੀ ਅਖੰਡ ਪਾਠ ਆਰੰਭ ਕੀਤੇ ਜਾਣਗੇ ਦੇ ਭੋਗ 14 ਫਰਵਰੀ ਨੂੰ ਪਾਏ ਜਾਣਗੇ। ਉਪਰੰਤ ਭਾਈ ਮਨਜਿੰਦਰ ਸਿੰਘ ਤੇ ਭਾਈ ਜਸਵਿੰਦਰ ਸਿੰਘ ਧਾਰੋਵਾਲੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਅਤੇ ਸ਼ਾਮ ਸਿੰਘ ਕੀਰਤਨੀ ਜਥਾ ਜੌੜੀਆਂ ਵਾਲਿਆਂ ਦੇ ਕੀਰਤਨੀ ਜਥੇ ਵੱਲੋਂ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ। ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਬਾਬਾ ਲਖਮੀ ਦਾਸ ਜੀ ਦੇ ਜਨਮ ਦਿਹਾੜੇ ਮੌਕੇ ਗੁਰਦੁਆਰਾ ਸਾਹਿਬ ਵਿਖੇ ਦਰਸ਼ਨ ਦੇਣ ਤੇ ਬਾਬਾ ਜੀ ਦਾ ਅਸ਼ੀਰਵਾਦ ਪ੍ਰਾਪਤ ਕਰਨ। ਇਸ ਮੌਕੇ ਬੀਬੀ ਆਤਮਜੀਤ ਕੌਰ ਬੇਦੀ, ਚੇਅਰਮੈਨ ਨਿਰਮਲ ਸਿੰਘ ਹਰੂਵਾਲ, ਸੁੱਚਾ ਸਿੰਘ ਸੈਕਟਰੀ, ਸਾਬਕਾ ਜ਼ਿਲ੍ਹਾ ਸਿੱਖਿਆ ਅਫਸਰ ਵਿਨੋਦ ਕੁਮਾਰ ਮੱਤਰੀ, ਪਲਵਿੰਦਰ ਸਿੰਘ ਸ਼ਕਰੀ, ਬਰਜਿੰਦਰ ਸਿੰਘ ਬਾਜਵਾ ਸਰਪੰਚ ਸ਼ਿਕਾਰ, ਬਿੱਟਾ ਚੰਦੂਨੰਗਲ, ਪਰਮਜੀਤ ਸਿੰਘ ਸਾਬੀ ਡੇਰਾ, ਸਰਬਜੀਤ ਸਿੰਘ, ਮਨਮੋਹਨ ਸਿੰਘ, ਰਾਣਾ ਸ਼ਾਹਪੁਰ, ਮਾਸਟਰ ਪਲਵਿੰਦਰ ਸਿੰਘ ਰੰਧਾਵਾ, ਮੱਖਣ ਸਿੰਘ ਸਰਪੰਚ ਸ਼ਾਹਪੁਰ ਜਾਜਨ ਅਤੇ ਬੱਬੂ ਡਰਾਈਵਰ ਹਾਜ਼ਰ ਸਨ।

## ਤਖ਼ਤ ਸ੍ਰੀ ਹਜ਼ੂਰ ਸਾਹਿਬ ਬੋਰਡ ਸਬੰਧੀ ਮਹਾਰਾਸ਼ਟਰ ਸਰਕਾਰ ਦਾ ਸਪੱਸ਼ਟੀਕਰਨ ਗੁੰਮਰਾਹਕੁਨ : ਧਾਮੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਵਿਚ ਸਰਕਾਰ ਵੱਲੋਂ ਨਾਮਜ਼ਦ ਮੈਂਬਰਾਂ ਦੀ ਗਿਣਤੀ ਵਧਾਉਣ ਦੇ ਮਾਮਲੇ ਵਿਚ ਮਹਾਰਾਸ਼ਟਰ ਸਰਕਾਰ ਦੀ ਅੜੀ ਨੂੰ ਸਿੱਖ ਭਾਵਨਾਵਾਂ ਦੀ ਅਣਦੇਖੀ ਕਰਾਰ ਦਿੱਤਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸਰਕਾਰ ਵੱਲੋਂ ਹੁਣ ਇਹ ਕਹਿਣਾ ਕਿ ਬੋਰਡ ਵਿਚ ਕੇਵਲ ਸਿੱਖ ਮੈਂਬਰ ਹੀ ਲਏ ਜਾਣਗੇ, ਕਿਸੇ ਤਰ੍ਹਾਂ ਤਰਕਸੰਗਤ ਨਹੀਂ ਹੈ। ਉਨ੍ਹਾਂ ਮਹਾਰਾਸ਼ਟਰ ਸਰਕਾਰ ਨੂੰ ਸਵਾਲ ਕੀਤਾ ਕਿ ਜਿਹੜੀਆਂ ਸਿੱਖ ਸੰਸਥਾਵਾਂ ਦੇ ਮੈਂਬਰਾਂ ਦੀ ਕਟੌਤੀ ਕੀਤੀ ਜਾ ਰਹੀ ਹੈ, ਕੀ ਉਨ੍ਹਾਂ ਵੱਲੋਂ ਨਾਮਜ਼ਦ ਮੈਂਬਰ ਸਿੱਖ ਨਹੀਂ ਸਨ?

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸਰਕਾਰ ਦਾ ਸਪੱਸ਼ਟੀਕਰਨ ਕੇਵਲ ਗੁੰਮਰਾਹ ਕਰਨ ਵਾਲਾ ਹੈ, ਜਦਕਿ ਸੱਚਾਈ ਇਹ ਹੈ ਕਿ ਸਰਕਾਰ ਗੁਰਦੁਆਰਾ ਪ੍ਰਬੰਧਾਂ ਨੂੰ ਆਪਣੇ ਹੱਥਾਂ 'ਚ ਲੈਣਾ ਚਾਹੁੰਦੀ ਹੈ। ਉਨ੍ਹਾਂ ਆਖਿਆ ਕਿ ਸਰਕਾਰਾਂ ਨੂੰ ਸਿੱਖ ਮਾਮਲਿਆਂ 'ਚ ਇਸ ਤਰ੍ਹਾਂ ਦਖ਼ਲਅੰਦਾਜ਼ੀ ਨਹੀਂ ਕਰਨੀ ਚਾਹੀਦੀ, ਬਲਕਿ ਸਿੱਖਾਂ ਦੇ ਮਸਲੇ ਸਿੱਖਾਂ 'ਤੇ ਹੀ ਛੱਡ ਦੇਣੇ ਚਾਹੀਦੇ ਹਨ। ਸਿੱਖ ਜਗਤ ਦੀਆਂ ਭਾਵਨਾਵਾਂ ਨੂੰ ਸੱਟ ਮਾਰਨ ਨਾਲ ਦੇਸ਼ ਅੰਦਰ ਇਕ ਵਿਰੋਧੀ ਮਾਹੌਲ ਦੀ ਧਾਰਾ ਪੈਦਾ ਹੁੰਦੀ ਹੈ, ਜੋ ਦੇਸ਼ ਹਿੱਤ 'ਚ ਨਹੀਂ ਹੈ। ਉਨ੍ਹਾਂ ਕਿਹਾ ਕਿ ਬੀਤੇ ਕੱਲ੍ਹ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਸਿੱਖ ਸੰਗਤਾਂ ਦਾ ਵੱਡਾ ਸਮੂਹ ਸਰਕਾਰ ਦੇ ਫੈਸਲੇ ਵਿਰੁੱਧ ਆਪਣੀ ਭਾਵਨਾ ਪ੍ਰਗਟ ਕਰ ਚੁੱਕਾ ਹੈ, ਜਿਸ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ। ਮਹਾਰਾਸ਼ਟਰ ਸਰਕਾਰ ਇਸ 'ਤੇ ਮੰਥਨ ਕਰੇ ਅਤੇ ਪ੍ਰਤੀਨਿਧ ਸਿੱਖ ਸੰਸਥਾਵਾਂ ਨਾਲ ਬੈਠਕ ਕਰਕੇ ਉਨ੍ਹਾਂ ਦੇ ਵਿਚਾਰ ਅਨੁਸਾਰ ਹੀ ਫੈਸਲਾ ਕਰੇ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਮਹਾਰਾਸ਼ਟਰ ਸਰਕਾਰ ਸਿੱਖ ਜਗਤ 'ਤੇ ਆਪਹੁਦਰਾ ਫੈਸਲਾ ਠੋਸਣ ਤੋਂ ਗੁਰੇਜ਼ ਕਰੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਇਸ ਬਾਰੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਨੂੰ ਪਹਿਲਾਂ ਹੀ ਪੱਤਰ ਲਿਖਿਆ ਜਾ ਚੁੱਕਾ ਹੈ, ਜਿਸ 'ਤੇ ਉਨ੍ਹਾਂ ਨੂੰ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ।

## ਦਾਣਾ ਮੰਡੀ ਮਜੀਠਾ ਵਿਖੇ ਤਿੰਨ ਰੋਜ਼ਾ ਸਾਲਾਨਾ ਕਥਾ ਕੀਰਤਨ ਸਮਾਗਮ 23 ਨੂੰ



**ਮਜੀਠਾ (ਸੋਇਮ ਆਨੰਦ)**-ਧੰਨ ਧੰਨ ਬਾਬਾ ਦੀਪ ਸਿੰਘ ਜੀ ਨਿਸ਼ਕਾਮ ਸੇਵਾ ਸੁਸਾਇਟੀ ਅਤੇ ਸਮੂਹ ਧਾਰਮਿਕ ਸਭਾ ਸੁਸਾਇਟੀਆਂ ਵੱਲੋਂ ਸਮੂਹ ਸਾਧ ਸੰਗਤਾਂ ਦੇ ਸਹਿਯੋਗ ਨਾਲ ਮਜੀਠਾ ਵਿਖੇ ਤਿੰਨ ਰੋਜ਼ਾ ਤੇਹਰਵਾਂ ਸਾਲਾਨਾ ਮਹਾਨ ਕਥਾ ਕੀਰਤਨ ਸਮਾਗਮ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਦਾਣਾ ਮੰਡੀ ਮਜੀਠਾ ਵਿਖੇ 23 ਫਰਵਰੀ ਤੋਂ ਕਰਾਇਆ ਜਾ ਰਿਹਾ ਹੈ ਜਿਸ ਦੀਆਂ ਤਿਆਰੀਆਂ ਸਬੰਧੀ ਮੀਟਿੰਗ ਕੀਤੀ ਗਈ। ਇਸ ਸਮਾਗਮ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਬੰਧਕਾਂ ਨੇ ਦੱਸਿਆ ਕਿ 23 ਫਰਵਰੀ ਦਿਨ ਸ਼ੁੱਕਰਵਾਰ ਸ਼ਾਮ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਭਾਈ ਮਹਿਤਾਬ ਸਿੰਘ ਮਜੀਠਾ ਦਾ ਰਾਗੀ ਜਥਾ, ਕਥਾਵਾਚਕ ਗਿਆਨੀ ਪਿੰਦਰਪਾਲ ਸਿੰਘ ਅਤੇ ਹਜ਼ੂਰੀ ਰਾਗੀ ਭਾਈ ਅਮਨਦੀਪ ਸਿੰਘ ਦੇ ਜਥੇ ਵੱਲੋਂ ਮਨੋਹਰ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ, 23 ਫਰਵਰੀ ਸ਼ਾਮ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਭਾਈ ਭਾਈ ਹਰਮਨਦੀਪ ਸਿੰਘ ਮਜੀਠਾ ਦਾ ਰਾਗੀ ਜਥਾ, ਗਿਆਨੀ ਮਨਦੀਪ ਸਿੰਘ ਮਰੀਦ ਕਥਾਵਾਚਕ ਅਤੇ ਗਿਆਨੀ ਸਰੂਪ ਸਿੰਘ ਗੜਿਆਣਾ ਦੇ ਢਾਡੀ ਜਥੇ ਵੱਲੋਂ ਮਨੋਹਰ ਗੁਰਬਾਣੀ ਕੀਰਤਨ, ਗੁਰਮਤਿ ਵਿਚਾਰਾਂ ਅਤੇ ਵਾਰਾਂ ਗਾਈਆਂ ਜਾਣਗੀਆਂ। ਇਸੇ ਤਰ੍ਹਾਂ 24 ਫਰਵਰੀ ਦਿਨ ਐਤਵਾਰ ਨੂੰ ਭਾਈ ਗੁਰਦੀਪ ਸਿੰਘ ਮਜੀਠਾ ਦਾ ਜਾਗੀ ਜਥਾ, ਗਿਆਨੀ ਪਰਮਜੀਤ ਸਿੰਘ ਖਾਲਸਾ ਕਥਾਵਾਚਕ ਅਤੇ ਗਿਆਨੀ ਬਲਬੀਰ ਸਿੰਘ ਪਾਰਸ ਦੇ ਢਾਡੀ ਜਥੇ ਵੱਲੋਂ ਮਨੋਹੀਰ ਗੁਰਬਾਣੀ ਕੀਰਤਨ, ਗੁਰਮਤਿ ਵਿਚਾਰਾਂ ਅਤੇ ਵਾਰਾਂ ਰਾਹੀ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ। ਇਸ ਸਮਾਗਮ ਦੌਰਾਨ ਅੰਮ੍ਰਿਤ ਸੰਚਾਰ ਵੀ ਹੋਵੇਗਾ। ਸਮਾਗਮ ਦੀ ਸਮਾਪਤੀ ਦੀ ਅਰਦਾਸ ਭਾਈ ਪ੍ਰੇਮ ਸਿੰਘ ਜੀ ਅਰਦਾਸੀਆ ਸਿੰਘ ਸ੍ਰੀ ਦਰਬਾਰ ਸਾਹਿਬ ਕਰਨਗੇ। ਇਸ ਮੀਟਿੰਗ ਮੌਕੇ ਪ੍ਰਧਾਨ ਬਿਸ਼ਨ ਸਿੰਘ, ਜਥੇ ਹਰਪਾਲ ਸਿੰਘ, ਜਰਨੈਲ ਸਿੰਘ ਮੰਗਾ, ਪਰਿਤਪਾਲ ਸਿੰਘ, ਬਾਬਾ ਬਲਦੇਵ ਸਿੰਘ, ਬਾਬਾ ਕੁਲਦੀਪ ਸਿੰਘ, ਮੇਜਰ ਸਿੰਘ, ਬਲਦੇਵ ਸਿੰਘ ਮਜੀਠਾ, ਤਰਨਜੀਤ ਸਿੰਘ, ਸਤਨਾਮ ਸਿੰਘ, ਲਾਲ ਸਿੰਘ, ਬਾਬਾ ਸੁਖਪਾਲ ਸਿੰਘ, ਅੰਮ੍ਰਿਤਪਾਲ ਸਿੰਘ, ਪਲਵਿੰਦਰ ਸਿੰਘ ਬੱਬਾ, ਸਿਮਰਜੀਤ ਸਿੰਘ ਆਦਿ ਹਾਜ਼ਰ ਸਨ।

## ਗੁਰਦੁਆਰਾ ਬਾਬਾ ਸ੍ਰੀ ਚੰਦ ਚੈਰੀਟੇਬਲ ਟਰੱਸਟ ਵੱਲੋਂ ਵੱਡਾ ਉਪਰਾਲਾ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਦੀ ਪੜ੍ਹਾਈ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਜਿੱਥੇ ਪੰਜਾਬ ਸਰਕਾਰ ਵੱਲੋਂ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਸਰਕਾਰੀ ਸਕੂਲਾਂ ਨੂੰ ਵੱਖ -ਵੱਖ ਤਰ੍ਹਾਂ ਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ, ਉਥੇ ਸਥਾਨਕ ਕਸਬੇ ਦੇ ਦਸ ਡੋਗਰਾ ਮਾਰਗ ਸਥਿਤ ਗੁਰਦੁਆਰਾ ਬਾਬਾ ਸ੍ਰੀ ਚੰਦ ਚੈਰੀਟੇਬਲ ਟਰੱਸਟ ਡੇਰਾ ਬਾਬਾ ਨਾਨਕ ਵੱਲੋਂ ਵੀ ਇਸ ਵਿੱਚ ਆਪਣਾ ਯੋਗਦਾਨ ਪਾਉਂਦੇ ਹੋਏ ਜ਼ਿਲ੍ਹਾ ਗੁਰਦਾਸਪੁਰ ਦੇ ਸਰਕਾਰੀ ਸਕੂਲਾਂ ਨੂੰ ਬਹੁਤ ਸਾਰੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਇਸ ਮੁਹਿੰਮ ਨੂੰ ਅੱਗੇ ਤੋਰਦੇ ਹੋਏ ਉੱਘੇ ਸਮਾਜ ਸੇਵਕ ਤੇ ਗੁਰਦੁਆਰਾ ਬਾਬਾ ਸ੍ਰੀ ਚੰਦ ਚੈਰੀਟੇਬਲ ਟਰੱਸਟ ਡੇਰਾ ਬਾਬਾ ਨਾਨਕ ਦੇ ਚੇਅਰਮੈਨ ਐੱਨਆਰਆਈ ਬਾਬਾ ਰਜਿੰਦਰ ਸਿੰਘ ਬੇਦੀ ਵੱਲੋਂ ਸਥਾਨਕ ਕਸਬੇ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕਿਆਂ) ਨੂੰ ਡਾਈਕਨ ਕੰਪਨੀ ਦੇ ਆਲ ਵੈਦਰ 24 ਏ ਸੀ ਭੇਟ ਕੀਤੇ ਗਏ। ਇਸ ਮੌਕੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਬਾਬਾ ਰਜਿੰਦਰ ਸਿੰਘ ਬੇਦੀ ਨੇ ਕਿਹਾ ਕਿ ਮੈਂ ਇਸ ਸਕੂਲ ਤੋਂ ਆਪਣੀ ਸਾਰੀ ਪੜ੍ਹਾਈ ਕੀਤੀ ਸੀ ਤੇ ਮੇਰੀ ਦਿਲੀ ਇੱਛਾ ਸੀ ਕਿ ਮੈਂ ਇਸ ਸਕੂਲ ਲਈ ਵੀ ਕੁਝ ਕਰਾਂ। ਸੋ ਮੈਂ ਅੱਜ ਬਹੁਤ ਖੁਸ਼ੀ ਮਹਿਸੂਸ ਕਰ ਰਿਹਾਂ ਕਿ ਮੈਨੂੰ ਇਸ ਸਕੂਲ ਦੀ ਸੇਵਾ ਕਰਨ ਦਾ ਮੌਕਾ ਮਿਲਿਆਂ ਹੈ। ਜ਼ਿਕਰਯੋਗ ਹੈ ਕਿ ਟਰੱਸਟ ਵੱਲੋਂ ਪਹਿਲਾਂ ਵੀ ਜ਼ਿਲ੍ਹੇ ਦੇ ਵੱਖ-ਵੱਖ ਸਰਕਾਰੀ ਸਕੂਲਾਂ ਨੂੰ 90 ਵੱਡੇ ਤੇ ਛੋਟੇ ਵਾਟਰ ਕੂਲਰ,14 ਪ੍ਰਾਜੈਕਟਰ, 2 ਵੱਡੀਆਂ ਐਲਈਡੀ, 25 ਛੋਟੀਆਂ ਐਲਈਡੀ, 2 ਸਕੂਲਾਂ ਨੂੰ ਖੇਡ ਗਰਾਊਂਡਾਂ, 2 ਵੱਡੇ ਜਨਰੇਟਰ, ਲੜਕੀਆਂ ਦੇ ਸਕੂਲ ਨੂੰ 33 ਏ ਸੀ, 12 ਵੈਸਟਰਨ ਬਾਥਰੂਮ, 2 ਸਕੂਲਾਂ ਨੂੰ ਸਾਰੀਆਂ ਸਹੂਲਤਾਂ ਨਾਲ ਲੈਸ 2 ਫੁਲੀ ਏ ਸੀ ਆਡੀਟੋਰੀਅਮ ਅਤੇ ਦੋਵਾਂ ਸਕੂਲਾਂ ਵਿੱਚ ਕੈਮਰੇ, 1200 ਦੇ ਕਰੀਬ ਵੱਖ-ਵੱਖ ਸਕੂਲਾਂ ਦੇ ਬੱਚਿਆਂ ਨੂੰ ਪੜ੍ਹਣ ਲਈ ਐਜੂਕੇਸ਼ਨ ਕਿੱਟਾਂ ਮੁਹੱਈਆਂ ਕਰਵਾਈਆਂ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਪੜ੍ਹਾਈ ਪੂਰੀ ਕਰਨ ਲਈ ਲੱਖਾਂ ਰੁਪਏ ਵਜ਼ੀਫੇ ਦੇ ਰੂਪ ਵਿੱਚ ਮਾਇਕ ਸਹਾਇਤਾ ਦਿੱਤੀ ਜਾ ਚੁੱਕੀ ਹੈ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਬਿਕਰਮਜੀਤ ਸਿੰਘ ਚਾਹਲ ਨੇ ਬਾਬਾ ਰਜਿੰਦਰ ਸਿੰਘ ਬੇਦੀ ਦਾ ਧੰਨਵਾਦ ਕਰਦਿਅ ਸਕੂਲ ਦੇ ਸਮੂਹ ਅਧਿਆਪਕਾ ਵੱਲੋਂ ਵਿਸਵਾਸ ਦਿਵਾਇਆ ਕਿ ਸਕੂਲ ਵਿੱਚ ਵਿਦਿਆਰਥੀਆਂ ਨੂੰ ਮੇਹਨਤ ਪੜਾਇਆਂ ਜਾਵੇਗਾ ਅਤੇ ਸਕੂਲ ਨੂੰ ਪੜਾਈ ਪੱਖੋ ਜਿਲ੍ਹੇ ਵਿੱਚ ਪਹਿਲੇ ਨੰਬਰ ਤੇ ਲਿਆਂਦਾ ਜਾਵੇਗਾ । ਇਸ ਮੌਕੇ ਸਰਪੰਚ ਬਲਜਿੰਦਰ ਸਿੰਘ , ਸੁੱਚਾ ਸਿੰਘ ਸੈਕਟਰੀ, ਮੈਡਮ ਪਰਮਿੰਦਰ ਕੌਰ, ਚੇਅਰਮੈਨ ਵਿਨੋਦ ਕੁਮਾਰ ਵਿੱਗ, ਕੈਪਸ ਮੈਨਜਰ ਬਿਸਨ ਦਾਸ ,ਬਲਜਿੰਦਰ ਸਿੰਘ, ਰਮੇਸ ਅਵੱਸਥੀ, ਮੈਡਮ ਸੋਨੀਆਂ, ਮੈਡਮ ਮਮਤਾ, ਮੈਡਮ ਰਾਜਬੀਰ ਕੌਰ, ਹਰਜੋਤ ਸਿੰਘ, ਅਨਿਲ ਕੁਮਾਰ ਡੀ ਪੀ, ਮੈਡਮ ਮਨਦੀਪ ਕੌਰ, ਮੈਡਮ ਅਮਨਦੀਪ ਕੌਰ, ਮੈਡਮ ਰੋਹਨੀ, ਮੈਡਮ ਅਨੀਤਾ, ਮੈਡਮ ਮਨਿੰਦਰ ਕੌਰ, ਬੱਬੂ, ਏਐੱਸਆਈ ਗੁਰਪਿੰਦਰ ਸਿੰਘ, ਅਵਤਾਰ ਸਿੰਘ, ਪ੍ਰਵੀਨ, ਬੀਬੀ ਕਸ਼ਮੀਰੋ, ਰਾਜ, ਬੀਬੀ ਸਵਰਨੋ ਆਦਿ ਸਟਾਫ ਮੈਂਬਰ ਹਾਜ਼ਰ ਸਨ

## ਵਿਦਿਆਰਥੀਆਂ ਦਾ ਵਿੱਦਿਅਕ ਟੂਰ ਕਰਵਾਇਆ



**ਟਾਂਗਰਾ (ਲਾਡੀ ਮੱਲ੍ਹੀ)**—ਪੰਜਾਬ ਸਕੂਲ ਸਿੱਖਿਆ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ 08-02-24 ਨੂੰ ਮੁੱਖ ਅਧਿਆਪਕਾ ਮਨਦੀਪ ਕੌਰ ਦੀ ਅਗਵਾਈ ਹੇਠ ਛੇਵੀਂ ਜਮਾਤ ਦੇ ਵਿਦਿਆਰਥੀਆਂ ਦਾ ਵਿੱਦਿਅਕ ਟੂਰ ਅਮਨਦੀਪ ਸਿੰਘ ਸਮਾਜਿਕ ਸਿੱਖਿਆ ਮਾਸਟਰ, ਕੁਲਵਿੰਦਰ ਸਿੰਘ ਅੰਗਰੇਜ਼ੀ ਮਾਸਟਰ ਅਤੇ ਮਨਪ੍ਰੀਤ ਕੌਰ ਸਾਇੰਸ ਅਧਿਆਪਕਾ ਵੱਲੋਂ ਪੰਜਾਬ ਸਟੇਟ ਵਾਰ ਹੀਰੋਜ਼ ਮੈਮੋਰੀਅਲ ਅਤੇ ਮਿਊਜ਼ੀਅਮ ਅੰਮ੍ਰਿਤਸਰ ਵਿਖੇ ਲਿਜਾਇਆ ਗਿਆ।

ਇਸ ਵਿੱਦਿਅਕ ਟੂਰ ਦਾ ਉਦੇਸ਼ ਵਿਦਿਆਰਥੀਆਂ ਨੂੰ ਪੰਜਾਬ ਦੇ ਸੱਭਿਆਚਾਰ ਅਤੇ ਇਤਿਹਾਸ ਦੇ ਨਾਲ ਨਾਲ ਦੇਸ਼ ਦੇ ਮਹਾਨ ਵੀਰ ਜਵਾਨਾਂ ਦੀ ਕੁਰਬਾਨੀ ਬਾਰੇ ਜਾਣੂ ਕਰਵਾਉਣਾ ਸੀ।

ਅਧਿਆਪਕ ਸਾਹਿਬਾਨ ਵੱਲੋਂ ਇਸ ਮੌਕੇ ਵਿਦਿਆਰਥੀਆਂ ਨੂੰ ਵੱਖ-ਵੱਖ ਘਟਨਾਵਾਂ 'ਤੇ ਤਿਆਰ ਕੀਤੀਆਂ ਗਈਆਂ ਆਰਟ ਗੈਲਰੀਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ।

## ਨੱਥੂਪੁਰ ਦੇ ਦਰਜਨਾਂ ਪਰਿਵਾਰ ਭਾਜਪਾ ਦੇ ਝੰਡੇ ਥੱਲੇ ਹੋਏ ਇਕੱਤਰ



**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਵਿਧਾਨ ਸਭਾ ਹਲਕਾ ਪੱਟੀ ਦੇ ਪਿੰਡ ਨੱਥੂਪੁਰ ਦੇ ਦਰਜਨਾਂ ਪਰਿਵਾਰ ਆਮ ਆਦਮੀ ਪਾਰਟੀ ਨੂੰ ਅਲਵਿਦਾ ਕਹਿ ਕੇ ਭਾਰਤੀ ਜਨਤਾ ਪਾਰਟੀ ਦੇ ਝੰਡੇ ਥੱਲੇ ਇਕੱਤਰ ਹੋਏ ਜਿਨ੍ਹਾਂ ਦਾ ਪਾਰਟੀ 'ਚ ਆਉਣ 'ਤੇ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਸੰਧੂ ਨੇ ਸਨਮਾਨ ਕੀਤਾ ।ਜਸਬੀਰ ਸਿੰਘ ਗੋਲਡੀ ਦੀ ਪ੍ਰੇਰਨਾ ਸਦਕਾ ਸ਼ਾਮਲ ਹੋਏ ਪਰਿਵਾਰਾਂ ਨੂੰ ਪੂਰਾ ਮਾਣ-ਸਤਿਕਾਰ ਦੇਣ ਦਾ ਵਾਅਦਾ ਵੀ ਕੀਤਾ ਗਿਆ।ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਹਰਜੀਤ ਸਿੰਘ ਸੰਧੂ ਨੇ ਜਿਥੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਲੋਕ ਪੱਖੀ ਸੋਚ ਤੋਂ ਜਾਣੂੰ ਕਰਵਾਇਆ ਉਥੇ ਹੀ ਉਨ੍ਹਾਂ ਕਿਹਾ ਕਿ ਆਪਣੇ ਨਿੱਜੀ ਮੁਨਾਫੇ ਨੂੰ ਲੈ ਕੇ ਦਲ ਬਦਲਣ ਵਾਲੇ ਪਿੰਡ ਦੇ ਮੋਹਤਬਰਾਂ 'ਤੇ ਜਨਤਾ ਭਰੋਸਾ ਨਹੀਂ ਕਰਦੀ।ਉਨ੍ਹਾਂ ਕਿਹਾ ਕਿ ਹਰ ਰਾਜ ਵਿੱਚ ਵਿਚਕਾਰਲੀ ਕੁਰਸੀ 'ਤੇ ਬੈਠਣ ਦੇ ਸ਼ੌਕੀਨ ਇਹ ਵੀ ਦੱਸਣ ਕਿ ਜਨਤਾ ਦਾ ਵੋਟ ਬੈਂਕ ਦੂਸਰੇ ਦੀ ਝੋਲੀ ਪਾ ਕੇ ਕਿੰਨਾ ਮੁਨਾਫਾ ਹੋਇਆ।ਇਸ ਮੌਕੇ ਸਰਕਲ ਪ੍ਰਧਾਨ ਹਰਪਾਲ ਸਿੰਘ ਸੋਨੀ ਨੇ ਦੱਸਿਆ ਕਮਿਸ਼ਨ ਖਾਣ ਲਈ ਪਾਰਟੀ ਛੱਡਣ ਵਾਲੇ ਅਖੌਤੀ ਲੀਡਰ ਪਿੰਡਾਂ ਦਾ ਭਲਾ ਨਹੀਂ ਕਰ ਸਕਦੇ।ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਦੇਸ਼ ਨੂੰ ਵਿਕਾਸ ਦੀ ਟੀਸੀ ਤੇ ਲੈ ਜਾਣ ਲਈ ਭਾਜਪਾ ਦੀ ਜਿੱਤ ਦੀ ਹੈਟ੍ਰਿਕ ਬਹੁਤ ਜ਼ਰੂਰੀ ਹੈ। ਇਸ ਮੌਕੇ ਜਥੇਦਾਰ ਤਰਸੇਮ ਸਿੰਘ, ਸਾਬਕਾ ਸਰਪੰਚ ਅਨੋਖ ਸਿੰਘ, ਸਾਬਕਾ ਮੈਂਬਰ ਬਲਵਿੰਦਰ ਸਿੰਘ, ਹਰਜਿੰਦਰ ਸਿੰਘ, ਦਵਿੰਦਰ ਸਿੰਘ, ਕਵਲਜੀਤ ਸਿੰਘ, ਰਣਜੀਤ ਸਿੰਘ, ਮੰਗਲ ਸਿੰਘ, ਗੁਰਦੀਪ ਸਿੰਘ, ਗੁਰਦੇਵ ਸਿੰਘ, ਸਤਪਾਲ ਸਿੰਘ, ਬਲਜੀਤ ਸਿੰਘ, ਹਰਜੀਤ ਸਿੰਘ, ਬਾਵਾ ਸਿੰਘ, ਰਣਜੀਤ ਕੌਰ, ਇੰਦਰਜੀਤ ਕੌਰ, ਨਿਰਮਲ ਕੌਰ, ਮਨਜੀਤ ਕੌਰ, ਪਰਮਜੀਤ ਕੌਰ, ਰੁਪਿੰਦਰ ਕੌਰ, ਗੁਰਮੀਤ ਕੌਰ ਤੇ ਹੋਰ ਅਨੇਕਾਂ ਸਾਥੀਆਂ ਨੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਮੂਲੀਅਤ ਕੀਤੀ। ਇਸ ਮੌਕੇ ਜ਼ਿਲ੍ਹਾ ਜਨਰਲ ਸਕੱਤਰ ਕਨਵੀਨਰ ਪੱਟੀ ਸ਼ਿਵ ਕੁਮਾਰ ਸੋਨੀ, ਜ਼ਿਲ੍ਹਾ ਮੀਤ ਪ੍ਰਧਾਨ ਰਾਣਾ ਗੁਲਬੀਰ ਸਿੰਘ, ਐੱਸਸੀ ਮੋਰਚਾ ਜਨਰਲ ਸਕੱਤਰ ਅਵਤਾਰ ਸਿੰਘ ਬੰਟੀ, ਜ਼ਿਲ੍ਹਾ ਸਕੱਤਰ ਰੋਹਿਤ ਕੁਮਾਰ ਵੇਦੀ, ਹਰੀਕੇ ਸਰਕਲ ਪ੍ਰਧਾਨ ਹਰਪਾਲ ਸੋਨੀ, ਸਰਹਾਲੀ ਸਰਕਲ ਪ੍ਰਧਾਨ ਗੌਰਵ ਦੇਵਗਨ, ਸਰਕਲ ਜਨਰਲ ਸਕੱਤਰ ਜਸਬੀਰ ਸਿੰਘ ਗੋਲਡੀ, ਜਥੇਦਾਰ ਮਲਕੀਤ ਸਿੰਘ ਖਾਰਾ, ਸਾਬਕਾ ਸਰਪੰਚ ਹਰਦਿਆਲ ਸਿੰਘ ਖਾਰਾ, ਐੱਸਸੀ ਮੋਰਚਾ ਜ਼ਿਲ੍ਹਾ ਜਨਰਲ ਸਕੱਤਰ ਅਵਤਾਰ ਸਿੰਘ ਬੰਟੀ, ਸਰਕਲ ਵਾਈਸ ਪ੍ਰਧਾਨ ਸ਼ਿਵ ਕੁਮਾਰ ਬੂਹ, ਸਰਕਲ ਕਿਸਾਨ ਮੋਰਚਾ ਪ੍ਰਧਾਨ ਸ਼ੇਰ ਸਿੰਘ ਮੌਜੂਦ ਰਹੇ।

## ਵੱਖ-ਵੱਖ ਨਾਮੀ ਕੰਪਨੀਆਂ 'ਚ ਭਰਤੀ ਹੋਣ ਲਈ ਪਲੇਸਮੈਂਟ ਕੈਂਪ ਭਲਕੇ

**ਪਠਾਨਕੋਟ (ਦਵਿੰਦਰ ਸਿੰਘ)**-ਮਾਨਯੋਗ ਡਿਪਟੀ ਕਮਿਸ਼ਨਰ ਪਠਾਨਕੋਟ ਅਦਿੱਤਿਆ ਉਪਲ ਆਈਏਐੱਸ ਤੋਂ ਪ੍ਰਾਪਤ ਆਦੇਸ਼ਾਂ ਅਤੇ ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸ਼ਨਰ (ਜ) ਪਠਾਨਕੋਟ ਦੀ ਅਗਵਾਈ ਹੇਠ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਪਠਾਨਕੋਟ ਵਲੋਂ ਮਿਤੀ 13.02.2024 ਨੂੰ ਏ. ਬੀ. ਕਾਲਜ ਪਠਾਨਕੋਟ ਵਿਖੇ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ। ਜ਼ਿਲ੍ਹਾ ਰੋਜ਼ਗਾਰ ਅਫਸਰ ਪ੍ਰਭਜੋਤ ਸਿੰਘ ਵੱਲੋ ਦੱਸਿਆ ਗਿਆ ਕਿ 13 ਫਰਵਰੀ ਨੂੰ ਏ ਵਨ ਇੰਟਰਨੈਸ਼ਨਲ, ਐੱਸਬੀਆਈ ਕਾਰਡ, ਲਿੰਕਯਾਰਡ ਸਲਿਊਸ਼ਨਜ਼, ਐੱਸਬੀਆਈ. ਲਾਈਫ ਇੰਸ਼ੋਰੈਂਸ, ਸ਼੍ਰੀ ਰਾਮ ਫਾਈਨਾਂਸ ਲਿ:, ਪਠਾਨਕੋਟ ਵੀਕਲਜ਼, ਬੀਐੱਲਐੱਸ ਆਧਾਰ ਆਪਰੇਟਰ, ਰਿਲਾਇੰਸ, ਸਵਤੰਤਰਾ ਮਾਈਕਰੋ ਫਾਇਨਾਂਸ ਅਤੇ ਬੀਐੱਲਡੀ ਸਰਵਿਸ ਪ੍ਰਾਈਵੇਟ ਲਿ: ਨਾਮੀ ਕੰਪਨੀਆਂ ਵਲੋਂ ਪਲੇਸਮੈਂਟ ਕੈਂਪ ਵਿੱਚ ਸ਼ਮੂਲੀਅਤ ਕੀਤੀ ਜਾਣੀ ਹੈ। ਇਨ੍ਹਾਂ ਕੰਪਨੀਆਂ ਵਿੱਚ ਇੰਟਰਵਿਊ ਦੇਣ ਲਈ ਯੋਗਤਾ ਘੱਟੋ-ਘੱਟ ਗ੍ਰੈਜੂਏਸ਼ਨ ਪਾਸ, ਉਮਰ 18 ਤੋਂ 37 ਸਾਲ ਹੋਣੀ ਚਾਹੀਦੀ ਹੈ। ਉਕਤ ਕੰਪਨੀਆ ਲਈ ਲੜਕੀਆਂ/ਲੜਕੇ ਦੋਵੇਂ ਇੰਟਰਵਿਊ ਦੇ ਸਕਦੇ ਹਨ। ਇੰਟਰਵਿਊ ਉਪਰੰਤ ਚੁਣੇ ਗਏ ਪ੍ਰਾਰਥੀਆ ਨੂੰ ਸੈਲਰੀ ਉਨ੍ਹਾਂ ਦੀ ਯੋਗਤਾ ਅਨੁਸਾਰ ਮਿਲਣ ਯੋਗ ਹੋਵੇਗੀ। ਇਸ ਤੋਂ ਇਲਾਵਾ ਏ. ਬੀ. ਕਾਲਜ, ਪਠਾਨਕੋਟ ਵਿਖੇ ਸਵੈ-ਰੋਜ਼ਗਾਰ ਸਕੀਮਾਂ ਅਧੀਨ ਕੰਮ ਕਰਨ ਦੇ ਚਾਹਵਾਨ ਪ੍ਰਾਰਥੀਆਂ ਲਈ ਸਵੈ-ਰੋਜ਼ਗਾਰ ਕੈਂਪ ਦਾ ਵੀ ਆਯੋਜਨ ਕੀਤਾ ਗਿਆ ਹੈ ਜਿੱਥੇ ਸਵੈ-ਰੋਜ਼ਗਾਰ ਸਕੀਮਾਂ ਨਾਲ ਸਬੰਧਤ ਵਿਭਾਗ ਆਪਣੇ ਵਿਭਾਗ ਦੀਆਂ ਸਕੀਮਾਂ ਸਬੰਧੀ ਸਟਾਲ ਲਗਾਉਣਗੇ ਅਤੇ ਲੋਨ ਲੈਣ ਦੇ ਚਾਹਵਾਨ ਪ੍ਰਾਰਥੀਆਂ ਦਾ ਲੋਨ ਫਾਰਮ ਭਰਨਗੇ ਅਤੇ ਆਪਣੇ ਵਿਭਾਗ ਦੀਆਂ ਸਕੀਮਾਂ ਬਾਰੇ ਜਾਣਕਾਰੀ ਮੁਹੱਈਆ ਕਰਵਾਉਣਗੇ। ਇੰਟਰਵਿਊ ਦੇਣ ਦੇ ਚਾਹਵਾਨ ਪ੍ਰਾਰਥੀ 13.02.2024 ਨੂੰ ਏ. ਬੀ. ਕਾਲਜ, ਪਠਾਨਕੋਟ ਵਿਖੇ ਆਪਣੇ ਯੋਗਤਾ ਦੇ ਸਰਟੀਫਿਕੇਟ ਅਤੇ 2 ਪਾਸ ਪੋਰਟ ਸਾਈਜ਼ ਫੋਟੋਆਂ ਨਾਲ ਲੈ ਕੇ ਸਵੇਰੇ 10:00 ਵਜੇ ਪਹੁੰਚ ਕੇ ਇੰਟਰਵਿਊ ਦੇ ਸਕਦੇ ਹਨ। ਵਧੇਰੇ ਜਾਣਕਾਰੀ ਲਈ ਪ੍ਰਾਰਥੀ ਦਫਤਰ ਦੇ ਹੈਲਪਲਾਈਨ ਨੰਬਰ : 7657825214 'ਤੇ ਸੰਪਰਕ ਕਰ ਸਕਦੇ ਹਨ।

## ਭਾਈ ਕਰਨੈਲ ਸਿੰਘ ਪੀਰ ਮੁਹੰਮਦ ਨੂੰ ਸੁਖਬੀਰ ਬਾਦਲ ਦਾ ਥਾਪੜਾ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਅੱਜ ਵਿਸ਼ੇਸ਼ ਤੌਰ 'ਤੇ ਅਕਾਲੀ ਦਲ ਦੇ ਜਰਨਲ ਸਕੱਤਰ ਅਤੇ ਬੁਲਾਰੇ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਸਰਪ੍ਰਸਤ ਪ੍ਰਧਾਨ ਭਾਈ ਕਰਨੈਲ ਸਿੰਘ ਪੀਰ ਮੁਹੰਮਦ ਨੂੰ ਪਾਰਟੀ ਪ੍ਰਤੀ ਦਿਨ-ਰਾਤ ਦਿੱਤੀਆਂ ਜਾ ਰਹੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਵੱਲੋਂ ਥਾਪੜਾ ਦਿੱਤਾ ਗਿਆ ਤੇ ਪੀਰ ਮੁਹੰਮਦ ਨਾਲ ਸਿਆਸੀ ਨੁਕਤੇ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਭਾਈ ਕਰਨੈਲ ਸਿੰਘ ਪੀਰ ਮੁਹੰਮਦ ਨੇ ਗੱਲਬਾਤ ਕਰਦਿਆਂ ਕਿਹਾ ਕਿ ਪਾਰਟੀ ਨੂੰ ਬੁਲੰਦੀਆਂ ਤੱਕ ਪਹੁੰਚਣ ਵਾਲੇ ਇਹ ਮਿਹਨਤੀ ਆਗੂ ਹਨ। ਉਨ੍ਹਾਂ ਕਿਹਾ ਕਿ ਮਿਹਨਤੀ ਵਰਕਰਾਂ ਦੀ ਸੋਚ ਸਦਕਾ ਅੱਜ ਪੰਜਾਬ ਦੇ ਲੋਕਾਂ ਤੱਕ ਸ਼੍ਰੋਮਣੀ ਅਕਾਲੀ ਦੀ ਆਵਾਜ਼ ਘਰ-ਘਰ ਵਿੱਚ ਗੂੰਜ ਗਈ ਹੈ। ਪੀਰ ਮੁਹੰਮਦ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਭਰੋਸਾ ਦਿੱਤਾ ਗਿਆ ਕਿ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪੁਰਾਣੇ ਮਿਹਨਤੀ ਆਗੂਆਂ ਨੂੰ ਸ਼੍ਰੋਮਣੀ ਅਕਾਲੀ ਦਲ ਵਿੱਚ ਵਿਸ਼ੇਸ਼ ਥਾਂ ਦਿੱਤੀ ਜਾਵੇਗੀ। ਇਸ ਮੌਕੇ ਗੁਰਮੁੱਖ ਸਿੰਘ ਸੰਧੂ, ਡਾਕਟਰ ਕਾਰਜ ਸਿੰਘ, ਗਗਨਦੀਪ ਸਿੰਘ ਰਿਆੜ, ਸ਼ਮਸ਼ੇਰ ਸਿੰਘ ਸੇਖੋਂ, ਹਰਭਿੰਦਰ ਸਿੰਘ ਸੰਧੂ, ਸੁਖਵਿੰਦਰ ਸਿੰਘ ਦੀਨਾਨਗਰ, ਲਵਪ੍ਰੀਤ ਸਿੰਘ ਬਟਾਲਾ, ਸਰਬਜੀਤ ਸਿੰਘ ਸੈਪੀ, ਲਖਵਿੰਦਰ ਸਿੰਘ ਸਰਪੰਚ ਅਰਾਈਆਂਵਾਲਾ, ਸਰਪੰਚ ਸੁਖਪਾਲ ਸਿੰਘ ਗੁਰਾਲੀ, ਸਰਪੰਚ ਜਿਉਣ ਸਿੰਘ, ਸਰਪੰਚ ਅਜੀਤ ਸਿੰਘ ਸੰਧੂ, ਸਰਪੰਚ ਸਾਰਜ ਸਿੰਘ, ਪੰਜਾਬ ਸਿੰਘ ਸਦਰਵਾਲਾ, ਸਰਪੰਚ ਹਰਨਾਮ ਸਿੰਘ ਕਿਲੀ ਨੌਆਬਾਦ, ਬੂਟਾ ਸਿੰਘ ਦੌਲਤਪੁਰਾ, ਕੁਲਵਿੰਦਰ ਸਿੰਘ ਗਿੱਲ, ਸੁਖਦੇਵ ਸਿੰਘ, ਅਮਨਦੀਪ ਸਿੰਘ ਰਿਆੜ, ਡਾ. ਰਣਜੀਤ ਸਿੰਘ ਹਰਚੋਵਾਲ, ਭੁਪਿੰਦਰ ਸਿੰਘ ਗਿੱਲ ਆਦਿ ਆਗੂ ਹਾਜ਼ਰ ਸਨ।

## ਪੰਜਾਬ ਸਰਕਾਰ ਪੈਨਸ਼ਨਰਾਂ ਦੇ ਬਕਾਏ ਤੁਰੰਤ ਜਾਰੀ ਕਰੇ: ਦਰਸ਼ਨ ਸਿੰਘ ਛੀਨਾ/ਗੁਪਤਾ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਪੰਜਾਬ ਪੈਨਸ਼ਨਰਜ਼ ਯੂਨੀਅਨ ਅੰਮ੍ਰਿਤਸਰ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਦਰਸ਼ਨ ਸਿੰਘ ਛੀਨਾ ਜਨਰਲ ਸਕੱਤਰ ਸੱਤਿਆ ਪਾਲ ਗੁਪਤਾ ਵਿੱਤ ਸਕੱਤਰ ਬਲਰਾਜ ਸਿੰਘ ਭੰਗੂ, ਕੁਲਵੰਤ ਸਿੰਘ ਤੋਲਾਨੰਗਲ ਦੀ ਸਾਂਝੀ ਅਗਵਾਈ ਵਿਚ ਹੋਈ ਜਿਸ ਵਿਚ ਵੱਖ-ਵੱਖ ਬੁਲਾਰਿਆਂ ਬਲਦੇਵ ਰਾਜ, ਕੁਲਵੰਤ ਸਿੰਘ ਘੂਕੇਵਾਲੀ, ਰਾਮ ਮੂਰਤੀ ਸ਼ਰਮਾ, ਚਮਨ ਲਾਲ ਸ਼ਰਮਾ, ਗੁਰਚਰਨ ਸਿੰਘ ਸੰਧੂ, ਭੈਣ ਨਰਿੰਦਰ ਪਾਲ ਪਾਲੀ, ਭਵਾਨੀ ਨੇ ਕਿਹਾ ਕਿ ਪੰਜਾਬ ਸਰਕਾਰ ਆਪਣੇ ਦਾਦਿਆਂ ਸਮਾਨ ਪੈਨਸ਼ਨਰਾਂ ਨੂੰ ਆਪਣੀਆਂ ਮੰਗਾਂ ਦੀ ਪ੍ਰਾਪਤੀ ਲਈ ਸੜਕਾਂ 'ਤੇ ਆ ਕੇ ਸੰਘਰਸ਼ ਕਰਨ ਲਈ ਮਜਬੂਰ ਕਰ ਰਹੀ ਹੈ। ਪੇ-ਕਮਿਸ਼ਨ ਵੱਲੋਂ ਸਿਫਾਰਸ਼ ਕੀਤਾ 2.59 ਦਾ ਗੁਣਾਂਕ ਲਾਗੂ ਨਾ ਕਰਨ, ਪੇ-ਕਮਿਸ਼ਨ ਦਾ 1 ਜਨਵਰੀ 2016 ਤੋਂ 30,6,2021 ਤੱਕ ਦਾ ਬਕਾਇਆ ਤੁਰੰਤ ਨਾ ਦੇਣਾ, ਡੀਏ ਦੀਆਂ ਰਹਿੰਦੀਆਂ ਕਿਸ਼ਤਾਂ ਅਤੇ ਰਹਿੰਦਾ ਬਕਾਇਆ ਜਾਰੀ ਨਾ ਕਰਨਾ, ਮੈਡੀਕਲ ਬਿੱਲਾਂ ਦਾ ਭੁਗਤਾਨ ਸਮੇਂ ਸਿਰ ਨਾ ਕਰਨਾ, ਲੰਮੇ ਸਮੇਂ ਤੋਂ ਕੰਮ ਕਰ ਰਹੇ ਕੱਚੇ ਕਾਮਿਆਂ ਨੂੰ ਰੈਗੂਲਰ ਕਰਨ ਵਿਚ ਆਨਾ-ਕਾਨੀ ਕਰਨਾ ਅਤੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਨਾ ਕਰਨ ਦੀ ਅਤੇ ਜ਼ਿਲ੍ਹਾ ਪ੍ਰੀਸ਼ਦ ਦੇ ਪੈਨਸ਼ਨਰਾਂ ਨੂੰ ਪੇ-ਕਮਿਸ਼ਨ ਦਾ ਲਾਭ ਤੇ ਪੰਜਾਬ ਸਰਕਾਰ ਦੇ ਪੈਨਸ਼ਨਰਾਂ ਵਾਂਗ ਬਾਕੀ ਸਹੂਲਤਾਂ ਨਾ ਦੇ ਕੇ ਪੰਜਾਬ ਸਰਕਾਰ ਪੈਨਸ਼ਨਰਾਂ ਨਾਲ ਧ੍ਰੋਹ ਕਰ ਰਹੀ ਹੈ। ਪੈਨਸ਼ਨਰਾਂ ਨੇ ਪੰਜਾਬ ਸਰਕਾਰ ਨੂੰ ਚਿਤਾਰਿਆ ਕਿ ਜੋ ਆਪ ਦੀ ਪਾਰਟੀ ਨੇ ਚੋਣਾਂ ਸਮੇਂ ਮੁਲਾਜ਼ਮਾਂ ਨਾਲ ਵਾਅਦੇ ਕੀਤੇ ਸਨ ਦੋ ਸਾਲ ਬੀਤ ਜਾਣ 'ਤੇ ਵੀ ਇਕ ਮੰਗ ਵੀ ਪੂਰੀ ਨਹੀਂ ਕੀਤੀ। ਟਾਲ-ਮਟੋਲ ਕਰਕੇ ਸਮਾਂ ਪਾਸ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਨਰਲ ਸਕੱਤਰ ਸਤਿਆ ਪਾਲ ਗੁਪਤਾ ਨੇ ਪੰਜਾਬ ਸਰਕਾਰ ਨੂੰ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਜੇ ਪੰਜਾਬ ਸਰਕਾਰ ਦੇ ਕੰਨਾਂ 'ਤੇ ਅਜੇ ਵੀ ਜੂੰ ਨਾ ਸਰਕੀ ਤਾਂ ਆਉਣ ਵਾਲੀ ਲੋਕ ਸਭਾ ਦੀ ਚੋਣ ਵਿਚ ਪਿੰਡਾਂ ਅਤੇ ਸ਼ਹਿਰਾਂ ਦੀਆਂ ਸਫਾਂ ਵਿਚ ਪੂਰੇ ਜ਼ੋਰ ਨਾਲ ਝੂਠ ਦੀਆਂ ਪੰਡਾਂ ਖੋਲ੍ਹੀਆਂ ਜਾਣਗੀਆਂ ਜਿਸ ਨਾਲ ਲੋਕ ਸਭਾ ਦੀ ਇਕ ਵੀ ਸੀਟ ਜਿੱਤਣੀ ਮੁਸ਼ਕਲ ਹੋਵੇਗੀ। ਮੀਟਿੰਗ ਵਿਚ ਸੁਰਿੰਦਰ ਕੁਮਾਰ, ਤੀਰਥ ਰਾਮ, ਤਿਲਕ ਰਾਜ, ਬਲਦੇਵ ਸਿੰਘ ਭੋਮਾ, ਬਲਵੰਤ ਸਿੰਘ ਐੱਸ, ਐੱਸ., ਭੈਣ ਹੰਸ ਕੌਰ, ਵਿਜੇ ਕੁਮਾਰ, ਹਰਪਾਲ ਸਿੰਘ, ਮਨਮੋਹਨ ਸਿੰਘ, ਕੇਵਲ ਸਿੰਘ, ਕਰਮ ਸਿੰਘ ਆਦਿ ਵੱਡੀ ਗਿਣਤੀ ਵਿਚ ਪੈਨਸ਼ਨਰ ਸ਼ਾਮਲ ਹੋਏ ਅੰਤ ਵਿਚ ਪੰਜਾਬ ਸਰਕਾਰ ਦੀ ਧੱਕੇਸ਼ਾਹੀ ਵਿਰੁੱਧ ਰੋਹ ਭਰਪੂਰ ਪੰਜਾਬ ਸਰਕਾਰ ਮੁਰਦਾਬਾਦ ਪੰਜਾਬ ਸਰਕਾਰ ਨੂੰ ਚਲਦਾ ਕਰੋ ਦੇ ਨਾਅਰਿਆਂ ਨਾਲ ਮੀਟਿੰਗ ਸਮਾਪਤ ਕੀਤੀ ਗਈ।

## ਵਧੀਕ ਜ਼ਿਲ੍ਹਾ ਮੈਜਿਸਟਰੇਟ ਗੁਰਦਾਸਪੁਰ ਵੱਲੋਂ ਮਨਾਹੀ ਦੇ ਹੁਕਮ ਜਾਰੀ

**ਬਟਾਲਾ (ਡਾ. ਮਲਵਿੰਦਰ ਸਿੰਘ)**-ਸੁਭਾਸ਼ ਚੰਦਰ ਵਧੀਕ ਜ਼ਿਲ੍ਹਾ ਮੈਜਿਸਟਰੇਟ ਗੁਰਦਾਸਪੁਰ ਵੱਲੋਂ ਜਾਰੀ ਕੀਤੇ ਹੁਕਮ ਵਿੱਚ ਕਿਹਾ ਗਿਆ ਹੈ ਕਿ ਸੂਚਿਤ ਕੀਤਾ ਜਾਂਦਾ ਹੈ ਕਿ ਪਿਛਲੇ ਹੁਕਮਾਂ ਦੀ ਲਗਾਤਾਰਤਾ ਵਿੱਚ ਬਟਾਲਾ ਸ਼ਹਿਰ ਦੇ ਦੁਕਾਨਦਾਰਾਂ ਵੱਲੋਂ ਆਪਣੀਆਂ ਦੁਕਾਨਾਂ ਤੋਂ ਬਾਹਰ ਕਰੀਬ 8/8, 10/10 ਫੁੱਟ ਸਾਮਾਨ ਰੱਖਿਆ ਜਾਂਦਾ ਹੈ, ਜਿਸ ਨਾਲ ਬਾਜ਼ਾਰ ਵਿੱਚ ਰਸਤਾ ਤੰਗ ਹੋ ਜਾਂਦਾ ਹੈ, ਜਿਸ ਕਾਰਨ ਆਵਾਜਾਈ ਵਿੱਚ ਬਹੁਤ ਪ੍ਰੇਸ਼ਾਨੀ ਆ ਰਹੀ ਹੈ ਅਤੇ ਲੜਾਈ ਝਗੜੇ ਦਾ ਮਾਹੌਲ ਬਣਨ ਕਾਰਨ ਤਣਾਅ ਵਾਲੀ ਸਥਿਤੀ ਬਣ ਜਾਂਦੀ ਹੈ। ਅਮਨ ਅਤੇ ਕਾਨੂੰਨ ਦੀ ਸਥਿਤੀ ਵਿਗੜਨ ਦਾ ਡਰ ਰਹਿੰਦਾ ਹੈ। ਇਸ ਲਈ ਫੌਜਦਾਰੀ ਜ਼ਾਬਤਾ 1973 ਦੀ ਧਾਰਾ 144 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਗੁਰਦਾਸਪੁਰ ਵਿੱਚ ਹੁਕਮ ਪਾਸ ਕੀਤੇ ਗਏ ਹਨ ਜਿਨ੍ਹਾਂ ਵਿੱਚ ਬਿਨਾਂ ਤਹਿਬਜ਼ਾਰੀ ਕੋਈ ਦੁਕਾਨਦਾਰ ਆਪਣੀ ਦੁਕਾਨ ਦੇ ਸ਼ਟਰ ਤੋਂ ਬਾਹਰ ਸਾਮਾਨ ਨਹੀਂ ਰੱਖੇਗਾ। ਕੋਈ ਵੀ ਦੁਕਾਨਦਾਰ ਆਪਣੀ ਦੁਕਾਨ ਦੇ ਸਾਹਮਣੇ ਕੋਈ ਰੇਹੜੀ ਕਾਰਪੋਰੇਸ਼ਨ ਦੀ ਪਰਮਿਸ਼ਨ ਬਿਨਾਂ ਨਹੀਂ ਲਗਾਏਗਾ। ਦੁਕਾਨ ਦੇ ਬਾਹਰ (ਦੁਕਾਨ ਦੇ ਉਪਰ) ਸੜਕ ਦੀ ਜਗ੍ਹਾ ਉਪਰ ਸ਼ੈੱਡ ਜਾਂ ਵਧਾ ਨਾ ਪਾਇਆ ਜਾਵੇ। ਰੇਹੜੀ ਵਾਲਿਆਂ ਨੂੰ ਜੋ ਜਗ੍ਹਾ ਰੇਹੜੀ ਲਗਾਉਣ ਲਈ ਅਲਾਟ ਹੋਈ ਹੈ, ਉਸ ਜਗ੍ਹਾ ਤੋਂ ਇਲਾਵਾ ਉਹ ਆਮ ਬਜ਼ਾਰਾਂ ਵਿੱਚ ਰੇਹੜੀ ਨਹੀਂ ਲਗਾਉਣਗੀ। ਇਹ ਹੁਕਮ 01.2.2024 ਤੋਂ 31.3.2024 ਤੱਕ ਲਾਗੂ ਰਹੇਗਾ।

## ਸ਼ਮਸ਼ੇਰ ਸਿੰਘ ਦੀ ਅਗਵਾਈ ਹੇਠ ਵੱਡਾ ਕਾਫਲਾ ਗੋਇੰਦਵਾਲ ਸਾਹਿਬ ਰੈਲੀ ਲਈ ਰਵਾਨਾ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਆਮ ਆਦਮੀ ਪਾਰਟੀ ਵੱਲੋਂ ਸ਼੍ਰੀ ਗੋਇੰਦਵਾਲ ਸਾਹਿਬ ਵਿਖੇ ਖਰੀਦੇ ਗਏ ਸ਼੍ਰੀ ਗੁਰੂ ਅਮਰਦਾਸ ਪਾਵਰ ਥਰਮਲ ਪਲਾਂਟ ਦੇ ਉਦਘਾਟਨ ਮੌਕੇ ਹੋਣ ਵਾਲੀ ਮਹਾਂਰੈਲੀ ਵਿੱਚ ਸ਼ਾਮਲ ਹੋਣ ਲਈ ਦੀਨਾਨਗਰ ਤੋਂ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਦੀ ਅਗਵਾਈ ਹੇਠ ਵੱਡਾ ਕਾਫਲਾ ਰਵਾਨਾ ਹੋਇਆ। ਰਵਾਨਾ ਹੋਣ ਤੋਂ ਪਹਿਲਾਂ ਝੰਡੇਚੱਕ ਬਾਈਪਾਸ ਵਿਖੇ ਗੱਲਬਾਤ ਕਰਦਿਆਂ ਜ਼ਿਲ੍ਹਾ ਪ੍ਰਧਾਨ ਸ਼ਹਿਰੀ ਤੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਲੰਘੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੇ ਪੰਜਾਬ ਦੇ ਲੋਕਾਂ ਨਾਲ ਮੁਫਤ ਬਿਜਲੀ ਦੇਣ ਦਾ ਜੋ ਵਾਅਦਾ ਕੀਤਾ ਸੀ ਉਸਨੂੰ ਸਿਰਫ ਪੂਰਾ ਹੀ ਨਹੀਂ ਕੀਤਾ ਗਿਆ ਸਗੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਵੱਲੋਂ ਸੂਬੇ ਨੂੰ ਬਿਜਲੀ ਦੇ ਮਾਮਲੇ ਵਿੱਚ ਆਤਮ ਨਿਰਭਰ ਬਣਾਉਣ ਦੇ ਨਾਲ-ਨਾਲ ਸਭ ਤੋਂ ਸਸਤੀ ਬਿਜਲੀ ਪੈਦਾ ਕਰਨ ਵਾਲਾ ਰਾਜ ਬਣਾਉਣ ਦਾ ਵੀ ਟੀਚਾ ਰੱਖਿਆ ਗਿਆ ਹੈ ਅਤੇ ਇਸੇ ਟੀਚੇ ਦੀ ਪੂਰਤੀ ਲਈ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਨਿੱਜੀ ਹੱਥਾਂ ਵਿੱਚ ਚੱਲ ਰਹੇ 540 ਮੈਗਾਵਾਟ ਸਮਰੱਥਾ ਵਾਲੇ ਸ਼੍ਰੀ ਗੋਇੰਦਵਾਲ ਸਾਹਿਬ ਥਰਮਲ ਪਲਾਂਟ ਨੂੰ 1080 ਕਰੋੜ 'ਚ ਖਰੀਦਿਆ ਗਿਆ ਹੈ, ਜਿੱਥੋਂ ਪੰਜਾਬ ਦੇ ਲੋਕਾਂ ਲਈ ਘੱਟ ਕੀਮਤਾਂ 'ਤੇ ਬਿਜਲੀ ਉਤਪਾਦਨ ਹੋਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕੋਲ ਝਾਰਖੰਡ ਦੀ ਪਛਵਾੜਾ ਕੋਲਾ ਖਾਣ 'ਚ ਵਾਧੂ ਕੋਲੇ ਦੇ ਭੰਡਾਰ ਮੌਜੂਦ ਹਨ, ਜਿੱਥੋਂ ਕੋਲਾ ਲਿਆ ਕਿ ਇਸ ਥਰਮਲ ਪਲਾਂਟ ਨੂੰ ਪੂਰੀ ਸਮਰੱਥਾ ਨਾਲ ਚਲਾ ਕੇ ਪੰਜਾਬ ਅੰਦਰਲ ਬਿਜਲੀ ਦੀ ਸਮੱਸਿਆ ਦਾ ਹੱਲ ਵੀ ਕੀਤਾ ਜਾਵੇਗਾ। ਇਸ ਮੌਕੇ ਮਨਮੋਹਨ ਸਿੰਘ ਧਮਰਾਈ, ਸੂਬੇਦਾਰ ਸੁਖਦੇਵ ਰਾਜ, ਰਣਜੀਤ ਸਿੰਘ ਜੀਵਨਚੱਕ, ਗੋਰਾ ਕੱਤੋਵਾਲ, ਜਰਨੈਲ ਸਿੰਘ ਡੁੱਗਰੀ, ਬਾਪੂ ਬਲਦੇਵ ਸਿੰਘ, ਸਿਮਰਨਜੀਤ ਸਿੰਘ ਬੈਂਸ, ਗੁਰਜੀਤ ਦੀਨਾਨਗਰ, ਵਿਜੇ ਕੁਮਾਰ ਕੈਂਪ, ਸੁਰਿੰਦਰ ਸਿੰਘ ਕੈਂਪ, ਮਸਤਾਨ ਸਿੰਘ, ਗੁਰਨਾਮ ਸਿੰਘ ਸਿੰਗੋਵਾਲ, ਕਸ਼ਮੀਰ ਚੰਦ, ਚੰਦਰ ਸ਼ੇਖਰ ਸਰਪੰਚ, ਰਣਜੀਤ ਸਿੰਘ ਰਾਣਾ ਕਠਿਆਲੀ, ਮੋਨੂੰ ਝਬਕਰਾ, ਸੰਸਾਰ ਸਿੰਘ ਝਬਕਰਾ, ਅਵਤਾਰ ਸਿੰਘ ਕੈਰੇ, ਨਿਸ਼ਾਨ ਸਿੰਘ ਗੁੰਝੀਆਂ, ਬਲਜੀਤ ਸਿੰਘ ਖਾਲਸਾ, ਗੁਰਨਾਮ ਸਿੰਘ ਪੁਰਾਣਾ ਸ਼ਾਲਾ, ਬਲਬੀਰ ਸਿੰਘ ਗੁੰਝੀਆਂ, ਬਲਵਿੰਦਰ ਸਿੰਘ ਦਾਊਵਾਲ, ਜਸਬੀਰ ਸਿੰਘ ਕਠਿਆਲੀ, ਜਰਨੈਲ ਸਿੰਘ ਅਤੇ ਰਣਜੀਤ ਸਿੰਘ ਰੰਧਾਵਾ ਵੀ ਹਾਜ਼ਰ ਸਨ।

# ਆਪ ਦੀ ਸਰਕਾਰ ਆਪ ਦੇ ਦੁਆਰ : ਪ੍ਰਮੁੱਖ ਸਕੱਤਰ ਨੇ ਕੈਂਪਾਂ ਦਾ ਕੀਤਾ ਅਚਨਚੇਤ ਨਿਰੀਖਣ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਅੱਜ ਹੁਸ਼ਿਆਰਪੁਰ ਵਿਖੇ 'ਆਪ ਦੀ ਸਰਕਾਰ ਆਪ ਦੇ ਦੁਆਰ' ਤਹਿਤ ਲਗਾਏ ਗਏ ਕੈਂਪਾਂ ਬਾਰੇ ਦੱਸਿਆ ਕਿ ਅੱਜ ਜ਼ਿਲ੍ਹੇ ਦੇ ਸਾਰੇ ਉਪ ਮੰਡਲਾਂ ਵਿਚ 32 ਕੈਂਪ ਲਗਾਏ ਗਏ। ਉਨ੍ਹਾਂ ਦੱਸਿਆ ਕਿ ਪੰਜਵੇਂ ਦਿਨ ਤੱਕ ਇਨ੍ਹਾਂ ਕੈਂਪਾਂ ਰਾਹੀਂ ਲੋਕਾਂ ਨੇ 7752 ਸੇਵਾਵਾਂ ਲਈ ਅਰਜ਼ੀਆਂ ਦਿੱਤੀਆਂ ਅਤੇ 6239 ਸੇਵਾਵਾਂ ਦਾ ਮੌਕੇ 'ਤੇ ਨਿਪਟਾਰਾ ਕਰ ਦਿੱਤਾ ਗਿਆ। ਇਸੇ ਤਰ੍ਹਾਂ ਹੁਣ ਤੱਕ 1326 ਸ਼ਿਕਾਇਤਾਂ ਪ੍ਰਾਪਤ ਹੋਈਆਂ ਜਿਸ ਵਿਚੋਂ 1287 ਦਾ ਨਿਪਟਾਰਾ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪੈਂਡਿੰਗ ਸੇਵਾਵਾਂ ਅਤੇ ਸ਼ਿਕਾਇਤਾਂ ਦਾ ਵੀ ਨਿਪਟਾਰਾ ਨਿਸਚਿਤ ਸਮੇਂ ਵਿਚ ਕਰ ਦਿੱਤਾ ਜਾਵੇਗਾ। ਅੱਜ ਪ੍ਰਮੁੱਖ ਸਕੱਤਰ ਪ੍ਰਬੰਧਕੀ ਸੁਧਾਰ ਵਿਭਾਗ ਪੰਜਾਬ ਕ੍ਰਿਸ਼ਨ ਕੁਮਾਰ ਨੇ ਜ਼ਿਲ੍ਹੇ ਵਿਚ ਲੱਗੇ ਕੈਂਪਾਂ ਦਾ ਅਚਨਚੇਤ ਨਿਰੀਖਣ ਕੀਤਾ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਅੱਜ ਉਪ ਮੰਡਲ ਗੜ੍ਹਸ਼ੰਕਰ ਵਿਚ 4, ਟਾਂਡਾ ਵਿਚ 4, ਹੁਸ਼ਿਆਰਪੁਰ 9, ਦਸੂਹਾ ਵਿਚ 7 ਅਤੇ ਮੁਕੇਰੀਆਂ ਵਿਚ 8 ਕੈਂਪ ਲਗਾਏ ਗਏ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਆਮ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਉਨ੍ਹਾਂ ਦੇ ਡੋਰ ਸਟੈਪ ਦੇ ਨੇੜੇ ਜਾ ਕੇ ਕਰਨ ਲਈ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਅਤੇ ਵਾਰਡਾਂ ਵਿਚ ਕੈਂਪ ਲਗਾਏ ਜਾ ਰਹੇ ਹਨ ਅਤੇ ਇਕ ਮਹੀਨੇ ਤੱਕ ਇਹ ਕ੍ਰਮ ਇਸੇ ਤਰ੍ਹਾਂ ਜਾਰੀ ਰਹੇਗਾ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕੈਂਪਾਂ ਦਾ ਉਦੇਸ਼ ਆਮ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਨੇੜੇ



ਅਤੇ ਇਕ ਛੱਤ ਹੇਠਾਂ ਵੱਖ-ਵੱਖ ਲੋਕ ਭਲਾਈ ਸਕੀਮਾਂ ਦਾ ਲਾਭ ਪਹੁੰਚਾਉਣ, ਲੋਕਾਂ ਦੀਆਂ ਮੁਸ਼ਕਲਾਂ ਸੁਣਨਾ ਅਤੇ ਉਨ੍ਹਾਂ ਦਾ ਮੌਕੇ 'ਤੇ ਹੱਲ ਕਰਨਾ ਹੈ। ਉਨ੍ਹਾਂ ਕਿਹਾ ਕਿ ਸਾਰੇ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਜਾ ਚੁੱਕੀ ਹੈ ਕਿ ਉਹ ਲਗਾਏ ਗਏ ਇਨ੍ਹਾਂ ਸਪੈਸ਼ਲ ਕੈਂਪਾਂ ਦੌਰਾਨ ਪ੍ਰਾਪਤ ਯੋਗ ਬਿਨੈਪੱਤਰਾਂ ਦਾ ਪਹਿਲ ਦੇ ਆਧਾਰ 'ਤੇ ਨਿਪਟਾਰਾ ਕਰਨਾ ਯਕੀਨੀ ਬਣਾਉਣ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਨ੍ਹਾਂ ਕੈਂਪਾਂ ਦੌਰਾਨ ਵੱਖ-ਵੱਖ 43 ਤਰ੍ਹਾਂ ਦੀਆਂ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਈਆਂ ਗਈਆਂ, ਜਿਨ੍ਹਾਂ ਵਿਚ ਜਨਮ ਸਰਟੀਫਿਕੇਟ, ਆਮਦਨ ਸਰਟੀਫਿਕੇਟ, ਲਾਭਪਾਤਰੀਆਂ ਦੇ ਬੱਚਿਆਂ ਨੂੰ ਵਜ਼ੀਫ਼ਾ, ਰਿਹਾਇਸ਼ੀ ਸਰਟੀਫਿਕੇਟ, ਅਨੁਸੂਚਿਤ ਅਤੇ ਪਛੜੀ ਸ਼੍ਰੇਣੀ ਦੇ ਸਰਟੀਫਿਕੇਟ, ਬੁਢਾਪਾ, ਦਿਵਿਆਂਗਜਨ ਅਤੇ ਆਸ਼ਰਿਤ ਪੈਨਸ਼ਨ, ਉਸਾਰੀ ਕਿਰਤੀਆਂ ਨਾਲ ਸਬੰਧਤ ਲਾਭਪਾਤਰੀ, ਜਨਮ ਸਰਟੀਫਿਕੇਟ ਦੇ ਨਾਂ ਵਿਚ ਬਦਲਾਅ, ਬਿਜਲੀ ਬਿੱਲਾਂ ਦੇ ਭੁਗਤਾਨ, ਮਾਲ ਵਿਭਾਗ ਸਬੰਧੀ ਰਿਕਾਰਡ ਦੀ ਪੜਤਾਲ, ਸ਼ਾਦੀ ਦੀ ਰਜਿਸਟ੍ਰੇਸ਼ਨ, ਮੌਤ ਦੇ ਸਰਟੀਫਿਕੇਟ ਦੀ ਇਕ ਤੋਂ ਵੱਧ ਕਾਪੀਆਂ, ਦਸਤਾਵੇਜ਼ਾਂ ਦੀਆਂ ਪ੍ਰਮਾਣਿਕ ਕਾਪੀਆਂ, ਪੇਂਡੂ ਖੇਤਰ ਨਾਲ ਸਬੰਧਤ ਸਰਟੀਫਿਕੇਟ, ਫਰਦ ਬਣਾਉਣੀ, ਆਮ ਜਾਤੀ ਸਰਟੀਫਿਕੇਟ, ਸ਼ਗੁਨ ਸਕੀਮ, ਜਮੀਨ ਦੀ ਨਿਸ਼ਾਨਦੇਹੀ, ਐਨ.ਆਰ.ਆਈ ਦੇ ਸਰਟੀਫਿਕੇਟ ਦੇ ਕਾਊਂਟਰ ਬਿਨੈ ਪੱਧਰ, ਪੁਲਸ ਕਲੀਅਰੈਂਸ ਸਰਟੀਫਿਕੇਟ ਦੇ ਕਾਊਂਟਰ ਹਸਤਾਖਰ, ਮੌਤ ਸਰਟੀਫਿਕੇਟ ਵਿਚ ਤਬਦੀਲੀ ਆਦਿ ਸ਼ਾਮਲ ਹਨ।

## ਟਾਂਡਾ ਪੁਲਸ ਵੱਲੋਂ ਭਗੌੜੇ ਮੁਲਜ਼ਮ ਗ੍ਰਿਫ਼ਤਾਰ



**ਟਾਂਡਾ ਉੜਮੁੜ, ( ਜਸਵਿੰਦਰ ਸੰਧੂ, ਉਂਕਾਰ ਸਿੰਘ )**-ਟਾਂਡਾ ਪੁਲਸ ਨੇ 4 ਭਗੌੜੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ 'ਚ ਸਫਲਤਾ ਹਾਸਲ ਕੀਤੀ ਹੈ। ਥਾਣਾ ਮੁਖੀ ਗੁਰਿੰਦਰਜੀਤ ਸਿੰਘ ਨਾਗਰਾ ਨੇ ਦੱਸਿਆ ਕਿ ਜ਼ਿਲ੍ਹਾ ਪੁਲਸ ਮੁਖੀ ਸੁਰਿੰਦਰ ਲਾਂਬਾ ਅਤੇ ਡੀ.ਐਸ.ਪੀ. ਹਰਜੀਤ ਸਿੰਘ ਰੰਧਾਵਾ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਮਾੜੇ ਅਨਸਰਾਂ ਵਿਰੁੱਧ ਵਿੱਢੀ ਮੁਹਿੰਮ ਤਹਿਤ ਏ.ਐਸ.ਆਈ. ਮਨਿੰਦਰ ਕੌਰ ਦੀ ਟੀਮ ਵੱਲੋਂ ਗ੍ਰਿਫਤਾਰ ਕੀਤੇ ਗਏ ਭਗੌੜੇ ਮੁਲਜ਼ਮਾਂ ਦੀ ਪਛਾਣ ਬਹਾਦਰ ਸਿੰਘ ਵਾਸੀ ਅੱਪਰਾ (ਫਿਲੌਰ), ਵਿਕਰਮ ਸਿੰਘ ਪੁੱਤਰ ਦਰਸ਼ਨ ਸਿੰਘ ਅਤੇ ਸੁਨੀਤਾ ਵਜੋਂ ਹੋਈ ਹੈ। ਉਸ ਖਿਲਾਫ 2015 ਵਿੱਚ ਦਾਜ ਲਈ ਤੰਗ ਪ੍ਰੇਸ਼ਾਨ ਕਰਨ ਦਾ ਕੇਸ ਦਰਜ ਹੋਇਆ ਸੀ ਅਤੇ ਦਸੂਹਾ ਦੇ ਮਾਣਯੋਗ ਜੱਜ ਮਨਮੋਹਨ ਭੱਟੀ ਵੱਲੋਂ 8 ਦਸੰਬਰ 2016 ਨੂੰ ਉਸ ਨੂੰ ਭਗੌੜਾ ਕਰਾਰ ਦਿੱਤਾ ਗਿਆ ਸੀ।

ਜਦਕਿ ਐਨ.ਡੀ.ਪੀ.ਐਸ ਐਕਟ ਦੇ ਕੇਸ ਵਿੱਚ ਭਗੌੜਾ ਨਾਮਜ਼ਦ ਮੁਲਜ਼ਮ ਪਵਨ ਕੁਮਾਰ ਪੁੱਤਰ ਹੰਸ ਰਾਜ ਵਾਸੀ ਬੈਂਚ ਬਾਜਾ ਨੂੰ ਏ.ਐਸ.ਆਈ ਰਾਜੇਸ਼ ਕੁਮਾਰ ਦੀ ਟੀਮ ਨੇ ਕਾਬੂ ਕਰ ਲਿਆ। ਉਕਤ ਸਾਰੇ ਭਗੌੜੇ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਇਨੋਸੈਂਟ ਹਾਰਟਸ 'ਚ ਬੋਰਡ ਪ੍ਰੀਖਿਆਵਾਂ ਲਈ ਹਵਨ ਸਮਾਗਮ







**ਜਲੰਧਰ ( ਸ਼ੈਲੀ ਐਲਬਰਟ)**- ਇੰਨੋਸੈਂਟ ਹਾਰਟਸ ਸਕੂਲ - ਗ੍ਰੀਨ ਮਾਡਲ ਟਾਊਨ, ਲੋਹਾਰਾਂ ਅਤੇ ਨੂਰਪੁਰ ਵਿਖੇ ਬੋਰਡ ਦੀਆਂ 2023-24 ਦੀਆਂ ਪ੍ਰੀਖਿਆਵਾਂ ਵਿੱਚ ਬੈਠਣ ਵਾਲੇ ਵਿਦਿਆਰਥੀਆਂ ਲਈ ਸਰਵ ਸ਼ਕਤੀਮਾਨ ਦੀ ਕਿਰਪਾ ਅਤੇ ਆਸ਼ੀਰਵਾਦ ਪ੍ਰਾਪਤ ਕਰਨ ਲਈ ਸ਼ੁੱਭ ਹਵਨ ਸਮਾਗਮ ਕਰਵਾਇਆ ਗਿਆ। ਸ਼ੈਲੀ ਬੌਰੀ, ਐਗਜ਼ੀਕਿਊਟਿਵ ਡਾਇਰੈਕਟਰ ਸਕੂਲਜ, ਡਾ. ਪਲਕ ਗੁਪਤਾ ਬੌਰੀ, ਡਾਇਰੈਕਟਰ ਸੀ.ਐੱਸ.ਆਰ., ਰਾਹੁਲ ਜੈਨ, ਡਿਪਟੀ ਡਾਇਰੈਕਟਰ ਸਕੂਲਜ ਅਤੇ ਕਾਲਜਜ਼, ਸ਼ਰਮੀਲਾ ਨਾਕਰਾ, ਡਿਪਟੀ ਡਾਇਰੈਕਟਰ ਕਲਚਰਲ ਅਫੇਅਰਸ, ਪ੍ਰਿੰਸੀਪਲਸ ਸ਼ਾਲੂ ਸਹਿਗਲ, ਲੋਹਾਰਾਂ, ਰਾਜੀਵ ਪਾਲੀਵਾਲ, ਗ੍ਰੀਨ ਮਾਡਲ ਟਾਊਨ, ਜਸਮੀਤ ਬਖਸ਼ੀ, ਨੂਰਪੁਰ, ਮੀਨਾਕਸ਼ੀ ਸ਼ਰਮਾ, ਡਾਇਰੈਕਟਰ ਨੂਰਪੁਰ, ਸਟਾਫ ਅਤੇ ਵਿਦਿਆਰਥੀਆਂ ਨੇ ਯੱਗ ਵਿੱਚ ਆਹੂਤੀਆਂ ਪਾਈਆਂ। ਸਾਰਿਆਂ ਨੂੰ ਪ੍ਰਸਾਦ ਵੰਡਿਆ ਗਿਆ। ਇਸ ਧਾਰਮਿਕ ਸਮਾਗਮ ਉਪਰੰਤ ਵਿਦਿਆਰਥੀਆਂ ਨੂੰ ਐਡਮਿਟ ਕਾਰਡ ਦਿੱਤੇ ਗਏ। ਐਗਜ਼ੀਕਿਊਟਿਵ ਡਾਇਰੈਕਟਰ ਸਕੂਲਜ਼ ਸ਼ੈਲੀ ਬੌਰੀ ਨੇ ਵਿਦਿਆਰਥੀਆਂ ਨੂੰ ਆਸ਼ੀਰਵਾਦ ਦਿੱਤਾ ਅਤੇ ਚੰਗੇ ਪ੍ਰਤੀਸ਼ਤ ਅੰਕ ਪ੍ਰਾਪਤ ਕਰਨ ਅਤੇ ਉਜਵਲ ਭਵਿੱਖ ਲਈ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

## ਵਰ੍ਹੇਗੰਢ ਮਨਾਈ



ਗੁਰਪ੍ਰੀਤ ਸਿੰਘ ਤੇ ਰਮਨਦੀਪ ਕੌਰ ਨੇ ਆਪਣੇ ਵਿਆਹ ਦੀ 15ਵੀਂ ਵਰ੍ਹੇਗੰਢ ਮਨਾਈ

## ਜਨਮ ਦਿਨ ਮੁਬਾਰਕ



ਪਾਰੁਲ, ਮਲੋਟ

## ਖੱਟਰ ਵੱਲੋਂ ਲਾਲ ਕ੍ਰਿਸ਼ਨ ਅਡਵਾਨੀ ਨੂੰ ਭਾਰਤ ਰਤਨ ਮਿਲਣ 'ਤੇ ਵਧਾਈ

**ਚੰਡੀਗੜ੍ਹ, (ਕ੍ਰਿਸ਼ਨ ਗਰਗ)** - ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਦੇਸ਼ ਦੇ ਸਾਬਕਾ ਡਿਪਟੀ ਪ੍ਰਧਾਨ ਮੰਤਰੀ ਤੇ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਨਾਲ ਨਵੀਂ ਦਿੱਲੀ ਵਿਚ ਉਨ੍ਹਾਂ ਦੀ ਰਿਹਾਇਸ਼ 'ਤੇ ਮੁਲਾਕਾਤ ਕਰਕੇ ਉਨ੍ਹਾਂ ਨੂੰ ਸਭ ਤੋਂ ਉੱਚੇ ਸਨਮਾਨ ਭਾਰਤ ਰਤਨ ਮਿਲਣ 'ਤੇ ਵਧਾਈ ਦਿੱਤੀ। ਇਸ ਮੌਕੇ ਮੁੱਖ ਮੰਤਰੀ ਨੇ ਅਡਵਾਨੀ ਨੂੰ ਹਰਿਆਣਾ ਵਿਚ ਚਲਾਈਆਂ ਜਾ ਰਹੀਆਂ ਯੋਜਨਾਵਾਂ ਤੇ ਕੰਮਾਂ ਦੀ ਜਾਣਕਾਰੀ ਦਿੰਦੇ ਹੋਏ 9 ਸਾਲਾਂ ਦੀ ਉਪਲਬਧੀਆਂ 'ਤੇ ਅਧਾਰਤ ਕਿਤਾਬ ਵੀ ਦਿੱਤੀ। ਅਡਵਾਨੀ ਨੇ ਹਰਿਆਣਾ ਵਿਚ ਕੀਤੇ ਜਾ ਰਹੇ ਕੰਮਾਂ 'ਤੇ ਖੁਸ਼ੀ ਜਤਾਈ।

ਮੁੱਖ ਮੰਤਰੀ ਮਨੋਹਰ ਲਾਲ ਅਡਵਾਨੀ ਨੂੰ ਭਾਰਤ ਰਤਨ ਦੇਣ ਦੇ ਐਲਾਨ ਤੋਂ ਬਾਅਦ ਪਹਿਲੀ ਵਾਰ ਉਨ੍ਹਾਂ ਨੂੰ ਮਿਲਣ ਪੁੱਜੇ ਸਨ ਅਤੇ ਇਸ ਮੌਕੇ ਦੋਵਾਂ ਨੇਤਾਵਾਂ ਵਿਚਕਾਰ ਵੱਖ-ਵੱਖ ਵਿਸ਼ਿਆਂ 'ਤੇ ਵਿਚਾਰ ਵਟਾਂਦਰਾ ਹੋਇਆ। ਮੁੱਖ ਮੰਤਰੀ ਨੇ ਕਿਹਾ ਕਿ ਉਹ ਭਾਰਤ ਰਤਨ ਦਿੱਤੇ ਜਾਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰ ਸਰਕਾਰ ਦਾ ਧੰਨਵਾਦ ਕਰਦੇ ਹਨ।

## ਹਰੀ ਪ੍ਰਿਆ ਆਸਥਾ ਸੰਸਥਾ ਨੇ ਲਗਾਇਆ ਮੈਡੀਕਲ ਚੈਕਅੱਪ ਤੇ ਖ਼ੂਨਦਾਨ ਕੈਂਪ



**ਫਗਵਾੜਾ ( ਡਾ. ਰਮਨ, ਜਸਵਿੰਦਰ ਢੱਡਾ)** ਸਮਾਜ ਸੇਵੀ ਸੰਸਥਾ ਹਰੀ ਪ੍ਰਿਆ ਆਸਥਾ ਵੱਲੋਂ ਫਰੀ ਮੈਡੀਕਲ ਚੈਕਅੱਪ ਅਤੇ ਖ਼ੂਨਦਾਨ ਕੈਂਪ ਸਥਾਨਕ ਪ੍ਰਾਚੀਨ ਸ਼੍ਰੀ ਹਨੂੰਮਾਨਗੜ੍ਹੀ ਮੰਦਿਰ, ਜੀ.ਟੀ.ਰੋਡ ਫਗਵਾੜਾ ਵਿਖੇ ਸ਼ਿਲਪਾ ਚੱਢਾ ਦੀ ਦੇਖ-ਰੇਖ ਹੇਠ ਲਗਾਇਆ ਗਿਆ। ਇਸ ਦੌਰਾਨ ਮਾਹਿਰ ਡਾਕਟਰਾਂ ਦੀ ਟੀਮ ਨੇ ਸੈਂਕੜੇ ਮਰੀਜ਼ਾਂ ਦੇ ਦਿਲ, ਜਿਗਰ, ਗੁਰਦੇ, ਅੱਖਾਂ ਅਤੇ ਹੱਡੀਆਂ ਦੇ ਰੋਗਾਂ ਦੀ ਜਾਂਚ ਕੀਤੀ, ਉਥੇ ਹੀ ਬਾਲ ਰੋਗਾਂ ਦੇ ਮਾਹਿਰ ਡਾਕਟਰਾਂ ਨੇ ਬੱਚਿਆਂ ਦੀਆਂ ਬਿਮਾਰੀਆਂ ਸਮੇਤ ਆਮ ਬਿਮਾਰੀਆਂ ਦੀ ਜਾਂਚ ਕੀਤੀ ਅਤੇ ਲੋੜਵੰਦਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ। ਇਸ ਦੌਰਾਨ ਖ਼ੂਨਦਾਨ ਕੈਂਪ ਵੀ ਲਗਾਇਆ ਗਿਆ ਜਿਸ ਵਿੱਚ 100 ਦੇ ਕਰੀਬ ਖ਼ੂਨਦਾਨੀਆਂ ਨੇ ਆਪਣਾ ਖ਼ੂਨਦਾਨ ਕੀਤਾ। ਖ਼ੂਨਦਾਨੀਆਂ ਨੂੰ ਆਸ਼ੀਰਵਾਦ ਦੇਣ ਲਈ ਸ਼੍ਰੀ ਸ਼ੰਕਰਨਾਥ ਪਰਵਤ ਮੱਠ ਦੇ ਮਠਾਧੀਸ਼ ਸਵਾਮੀ ਅਖੰਡਾਨੰਦ ਪਰਵਤ ਮਹਾਰਾਜ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਉਨ੍ਹਾਂ ਦੇ ਨਾਲ ਭਗਤ ਰੁਦਰ ਜੀ ਨੇ ਵੀ ਆਪਣੀ ਹਾਜ਼ਰੀ ਦਰਜ ਕਰਵਾਈ। ਕੈਂਪ ਦਾ ਉਦਘਾਟਨ ਕੇਂਦਰੀ ਮੰਤਰੀ ਸੋਮਪ੍ਰਕਾਸ਼ ਦੀ ਪਤਨੀ ਅਤੇ ਸਮਾਜ ਸੇਵਿਕਾ ਸ਼੍ਰੀਮਤੀ ਅਨੀਤਾ ਸੋਮਪ੍ਰਕਾਸ਼ ਨੇ ਕੀਤਾ।

## ਗੀਤਕਾਰ ਤੇ ਗਾਇਕ ਦੇਬੀ ਮਖ਼ਸੂਸਪੁਰੀ ਦਾ ਸਨਮਾਨ

**ਬਹਿਰਾਮ (ਅਵਤਾਰ ਕਲੇਰ)**- ਮਾਂ ਬੋਲੀ ਪੰਜਾਬੀ ਦੇ ਅਲੰਬਰਦਾਰ ਪ੍ਰਸਿੱਧ ਗੀਤਕਾਰ ਅਤੇ ਗਾਇਕ ਦੇਬੀ ਮਖ਼ਸੂਸਪੁਰੀ ਦਾ ਢਾਹਾਂ ਕਲੇਰਾਂ ਵਿਖੇ ਪੁੱਜਣ 'ਤੇ ਸਨਮਾਨ ਕੀਤਾ ਗਿਆ । ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਦੇਬੀ ਮਖ਼ਸੂਸਪੁਰੀ ਨੂੰ ਨਿੱਘਾ ਜੀ ਆਇਆਂ ਕਿਹਾ ਅਤੇ ਸਮੂਹ ਟਰੱਸਟ ਮੈਂਬਰਾਂ ਵੱਲੋਂ ਉਨ੍ਹਾਂ ਦਾ ਸਨਮਾਨ ਕੀਤਾ । ਦੇਬੀ ਮਖ਼ਸੂਸਪੁਰੀ ਨੇ ਧੰਨਵਾਦ ਕਰਦੇ ਹੋਏ ਢਾਹਾਂ ਕਲੇਰਾਂ ਵਿਖੇ ਚੱਲਦੇ ਗੁਰੂ ਨਾਨਕ ਮਿਸ਼ਨ ਹਸਪਤਾਲ ਵਿਖੇ ਮਿਲਦੀਆਂ ਵਧੀਆ ਸੇਵਾਵਾਂ ਦੀ ਸ਼ਲਾਘਾ ਕੀਤੀ । ਇਸ ਮੌਕੇ ਦਰਸ਼ਨ ਸਿੰਘ ਬਰਾੜ, ਬੀਬੀ ਮਹਿੰਦਰ ਕੌਰ ਬਰਾੜ, ਕੁਲਵੰਤ ਸਿੰਘ ਕਲੇਰਾਂ ਅਤੇ ਮਹਿੰਦਰਪਾਲ ਸਿੰਘ ਸੁਪਰਡੈਂਟ ਵੀ ਹਾਜ਼ਰ ਸਨ।



## ਮਾਤਾ ਗੁਜਰੀ ਖ਼ਾਲਸਾ ਕਾਲਜ 'ਚ ਫੇਅਰਵੈੱਲ ਪਾਰਟੀ



**ਕਰਤਾਰਪੁਰ (ਹਰਮੇਸ਼)** -ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚਲਾਏ ਜਾ ਰਹੇ ਮਾਤਾ ਗੁਜਰੀ ਖ਼ਾਲਸਾ ਕਾਲਜ, ਕਰਤਾਰਪੁਰ ਵਿਚ 10+1 ਦੇ ਵਿਦਿਆਰਥੀਆਂ ਵੱਲੋਂ 10+2 ਦੇ ਵਿਦਿਆਰਥੀਆਂ ਨੂੰ ਦਿੱਤੀ ਵਿਦਾਇਗੀ ਪਾਰਟੀ ਵਿਚ ਕਾਲਜ ਵਿਦਿਆਰਥੀਆਂ ਨੇ ਰੰਗਾਰੰਗ ਪ੍ਰੋਗਰਾਮ ਦੀ ਪੇਸ਼ਕਾਰੀ ਕਰਕੇ ਸ਼ਾਨਦਾਰ ਸਮਾਂ ਬੰਨ੍ਹਿਆ।

ਇਸ ਪਾਰਟੀ ਵਿਚ ਮਨਪ੍ਰੀਤ ਸਿੰਘ ਮਿਸਟਰ ਫੇਅਰਵੈੱਲ ਅਤੇ ਰੇਣੁਕਾ ਮਿਸ ਫੇਅਰਵੈੱਲ ਚੁਣੇ ਗਏ। ਕਾਲਜ ਪ੍ਰਿੰਸੀਪਲ ਡਾ. ਹਰਮਨਦੀਪ ਸਿੰਘ ਗਿੱਲ ਨੇ ਵਿਦਿਆਰਥੀਆਂ ਨੂੰ ਭਵਿੱਖ ਵਿਚ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰਨ ਦੀਆਂ ਸ਼ੁੱਭ ਇੱਛਾਵਾਂ ਦਿੱਤੀਆਂ ਅਤੇ ਉਨ੍ਹਾਂ ਨੂੰ ਇੱਕ ਚੰਗਾ ਇਨਸਾਨ ਬਣ ਕੇ ਆਪਣੇ ਮਾਤਾ-ਪਿਤਾ ਦੀ ਸੇਵਾ ਕਰਨ ਦਾ ਸੰਦੇਸ਼ ਦਿੱਤਾ। ਇਸ ਮੌਕੇ ਕਾਲਜ ਦੇ ਵਿਦਿਆਰਥੀਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕਰਦੇ ਹੋਏ ਆਪਣੇ ਸੀਨੀਅਰਸ ਦਾ ਮਨੋਰੰਜਨ ਕੀਤਾ ਗਿਆ। ਇਸ ਮੌਕੇ ਸਮੂਹ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।

## ਜ਼ਿਲ੍ਹਾ ਪੱਧਰੀ ਕਰਾਟੇ ਪ੍ਰਤੀਯੋਗਤਾ 'ਚ ਬਾਗੋਵਾਲ ਸਕੂਲ ਨੇ ਹਾਸਲ ਕੀਤਾ ਗੋਲਡ ਮੈਡਲ

**ਕਾਠਗੜ੍ਹ (ਸੁਖਜੀਤ ਭਾਟੀਆ)** ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਲਕਸ਼ਮੀ ਬਾਈ ਆਤਮ ਰਕਸ਼ਾ ਟ੍ਰੇਨਿੰਗ ਮੁਹਿੰਮ ਅਧੀਨ ਕਰਾਟੇ ਪ੍ਰਤੀਯੋਗਤਾ 'ਚ ਅੰਡਰ 45 ਕੈਟਾਗਰੀ 'ਚ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਬਾਗੋਵਾਲ ਦੀ ਵਿਦਿਆਰਥਣ ਪ੍ਰੀਆ ਨੇ ਜ਼ਿਲ੍ਹਾ ਪੱਧਰ 'ਤੇ ਪਹਿਲਾ ਸਥਾਨ ਹਾਸਲ ਕਰਕੇ ਗੋਲਡ ਮੈਡਲ ਜਿੱਤਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਕੂਲ ਦੀ ਪ੍ਰਿੰਸੀਪਲ ਡਾ. ਲਲਿਤਾ ਰਾਣੀ ਨੇ ਦੱਸਿਆ ਕਿ ਵਿਦਿਆਰਥਣ ਪ੍ਰੀਆ ਮੂਮ ਨੇ ਜ਼ਿਲ੍ਹਾ ਪੱਧਰ 'ਤੇ ਇਹ ਪ੍ਰਤੀਯੋਗਤਾ ਜਿੱਤ ਕੇ ਜਿੱਥੇ ਸਕੂਲ ਅਤੇ ਆਪਣੇ ਮਾਤਾ-ਪਿਤਾ ਦਾ ਨਾਂਅ ਰੋਸ਼ਨ ਕੀਤਾ ਹੈ ਉੱਥੇ ਹੀ ਇਸ ਨੇ ਸਟੇਟ ਪੱਧਰੀ ਮੁਕਾਬਲੇ ਲਈ ਵੀ ਜਗ੍ਹਾ ਬਣਾਈ ਹੈ।



## ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਸ਼ੰਕਰ 'ਚ ਬੱਚਿਆਂ ਨੂੰ ਵਿਦਾਇਗੀ ਪਾਰਟੀ ਦਿੱਤੀ



**ਕਾਲਾ ਸੰਘਿਆਂ (ਮਨਜੀਤ ਮਾਨ)** ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਸ਼ੰਕਰ ਵਿਖੇ ਸਾਲਾਨਾ ਇਨਾਮ ਅਤੇ ਪ੍ਰਸੰਸਾ-ਪੱਤਰ ਵੰਡ ਸਮਾਰੋਹ ਦਾ ਆਯੋਜਨ ਕਰਵਾਇਆ ਗਿਆ। ਇਸ ਪ੍ਰੋਗਰਾਮ 'ਚ ਪਿਛਲੇ ਸਾਲ ਦੇ ਅੱਵਲ ਦਰਜੇ ਉੱਤੇ ਆਏ ਵਿੱਦਿਆਰਥੀਆਂ ਨੂੰ ਇਨਾਮ ਵੰਡੇ ਗਏ। ਪ੍ਰੋਗਰਾਮ 'ਚ ਬੱਚਿਆਂ ਵੱਲੋਂ ਵੱਖ-ਵੱਖ ਤਰ੍ਹਾਂ ਦੇ ਨਾਟਕ ਅਤੇ ਗੀਤਾਂ ਨਾਲ ਆਏ ਹੋਏ ਮਹਿਮਾਨਾਂ ਦਾ ਮਨੋਰੰਜਨ ਕੀਤਾ ਗਿਆ ਅਤੇ ਬੱਚਿਆਂ ਵੱਲੋਂ ਵਿਦਾਇਗੀ ਪਾਰਟੀ ਦਾ ਆਨੰਦ ਮਾਣਿਆ ਗਿਆ। ਇਸ ਪ੍ਰੋਗਰਾਮ ਦੌਰਾਨ ਮਹਿਮਾਨ ਜਗਤਾਰ ਸਿੰਘ ਪੁਰੇਵਾਲ ਅਤੇ ਸੋਨਾ ਪੁਰੇਵਾਲ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ ਅਤੇ ਸੋਨਾ ਪੁਰੇਵਾਲ ਵੱਲੋਂ ਪੰਜਾਬ ਦੀ ਵਿਰਾਸਤ ਬਾਰੇ ਗੀਤ ਸੁਣਾ ਕੇ ਬੱਚਿਆਂ ਨੂੰ ਪੰਜਾਬੀਅਤ ਦਾ ਸੁਨੇਹਾ ਦਿੱਤਾ। ਪ੍ਰਿੰਸੀਪਲ ਮੈਡਮ ਵੱਲੋਂ ਬੱਚਿਆਂ ਨੂੰ ਚੰਗੇ ਭਵਿੱਖ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਇਸ ਮੌਕੇ ਸਮੂਹ ਸਟਾਫ ਦੇ ਨਾਲ-ਨਾਲ ਐਸ ਐਮ ਸੀ ਕਮੇਟੀ ਮੈਂਬਰ ਹਾਜ਼ਰ ਸਨ। ਪ੍ਰਿੰਸੀਪਲ ਮੈਡਮ ਵੱਲੋਂ ਆਏ ਹੋਏ ਮਹਿਮਾਨਾਂ ਅਤੇ ਕਮੇਟੀ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ।

## 16 ਦੀ ਹੜਤਾਲ ਮੋਦੀ ਸਰਕਾਰ ਦੀਆਂ ਚੂਲਾਂ ਹਿਲਾ ਕੇ ਰੱਖ ਦੇਵੇਗੀ : ਆਗੂ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਰੇਹੜੀ ਵਰਕਰਜ਼ ਯੂਨੀਅਨ (ਇਫਟੂ) ਨਵਾਂਸ਼ਹਿਰ 16 ਫਰਵਰੀ ਦੇ ਭਾਰਤ ਬੰਦ 'ਚ ਮੁਕੰਮਲ ਹੜਤਾਲ ਕਰਕੇ ਲੰਗੜੋਆ ਬਾਈਪਾਸ ਤੇ ਕੀਤੀ ਜਾ ਰਹੀ ਵਿਸ਼ਾਲ ਰੈਲੀ 'ਚ ਸ਼ਾਮਲ ਹੋਵੇਗੀ। ਰੇਹੜੀ ਵਰਕਰਜ਼ ਯੂਨੀਅਨ ਦੇ ਪ੍ਰਧਾਨ ਹਰੇ ਰਾਮ ਅਤੇ ਪ੍ਰਧਾਨ ਹਰੀ ਲਾਲ ਨੇ ਕਿਹਾ ਕਿ 16 ਫਰਵਰੀ ਨੂੰ ਸੰਯੁਕਤ ਕਿਸਾਨ ਮੋਰਚਾ -ਟ੍ਰੇਡ ਯੂਨੀਅਨਾਂ ਵੱਲੋਂ ਕੀਤੀ ਜਾ ਰਹੀ ਹੜਤਾਲ ਨੂੰ ਕਾਮਯਾਬ ਕਰਨ ਦਾ ਸੱਦਾ ਦਿੱਤਾ ਹੈ। ਉਹਨਾਂ ਕਿਹਾ ਕਿ ਮੋਦੀ ਸਰਕਾਰ ਕਾਰਪੋਰੇਟਾਂ ਲਈ ਕੰਮ ਕਰ ਰਹੀ ਹੈ ਛੋਟੇ ਅਤੇ ਦਰਮਿਆਨੇ ਵਪਾਰੀਆਂ ਨੂੰ ਤਬਾਹ ਕਰ ਰਹੀ ਹੈ। ਆਗੂਆਂ ਨੇ ਕਿਹਾ ਕਿ 16 ਫਰਵਰੀ ਦੀ ਮੁਕੰਮਲ ਹੜਤਾਲ ਮੋਦੀ ਸਰਕਾਰ ਦੀਆਂ ਚੂਲਾਂ ਹਿਲਾ ਕੇ ਰੱਖ ਦੇਵੇਗੀ। ਇਸ ਮੌਕੇ ਗੋਪਾਲ, ਸਰਵੇਸ਼ ਗੁਪਤਾ, ਜੈ ਰਾਮ, ਘਨੱਈਆ ਕੁਮਾਰ ਆਗੂ ਵੀ ਮੌਜੂਦ ਸਨ।

## ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਪੰਜਾਬ ਸਰਕਾਰ ਦੇ ਦੋਗਲੇ ਚਿਹਰੇ ਦੀ ਸਖਤ ਨਿੰਦਾ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਆਂਗਣਵਾੜੀ ਮੁਲਾਜ਼ਮ ਯੂਨੀਅਨ ਪੰਜਾਬ ਜ਼ਿਲ੍ਹਾ ਜਲੰਧਰ ਵੱਲੋਂ ਜ਼ਿਲ੍ਹਾ ਪ੍ਰਧਾਨ ਨਿਰਲੇਪ ਕੌਰ, ਜਨਰਲ ਸਕੱਤਰ ਕ੍ਰਿਸ਼ਨਾ ਕੁਮਾਰੀ, ਕੈਸ਼ੀਅਰ ਪਰਮਜੀਤ ਕੌਰ ਨੇ ਪ੍ਰੈਸ ਨੂੰ ਸਾਂਝਾ ਬਿਆਨ ਜਾਰੀ ਕਰਦੇ ਹੋਏ ਪੰਜਾਬ ਸਰਕਾਰ ਦੇ ਦੋਗਲੇ ਚਿਹਰੇ ਦੀ ਸਖਤ ਸ਼ਬਦਾਂ ਵਿੱਚ ਨਿੰਦਿਆ ਕਰਦੇ ਹੋਏ ਕਿਹਾ ਕਿ 7 ਫਰਵਰੀ ਨੂੰ ਵਿਭਾਗ ਦੇ ਡਾਇਰੈਕਟਰ ਸੀਨਾ ਅਗਰਵਾਲ ਨਾਲ ਹੋਈ ਮੀਟਿੰਗ ਵਿੱਚ ਪੂਰਨ ਵਿਸ਼ਵਾਸ ਦਿਵਾਇਆ ਗਿਆ ਕਿ ਤਿੰਨ ਤੋਂ ਪੰਜ ਸਾਲ ਤੱਕ ਬੱਚੇ ਆਂਗਣਵਾੜੀ ਕੇਂਦਰ ਵਿੱਚ ਪ੍ਰੀ ਸਕੂਲ ਐਜੂਕੇਸ਼ਨ ਅਤੇ ਨਿਊਟਰੇਸ਼ਨ ਪ੍ਰਾਪਤ ਕਰਨਗੇ। ਆਂਗਣਵਾੜੀ ਵਰਕਰ ਵੱਲੋਂ ਹੀ ਬੱਚਿਆ ਦੀ ਮੁਢਲੀ ਦੇਖਭਾਲ ਤੇ ਚੌਹ ਪੱਖੀ ਵਿਕਾਸ ਲਈ ਕੰਮ ਕੀਤਾ ਜਾਵੇਗਾ । ਗਰੋਥ ਮੋਨੀਟਰਿੰਗ, ਟੀਕਾਕਰਨ ਅਤੇ ਖੇਡ ਵਿਧੀ ਦੁਆਰਾ ਸਿੱਖਿਅਤ ਕੀਤਾ ਜਾਵੇਗਾ। ਅਗਲੇ ਦਿਨ 8 ਫਰਵਰੀ ਨੂੰ ਸਿੱਖਿਆ ਮੰਤਰੀ ਦਾ ਬਿਆਨ ਆਉਂਦਾ ਹੈ ਕਿ ਪੰਜਾਬ ਵਿੱਚ ਨਰਸਰੀ ਜਮਾਤਾਂ ਪਹਿਲੀ ਵਾਰੀ ਸ਼ੁਰੂ ਕੀਤੀਆਂ ਜਾ ਰਹੀਆਂ ਹਨ । ਅਸੀਂ ਪੁੱਛਣਾ ਚਾਹੁੰਦੇ ਹਾਂ ਕਿ ਜੋ ਪ੍ਰੀ ਪ੍ਰਾਇਮਰੀ ਵਨ ਅਤੇ ਟੂ ਸੀ ਕੀ ਉਹ ਨਰਸਰੀ ਕਲਾਸਾਂ ਨਹੀਂ ਸਨ । ਇਹ ਦੋਗਲੇ ਅਤੇ ਲੁਭਾਣੇ ਬਿਆਨ ਜਨਤਾ ਨੂੰ ਗੁਮਰਾਹ ਕਰ ਰਹੇ ਹਨ । ਉੱਥੇ ਹੀ ਪੰਜਾਬ ਦੀਆਂ 54 ਹਜ਼ਾਰ ਆਂਗਣਵਾੜੀ ਵਰਕਰਾਂ ਹੈਲਪਰਾਂ ਦੇ ਨਿਵਾਲੇ ਉੱਤੇ ਵੀ ਡਾਕਾ ਮਾਰ ਰਹੇ ਹਨ। ਨਵੀਂ ਸਿੱਖਿਆ ਨੀਤੀ 2020 ਵਿੱਚ ਪ੍ਰੀ ਪ੍ਰਾਇਮਰੀ ਆਂਗਣਵਾੜੀ ਕੇਂਦਰਾਂ ਵਿੱਚ ਦਿੰਦੇ ਹੋਏ ਬਚਪਨ ਦੀ ਮੁਢਲੀ ਦੇਖਭਾਲ ਆਂਗਣਵਾੜੀ ਵਰਕਰਾਂ ਹੈਲਪਰਾਂ ਦੁਆਰਾ ਹੀ ਕਰਨ ਦਾ ਖਰੜਾ ਪੇਸ਼ ਕਰਦੀ ਹੈ। ਪਰ ਪੰਜਾਬ ਸਰਕਾਰ ਵੱਲੋਂ ਇਸ ਦੇ ਉਲਟ ਜਾ ਕੇ ਪਹਿਲਾਂ ਹੀ ਸਤੰਬਰ 2017 ਤੋਂ ਪ੍ਰੀ ਪ੍ਰਾਇਮਰੀ ਕਲਾਸਾਂ ਸਕੂਲਾ ਵਿੱਚ ਸ਼ੁਰੂ ਕੀਤੀਆਂ ਹੋਈਆਂ ਹਨ। ਹੁਣ ਮਾਨ ਸਰਕਾਰ ਉਸ ਉੱਤੇ ਲੀਪਾ ਪੋਤੀ ਕਰ ਰਹੀ ਹੈ। ਸਰਕਾਰ ਦੀ ਇਸ ਦੋਗਲੀ ਨੀਤੀ ਕਾਰਨ ਪ੍ਰਦੇਸ ਦੀਆਂ 54 ਹਜ਼ਾਰ ਵਰਕਰਾਂ ਹੈਲਪਰਾਂ ਵਿੱਚ ਤਿੱਖਾ ਰੋਸ ਹੈ ਅਤੇ ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਇਹ ਧੋਖਾਧੜੀ ਬੰਦ ਨਾ ਕੀਤੀ ਤਾਂ ਮਜਬੂਰਨ ਸਾਨੂੰ ਸੜਕਾਂ 'ਤੇ ਉਤਰਨਾ ਪਵੇਗਾ



## ਪ੍ਰਕਾਸ਼ ਪੁਰਬ ਮੌਕੇ ਸਜਾਈ ਜਾਣ ਵਾਲੀ ਸ਼ੋਭਾ ਯਾਤਰਾ ਲਈ ਪੁਖ਼ਤਾ ਪ੍ਰਬੰਧ ਕੀਤੇ ਜਾਣਗੇ



**ਜਲੰਧਰ, (ਸੁਰਿੰਦਰ ਕੁਮਾਰ, ਇਕਬਾਲ ਸਿੰਘ ਉਭੀ)**-ਜਲੰਧਰ ਪੱਛਮੀ ਤੋਂ ਵਿਧਾਇਕ ਸ਼ੀਤਲ ਅੰਗੁਰਾਲ ਅਤੇ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਵਲੋਂ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਕਿ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਜਾਈ ਜਾਣ ਵਾਲੀ ਸ਼ੋਭਾ ਯਾਤਰਾ ਲਈ ਪੁਖ਼ਤਾ ਪ੍ਰਬੰਧਾਂ ਨੂੰ ਯਕੀਨੀ ਬਣਾਇਆ ਜਾਵੇ। ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਵਿਖੇ ਅਧਿਕਾਰੀਆਂ ਅਤੇ ਵੱਖ-ਵੱਖ ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਨਾਲ ਮੀਟਿੰਗ ਦੌਰਾਨ ਉਨ੍ਹਾਂ ਕਿਹਾ ਕਿ ਪੁਲਸ, ਸਿਵਲ ਅਤੇ ਨਗਰ ਨਿਗਮ ਵਲੋਂ ਸ਼ੋਭਾ ਯਾਤਰਾ ਲਈ ਸੁਚੱਜੇ ਪ੍ਰਬੰਧ ਕੀਤੇ ਜਾਣਗੇ। ਇਸੇ ਤਰ੍ਹਾਂ ਨਗਰ ਨਿਗਮ ਜਲੰਧਰ ਨੂੰ ਵੀ ਕਿਹਾ ਗਿਆ ਕਿ ਚੌਕਾਂ ਦੀ ਸਾਫ਼-ਸਫ਼ਾਈ, ਪੀਣ ਵਾਲੇ ਪਾਣੀ, ਮੋਬਾਇਲ ਪਖਾਨੇ ਅਤੇ ਸ਼ੋਭਾ ਯਾਤਰਾ ਦੇ ਰਸਤੇ ਦੀ ਸਜਾਵਟ ਲਈ ਲੋੜੀਂਦੇ ਪ੍ਰਬੰਧ ਕੀਤੇ ਜਾਣ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਇਸ ਅਹਿਮ ਸਮਾਗਮ ਨੂੰ ਪੂਰੇ ਉਤਸ਼ਾਹ ਤੇ ਧਾਰਮਿਕ ਰੀਤਾਂ ਅਨੁਸਾਰ ਮਨਾਉਣ ਲਈ ਪੁਖ਼ਤਾ ਪ੍ਰਬੰਧ ਕੀਤੇ ਜਾਣਗੇ। ਇਸ ਮੌਕੇ ਪੰਜਾਬ ਕੰਟੇਨਰ ਅਤੇ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੀ ਚੇਅਰਪਰਸਨ ਰਾਜਵਿੰਦਰ ਕੌਰ ਥਿਆੜਾ, ਦਿਨੇਸ਼ ਢੱਲ, ਸ੍ਰੀ ਗੁਰੂ ਰਵਿਦਾਸ ਧਾਮ ਤੋਂ ਸੇਠ ਸਤਪਾਲ ਮੱਲ, ਸਟੀਫ਼ਨ ਕਲੇਰ, ਜੱਸੀ ਤਲਹਨ, ਹਰਦਿਆਲ ਬੰਗਾ, ਵਿਨੋਦ ਕੌਲ, ਰਾਕੇਸ਼ ਚੌਹਨ, ਵਿਸ਼ਾਲ ਦੁੱਗ, ਮਹਿੰਦਰਪਾਲ, ਤਰਲੋਕ ਕਾਲੀਆ, ਕਮਲ ਬੁੱਧੀਰਾਜਾ, ਐਡਵੋਕੇਟ ਮੱਧੂ, ਐਡਵੋਕੇਟ ਹਰਮਿੰਦਰ ਸਿੰਘ, ਵਿਜੈ ਬੱਧਣ ਅਤੇ ਹੋਰਨਾਂ ਵਲੋਂ ਆਪਣੇ ਵਿਚਾਰ ਰੱਖੇ ਗਏ।

## ਗਦਰੀ ਬਾਬੇ ਵਿਚਾਰਧਾਰਕ ਮੰਚ ਪੰਜਾਬ ਵੱਲੋਂ ਧਾਰਾ 295 ਏ ਰੱਦ ਕਰਨ ਦੀ ਮੰਗ



**ਖਰੜ (ਹਰਨਾਮ ਸਿੰਘ ਡੱਲਾ)**- ਪੰਜਾਬ ਵਿੱਚ ਬੁੱਧੀਜੀਵੀਆਂ, ਮਨੁੱਖੀ ਅਧਿਕਾਰਾਂ ਲਈ ਕਾਰਜਸ਼ੀਲ ਲੋਕਾਂ ਅਤੇ ਤਰਕਸ਼ੀਲ ਸੁਸਾਇਟੀ ਦੇ ਕਾਰਕੁੰਨਾਂ ਵਿਰੁੱਧ ਧਾਰਾ 295 ਏ ਤਹਿਤ ਦਰਜ ਕੀਤੇ ਜਾ ਰਹੇ ਕੇਸਾਂ ਦੀ ਗਦਰੀ ਬਾਬੇ ਵਿਚਾਰਧਾਰਕ ਮੰਚ ਪੰਜਾਬ ਵਲੋਂ ਪੁਰਜ਼ੋਰ ਨਿਖੇਧੀ ਕੀਤੀ ਗਈ। ਹਰਨਾਮ ਸਿੰਘ ਡੱਲਾ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ ਵਿੱਚ ਸਾਥੀ ਸੰਤਵੀਰ, ਸੁਖਵਿੰਦਰ ਸਿੰਘ ਦੁਮਣਾ, ਕਰਨੈਲ ਸਿੰਘ ਜੀਤ, ਗੁਰਦੇਵ ਅਰਨੀਵਾਲਾ, ਗੁਰਦੀਪ ਸਿੰਘ ਮੋਹਲੀ, ਡਾਕਟਰ ਕਰਨੈਲ ਸਿੰਘ, ਸੁਰਿੰਦਰ ਸਿੰਘ ਬਡਾਲਾ, ਜੰਗ ਸਿੰਘ, ਸੁੱਖਾ ਸਿੰਘ, ਯੋਗ ਰਾਜ, ਸੇਵਾ ਸਿੰਘ ਖਾਨਪੁਰ, ਕਾਮਰੇਡ ਕਾਕਾ ਰਾਮ ਮੋਰਿੰਡਾ, ਭੁਪਿੰਦਰ ਮਦਨਹੇੜੀ, ਸਤਵਿੰਦਰ ਸਿੰਘ ਮੜੌਲਵੀ ਅਤੇ ਕੁਲਦੀਪ ਸਿੰਘ ਢਿੱਲੋਂ ਨੇ ਸ਼ਮੂਲੀਅਤ ਕੀਤੀ। ਪ੍ਰੈੱਸ ਦੇ ਨਾਂ ਜਾਰੀ ਬਿਆਨ ਵਿੱਚ ਮੰਚ ਦੇ ਸਮੂਹ ਮੈਂਬਰਾਂ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਪੰਜਾਬ ਵਿੱਚ ਧਾਰਮਿਕ ਅਧਾਰ 'ਤੇ ਲੋਕਾਂ ਵਿੱਚ ਨਫਰਤ ਫੈਲਾਉਣ ਵਾਲੇ ਲੋਕਾਂ ਨੂੰ ਬੇਪਰਦ ਕਰਨ ਵਾਲੇ ਲੋਕਾਂ ਉੱਤੇ ਹੀ ਧਾਰਾ 295 ਏ ਲਗਾ ਕੇ ਪ੍ਰੇਸ਼ਾਨ ਕਰ ਰਹੀ ਹੈ ਅਤੇ ਬੀ ਜੇ ਪੀ ਦੀ ਆਰ ਐੱਸ ਐੱਸ ਦੀ ਸਰਪ੍ਰਸਤੀ ਪ੍ਰਾਪਤ ਕੇਂਦਰ ਦੀ ਫਿਰਕੂ ਫਾਸ਼ੀਵਾਦੀ ਸਰਕਾਰ ਦੇ ਏਜੰਡੇ ਉੱਤੇ ਕੰਮ ਕਰ ਰਹੀ ਹੈ। ਜਦੋਂ ਕਿ ਲੋਕ ਪੱਖੀ ਸਰਕਾਰਾਂ ਦਾ ਕੰਮ ਹੁੰਦਾ ਹੈ ਕਿ ਉਹ ਲੋਕਾਂ ਨੂੰ ਚੇਤਨ ਕਰਨ ਲਈ ਵਿਗਿਆਨਕ ਆਧਾਰ ਉੱਤੇ ਬੋਲਣ ਦੀ ਅਜ਼ਾਦੀ ਉੱਤੇ ਪਹਿਰਾ ਦੇਣ ਅਤੇ ਸਾਂਝੇ ਸਮਾਜ ਦੀ ਸਿਰਜਣਾ ਵਿੱਚ ਆਪਣਾ ਯੋਗਦਾਨ ਪਾਉਣ ਲਈ ਯਤਨਸ਼ੀਲ ਰਹਿਣ। ਦੂਜੇ ਪਾਸੇ ਪੰਜਾਬ ਦੀਆਂ ਕੁਝ ਹਿੰਦੂਤਵੀ ਅਤੇ ਧਰਮ ਦਾ ਲਬਾਦਾ ਪਹਿਨੀ ਜਥੇਬੰਦੀਆਂ ਖੁੱਲ੍ਹ ਖੇਲ੍ਹ ਰਹੀਆਂ ਹਨ। ਇੱਕ ਹੋਰ ਮਤੇ ਰਾਹੀਂ ਮੰਚ ਨੇ ਕੇਂਦਰ ਸਰਕਾਰ ਵਲੋਂ ਈ ਵੀ ਐੱਮ ਮਸ਼ੀਨਾਂ ਦੀ ਦੁਰਵਰਤੋਂ ਵਿਰੁੱਧ ਲੜ ਰਹੀਆਂ ਅਤੇ ਜਮਹੂਰੀਅਤ ਉੱਤੇ ਕੇਂਦਰ ਸਰਕਾਰ ਵਲੋਂ ਕੀਤੇ ਜਾ ਰਹੇ ਹਮਲਿਆਂ ਵਿਰੁੱਧ ਚਲਾਏ ਜਾ ਰਹੇ ਅੰਦੋਲਨਕਾਰੀਆਂ ਨਾਲ ਵੀ ਇੱਕਮੁੱਠਤਾ ਜ਼ਾਹਰ ਕੀਤੀ ਹੈ। ਕੇਂਦਰ ਸਰਕਾਰ ਵਲੋਂ ਈ ਵੀ ਐੱਮ ਅਤੇ ਈ ਡੀ ਦੀ ਵਰਤੋਂ ਕਰਕੇ ਵਿਰੋਧੀ ਧਿਰ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਹਾਜ਼ਰ ਮੈਂਬਰਾ ਨੇ 16 ਫਰਵਰੀ ਦੇ ਭਾਰਤ ਬੰਦ ਦੀ ਵੀ ਹਮਾਇਤ ਕੀਤੀ। ਇਕੱਤਰਤਾ ਨੇ 23 ਮਾਰਚ ਨੂੰ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਸ਼ਹੀਦੀ ਦਿਹਾੜਾ ਮਨਾਉਣ ਦਾ ਵੀ ਫੈਸਲਾ ਲਿਆ। ਜਿਸ ਵਿੱਚ ਦੇਸ਼ ਦੀ ਅਜ਼ਾਦੀ ਦੀ ਲੜਾਈ ਵਿੱਚ ਜਾਨਾਂ ਵਾਰਨ ਵਾਲੇ ਸ਼ਹੀਦਾਂ ਦੀ ਵਿਚਾਰਧਾਰਾ ਅਤੇ ਅੱਜ ਦੇ ਦੌਰ ਵਿੱਚ ਫਿਰਕੂ ਫਾਸ਼ੀਵਾਦ ਅਤੇ ਕਾਰਪੋਰੇਟ ਪੂੰਜੀਪਤੀਆਂ ਖਿਲਾਫ ਜੂਝਣ ਵਾਲੇ ਜਮਹੂਰੀ ਅਧਿਕਾਰਾਂ ਦੇ ਰਖਵਾਲਿਆਂ ਅਤੇ ਸਮਾਜ ਸੇਵੀਆਂ ਦੀ ਭੂਮਿਕਾ ਉੱਤੇ ਸੈਮੀਨਾਰ ਅਤੇ ਨਾਟਕ ਮੇਲਾ ਕਰਵਾਉਣ ਦਾ ਫੈਸਲਾ ਵੀ ਲਿਆ ਗਿਆ ਹੈ। ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਤੋਂ ਵੀ ਸਹਿਯੋਗ ਦੀ ਮੰਗ ਕੀਤੀ ਜਾਵੇਗੀ।

## ਸਾਧਪੁਰ ਵਿਖੇ ਸਲਾਨਾ ਕਬੱਡੀ ਕੱਪ 14 ਨੂੰ



**ਬਹਿਰਾਮ (ਅਵਤਾਰ ਕਲੇਰ)**- ਸ਼ਹੀਦ ਭਗਤ ਸਿੰਘ ਮੈਮੋਰੀਅਲ ਕਲੱਬ ਸਾਧਪੁਰ ਸ.ਭ.ਸ ਨਗਰ ਵੱਲੋਂ ਤੀਜਾ ਕਬੱਡੀ ਕੱਪ ਪੰਚਾਇਤ ਅਤੇ ਐਨ.ਆਰ.ਆਈ ਵੀਰਾਂ ਦੇ ਸਹਿਯੋਗ ਨਾਲ ਅੰਤਰਰਾਸ਼ਟਰੀ ਆਲ ਓਪਨ ਚਾਰ ਕਲੱਬਾਂ ਦੇ ਮੈਚ 14 ਫਰਵਰੀ ਨੂੰ ਸਾਧਪੁਰ ਵਿਖੇ ਕਰਵਾਏ ਜਾਣਗੇ। ਸਰਪੰਚ ਗੁਰਪ੍ਰੀਤ ਸਿੰਘ ਸਾਧਪੁਰ ਅਤੇ ਐਸ.ਆਈ ਅਮਰਜੀਤ ਕੁਮਾਰ ਸਾਧਪੁਰ ਪ੍ਰਧਾਨ ਸਪੋਰਟਸ ਕਲੱਬ ਨੇ ਦੱਸਿਆ ਕਿ ਪਹਿਲਾ ਇਨਾਮ ਇੱਕ ਲੱਖ ਰੁ: ਪਰਮਜੀਤ ਸਿੰਘ ਪੰਮਾ ਯੂ.ਐਸ.ਏ ਵਲੋਂ ਆਪਣੇ ਪੁੱਤਰ ਸਵ: ਸਿਮਰਜੀਤ ਸਿੰਘ ਮੋਰ ਦੀ ਯਾਦ 'ਚ ਦਿੱਤਾ ਜਾਵੇਗਾ ਅਤੇ ਦੂਜਾ ਇਨਾਮ 75 ਹਜ਼ਾਰ ਰੁ: ਸਵ: ਪਾਖਰ ਸਿੰਘ ਮੋਰ ਕੈਨੇਡਾ ਦੇ ਪਰਵਾਰ ਵੱਲੋਂ ਦਿੱਤਾ ਜਾਵੇਗਾ । ਬੈਸਟ ਜਾਫੀ ਨੂੰ ਸਵ: ਚਰਨਜੀਤ ਸਿੰਘ ਨੰਬਰਦਾਰ ਦੀ ਯਾਦ 'ਚ , ਬੈਸਟ ਰੇਡਰ ਨੂੰ ਸੁਖਵਿੰਦਰ ਸਿੰਘ ਕੈਨੇਡਾ ਵੱਲੋਂ ਮੋਟਰਸਾਈਕਲ ਦਿੱਤੇ ਜਾਣਗੇ। ਬੱਚਿਆਂ, ਬਜ਼ੁਰਗਾਂ ਅਤੇ ਪੰਜਾਬ-ਹਰਿਆਣਾ ਲੜਕੀਆਂ ਦਾ ਸ਼ੋਅ ਮੈਚ ਹੋਵੇਗਾ। ਇਸ ਮੌਕੇ ਨਿੰਦਰ ਸਿੰਘ ਯੂ.ਕੇ, ਸੁਖਵਿੰਦਰ ਸਿੰਘ ਭਿੰਦਾ, ਹਰਜੋਤ ਕੌਰ ਲੋਹਟੀਆ ਸੀ:ਆਗੂ, ਗੁਰਮੁਖ ਸਿੰਘ ਗੋਰਖਾ ਯੂ.ਕੇ, ਕੁਲਵਿੰਦਰ ਸਿੰਘ ਯੂ.ਕੇ, ਮਨਜੀਤ ਸਿੰਘ ਇਟਲੀ, ਨੰਬਰਦਾਰ ਪਾਲਾ, ਸੁਰਜੀਤ ਸਿੰਘ, ਸੁੱਖਾ ਸਾਧਪੁਰ, ਦਲਜੀਤ ਜੀਤਾ, ਸਰਬਜੀਤ ਜੀਤਾ, ਬਲਿਹਾਰ ਲੋਹਟੀਆ, ਗੋਰਾ ਅਮਰੀਕਾ, ਪਾਖਰ ਸਿੰਘ ਕੈਨੇਡਾ ਆਦਿ ਦੇ ਨਾਂ ਜ਼ਿਕਰਯੋਗ ਹਨ।

## 14ਵਾਂ ਦੋਆਬਾ ਫੁੱਟਬਾਲ ਟੂਰਨਾਮੈਂਟ ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ ਨੇ ਜਿੱਤਿਆ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਪਿੰਡ ਖੇੜਾ ਵਿਖੇ ਦੋਆਬਾ ਸਪੋਰਟਿੰਗ ਕਲੱਬ ਖੇੜਾ (ਮਾਹਿਲਪੁਰ) ਵੱਲੋਂ ਕਲੱਬ ਪ੍ਰਧਾਨ ਇਕਬਾਲ ਸਿੰਘ ਖੇੜਾ ਦੀ ਅਗਵਾਈ ਵਿਚ



ਕਰਤਾਰ ਸਿੰਘ ਬੈਂਸ ਯਾਦਗਾਰੀ ਸਟੇਡੀਅਮ ਵਿਖੇ 14ਵਾਂ ਦੋਆਬਾ ਕੱਪ ਫੁੱਟਬਾਲ ਟੂਰਨਾਮੈਂਟ ਦਾ ਫਾਈਨਲ ਮੈਚ ਪੰਜਾਬ ਪੁਲਸ ਜਲੰਧਰ ਤੇ ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ ਮਾਹਿਲਪੁਰ ਦੀਆਂ ਟੀਮਾਂ ਵਿਚਕਾਰ ਖੇਡਿਆ ਗਿਆ ਜਿਸ ਵਿਚ ਪੈਨਾਲਟੀ ਕਿੱਕ ਰਾਹੀਂ ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ ਮਾਹਿਲਪੁਰ ਦੀ ਟੀਮ ਜੇਤੂ ਰਹੀ।ਇਸ ਮੌਕੇ ਇਨਾਮਾਂ ਦੀ ਵੰਡ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ ਸਾਬਕਾ ਮੰਤਰੀ ਸੋਹਣ ਸਿੰਘ ਠੰਡਲ ਅਤੇ ਅਕਾਲੀ ਆਗੂ ਜਤਿੰਦਰ ਸਿੰਘ ਲਾਲੀ ਬਾਜਵਾ ਨੇ ਸਾਂਝੇ ਤੌਰ 'ਤੇ ਕੀਤੀ। ਇਸ ਮੌਕੇ ਕਲੱਬ ਪ੍ਰਧਾਨ ਜਥੇਦਾਰ ਇਕਬਾਲ ਸਿੰਘ ਖੇੜਾ, ਸਰਪੰਚ ਬਲਵਿੰਦਰ ਸਿੰਘ, ਪ੍ਰਿੰਸੀਪਲ ਸੁਖਇੰਦਰ ਸਿੰਘ ਮਿਨਹਾਸ, ਗੁਰਦੇਵ ਸਿੰਘ ਗਿੱਲ ਅਰਜੁਨ ਐਵਾਰਡੀ, ਜੋਗਾ ਸਿੰਘ ਦਾਤਾ, ਲੱਖਾ ਸਿੰਘ ਪਾਲਦੀ, ਰਿਟਾਇਰ ਬੀ ਪੀ ਈ ਓ ਮੇਜਰ ਸਿੰਘ ਗਿੱਲ ਭਗਤੂਪੁਰ, ਮਲਕੀਅਤ ਸਿੰਘ ਠੰਡਲ, ਮਲਕੀਅਤ ਸਿੰਘ ਪੰਚ, ਬਲਜਿੰਦਰ ਸਿੰਘ ਪੰਚ, ਜਥੇਦਾਰ ਲਖਵੀਰ ਸਿੰਘ ਰਾਣਾ ਡਾਨਸੀਵਾਲ, ਅਮਰਜੀਤ ਸਿੰਘ ਰਾਜਾ ਜਾਂਗਲੀਆਣਾ, ਤਰਸੇਮ ਭਾਅ ਮਾਹਿਲਪੁਰ, ਸਰਬਜੀਤ ਸਿੰਘ ਮੰਝ, ਦਲਜੀਤ ਸਿੰਘ ਭਾਮ, ਸਰਬਜੀਤ ਸਿੰਘ ਮੰਝ, ਪ੍ਰਿੰਸੀਪਲ ਸੁਖਇੰਦਰ ਸਿੰਘ ਰਿੱਕੀ ਬੱਡੋਂ, ਪ੍ਰਿੰਸੀਪਲ ਜਗਮੋਹਨ ਸਿੰਘ ਡਾਂਡੀਆਂ ਸ਼ਰਵਿੰਦਰ ਸਿੰਘ ਠੀਂਡਾ, ਹਰਪ੍ਰੀਤ ਸਿੰਘ ਬੈਂਸ, ਮਾਸਟਰ ਕਮਲਜੀਤ ਸਿੰਘ ਬਲਜੀਤ ਸਿੰਘ ਪ੍ਰਧਾਨ ਟਰੱਕ ਯੂਨੀਅਨ, ਇਕਬਾਲ ਸਿੰਘ ਭੁੱਲਰ, ਪਰਮਜੀਤ ਸਿੰਘ ਰੱਕੜ ਆਦਿ ਹਾਜ਼ਰ ਸਨ।

## ਅੰਮ੍ਰਿਤ ਅਭਿਲਾਖੀ ਚੇਤਨਾ ਯਾਤਰਾ 21 ਨੂੰ ਬਲਾਕ ਭੋਗਪੁਰ ਤੋਂ ਹੋਵੇਗੀ ਸ਼ੁਰੂ

**ਭੋਗਪੁਰ (ਕੁਲਵੀਰ ਸਿੰਘ ਕਾਹਲੋਂ)**- ਸ਼ਬਦ ਸੁਰਤਿ ਸੁਮੇਲ ਪ੍ਰਚਾਰ ਵਹੀਰ ਵਲੋਂ ਗੁਰਮਤਿ ਪ੍ਰਚਾਰ ਕਰਨ ਹਿੱਤ ਬਲਾਕ ਪੱਧਰ 'ਤੇ ਪ੍ਰੋਗਰਾਮ ਉਲੀਕਿਆ ਗਿਆ। ਇਸ ਲੜੀ ਵਿੱਚ ਸਾਕਾ ਨਨਕਾਣਾ ਸਾਹਿਬ, ਜੈਤੋ ਦੇ ਮੋਰਚੇ ਦੇ ਸਮੂਹ ਸ਼ਹੀਦਾਂ ਨੂੰ ਪ੍ਰਣਾਮ ਕਰਦੇ ਹੋਏ ਅਤੇ ਮਾਂ ਬੋਲੀ ਦਿਵਸ (ਪੰਜਾਬੀ) ਨੂੰ ਸਮਰਪਤ ਅੰਮ੍ਰਿਤ ਆਭਿਲਾਖੀ ਚੇਤਨਾ ਯਾਤਰਾ 21 ਫਰਵਰੀ ਨੂੰ ਬਲਾਕ ਭੋਗਪੁਰ ਦੇ ਪਿੰਡ ਘੋੜਾਵਾਹੀ ਤੋਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ ਲਈ ਸਵੇਰੇ ਠੀਕ ਸੱਤ ਵਜੇ ਰਵਾਨਾ ਹੋਵੇਗੀ। ਇਸ ਸਬੰਧ ਵਿੱਚ ਬੀਬੀ ਕੁਲਵੀਰ ਕੌਰ ਪ੍ਰਿੰਸੀਪਲ ਨੇ ਦੱਸਿਆ ਕਿ ਬੱਚਿਆਂ ਨੂੰ ਮਾਂ ਬੋਲੀ ਪੰਜਾਬੀ ਨਾਲ ਜੋੜਨ ਦੀ ਭਾਵਨਾ ਲੈ ਕੇ ਮਾਂ ਬੋਲੀ ਦਿਵਸ ਤੇ ਅਰਦਾਸ ਕਰਨ ਅੰਮ੍ਰਿਤ ਆਭਿਲਾਖੀਆਂ ਨੂੰ ਖੰਡੇ ਕੀ ਪੂਹਲ ਪ੍ਰਾਪਤ ਕਰਵਾਉਣ ਲਈ ਇਹ ਚੇਤਨਾ ਯਾਤਰਾ ਹੋਵੇਗੀ। ਜਿਸ ਦੇ ਸਬੰਧ ਵਿੱਚ 13 ਤੋਂ 20 ਫਰਵਰੀ ਤੱਕ ਪਿੰਡ ਘੋੜਾਵਾਹੀ ਅਤੇ ਆਲੇ ਦੁਆਲੇ ਦੇ ਪਿੰਡਾਂ ਵਿੱਚ ਧਾਰਮਿਕ ਫਿਲਮਾਂ, ਕਥਾ, ਕੀਰਤਨ ਅਤੇ ਕਵੀਸ਼ਰੀ ਦੀਵਾਨ ਸਜਾ ਕੇ ਗੁਰੂ ਸਿਧਾਂਤ ਨਾਲ ਜੁੜਨ ਦੀ ਪ੍ਰੇਰਨਾ ਕੀਤੀ ਜਾਵੇਗੀ। 21 ਫਰਵਰੀ ਦੀ ਇਹ ਫਰੀ ਬੱਸ ਯਾਤਰਾ ਪਿੰਡ ਘੋੜਾਵਾਹੀ ਤੋਂ ਚੱਲੇਗੀ। ਇਸ ਸਬੰਧ ਵਿੱਚ ਐਤਵਾਰ ਗੁਰਦੁਆਰਾ ਸਿੰਘ ਸਭਾ ਘੋੜਾਵਾਹੀ ਦੀ ਪ੍ਰਬੰਧਕ ਕਮੇਟੀ ਅਤੇ ਪ੍ਰਚਾਰ ਵਹੀਰ ਦੇ ਕਨਵੀਨਰ ਭਾਈ ਸਕੱਤਰ ਸਿੰਘ ਅਤੇ ਬੀਬੀ ਕੁਲਵੀਰ ਕੌਰ ਪ੍ਰਿੰਸੀਪਲ ਸਤਨਾਮ ਸਿੰਘ ਦੀ ਹੋਈ ਇਕੱਤਰਤਾ ਵਿੱਚ ਸਮਾਗਮ ਦੀ ਰੂਪ ਰੇਖਾ ਉਲੀਕੀ ਗਈ।

## 42ਵਾਂ ਹਰੀ ਮਾਨਵ ਏਕਤਾ ਸੰਤ ਸੰਮੇਲਨ ਸ਼ਰਧਾਪੂਰਵਕ ਮਨਾਇਆ

**ਭੋਗਪੁਰ (ਕੁਲਵੀਰ ਸਿੰਘ ਕਾਹਲੋਂ)**:- ਸੰਤ ਹਰੀ ਦਾਸ ਉਦਾਸੀਨ ਆਸ਼ਰਮ ਕੂਪੁਰ- ਢੇਪੁਰ ਅੱਡਾ ਕਠਾਰ ਵਿਖੇ ਵੱਖ-ਵੱਖ ਸੰਪਰਦਾਵਾਂ ਦੇ ਸੰਤ ਮਹਾਂਪੁਰਸ਼ਾਂ ਦੀ ਸ਼ਮੂਲੀਅਤ ਡੇਰਾ ਸੱਚਖੰਡ ਬੱਲਾਂ ਦੇ ਮੌਜੂਦਾ ਗੱਦੀਨਸ਼ੀਨ ਸੰਤ ਨਿਰੰਜਣ ਦਾਸ (ਚੇਅਰਮੈਨ ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ ਮੰਦਰ ਪਬਲਿਕ ਚੇਰੀਟੈਬਲ ਟਰੱਸਟ ਵਾਰਾਨਸੀ ਯੂ.ਪੀ), ਸੰਤ ਗੁਰਬਚਨ ਦਾਸ ਚੱਕਲਾਦੀਆਂ ਦੇ ਅਸ਼ੀਰਵਾਦ ਅਤੇ ਬ੍ਰਹਮਲੀਨ ਸੰਤ ਸੁਰਿੰਦਰ ਦਾਸ ਦੇ ਪੂਰਨਿਆਂ 'ਤੇ ਚੱਲਦਿਆਂ ਮੌਜੂਦਾ ਗੱਦਨਸ਼ੀਨ ਸੰਤ ਪ੍ਰਦੀਪ ਦਾਸ ਦੀ ਅਗਵਾਈ ਵਿੱਚ 42ਵਾਂ ਹਰੀ ਮਾਨਵ ਏਕਤਾ ਸੰਤ ਸੰਮੇਲਨ ਬੜੀ ਸ਼ਰਧਾ ਤੇ ਸਤਿਕਾਰ ਸਹਿਤ ਮਨਾਏ ਗਏ। ਇਸ ਮੌਕੇ ਗੁਰਬਾਣੀ ਦੇ ਪਾਠ ਦੇ ਭੋਗ ਪਾਏ ਜਾਣ ਤੇ ਸਰਬੱਤ ਦੇ ਭਲੇ ਦੀ ਅਰਦਾਸ ਉਪਰੰਤ ਸੰਤ ਸੰਮੇਲਨ ਮੌਕੇ ਵਿਸ਼ਾਲ ਕੀਰਤਨ ਦਰਬਾਰ ਸਜਾਏ ਗਏ ਜਿਸ ਵਿਚ ਭਾਈ ਹਰਪਾਲ ਸਿੰਘ ਵਿਰਦੀ ਜਲੰਧਰ, ਭਾਈ ਪਰਮਜੀਤ ਸਿੰਘ ਮਾਣਕਰਾਈ ਦੇ ਕੀਰਤਨੀ ਜਥੇ ਵਲੋਂ ਆਈਆਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਇਸ ਮੌਕੇ ਵੱਖ-ਵੱਖ ਰਾਜਾਂ ਤੋਂ ਆਏ ਹੋਏ ਵੱਖ-ਵੱਖ ਧਾਰਮਿਕ ਸੰਪਰਦਾਵਾਂ ਦੇ ਸੰਤ ਮਹਾਂਪੁਰਸ਼ਾਂ ਅਤੇ ਵੱਖ-ਵੱਖ ਸਿਆਸੀ



ਅਤੇ ਸਮਾਜਕ ਪਾਰਟੀਆਂ ਦੇ ਆਗੂਆਂ ਵੱਲੋਂ ਸਮਾਗਮ 'ਚ ਹਾਜ਼ਰੀ ਲਗਵਾਈ ਅਤੇ ਸਮੁੱਚੀ ਮਾਨਵਤਾ ਨੂੰ ਏਕਤਾ, ਪ੍ਰੇਮ ਅਤੇ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ। ਸੰਤ ਪ੍ਰਦੀਪ ਦਾਸ ਵੱਲੋਂ ਸੰਤ ਨਿਰੰਜਣ ਦਾਸ ਜੀ ਪਾਸੋਂ ਆਏ ਹੋਏ ਸੰਤ ਮਹਾਂਪੁਰਸ਼ਾਂ, ਸਿਆਸੀ ਆਗੂਆਂ ਤੇ ਸੇਵਾਦਾਰਾਂ ਨੂੰ ਸਿਰੋਪਾਓ ਬਖਸ਼ਿਸ਼ ਕਰਵਾ ਕੇ ਸਨਮਾਨਤ ਕਰਵਾਇਆ ਗਿਆ। ਇਸ ਮੌਕੇ ਹੋਰਾਂ ਤੋਂ ਇਲਾਵਾ ਸੰਤ ਭੋਲਾ ਦਾਸ ਭਾਰ ਸਿੰਘ ਪੁਰ, ਸੰਤ ਗੁਰਬਚਨਦਾਸ ਚੱਕਲਾਦੀਆਂ, ਸੰਤ ਦੇਸ ਰਾਜ ਦਰਾਵਾਂ, ਸੰਤ ਇੰਦਰ ਦਾਸ ਮੇਘੋਵਾਲ ਗੰਜਿਆਂ, ਸੰਤ ਮਹਿੰਦਰ ਦਾਸ ਮੇਘੋਵਾਲ ਗੰਜਿਆਂ, ਸੰਤ ਕਸ਼ਮੀਰਾ ਸਿੰਘ, ਸੰਤ ਹਰਮੀਤ ਸਿੰਘ ਬਨ੍ਹਾ ਸਾਹਿਬ, ਸੰਤ ਹਰਜੀਤ ਕੌਰ, ਸੰਤ ਲਿਰਮਲ ਸਿੰਘ, ਸੰਤ ਟਹਿਲ ਦਾਸ, ਸੰਤ ਸਤਪਾਲ ਸਿੰਘ ਬਬੇਲੀ, ਸੰਤ ਹਰਚਰਨਦਾਸ ਸ਼ਾਮ ਚੌਰਾਸੀ, ਸੰਤ ਜਸਵੰਤ ਸਿੰਘ ਖੇੜੇ ਵਾਲੇ, ਸੰਤ ਜਗਤਾਰ ਸਿੰਘ ਕੋਟ ਫਤੂਹੀ, ਸੰਤ ਸਰਵਣ ਸਿੰਘ ਜੱਬੜ ਮਾਣਕੋ, ਸੰਤ ਬਲਵੰਤ ਸਿੰਘ ਡੀਂਗਰੀਆਂ, ਸੰਤ ਸ਼ਾਮ ਲਾਲ ਝੰਡੇਰਪੁਰ ਹਰਚਰਨ ਦਾਸ ਸਾਮਚੁਰਾਸੀ, ਸੰਤ ਮਹਿੰਦਰ ਦਾਸ ਜੀ ਮੇਘੋਵਾਲ, ਸੰਤ ਇੰਦਰ ਦਾਸ ਮੇਘੋਵਾਲ, ਸੰਤ ਰਮੇਸ਼ਵਰਾ ਨੰਦ ਲੁਧਿਆਣਾ, ਸੰਤ ਲਖਵਿੰਦਰ ਸਿੰਘ ਕੜਿਆਣਾ, ਸੰਤ ਲੇਖਰਾਜ ਨੂਰਪੁਰ, ਸੰਤ ਸਤਪਾਲ ਦਾਸ ਚਾਹੜਵਾਲਾ, ਸੰਤ ਸਰਵਣ ਸਿੰਘ ਜੱਬੜ੍ਹ ਮਾਣਕੋ ਵਾਲੇ, ਸੰਤ ਸੁਖਵਿੰਦਰ ਦਾਸ ਢੱਡੇ, ਕੈਲਾਸ਼ ਚੰਦਰ, ਡਾ. ਰਵਜੋਤ ਸਿੰਘ ਆਪ ਵਿਧਾਇਕ ਸ਼ਾਮ ਚੁਰਾਸੀ, ਆਦਮਪੁਰ ਤੋਂ ਕਾਂਗਰਸ ਪਾਰਟੀ ਦੇ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ, ਰਿਟਾ. ਤਹਿਸੀਲਦਾਰ ਮਨੋਹਰ ਲਾਲ ਸਰੋਆ, ਡਾ. ਜਗਦੀਸ਼ ਚੰਦਰ, ਮੋਹਣ ਲਾਲ, ਸਤੀਸ਼ ਕੁਮਾਰ ਲਾਡੀ ਸਰਪੰਚ ਚੂਹੜਵਾਲੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਸੰਤ ਪ੍ਰਦੀਪ ਦਾਸ ਅਤੇ ਮੁੱਖ ਸਹਿਯੋਗੀ ਪ੍ਰਵਾਸੀ ਭਾਰਤੀ ਰਾਮ ਕਿਸ਼ਨ ਮਹਿਮੀ ਵਲੋਂ ਆਏ ਹੋਏ ਸੰਤਾਂ ਮਹਾਂਪੁਰਸ਼ਾਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ ਗਿਆ।